4-FEB-PAGE-1.qxd 2/3/2024 9:30 PM Page 1

ਐਤਵਾਰ, 4 ਫਰਵਰੀ, 2024
22 ਮਾਘ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 245

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • SUNDAY, 4 FEBRUARY, 2024 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਅਡਵਾਨੀ ਨੂੰ ਭਾਰਤ ਰਤਨ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਭਾਜਪਾ ਦੇ ਨੇਤਾ ਤੇ ਸਾਬਕਾ ਉਪ ਪ੍ਰਧਾਨ ਮੰਤਰੀ ਐੱਲ ਕੇ ਅਡਵਾਨੀ (96) ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਭਾਰਤ ਰਤਨ ਦੇਣ ਦਾ ਐਲਾਨ ਕੀਤਾ। ਉਨ੍ਹਾ ਕਿਹਾ—ਮੈਨੂੰ ਇਹ ਦੱਸਦੇ ਹੋਏ ਬਹੁਤ ਖ਼ੁਸ਼ੀ ਹੋ ਰਹੀ ਹੈ ਕਿ ਲਾਲ ਕ੍ਰਿਸ਼ਨ ਅਡਵਾਨੀ ਜੀ ਨੂੰ ਭਾਰਤ ਰਤਨ ਨਾਲ ਸਨਮਾਨਤ ਕੀਤਾ ਜਾਵੇਗਾ। ਅਡਵਾਨੀ ਸਾਡੇ ਸਮਿਆਂ ਦੇ ਸਭ ਤੋਂ ਸਤਿਕਾਰਤ ਸਿਆਸਤਦਾਨਾਂ ਵਿੱਚੋਂ ਇੱਕ ਹਨ, ਜਿਨ੍ਹਾ ਭਾਰਤ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਇਆ ਹੈ। ਅਡਵਾਨੀ ਨੇ ਕਿਹਾ ਕਿ ਉਹ ਭਾਰਤ ਰਤਨ ਦੇਣ ਲਈ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਉਨ੍ਹਾ ਕਿਹਾ—ਇਹ ਨਾ ਸਿਰਫ ਮੇਰੇ ਲਈ ਇੱਕ ਵਿਅਕਤੀਗਤ ਤੌਰ 'ਤੇ ਸਗੋਂ ਉਨ੍ਹਾਂ ਆਦਰਸ਼ਾਂ ਅਤੇ ਸਿਧਾਂਤਾਂ ਲਈ ਵੀ ਮਾਣ ਵਾਲੀ ਗੱਲ ਹੈ, ਜਿਨ੍ਹਾਂ ਦੀ ਪਾਲਣਾ ਕਰਨ ਦੀ ਮੈਂ ਕੋਸ਼ਿਸ਼ ਕੀਤੀ। ਆਰ ਐੱਸ ਐੱਸ 'ਚ ਸ਼ਾਮਲ ਹੋਣ ਬਾਅਦ ਮੈਨੂੰ ਜਿਹੜੀ ਵੀ ਜ਼ਿੰਮੇਵਾਰੀ ਮਿਲੀ, ਉਸ ਨੂੰ ਨਿਭਾਉਂਦਿਆਂ ਆਪਣੇ ਪਿਆਰੇ ਦੇਸ਼ ਦੀ ਸਮਰਪਤ ਅਤੇ ਨਿਰਸਵਾਰਥ ਸੇਵਾ ਕਰਨ 'ਚ ਹੀ ਖ਼ੁਸ਼ੀ ਮਿਲੀ।

## ਹਿਮਾਚਲ 'ਚ 504 ਸੜਕਾਂ ਬੰਦ

**ਸ਼ਿਮਲਾ** : ਹਿਮਾਚਲ ਦੇ ਕੁਝ ਹਿੱਸਿਆਂ ਵਿਚ ਕਈ ਦਿਨਾਂ ਤੋਂ ਲਗਾਤਾਰ ਦਰਮਿਆਨੀ ਤੋਂ ਭਾਰੀ ਬਰਫਬਾਰੀ ਤੋਂ ਬਾਅਦ ਚਾਰ ਕੌਮੀ ਰਾਜਮਾਰਗਾਂ ਸਮੇਤ 504 ਸੜਕਾਂ ਆਵਾਜਾਈ ਲਈ ਬੰਦ ਕਰ ਦਿੱਤੀਆਂ ਗਈਆਂ ਹਨ। ਮੌਸਮ ਵਿਭਾਗ ਨੇ ਐਤਵਾਰ ਵੀ ਕਈ ਥਾਵਾਂ 'ਤੇ ਭਾਰੀ ਬਰਫਬਾਰੀ ਦੇ ਨਾਲ ਮੀਂਹ ਅਤੇ ਗੜੇਮਾਰੀ ਦਾ ਯੈਲੋ ਅਲਰਟ ਜਾਰੀ ਕੀਤਾ ਹੈ।

## ਸਰਹੱਦ ਨੇੜੇ ਗੋਲੀਬਾਰੀ

**ਜੰਮੂ** : ਪੁਣਛ ਜ਼ਿਲ੍ਹੇ 'ਚ ਸ਼ਨੀਵਾਰ ਕੰਟਰੋਲ ਰੇਖਾ ਦੇ ਨੇੜੇ ਮੇਂਢਰ ਦੇ ਸਭਰਾ ਗਲੀ ਇਲਾਕੇ 'ਚ ਫੌਜ ਦੇ ਜਵਾਨਾਂ ਨੇ ਸ਼ੱਕੀ ਹਰਕਤ ਦੇਖ ਕੇ ਗੋਲਾਬਾਰੀ ਕੀਤੀ। ਆਖਰੀ ਰਿਪੋਰਟਾਂ ਮਿਲਣ ਤੱਕ ਬਰਫ ਨਾਲ ਘਿਰੇ ਮੇਂਢਰ ਦੇ ਸਰਹੱਦ ਨਾਲ ਲੱਗਦੇ ਪਿੰਡ 'ਚ ਤਲਾਸ਼ੀ ਮੁਹਿੰਮ ਚੱਲ ਰਹੀ ਹੈ।

## ਫੈਕਟਰੀ 'ਚ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ 5

**ਸ਼ਿਮਲਾ** : ਬੱਦੀ 'ਚ ਕਾਸਮੈਟਿਕ ਫੈਕਟਰੀ 'ਚ ਸ਼ੁੱਕਰਵਾਰ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਪੰਜ ਹੋ ਗਈ ਹੈ। ਇਸ ਤੋਂ ਪਹਿਲਾਂ ਹਿਮਾਚਲ ਦੇ ਡੀ ਜੀ ਪੀ ਸੰਜੇ ਕੁੰਡੂ ਨੇ ਕਿਹਾ ਕਿ ਘਟਨਾ ਦੇ ਸਮੇਂ 85 ਜਣੇ ਇਮਾਰਤ ਦੇ ਅੰਦਰ ਸਨ। ਪਹਿਲਾਂ ਇੱਕ ਔਰਤ ਦੇ ਮਰਨ ਦੀ ਸੂਚਨਾ ਮਿਲੀ ਸੀ ਤੇ ਪਤਾ ਲੱਗਾ ਸੀ ਕਿ 30 ਹਸਪਤਾਲ 'ਚ ਹਨ ਅਤੇ 13 ਲਾਪਤਾ ਹਨ। ਰਾਤ ਪਲਾਂਟ ਮੈਨੇਜਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਸ ਨੇ ਮੰਨਿਆ ਕਿ 85 ਵਿਅਕਤੀ ਇਮਾਰਤ ਦੇ ਅੰਦਰ ਸਨ। ਹੁਣ ਸਿਰਫ ਨੌਂ ਵਿਅਕਤੀ ਲਾਪਤਾ ਹਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਅਪਰੇਸ਼ਨ ਚੱਲ ਰਿਹਾ ਹੈ।

## ਜਾਗਰੂਕਤਾ ਪੈਦਾ ਕਰਨ ਦਾ ਪੂਨਮ ਪਾਂਡੇ ਸਟਾਈਲ

**ਮੁੰਬਈ** : ਸਰਵਾਈਕਲ ਕੈਂਸਰ ਕਾਰਨ ਹੋਈ ਮੌਤ ਦੀਆਂ ਖਬਰਾਂ ਤੋਂ ਬਾਅਦ ਅਦਾਕਾਰਾ-ਮਾਡਲ ਪੂਨਮ ਪਾਂਡੇ ਨੇ ਸ਼ਨੀਵਾਰ ਕਿਹਾ ਕਿ ਉਹ ਜ਼ਿੰਦਾ ਹੈ। 32 ਸਾਲਾ ਪੂਨਮ ਪਾਂਡੇ ਨੇ ਇੰਸਟਾਗ੍ਰਾਮ 'ਤੇ ਵੀਡੀਓ ਪੋਸਟ ਕਰਕੇ ਕਿਹਾ—ਮੈਂ ਤੁਹਾਡੇ ਸਾਰਿਆਂ ਨਾਲ ਕੁਝ ਮਹੱਤਵਪੂਰਨ ਮੁੱਦਾ ਸਾਂਝਾ ਕਰਨ ਲਈ ਮਜਬੂਰੀ 'ਚ ਆਪਣੀ ਮੌਤ ਦੀ ਅਫਵਾਹ ਉਡਾਈ ਸੀ। ਮੈਨੂੰ ਸਰਵਾਈਕਲ ਕੈਂਸਰ ਨਹੀਂ ਹੈ, ਪਰ ਅਫਸੋਸ ਦੀ ਗੱਲ ਹੈ ਕਿ ਇਸ ਨੇ ਹਜ਼ਾਰਾਂ ਔਰਤਾਂ ਦੀ ਜਾਨ ਲੈ ਲਈ ਹੈ, ਜਿਨ੍ਹਾਂ ਕੋਲ ਇਸ ਬਿਮਾਰੀ ਨਾਲ ਨਜਿੱਠਣ ਦੀ ਜਾਣਕਾਰੀ ਨਹੀਂ ਹੈ। ਇਸ ਬਿਮਾਰੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹੀ ਮੈਂ ਮਰਨ ਦੀ ਅਫਵਾਹ ਉਡਾਈ ਸੀ।

## ਮਮਤਾ ਕੇਂਦਰ ਖਿਲਾਫ ਧਰਨੇ 'ਤੇ ਰਾਤ-ਭਰ ਡਟੀ ਰਹੀ

**ਕੋਲਕਾਤਾ** : ਸਮਾਜ ਭਲਾਈ ਸਕੀਮਾਂ ਲਈ ਕੇਂਦਰ ਤੋਂ ਪੱਛਮੀ ਬੰਗਾਲ ਦੇ ਬਕਾਏ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਭੀਮ ਰਾਓ ਅੰਬੇਡਕਰ ਦੀ ਮੂਰਤੀ ਦੇ ਸਾਹਮਣੇ ਧਰਨਾ ਠੰਢ ਦੇ ਬਾਵਜੂਦ ਸਾਰੀ ਰਾਤ ਜਾਰੀ ਰਿਹਾ। ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਰਾਜ ਦੀਆਂ ਮਨਰੇਗਾ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਸਮੇਤ ਵੱਖ-ਵੱਖ ਭਲਾਈ ਸਕੀਮਾਂ ਲਈ ਹਜ਼ਾਰਾਂ ਕਰੋੜ ਰੁਪਏ ਦੀ ਦੇਣਦਾਰ ਹੈ। ਇਹ ਧਰਨਾ ਐਤਵਾਰ ਤੱਕ ਜਾਰੀ ਰਹੇਗਾ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।


-ਮੈਨੇਜਰ

## ਅੱਜ-ਨਾਮਾ

ਕੇਜਰੀਵਾਲ ਦੀ ਕਹੀ ਗੱਲ ਵਧੀ ਬਾਹਲੀ,
ਦਿੱਲੀ ਪੁਲਸ ਉਸ ਦੇ ਮਗਰ ਪਈ ਬੇਲੀ।
ਸੰਮਣ ਗਏ ਕੱਢਵਾਏ ਨੇ ਤੁਰਤ-ਫੁਰਤੀ,
ਉਹਦੀ ਕੋਠੀ ਵਿੱਚ ਪੁੱਜ ਆ ਗਈ ਬੇਲੀ।
ਕੀਤਾ ਏ ਪਹਿਲਾਂ ਸੋਰੇਨ ਨੂੰ ਜੇਲ੍ਹ ਅੰਦਰ,
ਉਹਦੀ ਜੱਜ ਜ਼ਮਾਨਤ ਨਹੀਂ ਲਈ ਬੇਲੀ।
ਪਰਦੇ ਪਿੱਛੇ ਕੀ ਅਸਲ ਵਿੱਚ ਨਿੱਤ ਹੋਵੇ,
ਉਹਦੇ ਲੱਗਣ ਕਿਆਫੇ ਬੱਸ ਕਈ ਬੇਲੀ।
ਇਹ ਵੀ ਪੁੱਛਦੇ ਲੋਕ ਨੇ ਬਾਅਦ ਉਸ ਦੇ,
ਕਿਹੜਾ ਆਗੂ ਫਿਰ ਘੇਰਿਆ ਜਾ ਸਕਦਾ।
ਮਮਤਾ, ਸ਼ਰਦ ਜਿਹੇ ਕਈ ਨੇ ਸੁਣੇ ਜਾਂਦੇ,
ਵਾਰ ਕਿਸੇ ਵੀ ਲੀਡਰ ਲਈ ਆ ਸਕਦਾ।

-ਤੀਸ ਮਾਰ ਖਾਂ

# ਪੰਜਾਬ ਦੇ ਪੁਰੋਹਤ ਚਲੇ ਗਏ



**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅਸਤੀਫਾ ਦੇ ਦਿੱਤਾ ਹੈ। ਉਹ ਅਗਸਤ 2021 ਤੋਂ ਇਸ ਅਹੁਦੇ 'ਤੇ ਸਨ। ਉਹ ਸ਼ੁੱਕਰਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇ ਸਨ। ਰਾਸ਼ਟਰਪਤੀ ਨੂੰ ਭੇਜੇ ਅਸਤੀਫੇ ਵਿਚ ਉਨ੍ਹਾ ਕਿਹਾ ਕਿ ਉਹ ਨਿੱਜੀ ਕਾਰਨਾਂ ਤੇ ਕੁਝ ਹੋਰ ਰੁਝੇਵਿਆਂ ਕਾਰਨ ਅਹੁਦਾ ਛੱਡ ਰਹੇ ਹਨ। ਉਹ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਸਨ। ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਦਾ ਅਹੁਦਾ ਪਿਛਲੇ ਸਾਲ ਤੋਂ ਖਾਲੀ ਸੀ ਤੇ ਇਸ ਹਫਤੇ ਹੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜੀਵ ਵਰਮਾ ਨੂੰ ਸਲਾਹਕਾਰ ਤਾਇਨਾਤ ਕੀਤਾ ਸੀ। ਪੁਰੋਹਿਤ ਨਾਗਪੁਰ ਤੋਂ ਦੋ ਵਾਰ ਕਾਂਗਰਸ ਤੇ ਇਕ ਵਾਰ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਲਈ ਚੁਣੇ ਗਏ ਸਨ। ਉਹ 2017 ਵਿਚ ਤਾਮਿਲਨਾਡੂ ਤੇ 2017 ਵਿਚ ਆਸਾਮ ਦੇ ਰਾਜਪਾਲ ਬਣਾਏ ਗਏ ਸਨ। ਪੁਰੋਹਿਤ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨਾਲ ਦਾਲ ਨਹੀਂ ਗਲਦੀ ਸੀ ਤੇ ਉਨ੍ਹਾ ਨੂੰ ਸੱਪਸ਼ਟੀਕਰਨ ਲੈਣ ਲਈ ਪੱਤਰ ਜਾਰੀ ਕਰਦੇ ਰਹਿੰਦੇ ਸਨ। ਇੱਥੋਂ ਤੱਕ ਵੀ ਕਿਹਾ ਸੀ ਕਿ ਜੇ ਪੱਤਰਾਂ ਦੇ ਜਵਾਬ ਨਾ ਦਿੱਤੇ ਤਾਂ ਉਹ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਵੀ ਕਰ ਸਕਦੇ ਹਨ ਤੇ ਫੌਜਦਾਰੀ ਕਾਰਵਾਈ ਵੀ ਕਰ ਸਕਦੇ ਹਨ। ਪੁਰੋਹਿਤ ਨੇ ਅਸਤੀਫਾ ਉਦੋਂ ਦਿੱਤਾ ਹੈ, ਜਦੋਂ ਚੰਡੀਗੜ੍ਹ ਮੇਅਰ ਚੋਣਾਂ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਦਾ ਸਾਂਝਾ ਉਮੀਦਵਾਰ ਵੱਧ ਵੋਟਾਂ ਹੋਣ ਦੇ ਬਾਵਜੂਦ ਹਰਾ ਕੇ ਭਾਜਪਾ ਦਾ ਮੇਅਰ ਐਲਾਨ ਦਿੱਤਾ ਗਿਆ। ਆਮ ਆਦਮੀ ਪਾਰਟੀ ਨੇ ਇਸ ਖਿਲਾਫ ਹਾਈ ਕੋਰਟ ਵਿਚ ਪਹੁੰਚ ਕੀਤੀ, ਜਿਸ ਨੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਤਿੰਨ ਹਫਤਿਆਂ ਤੱਕ ਜਵਾਬ ਮੰਗਿਆ ਹੈ, ਪਰ ਛੇਤੀ ਸੁਣਵਾਈ ਲਈ 'ਆਪ' ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

# ਲੋਕ ਸਭਾ ਚੋਣਾਂ ਦੀ ਜ਼ੋਰ-ਸ਼ੋਰ ਨਾਲ ਤਿਆਰੀ ਦਾ ਫੈਸਲਾ

## ਸੀ ਪੀ ਆਈ ਦੀ ਕੌਮੀ ਕੌਂਸਲ ਦੀ ਮੀਟਿੰਗ 'ਚ ਦੇਸ਼ ਦੇ ਹਾਲਾਤ 'ਤੇ ਵਿਆਪਕ ਵਿਚਾਰ-ਵਟਾਂਦਰਾ



ਕੌਮੀ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਰਦੇਵ ਅਰਸ਼ੀ। ਮੰਚ 'ਤੇ ਜਨਰਲ ਸਕੱਤਰ ਡੀ ਰਾਜਾ, ਅਮਰਜੀਤ ਕੌਰ ਤੇ ਹੋਰ ਆਗੂ। (ਖੱਬੇ) ਪੰਜਾਬ ਦੇ ਕੌਮੀ ਕੌਂਸਲ ਮੈਂਬਰ।

**ਹੈਦਰਾਬਾਦ** : ਸੀ ਪੀ ਆਈ ਦੀ ਕੌਮੀ ਕੌਂਸਲ ਮੀਟਿੰਗ ਦੇ ਦੂਜੇ ਦਿਨ ਨਿਸ਼ਾ ਸਿੱਧੂ, ਰਾਮਾ ਕ੍ਰਿਸ਼ਨਾ ਪਾਂਡਾ ਤੇ ਸੰਮਬਸਿਵਾ ਰਾਓ ਦੀ ਪ੍ਰਧਾਨਗੀ ਹੇਠ ਸੀ ਪੀ ਆਈ ਹੈੱਡ ਆਫਿਸ ਮਕਦੂਮ ਭਵਨ, ਹੈਦਰਾਬਾਦ ਵਿਖੇ ਜਨਰਲ ਸਕੱਤਰ ਡੀ ਰਾਜਾ ਵੱਲੋਂ ਪੇਸ਼ ਕੀਤੇ ਰਾਜਨੀਤਕ ਮਤੇ 'ਤੇ ਵੱਖ-ਵੱਖ ਸੂਬਿਆਂ ਦੇ ਆਗੂਆਂ ਨੇ ਆਪਣੇ-ਆਪਣੇ ਸੂਬੇ ਦੀ ਪਾਰਟੀ ਦੀ ਸਮਝ ਦੱਸੀ। ਇਸ ਵਿਚਾਰ-ਚਰਚਾ ਵਿੱਚ ਸਾਰੇ ਸੂਬਿਆਂ ਨੇ ਹਿੱਸਾ ਲੈਣਾ ਸੀ, ਇਥੋਂ ਤੱਕ ਕਿ ਪੁਡੂਚੇਰੀ, ਗੋਆ, ਮਨੀਪੁਰ, ਮੇਘਾਲਿਆ ਦੇ ਸੂਬੇ ਵੀ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣਗੇ। ਹੁਣ ਤੱਕ ਦੇ ਬੁਲਾਰਿਆਂ ਦੀ ਮੁੱਖ ਤੌਰ 'ਤੇ ਇਹ ਹੀ ਰਾਏ ਹੈ ਕਿ ਕਿਸੇ ਵੀ ਤਰੀਕੇ ਨਾਲ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਮੋਦੀ ਨੂੰ ਹਰਾਇਆ ਜਾਵੇ ਤੇ ਸੀ ਪੀ ਆਈ ਨੂੰ ਮਜ਼ਬੂਤ ਕੀਤਾ ਜਾਵੇ। ਡੀ ਰਾਜਾ ਨੇ ਵੱਖ-ਵੱਖ ਸੂਬਿਆਂ 'ਚੋਂ ਸੀਟਾਂ ਲੜਨ ਦੀ ਜੋ ਤਜਵੀਜ਼ ਆਈ, ਉਹ ਵੀ ਦੱਸੀ। ਦੇਸ਼ ਭਰ ਵਿੱਚ ਕਿੰਨੀਆਂ ਸੀਟਾਂ ਲੜਨੀਆਂ ਹਨ, ਉਸ ਦਾ ਅੰਤਮ ਫੈਸਲਾ ਸੈਂਟਰ ਕਮੇਟੀ ਨੇ ਕਰਨਾ ਹੈ। ਅਲੱਗ-ਅਲੱਗ ਸੂਬਿਆਂ ਵਿੱਚ ਉਥੋਂ ਦੀ ਕਮਿਊਨਿਸਟ ਪਾਰਟੀ ਨੇ 'ਇੰਡੀਆ' ਗੱਠਜੋੜ ਨੂੰ ਸਾਹਮਣੇ ਰੱਖਦੇ ਹੋਏ ਉਥੋਂ ਦੀ ਕਿਸ ਸਿਆਸੀ ਧਿਰ ਨਾਲ ਸਮਝੌਤਾ ਕਰਨਾ ਹੈ, ਇਸ ਦਾ ਅੰਤਮ ਫੈਸਲਾ ਵੀ ਸੈਂਟਰ ਨੇ ਹੀ ਕਰਨਾ ਹੈ। ਕੌਮੀ ਕੌਂਸਲ ਦਾ ਨਿਰਣਾ ਇਹ ਹੈ ਕਿ ਪਾਰਲੀਮੈਂਟ ਚੋਣਾਂ ਦੀ ਤਿਆਰੀ ਜ਼ੋਰ-ਸ਼ੋਰ ਨਾਲ ਹੁਣ ਤੋਂ ਹੀ ਸ਼ੁਰੂ ਕਰ ਦਿੱਤੀ ਜਾਵੇ। ਕੌਮੀ ਕੌਂਸਲ ਨੇ ਜ਼ੋਰ ਦਿੱਤਾ ਕਿ ਪੈਸੇ ਤੋਂ ਬਗੈਰ ਚੋਣ ਲੜੀ ਨਹੀਂ ਜਾ ਸਕਦੀ। ਜਿਸ ਪਾਰਟੀ ਭਾਜਪਾ ਨਾਲ ਮੁਕਾਬਲਾ ਕਰਨਾ ਹੈ, ਉਸ ਪਿੱਛੇ ਤਾਂ ਕਾਰਪੋਰੇਟ ਘਰਾਣੇ ਹਨ, ਜਿਨ੍ਹਾਂ ਮੋਦੀ ਨੂੰ ਜਿਤਾਉਣ ਵਾਸਤੇ ਪੈਸਾ ਮੀਂਹ ਦੀ ਤਰ੍ਹਾਂ ਵਹਾਉਣਾ ਹੈ। ਇਸ ਲਈ ਅਸੀਂ ਫੌਰੀ ਤੌਰ 'ਤੇ ਮਾਸ ਉਗਰਾਹੀ ਲਈ ਤੁਰ ਪਈਏ। ਕੌਮੀ ਕੌਂਸਲ ਦਾ ਇਹ ਵੀ ਨਿਰਣਾ ਹੈ ਕਿ ਆਪਣੇ ਕਾਡਰ ਨੂੰ ਪਾਰਲੀਮੈਂਟ ਦੀ ਚੋਣ ਵਿੱਚ ਦਿਲੋਂ ਤੋਰਨ ਵਾਸਤੇ ਕਾਡਰ ਟ੍ਰੇਨਿੰਗ ਕੈਂਪ, ਸਕੂਲ, ਮੀਟਿੰਗਾਂ, ਕਨਵੈਨਸ਼ਨਾਂ, ਰੈਲੀਆਂ, ਮੁਜ਼ਾਰਿਆਂ ਵਿੱਚ ਧੜੱਲੇ ਨਾਲ ਲੈ ਕੇ

● ਬਾਕੀ ਸਫ਼ਾ 2 'ਤੇ

# ਥਾਣੇ 'ਚ ਗੋਲੀ ਚਲਾਉਣ ਵਾਲਾ ਭਾਜਪਾ ਵਿਧਾਇਕ ਗ੍ਰਿਫਤਾਰ

**ਮੇਰੇ ਬੇਟੇ ਨੂੰ ਪੁਲਸ ਕੁੱਟ ਰਹੀ ਸੀ, ਮੈਂ ਕੀ ਕਰਦਾ, ਮੁੱਖ ਮੰਤਰੀ ਸ਼ਿੰਦੇ ਵੱਲੋਂ ਅਪਰਾਧੀਆਂ ਦਾ ਸਾਮਰਾਜ ਕਾਇਮ ਕੀਤਾ ਜਾ ਰਿਹੈ : ਗਣਪਤ ਗਾਇਕਵਾੜ**

**ਠਾਣੇ** : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ 'ਚ ਜ਼ਮੀਨੀ ਵਿਵਾਦ ਕਾਰਨ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਦੇ ਆਗੂ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਦੇ ਦੋਸ਼ 'ਚ ਭਾਜਪਾ ਵਿਧਾਇਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਭਾਜਪਾ ਦੇ ਕਲਿਆਣ ਤੋਂ ਵਿਧਾਇਕ ਗਣਪਤ ਗਾਇਕਵਾੜ ਨੇ ਸ਼ੁੱਕਰਵਾਰ ਰਾਤ ਉਲਹਾਸ ਨਗਰ ਇਲਾਕੇ ਦੇ ਹਿੱਲ ਲਾਈਨ ਥਾਣੇ ਦੇ ਸੀਨੀਅਰ ਇੰਸਪੈਕਟਰ ਦੇ ਕਮਰੇ ਦੇ ਅੰਦਰ ਸ਼ਿਵ ਸੈਨਾ ਦੇ ਕਲਿਆਣ ਵਿੰਗ ਦੇ ਮੁਖੀ ਮਹੇਸ਼ ਗਾਇਕਵਾੜ 'ਤੇ ਗੋਲੀਆਂ ਚਲਾ ਦਿੱਤੀਆਂ ਸਨ। ਭਾਜਪਾ ਤੇ ਸ਼ਿਵ ਸੈਨਾ (ਸ਼ਿੰਦੇ) ਸਰਕਾਰ ਵਿਚ ਭਾਈਵਾਲ ਹਨ। ਗ੍ਰਿਫਤਾਰੀ ਤੋਂ ਪਹਿਲਾਂ ਗਣਪਤ ਗਾਇਕਵਾੜ ਨੇ ਸਮਾਚਾਰ ਚੈਨਲ ਨੂੰ ਦੱਸਿਆ—ਹਾਂ, ਮੈਂ 5 ਗੋਲੀਆਂ ਚਲਾਈਆਂ। ਮੈਨੂੰ ਕੋਈ ਅਫਸੋਸ ਨਹੀਂ। ਮੇਰੇ ਬੇਟੇ ਨੂੰ ਥਾਣੇ ਵਿਚ ਕੁੱਟਿਆ ਜਾ ਰਿਹਾ ਸੀ। ਮੈਂ ਕੀ ਕਰਦਾ।

ਉਸ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਮਹਾਰਾਸ਼ਟਰ 'ਚ ਅਪਰਾਧੀਆਂ ਦਾ ਸਾਮਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਏਕਨਾਥ ਸ਼ਿੰਦੇ ਮੁੱਖ ਮੰਤਰੀ ਰਹਿਣਗੇ ਤਾਂ ਮਹਾਰਾਸ਼ਟਰ ਵਿਚ ਅਪਰਾਧੀ ਹੀ ਪੈਦਾ ਹੋਣਗੇ। ਉਨ੍ਹਾ ਮੇਰੇ ਵਰਗੇ ਚੰਗੇ ਬੰਦੇ ਨੂੰ ਅਪਰਾਧੀ ਬਣਾ ਦਿੱਤਾ ਹੈ। ਮੁੱਖ ਮੰਤਰੀ ਦਾ ਬੇਟਾ ਤੇ ਕਲਿਆਣ ਤੋਂ ਲੋਕ ਸਭਾ ਮੈਂਬਰ ਸ਼੍ਰੀਕਾਂਤ ਸ਼ਿੰਦੇ ਹਲਕੇ ਵਿਚ ਬੋਰਡ ਲਾ ਕੇ ਮੇਰੇ ਕੰਮਾਂ ਦਾ ਸਿਹਰਾ ਖੁਦ ਲੈ ਰਿਹਾ ਹੈ। ਮੈਂ ਆਪਣੇ ਸੀਨੀਅਰ ਆਗੂਆਂ ਨੂੰ ਕਈ ਵਾਰ ਦੱਸ ਚੁੱਕਾ ਹਾਂ ਕਿ ਸ਼ਿੰਦੇ ਦੇ ਬੰਦੇ ਮੇਰੇ ਸਾਥੀਆਂ ਵਿਰੁੱਧ ਹਿੰਸਾ ਕਰ ਰਹੇ ਹਨ।



ਗਣਪਤ ਗਾਇਕਵਾੜ (ਸੱਜੇ) ਮਹੇਸ਼ ਗਾਇਕਵਾੜ

ਗਣਪਤ ਗਾਇਕਵਾੜ ਨੇ ਕਿਹਾ—ਮੈਂ 10 ਸਾਲ ਪਹਿਲਾਂ ਪਲਾਟ ਖਰੀਦਿਆ ਸੀ। ਕੁਝ ਕਾਨੂੰਨੀ ਮੁੱਦੇ ਸਨ, ਪਰ ਅਸੀਂ ਕੋਰਟ ਵਿਚ ਕੇਸ ਜਿੱਤ ਗਏ ਸੀ, ਪਰ ਮਹੇਸ਼ ਗਾਇਕਵਾੜ ਨੇ ਧੱਕੇ ਨਾਲ ਪਲਾਟ 'ਤੇ ਕਬਜ਼ਾ ਕਰ ਲਿਆ।

ਗਣਪਤ ਨੇ ਇਹ ਵੀ ਕਿਹਾ—ਸ਼ਿੰਦੇ ਸਾਹਿਬ ਨੇ ਊਧਵ ਠਾਕਰੇ ਸਾਹਿਬ ਨੂੰ ਧੋਖਾ ਦਿੱਤਾ ਤੇ ਉਹ ਭਾਜਪਾ ਨੂੰ ਵੀ ਧੋਖਾ ਦੇਣਗੇ। ਉਨ੍ਹਾਂ ਤੋਂ ਮੈਂ ਕਰੋੜਾਂ ਰੁਪਏ ਲੈਣੇ ਹਨ। ਜੇ ਮਹਾਰਾਸ਼ਟਰ ਨੂੰ ਚੰਗੀ ਤਰ੍ਹਾਂ ਸੰਭਾਲਣਾ ਹੈ ਤਾਂ ਸ਼ਿੰਦੇ ਦਾ ਅਸਤੀਫਾ ਕਰਾਉਣਾ ਚਾਹੀਦਾ ਹੈ। ਮੇਰੀ ਇਹ ਦਵਿੰਦਰ ਫੜਨਵੀਸ ਤੇ ਪ੍ਰਧਾਨ ਮੰਤਰੀ ਨਰਿੰਦਰ ਨੂੰ ਬੇਨਤੀ ਹੈ। ਨਿੱਜੀ ਹਸਪਤਾਲ ਵਿਚ ਮਹੇਸ਼ ਦੀ ਸਰਜਰੀ ਕੀਤੀ ਗਈ ਤੇ ਨਾਜ਼ੁਕ ਹਾਲਤ ਕਾਰਨ ਉਸ ਨੂੰ ਵੈਂਟੀਲੇਟਰ 'ਤੇ ਰੱਖਿਆ ਜਾ ਰਿਹਾ ਸੀ। ਐਡੀਸ਼ਨਲ ਪੁਲਸ ਕਮਿਸ਼ਨਰ ਦੱਤਾਤ੍ਰਯਾ ਸ਼ਿੰਦੇ ਨੇ ਦੱਸਿਆ ਕਿ ਗਣਪਤ ਗਾਇਕਵਾੜ ਦਾ ਬੇਟਾ ਜ਼ਮੀਨੀ ਝਗੜੇ ਵਿਚ ਸ਼ਿਕਾਇਤ ਦਰਜ ਕਰਾਉਣ ਆਇਆ ਸੀ। ਮਹੇਸ਼ ਗਾਇਕਵਾੜ ਵੀ ਆਪਣੇ ਬੰਦਿਆਂ ਨਾਲ ਪਹੁੰਚ ਗਿਆ। ਫਿਰ ਗਣਪਤ ਗਾਇਕਵਾੜ ਵੀ ਆ ਗਿਆ। ਗਣਪਤ ਗਾਇਕਵਾੜ ਦੀ ਫਾਇਰਿੰਗ ਨਾਲ ਮਹੇਸ਼ ਤੇ ਉਸ ਦਾ ਸਾਥੀ ਜ਼ਖਮੀ ਹੋ ਗਏ। ਗਣਪਤ ਗਾਇਕਵਾੜ ਤੋਂ ਇਲਾਵਾ ਦੋ ਹੋਰ ਬੰਦੇ ਵੀ ਕਤਲ ਦੀ ਕੋਸ਼ਿਸ਼ ਤੇ ਮੁਜਰਮਾਨਾ ਸਾਜ਼ਿਸ਼ ਦੇ ਦੋਸ਼ ਵਿਚ ਫੜੇ ਗਏ ਹਨ।

ਇਸੇ ਦੌਰਾਨ ਉਪ ਮੁੱਖ ਮੰਤਰੀ ਤੇ ਭਾਜਪਾ ਆਗੂ ਦਵਿੰਦਰ ਫੜਨਵੀਸ ਨੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾ ਕਿਹਾ—ਘਟਨਾ ਗੰਭੀਰ ਹੈ ਤੇ ਮੈਂ ਡੀ ਜੀ ਪੀ ਨੂੰ ਜਾਂਚ ਦੇ ਹੁਕਮ ਦੇ ਦਿੱਤੇ ਹਨ। ਕਾਨੂੰਨ ਅੱਗੇ ਸਭ ਬਰਾਬਰ ਹਨ, ਭਾਵੇਂ ਉਹ ਕਿਸੇ ਪਾਰਟੀ ਦੇ ਹੋਣ। ਜਾਂਚ ਵਿਚ ਪਤਾ ਲੱਗੇਗਾ ਕਿ ਗੋਲੀਆਂ ਕਿਨ੍ਹਾਂ ਹਾਲਾਤ ਵਿਚ ਚੱਲੀਆਂ।

● ਬਾਕੀ ਸਫ਼ਾ 2 'ਤੇ

## ਜਸਟਿਸ ਜੀ ਐੱਸ ਸੰਧਾਵਾਲੀਆ ਬਣੇ ਐਕਟਿੰਗ ਚੀਫ ਜਸਟਿਸ

**ਚੰਡੀਗੜ੍ਹ** : ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਐਕਟਿੰਗ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਹੈ। ਐਕਟਿੰਗ ਚੀਫ ਜਸਟਿਸ ਰਿਤੂ ਬਾਹਰੀ ਦਾ ਤਬਾਦਲਾ ਉੱਤਰਾਖੰਡ ਦੀ ਚੀਫ ਜਸਟਿਸ ਵਜੋਂ ਹੋਣ 'ਤੇ ਅਹੁਦਾ ਖਾਲੀ ਹੋ ਗਿਆ ਸੀ। ਸੰਧਾਵਾਲੀਆ ਦੇ ਪਿਤਾ ਸੁਰਜੀਤ ਸਿੰਘ ਸੰਧਾਵਾਲੀਆ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੁਲਾਈ 1978 ਤੋਂ ਨਵੰਬਰ 1983 ਤੱਕ ਚੀਫ ਜਸਟਿਸ ਰਹਿ ਚੁੱਕੇ ਹਨ।



ਇਕ ਨਵੰਬਰ 1965 ਨੂੰ ਪੈਦਾ ਹੋਏ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਨੇ ਬੀ ਏ ਆਨਰਜ਼ ਡੀ ਏ ਵੀ ਕਾਲਜ ਚੰਡੀਗੜ੍ਹ ਤੇ ਐੱਲ ਐੱਲ ਬੀ ਪੰਜਾਬ ਯੂਨੀਵਰਸਿਟੀ ਤੋਂ ਕੀਤੀ। ਉਨ੍ਹਾ ਵਕਾਲਤ ਵੀ ਕੀਤੀ ਤੇ 30 ਸਤੰਬਰ 2011 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਐਡੀਸ਼ਨਲ ਜੱਜ ਬਣੇ।

## ਪੰਜਾਬੀ 'ਵਰਸਿਟੀ ਨੂੰ ਪੈਸੇ ਦੀ ਤੋਟ ਨਹੀਂ ਆਉਣ ਦੇਵਾਂਗੇ : ਚੀਮਾ

**ਪਟਿਆਲਾ** : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਗਰਾਂਟ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਸ਼ਨੀਵਾਰ ਇੱਥੇ ਸਮਾਗਮ ਵਿੱਚ ਸ਼ਾਮਲ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਇਹ 'ਆਪ' ਸਰਕਾਰ ਹੀ ਹੈ ਜਿਸ ਵੱਲੋਂ ਪੰਜਾਬੀ ਯੂਨੀਵਰਸਿਟੀ ਦੀ ਗਰਾਂਟ 'ਚ ਰਿਕਾਰਡ ਵਾਧਾ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ 360 ਕਰੋੜ ਸਾਲਾਨਾ ਗਰਾਂਟ ਦੇਣ ਦੇ ਕੀਤੇ ਗਏ ਵਾਅਦੇ ਨੂੰ ਸਰਕਾਰ ਹਰ ਹਾਲਤ 'ਚ ਨਿਭਾਇਆ ਜਾ ਰਿਹਾ ਹੈ। ਉਨ੍ਹਾ ਯੂਨੀਵਰਸਿਟੀ ਦੀ ਦਸ਼ਾ ਸੁਧਾਰਨ ਲਈ ਯੂਨੀਵਰਸਿਟੀ ਦੇ ਵੀ ਸੀ ਪ੍ਰੋਫੈਸਰ ਅਰਵਿੰਦ ਵੱਲੋਂ ਕੀਤੇ ਯਤਨ ਦੀ ਸ਼ਲਾਘਾ ਵੀ ਕੀਤੀ। ਮੰਤਰੀ ਨੇ ਕਿਹਾ ਕਿ ਇਹ ਇੱਕ ਅਜਿਹੀ ਯੂਨੀਵਰਸਿਟੀ ਹੈ ਜੋ ਬਹੁਤ ਘੱਟ ਫੀਸਾਂ 'ਤੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਪ੍ਰਦਾਨ ਕਰ ਰਹੀ ਹੈ। ਇਸ ਮੌਕੇ ਵੀ ਸੀ ਅਤੇ ਉਨ੍ਹਾ ਦੇ ਨਿੱਜੀ ਸਕੱਤਰ ਪ੍ਰੋਫੈਸਰ ਨਾਗਰ ਸਿੰਘ ਮਾਨ ਤੇ ਵਿੱਤ ਮੰਤਰੀ ਦੇ ਓ ਐੱਸ ਡੀ ਵੀ ਮੌਜੂਦ ਸਨ। ਯੂਨੀਵਰਸਿਟੀ ਦੀ ਤਰਫੋਂ ਵੀ ਸੀ ਤੇ ਹੋਰਾਂ ਨੇ ਵਿੱਤ ਮੰਤਰੀ ਨੂੰ ਸਨਮਾਨਤ ਵੀ ਕੀਤਾ।



## ਪਾਕਿਸਤਾਨ ਹਾਕੀ ਫੈਡਰੇਸ਼ਨ ਦੀ ਮਾਲੀ ਹਾਲਤ ਨਿੱਘਰੀ



**ਲਾਹੌਰ** : ਪਾਕਿਸਤਾਨ ਹਾਕੀ ਫੈਡਰੇਸ਼ਨ ਦਾ ਮਾਲੀ ਸੰਕਟ ਗੰਭੀਰ ਹੋ ਰਿਹਾ ਹੈ। ਇਸ ਦੇ ਲਾਹੌਰ ਸਥਿਤ ਹੈੱਡਕੁਆਰਟਰ ਅਤੇ ਕਰਾਚੀ 'ਚ ਸਬ-ਆਫਿਸ 'ਚ ਸਾਰੇ ਕਰਮਚਾਰੀ ਛੇ ਮਹੀਨਿਆਂ ਤੋਂ ਤਨਖਾਹਾਂ ਦੀ ਉਡੀਕ ਕਰ ਰਹੇ ਹਨ। 80 ਤੋਂ ਵੱਧ ਦਫਤਰੀ ਅਤੇ ਹੋਰ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲੀ ਤੇ ਕੋਈ ਮੈਡੀਕਲ ਲਾਭ ਨਹੀਂ ਮਿਲ ਰਿਹਾ, ਜਿਸ ਕਾਰਨ ਉਨ੍ਹਾਂ ਦਾ ਬੁਰਾ ਹਾਲ ਹੈ। ਕੌਮੀ ਸੀਨੀਅਰ ਖਿਡਾਰੀਆਂ ਨੂੰ 4-5 ਮਹੀਨਿਆਂ ਤੋਂ ਉਨ੍ਹਾਂ ਦੀ ਇਕਰਾਰਨਾਮੇ ਦੀ ਤਨਖਾਹ ਜਾਂ ਭੱਤੇ ਦਾ ਭੁਗਤਾਨ ਨਹੀਂ ਕੀਤਾ ਗਿਆ। ਪਾਕਿਸਤਾਨ ਦੇ ਕਪਤਾਨ ਇਮਾਦ ਸ਼ਕੀਲ ਬੱਟ ਅਤੇ ਕੁਝ ਹੋਰ ਖਿਡਾਰੀਆਂ ਨੇ ਵੀ ਆਪਣੇ ਰੋਜ਼ਾਨਾ ਦੇ ਬਕਾਏ ਦਾ ਭੁਗਤਾਨ ਨਾ ਕਰਨ ਦੇ ਮੁੱਦੇ 'ਤੇ ਝੜਪ ਕੀਤੀ ਸੀ। ਬੱਟ ਨੇ ਧਮਕੀ ਵੀ ਦਿੱਤੀ ਕਿ ਜਦੋਂ ਤੱਕ ਬਕਾਏ ਦਾ ਭੁਗਤਾਨ ਨਹੀਂ ਕੀਤਾ ਜਾਂਦਾ, ਉਦੋਂ ਤੱਕ ਅਗਲੇ ਮੈਚ ਨਹੀਂ ਖੇਡਣਗੇ।

ਸੂਤਰਾਂ ਮੁਤਾਬਕ ਫੈਡਰੇਸ਼ਨ ਨੇ ਖਿਡਾਰੀਆਂ, ਮੁਲਾਜ਼ਮਾਂ, ਕੋਚਾਂ ਤੇ ਹੋਰਨਾਂ ਦੇ 8 ਕਰੋੜ ਰੁਪਏ ਦੇਣੇ ਹਨ।

## ਦਸਤਾਰ ਨਾਲ ਸਿਰ ਦੀ ਸੱਟ ਤੋਂ ਕਾਫੀ ਬਚਾਅ



**ਨਵੀਂ ਦਿੱਲੀ** : ਨਵੀਂ ਖੋਜ ਵਿਚ ਸਾਹਮਣੇ ਆਇਆ ਹੈ ਕਿ ਦਸਤਾਰ ਹਾਦਸੇ ਦੀ ਸੂਰਤ ਵਿਚ ਖੋਪੜੀ 'ਚ ਫਰੈਕਚਰ ਤੋਂ ਕਾਫੀ ਬਚਾਅ ਕਰ ਦਿੰਦੀ ਹੈ। ਇੰਪੀਰੀਅਲ ਕਾਲਜ ਲੰਡਨ ਤੇ ਸਿੱਖ ਸਾਇੰਟਿਸਟਸ ਨੈੱਟਵਰਕ ਦੇ ਖੋਜੀਆਂ ਨੇ ਕਿਹਾ ਹੈ ਕਿ ਦੁਮਾਲਾ ਤਾਂ ਹੋਰ ਵੀ ਜ਼ਿਆਦਾ ਬਚਾਅ ਕਰਦਾ ਹੈ। ਉਨ੍ਹਾਂ ਡੰਮੀ ਸਿਰ 'ਤੇ ਵੱਖ-ਵੱਖ ਸਟਾਈਲ ਦੀਆਂ ਦਸਤਾਰਾਂ ਬੰਨ੍ਹ ਕੇ ਟੈੱਸਟ ਕੀਤੇ ਹਨ। ਖੋਜਾਰਥੀਆਂ ਨੇ ਕਿਹਾ ਹੈ—ਸਿੱਖ ਸਦੀਆਂ ਤੋਂ ਦਸਤਾਰ ਬੰਨ੍ਹ ਰਹੇ ਹਨ, ਪਰ ਦੁਨੀਆ ਦੀ ਇਸ 0.5 ਫੀਸਦੀ ਆਬਾਦੀ ਨੂੰ ਵੱਖ-ਵੱਖ ਥਾਈਂ ਹਾਦਸਿਆਂ ਦੇ ਖਤਰੇ ਕਾਰਨ ਦਸਤਾਰ ਦੀ ਥਾਂ ਹੈਲਮਟ ਪਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਖੋਜਾਰਥੀਆਂ ਨੇ ਪੰਜ ਵੱਖ-ਵੱਖ ਦਸਤਾਰਾਂ ਨੂੰ ਟੈੱਸਟ ਕੀਤਾ। ਇਨ੍ਹਾਂ ਦੇ ਬੰਨ੍ਹਣ ਦੇ ਸਟਾਈਲਾਂ ਤੋਂ ਪਤਾ ਲਾਇਆ ਕਿ ਇਹ ਸੱਟ ਤੋਂ ਕਿੰਨਾ ਬਚਾਅ ਕਰਦੀਆਂ ਹਨ। ਉਨ੍ਹਾਂ ਇਨ੍ਹਾਂ ਦਾ ਸਾਈਕਲ ਦੇ ਹੈਲਮਟਾਂ ਨਾਲ ਮੁਕਾਬਲਾ ਕੀਤਾ। ਉਨ੍ਹਾਂ ਪਤਾ ਲਾਇਆ ਕਿ ਰੂਬੀਆ ਵਾਇਲ ਦੀ ਤਿੰਨ ਮੀਟਰ ਲੰਮੀ ਤੇ ਦੋ ਮੀਟਰ ਚੌੜੀ ਦਸਤਾਰ ਸੱਟ ਦਾ 23 ਫੀਸਦੀ ਰਿਸਕ ਘਟਾ ਦਿੰਦੀ ਹੈ। 10 ਮੀਟਰ ਲੰਮੀ ਤੇ ਇਕ ਮੀਟਰ ਚੌੜੀ ਦੁਮਾਲਾ ਸਟਾਈਲ ਦੀ ਦਸਤਾਰ 59 ਫੀਸਦੀ ਤੱਕ ਰਿਸਕ ਘਟਾਉਂਦੀ ਹੈ। ਖੋਜ ਕਰਨ ਵਾਲਿਆਂ ਵਿਚ ਸ਼ਾਮਲ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਮੀਦ ਹੈ ਕਿ ਵਿਗਿਆਨਕ ਭਾਈਚਾਰਾ ਸੱਟ ਤੋਂ ਬਚਾਅ ਲਈ ਅਜਿਹੀਆਂ ਫੈਬਰਿਕਾਂ ਵਾਲੀਆਂ ਦਸਤਾਰਾਂ ਬਣਾਉਣ ਦੀ ਸੋਚੇਗਾ, ਜਿਨ੍ਹਾਂ ਨਾਲ ਰਿਸਕ ਹੋਰ ਘਟੇ। ਉਹ ਫੈਬਰਿਕ ਵਿਚ ਅਜਿਹਾ ਮਟੀਰੀਅਲ ਪਾਏਗਾ, ਜਿਸ ਨਾਲ ਸੱਟ ਦਾ ਅਸਰ ਹੋਰ ਘਟੇ।

## ਅਮਰੀਕਾ ਵੱਲੋਂ ਜਾਰਡਨ ਤੇ ਸੀਰੀਆ 'ਚ 85 ਟਿਕਾਣਿਆਂ 'ਤੇ ਹਮਲੇ

**ਵਾਸ਼ਿੰਗਟਨ** : ਅਮਰੀਕਾ ਨੇ ਜਾਰਡਨ ਵਿਚ ਆਪਣੇ ਫੌਜੀਆਂ 'ਤੇ ਕੀਤੇ ਹਮਲਿਆਂ ਖਿਲਾਫ ਜਵਾਬੀ ਕਾਰਵਾਈ ਕਰਦਿਆਂ ਇਰਾਕ ਅਤੇ ਸੀਰੀਆ ਵਿਚ ਈਰਾਨ ਸਮਰਥਕ ਮਿਲੀਸ਼ੀਆ ਅਤੇ ਈਰਾਨੀ ਰੈਵੋਲਿਊਸ਼ਨਰੀ ਗਾਰਡ ਦੇ 85 ਟਿਕਾਣਿਆਂ 'ਤੇ ਹਮਲੇ ਕੀਤੇ ਹਨ। ਜਾਰਡਨ 'ਚ ਈਰਾਨ ਸਮਰਥਕ ਸਮੂਹ ਵੱਲੋਂ ਕਥਿਤ ਤੌਰ 'ਤੇ ਡਰੋਨ ਨਾਲ ਕੀਤੇ ਹਮਲੇ 'ਚ ਤਿੰਨ ਅਮਰੀਕੀ ਫੌਜੀਆਂ ਦੀ ਮੌਤ ਹੋ ਗਈ ਸੀ ਅਤੇ 40 ਤੋਂ ਵੱਧ ਜ਼ਖਮੀ ਹੋ ਗਏ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਹੋਰ ਵੱਡੇ ਅਮਰੀਕੀ ਨੇਤਾ ਕਈ ਦਿਨਾਂ ਤੋਂ ਚਿਤਾਵਨੀ ਦੇ ਰਹੇ ਸਨ ਕਿ ਅਮਰੀਕਾ ਮਿਲਸ਼ੀਆ ਸਮੂਹਾਂ ਖਿਲਾਫ ਜਵਾਬੀ ਕਾਰਵਾਈ ਕਰੇਗਾ।

## ਚਮਰੋੜ ਪੱਤਣ ਵਿਖੇ ਜੈੱਟ ਸਕੀ, ਮੋਟਰ ਪੈਰਾ-ਗਲਾਈਡਿੰਗ ਤੇ ਹੌਟ ਏਅਰ ਬੈਲੂਨ ਗਤੀਵਿਧੀਆਂ ਸ਼ੁਰੂ ਕਰਨ ਦਾ ਐਲਾਨ

**ਪਰਵਾਸੀ ਭਾਰਤੀਆਂ ਨੂੰ ਪੰਜਾਬ ਦੇ ਵਿਕਾਸ 'ਚ ਸਹਿਯੋਗ ਦੀ ਅਪੀਲ**



**ਪਠਾਨਕੋਟ (ਦਵਿੰਦਰ ਸਿੰਘ)**

ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਚਮਰੋੜ ਪੱਤਣ ਵਿਖੇ ਜੈੱਟ ਸਕੀ, ਮੋਟਰ ਪੈਰਾ ਗਲਾਈਡਿੰਗ ਅਤੇ ਹੌਟ ਏਅਰ ਬੈਲੂਨ ਗਤੀਵਿਧੀਆਂ ਸ਼ੁਰੂ ਕਰਨ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਇਨ੍ਹਾਂ ਗਤੀਵਿਧੀਆਂ ਦਾ ਟਰਾਇਲ ਦੇਖਣ ਮਗਰੋਂ ਕਿਹਾ ਕਿ ਇਸ ਸੁੰਦਰ ਸਥਾਨ 'ਤੇ ਪਾਣੀ ਵਾਲੀਆਂ ਖੇਡਾਂ/ ਮਨੋਰੰਜਕ ਅਤੇ ਸਪੀਡ ਬੋਟਿੰਗ ਵਰਗੀਆਂ ਗਤੀਵਿਧੀਆਂ ਪਹਿਲਾਂ ਹੀ ਚੱਲ ਰਹੀਆਂ ਹਨ। ਹੁਣ ਇੱਥੇ ਜੈੱਟ ਸਕੀ, ਮੋਟਰ ਪੈਰਾ ਗਲਾਈਡਿੰਗ ਅਤੇ ਹੌਟ ਏਅਰ ਬੈਲੂਨ ਦਾ ਟਰਾਇਲ/ ਪ੍ਰਦਰਸ਼ਨ ਕੀਤਾ ਗਿਆ ਹੈ ਅਤੇ ਜਲਦੀ ਹੀ ਇਸ ਦੀ ਰਸਮੀ ਸ਼ੁਰੂਆਤ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਇਹ ਸਾਰੀਆਂ ਗਤੀਵਿਧੀਆਂ ਵਪਾਰਕ ਤੌਰ 'ਤੇ ਸ਼ੁਰੂ ਹੋਣਗੀਆਂ, ਜਿਸ ਨਾਲ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਵਿਸ਼ਵ ਭਰ 'ਚ ਵਸਦੇ ਐੱਨ ਆਰ ਆਈ ਭਾਈਚਾਰੇ ਨੂੰ ਪੰਜਾਬ ਦੇ ਅਰਥਚਾਰੇ ਨੂੰ ਦੁਨੀਆ ਦੇ ਮੋਹਰੀ ਸੂਬੇ ਵਜੋਂ ਉਭਾਰਨ ਲਈ ਖੁੱਲ੍ਹੇ ਦਿਲ ਨਾਲ ਸਹਿਯੋਗ ਦੇਣ ਦਾ ਸੱਦਾ ਦਿੱਤਾ। 'ਐਨ ਆਰ ਆਈ ਮਿਲਣੀ' ਦੌਰਾਨ ਪਰਵਾਸੀ ਪੰਜਾਬੀ ਭਾਈਚਾਰੇ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਪਰਵਾਸੀ ਭਾਰਤੀਆਂ ਨੂੰ ਵੱਡੇ-ਵੱਡੇ ਪੈਲੇਸਾਂ ਅਤੇ ਹੋਟਲਾਂ 'ਚ ਬੁਲਾਇਆ ਜਾਂਦਾ ਸੀ, ਪਰ ਬਾਅਦ 'ਚ ਉਨ੍ਹਾਂ ਨੂੰ ਜ਼ਲਾਲਤ ਸਹਿਣੀ ਪੈਂਦੀ ਸੀ, ਕਿਉਂਕਿ ਕੋਈ ਵੀ ਉਨ੍ਹਾਂ ਦੀ ਪਰਵਾਹ ਨਹੀਂ ਕਰਦਾ ਸੀ। ਮੁੱਖ ਮੰਤਰੀ ਨੇ ਪ੍ਰਵਾਸੀ ਭਾਰਤੀ ਭਰਾਵਾਂ ਨੂੰ ਆਰਥਕ ਅਤੇ ਸਮਾਜਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਉਤਸ਼ਾਹਤ ਕਰਨ ਵਿੱਚ ਵੱਡਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਵਤਨ ਵਾਪਸੀ ਦਾ ਰੁਝਾਨ ਸ਼ੁਰੂ ਹੋ ਗਿਆ ਹੈ, ਜਿਸ ਨਾਲ ਸੁਨਹਿਰੇ ਸੁਪਨਿਆਂ ਦੀ ਭਾਲ ਵਿਚ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੇ ਪਰਵਾਸ ਕਰਨ ਦੇ ਉੱਭਰੇ ਰੁਝਾਨ ਨੂੰ ਠੱਲ੍ਹ ਪਏਗੀ, ਸਗੋਂ ਪਰਵਾਸੀ ਭਾਰਤੀ ਸੂਬੇ ਦੇ ਸਮਾਜਕ-ਆਰਥਕ ਵਿਕਾਸ 'ਚ ਯੋਗਦਾਨ ਪਾਉਣ ਲਈ ਪ੍ਰੇਰਿਤ ਹੋਣਗੇ। ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਨਿਵੇਸ਼ ਕਰਕੇ, ਪਿੰਡਾਂ ਅਤੇ ਸ਼ਹਿਰਾਂ ਨੂੰ ਗੋਦ ਲੈ ਕੇ ਅਤੇ ਸਮਾਜ ਭਲਾਈ ਦੇ ਖੇਤਰ 'ਚ ਯੋਗਦਾਨ ਪਾ ਕੇ ਪੰਜਾਬ 'ਚ ਚੱਲ ਰਹੇ ਬੇਮਿਸਾਲ ਵਿਕਾਸ 'ਚ ਸਰਗਰਮ ਭਾਈਵਾਲ ਬਣਨ ਲਈ ਵੀ ਪ੍ਰੇਰਤ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂ ਚੱਕ ਅਤੇ ਬ੍ਰਮ ਸ਼ੰਕਰ ਜਿੰਪਾ ਸਮੇਤ ਹੋਰ ਹਾਜ਼ਰ ਸਨ।

# ਬਿਸ਼ਨੋਈ ਤੇ ਗੋਲਡੀ ਗੈਂਗ ਦੇ ਦੋ ਗੈਂਗਸਟਰ ਗ੍ਰਿਫਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪੰਜਾਬ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦੇ ਦੋ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਦੀ ਪਛਾਣ ਮਨਦੀਪ ਸਿੰਘ ਉਰਫ ਛੋਟਾ ਮਨੀ ਵਾਸੀ ਚੰਡੀਗੜ੍ਹ ਅਤੇ ਜਤਿੰਦਰ ਸਿੰਘ ਵਾਸੀ ਮਨੀਮਾਜਰਾ ਵਜੋਂ ਹੋਈ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮਨਦੀਪ ਨੇ ਸਿੱਧੂ ਮੂਸੇਵਾਲਾ ਦੇ ਕਤਲ 'ਚ ਸ਼ਾਮਲ ਮੁਲਜ਼ਮਾਂ ਨੂੰ ਛੁਪਣਗਾਹਾਂ ਮੁਹੱਈਆ ਕਰਵਾਈਆਂ ਸਨ ਅਤੇ 2017 'ਚ ਗੈਂਗਸਟਰ ਦੀਪਕ ਟੀਨੂ ਦੇ ਭੱਜਣ 'ਚ ਵੀ ਮਦਦ ਕੀਤੀ ਸੀ। ਦੋਹਾਂ ਦੇ ਕਬਜ਼ੇ 'ਚੋਂ ਦੋ ਪਿਸਤੌਲ ਅਤੇ 12 ਕਾਰਤੂਸ ਵੀ ਬਰਾਮਦ ਕੀਤੇ ਗਏ ਹਨ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਫੜੇ ਮੁਲਜ਼ਮਾਂ ਨੂੰ ਉਨ੍ਹਾਂ ਦੇ ਵਿਦੇਸ਼ੀ ਹੈਂਡਲਰਾਂ ਨੇ ਵਿਰੋਧੀ ਗੈਂਗਸਟਰਾਂ ਨੂੰ ਮਾਰਨ ਦਾ ਕੰਮ ਸੌਂਪਿਆ ਸੀ।

ਯਾਦਵ ਨੇ ਦੱਸਿਆ ਕਿ ਜ਼ੀਰਕਪੁਰ ਦੇ ਖੇਤਰ ਵਿੱਚ ਛੋਟਾ ਮਨੀ ਦੀ ਮੌਜੂਦਗੀ ਬਾਰੇ ਭਰੋਸੇਯੋਗ ਸੂਤਰਾਂ ਤੋਂ ਮਿਲੀ ਪੁਖ਼ਤਾ ਇਤਲਾਹ ਤੋਂ ਬਾਅਦ ਏ ਡੀ ਜੀ ਪੀ ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏ ਜੀ ਟੀ ਐੱਫ ਅਤੇ ਏ ਆਈ ਜੀ ਸੰਦੀਪ ਗੋਇਲ ਦੀ ਨਿਗਰਾਨੀ ਅਤੇ ਡੀ ਐੱਸ ਪੀ ਬਿਕਰਮ ਬਰਾੜ ਦੀ ਕਮਾਨ ਹੇਠ ਪੁਲਸ ਟੀਮਾਂ ਨੇ ਮੁਲਜ਼ਮਾਂ ਦੇ ਟਿਕਾਣੇ ਦਾ ਪਤਾ ਲਗਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਅਤੇ ਉਸ ਨੂੰ ਉਸ ਦੇ ਸਾਥੀ ਸਮੇਤ ਗ੍ਰਿਫਤਾਰ ਕਰ ਲਿਆ।

ਉਨ੍ਹਾ ਦੱਸਿਆ ਕਿ ਦੋਵੇਂ ਮੁਲਜ਼ਮ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਲਈ ਸਰਗਰਮੀ ਨਾਲ ਕੰਮ ਕਰ ਰਹੇ ਸਨ ਅਤੇ ਦੋਵੇਂ ਅਪਰਾਧਿਕ ਪਿਛੋਕੜ ਵਾਲੇ ਹਨ, ਜਿਨ੍ਹਾਂ ਵਿਰੁੱਧ ਇਰਾਦਾ ਕਤਲ, ਜਬਰਨ ਵਸੂਲੀ, ਡਕੈਤੀ ਅਤੇ ਅਸਲਾ ਐਕਟ ਤਹਿਤ ਚੰਡੀਗੜ੍ਹ ਅਤੇ ਹਰਿਆਣਾ ਵਿੱਚ ਕਈ ਅਪਰਾਧਿਕ ਮਾਮਲੇ ਦਰਜ ਹਨ।

ਮੁੱਢਲੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਕਾਬੂ ਕੀਤੇ ਗਏ ਮੁਲਜ਼ਮਾਂ ਨੂੰ ਉਨ੍ਹਾਂ ਦੇ ਵਿਦੇਸ਼ੀ ਹੈਂਡਲਰਾਂ ਦੁਆਰਾ ਵਿਰੋਧੀ ਗੈਂਗਸਟਰਾਂ ਦੀ ਮਿਥ ਕੇ ਕਤਲ ਕਰਨ ਸੰਬੰਧੀ ਵਾਰਦਾਤਾਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ।

ਏ ਆਈ ਜੀ ਸੰਦੀਪ ਗੋਇਲ ਨੇ ਦੱਸਿਆ ਕਿ ਸਾਲ 2022 ਵਿੱਚ ਦੋਸ਼ੀ ਛੋਟਾ ਮਨੀ ਨੂੰ ਉਸ ਦੇ ਹੋਰ ਸਾਥੀਆਂ ਸਚਿਨ ਥਾਪਨ, ਦੀਪਕ ਮੁੰਡੀ ਅਤੇ ਜੋਗਿੰਦਰ ਜੋਗਾ (ਸਾਰੇ ਸ਼ੂਟਰ) ਅਤੇ ਸਿੱਧੂ ਮੂਸੇਵਾਲਾ ਕਤਲ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਵਿਦੇਸ਼ੀ ਹੈਂਡਲਰਾਂ ਦੇ ਕਹਿਣ ਮੁਤਾਬਕ ਅਯੁੱਧਿਆ ਅਧਾਰਤ ਰਾਜ ਨੇਤਾ ਵਿਕਾਸ ਸਿੰਘ ਦੇ ਇਸ਼ਾਰੇ 'ਤੇ ਸਨਸਨੀਖੇਜ਼ ਅਪਰਾਧ ਕਰਨ ਲਈ ਕਿਹਾ ਗਿਆ ਸੀ। ਜ਼ਿਕਰਯੋਗ ਹੈ ਕਿ ਬਾਅਦ ਵਿੱਚ ਵਿਕਾਸ ਸਿੰਘ ਨੂੰ ਨਵੰਬਰ 2023 ਵਿੱਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਦੁਆਰਾ ਗ੍ਰਿਫਤਾਰ ਕਰ ਲਿਆ ਗਿਆ ਸੀ।

ਲਾਰੈਂਸ ਬਿਸ਼ਨੋਈ ਛੋਟਾ ਮਨੀ ਨੂੰ ਵਿਦੇਸ਼ ਵਿੱਚ ਵਸਾਉਣਾ ਚਾਹੁੰਦਾ ਸੀ ਅਤੇ ਉਸ ਨੂੰ ਯੂਰਪ ਵਿੱਚ ਸੁਰੱਖਿਅਤ ਪ੍ਰਵੇਸ਼ ਲਈ ਤਿੰਨ ਵਾਰ ਦੁਬਈ ਵੀ ਭੇਜਿਆ ਗਿਆ, ਪਰ ਅਸਫਲ ਰਹਿਣ ਕਾਰਨ ਬਾਅਦ ਵਿੱਚ ਉਸ ਨੂੰ ਵਾਪਸ ਭਾਰਤ ਪਰਤਣਾ ਪਿਆ। ਇਸ ਸੰਬੰਧੀ ਪੁਲਸ ਥਾਣਾ ਸਟੇਟ ਕਰਾਈਮ ਐੱਸ ਏ ਐੱਸ ਨਗਰ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

## ਡਿਪਟੀ ਕਮਿਸ਼ਨਰ ਵੱਲੋਂ ਸਿਵਲ ਹਸਪਤਾਲ ਦਾ ਦੌਰਾ



**ਲੁਧਿਆਣਾ (ਰਾਜ ਸਿੰਗਲਾ)**-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਥਾਨਕ ਸਿਵਲ ਹਸਪਤਾਲ ਵਿਖੇ ਐਮਰਜੈਂਸੀ ਵਾਰਡ, ਮੈਡੀਕਲ ਸਟੋਰ ਦਾ ਦੌਰਾ ਕੀਤਾ ਤੇ ਡਾਕਟਰਾਂ, ਸਟਾਫ, ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ। ਸਿਵਲ ਸਰਜਨ ਡਾ. ਜਸਵੀਰ ਸਿੰਘ ਔਲਖ, ਐੱਸ.ਐੱਮ.ਓਜ਼ ਤੇ ਹੋਰ ਡਾਕਟਰਾਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿਹਤ ਢਾਂਚੇ ਦਾ ਸੁਧਾਰ ਕਰਕੇ ਮਰੀਜ਼ਾਂ ਨੂੰ ਮਿਆਰੀ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਤੇ ਜ਼ਰੂਰੀ, ਗੈਰ-ਜ਼ਰੂਰੀ ਦਵਾਈਆਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਸਿਵਲ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਵੇਂ ਖਰੀਦ ਆਰਡਰ ਦਿੱਤੇ ਗਏ ਹਨ ਤੇ ਕੁਝ ਦਿਨਾਂ ਵਿੱਚ ਸਾਰੀਆਂ ਦਵਾਈਆਂ ਇੱਥੇ ਉਪਲੱਬਧ ਕਰਵਾ ਦਿੱਤੀਆਂ ਜਾਣਗੀਆਂ। ਬਾਅਦ ਵਿੱਚ ਡਿਪਟੀ ਕਮਿਸ਼ਨਰ ਨੇ ਸਿਵਲ ਹਸਪਤਾਲ ਵਿੱਚ ਦਵਾਈਆਂ ਦੇ ਸਟੋਰ ਦਾ ਮੁਆਇਨਾ ਕੀਤਾ ਤੇ ਦਵਾਈਆਂ ਦੀ ਢੁੱਕਵੀਂ ਸਟੋਰੇਜ ਲਈ ਜਗ੍ਹਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ। ਬਾਅਦ ਵਿੱਚ ਡਿਪਟੀ ਕਮਿਸ਼ਨਰ ਸਾਹਨੀ ਨੇ ਹਸਪਤਾਲ ਦੇ ਐਮਰਜੈਂਸੀ ਵਾਰਡ ਦਾ ਵੀ ਦੌਰਾ ਕੀਤਾ ਤੇ ਉੱਥੇ ਦਾਖਲ ਮਰੀਜ਼ਾਂ ਤੋਂ ਫੀਡਬੈਕ ਲਿਆ। ਉਨ੍ਹਾਂ ਉਥੇ ਡਾਕਟਰਾਂ ਨਾਲ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਸਰਕਾਰ ਦੇ ਲਾਰਿਆਂ ਤੋਂ ਅੱਕੇ ਲੋਕਾਂ ਵੱਲੋਂ 20 ਨੂੰ ਲਲਕਾਰ ਰੈਲੀ ਕਰਕੇ ਵੰਗਾਰਿਆ ਜਾਵੇਗਾ : ਚੌਹਾਨ

### ਔਰਤਾਂ ਨੂੰ ਇੱਕ ਹਜ਼ਾਰ ਭੱਤਾ, ਲੋੜਵੰਦਾਂ ਨੂੰ ਪਲਾਟ ਤੇ ਕਰਜ਼ਾ ਮੁਆਫੀ ਮੁਹਿੰਮ ਦਾ ਆਗਾਜ਼



**ਮਾਨਸਾ (ਆਤਮਾ ਸਿੰਘ ਪਮਾਰ)**-ਸੂਬੇ ਦੀ ਭਗਵੰਤ ਮਾਨ ਸਰਕਾਰ ਦੇ ਦੋ ਸਾਲ ਬੀਤਣ ਦੇ ਬਾਵਜੂਦ ਲੋਕ ਲਾਰਿਆਂ ਦੀ ਪੰਡ ਆਮ ਲੋਕਾਂ 'ਤੇ ਬੋਝ ਸਾਬਿਤ ਹੋ ਰਹੀ ਹੈ, ਜਿਸ ਤੋਂ ਲੋਕ ਬੁਰੀ ਤਰ੍ਹਾਂ ਨਿਰਾਸ਼ ਤੇ ਖਫਾ ਵਿਖਾਈ ਦੇ ਰਹੇ ਹਨ। ਔਰਤਾਂ ਨੂੰ ਇੱਕ ਹਜ਼ਾਰ ਭੱਤਾ, ਔਰਤਾਂ ਨਾਲ ਫਰੀ ਬੱਸ ਸਫਰ ਲਈ ਬੱਸਾਂ ਦੇ ਰੂਟ ਵਧਾਉਣ, ਬਿਜਲੀ ਮੁਆਫੀ ਦੇ ਬਾਵਜੂਦ ਬਿੱਲ ਆਉਣਾ, ਸਮੂੰਹੀ ਕਰਜ਼ਾ ਮੁਆਫੀ ਅਤੇ ਹਰ ਲੋੜਵੰਦ ਨੂੰ ਪਲਾਟ ਜਾਰੀ ਕਰਨ 'ਤੇ ਸਰਕਾਰ ਦੀ ਚੁੱਪ ਇਹ ਸਿੱਧ ਕਰਦੀ ਹੈ ਕਿ ਚੋਣਾਂ ਸਮੇਂ ਜੋ ਕਿਹਾ ਗਿਆ, ਉਹ ਮਹਿਜ਼ ਵੋਟਾਂ ਵਟੋਰਨ ਦੀ ਨੀਤੀ ਸੀ। ਇਹੋ ਕੁਝ ਪਿਛਲੀਆਂ ਸਰਕਾਰਾਂ ਵੱਲੋਂ ਕੀਤਾ ਜਾਂਦਾ ਰਿਹਾ ਹੈ। ਉਕਤ ਮੰਗਾਂ ਨੂੰ ਲਾਗੂ ਕਰਵਾਉਣ ਲਈ ਜ਼ਿਲ੍ਹਾ ਮਾਨਸਾ ਵਿੱਚ 20 ਫਰਵਰੀ ਨੂੰ ਲਲਕਾਰ ਰੈਲੀ ਕੀਤੀ ਜਾਵੇਗੀ, ਜੋ ਕਿਰਤੀ ਲੋਕਾਂ ਲਈ ਮੀਲ ਪੱਥਰ ਸਾਬਿਤ ਹੋਵੇਗੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਵੱਖ ਵੱਖ ਪਿੰਡਾਂ ਕੋਟ ਲੱਲੂ, ਬੱਪੀਆਣਾ ਤੇ ਦਲੇਲ ਸਿੰਘ ਵਾਲਾ ਵਿਖੇ ਭਰਵੀਆਂ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਸਾਥੀ ਚੌਹਾਨ ਨੇ ਅਜੋਕੇ ਦੌਰ ਵਿੱਚ ਵਧ ਰਹੀ ਬੇਰੁਜ਼ਗਾਰੀ 'ਤੇ ਚਿੰਤਾ ਜ਼ਾਹਰ ਕੀਤੀ ਤੇ ਸਰਕਾਰ ਤੋਂ ਰੁਜ਼ਗਾਰ ਨੀਤੀ ਬਣਾਉਣ ਤੇ ਕਿਰਤ ਵਿਰੋਧੀ ਫੈਸਲੇ ਤਹਿਤ ਦਿਹਾੜੀ ਸਮਾਂ 8 ਘੰਟੇ ਤੋਂ 12 ਘੰਟੇ ਕਰਨ ਦਾ ਨੋਟੀਫਿਕੇਸ਼ਨ ਨੂੰ ਰੱਦ ਦੀ ਮੰਗ ਕੀਤੀ। ਘੱਟ ਘੱਟ ਉਜਰਤ 26000 ਰੁਪਏ ਜਾਰੀ ਕਰਨ, ਮਨਰੇਗਾ ਕਾਨੂੰਨ ਨੂੰ ਇੰਨ ਬਿੰਨ ਲਾਗੂ ਕਰਨ ਸਮੇਤ ਮਜ਼ਦੂਰ ਮੰਗਾਂ 'ਤੇ ਸੰਘਰਸ਼ ਨੂੰ ਤਿੱਖਾ ਕਰਨ ਦਾ ਅਹਿਦ ਲਿਆ ਗਿਆ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਪੂਰ ਸਿੰਘ ਕੋਟ ਲੱਲੂ, ਸੁਖਵਿੰਦਰ ਸਿੰਘ ਕੋਟ ਲੱਲੂ, ਧੰਨਾ ਸਿੰਘ ਬੱਪੀਆਣਾ, ਸੇਰ ਸਿੰਘ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਆਤਮਾ ਸਿੰਘ ਦਲੇਲ ਸਿੰਘ ਵਾਲਾ ਤੇ ਮੁਲਾਜ਼ਮ ਆਗੂ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਲਲਕਾਰ ਰੈਲੀ ਸਰਕਾਰ ਨੂੰ ਮੰਗ ਮੰਨਣ 'ਤੇ ਮਜਬੂਰ ਕਰੇਗੀ। ਉਨ੍ਹਾਂ ਰੈਲੀ ਦੀ ਸਫਲਤਾ ਲਈ ਪੁੱਜਣ ਦੀ ਅਪੀਲ ਕੀਤੀ। ਅੰਤ 16 ਫਰਵਰੀ ਨੂੰ ਪੰਜਾਬ ਬੰਦ ਨੂੰ ਕਾਮਯਾਬ ਕਰਨ ਲਈ ਸਾਰੇ ਵਰਗਾਂ ਨੂੰ ਪੁੱਜਣ ਦੀ ਵੀ ਅਪੀਲ ਕੀਤੀ।



**ਮੈਡਮ ਅਮਿਤਾ ਵਾਲੀਆ ਵੱਲੋਂ ਨਵੇਂ ਸਕੂਲ ਪੀ ਐੱਮ ਐੱਲ ਵਿਜ਼ਡਮ ਸਕੂਲ ਨਾਗਰੀ ਵਿਖੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਣ ਮੌਕੇ ਸੁਲਤਾਨ ਗਗਨ ਡਾਇਰੈਕਟਰ ਦਾ ਮਾਈਲ ਸਟੋਨ ਅਕੈਡਮੀ ਸਮਾਣਾ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਆਖਿਆ। ਇਸ ਮੌਕੇ ਬੀ ਜੇ ਪੀ ਦੇ ਜ਼ਿਲ੍ਹਾ ਵਿੱਤ ਦਫਤਰ ਇੰਚਾਰਜ ਸ੍ਰੀ ਸੰਜੀਵ ਗਗਨ ਨੇ ਵੀ ਸ਼ੁਭ-ਕਾਮਨਾਵਾਂ ਦਿੱਤੀਆਂ।** (ਫੋਟੋ ਤੇ ਵੇਰਵਾ : ਇਕਬਾਲ ਸਿੰਘ, ਸਮਾਣਾ)

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ।ਇਸ ਵਾਰ ਸੰਸਥਾ ਨੇ ਜੈਸਮੀਨ ਕੌਰ ਪੁੱਤਰੀ ਸਾਰੀ ਮੁਸਤਫਾ ਜ਼ਿਲ੍ਹਾ ਮੋਗਾ ਦਾ 1 ਰਫਿਊਜ਼ਲ ਹੋਣ ਦੇ ਬਾਵਜੂਦ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ। ਡਾਇਰੈਕਟਰ ਹਰਲਾਲ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ।ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਵਿੱਚ ਦੱਸਿਆ ਗਿਆ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ, ਸੰਸਥਾ ਵੱਲੋਂ ਵੀਜ਼ੇ ਸੰਬੰਧੀ ਤਸੱਲੀਬਖਸ਼ ਸਲਾਹ ਦੇ ਕੇ ਹੀ ਵੀਜ਼ਾ ਲਗਾਇਆ ਜਾਂਦਾ ਹੈ।ਜੇਕਰ ਤੁਸੀਂ ਵੀ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨਾ ਚਾਹੁੰਦੇ ਹੋ ਜਾਂ ਫਿਰ ਵਿਦੇਸ਼ਾਂ ਵਿੱਚ ਘੁੰਮਣ ਜਾਣਾ ਚਾਹੁੰਦੇ ਹੋ ਤਾਂ ਤੁਸੀਂ ਇੱਕ ਵਾਰ ਆਪਣੇ ਦਸਤਾਵੇਜ਼ ਲੈ ਕੇ ਸੰਸਥਾ ਵਿਖੇ ਜ਼ਰੂਰ ਪਹੁੰਚੋ।ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ।

# ਕੌਮਾਂਤਰੀ ਪੀ ਡੀ ਐੱਫ ਏ ਡੇਅਰੀ ਐਕਸਪੋ ਦਾ ਕੇਂਦਰੀ ਮੰਤਰੀ ਵੱਲੋਂ ਅਗਾਜ਼



**ਜਗਰਾਉਂ (ਅਮਿਤ ਖੰਨਾ/ਸੰਜੀਵ ਅਰੋੜਾ)**-ਜਗਰਾਉਂ ਦੀ ਪਸ਼ੂ ਮੰਡੀ ਦੇ ਵਿਸ਼ਾਲ ਮੈਦਾਨ ਵਿੱਚ ਤਿੰਨ ਰੋਜ਼ਾ ਕੌਮਾਂਤਰੀ ਪੀ ਡੀ ਐੱਫ ਏ ਵੱਲੋਂ ਤੇ ਡੇਅਰੀ ਐਕਸਪੋ 2024 ਦਾ ਅੱਜ ਕੇਂਦਰੀ ਮੰਤਰੀ ਪ੍ਰਸ਼ੋਤਮ ਰੂਪਾਲਾ ਨੇ ਅਗਾਜ਼ ਕੀਤਾ। ਪੀ ਡੀ ਐੱਫ ਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨਾਲ ਕੇਂਦਰੀ ਮੰਤਰੀ ਪ੍ਰਸ਼ੋਤਮ ਰੁਪਾਲਾ ਤੇ ਪੀ ਡੀ ਐੱਫ ਏ ਦੀ ਸਮੂਹ ਪ੍ਰਬੰਧਕੀ ਟੀਮ ਵੱਲੋਂ ਪੀ ਡੀ ਐੱਫ ਏ ਦਾ ਝੰਡਾ ਲਹਿਰਾ ਕੇ ਉਦਘਾਟਨ ਕੀਤਾ ਗਿਆ। ਇਸ ਉਪਰੰਤ ਕੇਂਦਰੀ ਮੰਤਰੀ ਨੇ ਡੇਅਰੀ ਐਕਸਪੋ 'ਚ ਦੇਸ਼ ਦੁਨੀਆਂ ਤੋਂ ਪੁੱਜੀਆਂ 400 ਕੰਪਨੀਆਂ ਵੱਲੋਂ ਖੇਤੀ ਤੇ ਡੇਅਰੀ ਕਿੱਤੇ 'ਚ ਅਤੀ ਆਧੁਨਿਕ ਤਕਨੀਕ ਨੂੰ ਦਰਸਾਉਂਦੀ ਮਸ਼ੀਨਰੀ, ਪ੍ਰੋਡਕਟ, ਖੁਰਾਕ ਤੇ ਦਵਾਈਆਂ ਦੀ ਨੁਮਾਇਸ਼ ਵੀ ਦੇਖੀ। ਇਸ ਦੌਰਾਨ ਕੇਂਦਰੀ ਮੰਤਰੀ ਨੇ ਪੀ ਡੀ ਐੱਫ ਏ ਵੱਲੋਂ ਵੱਖ-ਵੱਖ ਸ਼੍ਰੇਣੀਆਂ 'ਚ ਗਾਵਾਂ ਦੇ ਨਸਲੀ ਮੁਕਾਬਲਿਆਂ ਨੂੰ ਵੀ ਦਿਲਚਸਪੀ ਨਾਲ ਦੇਖਦਿਆਂ ਉਸ ਦੇ ਜੇਤੂਆਂ ਨੂੰ ਸਨਮਾਨਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਮੱਛੀ ਪਾਲਣ, ਪਸ਼ੂ ਪਾਲਣ ਤੇ ਡੇਅਰੀ ਵਿਭਾਗ ਦੇ ਕੇਂਦਰੀ ਕੈਬਨਟ ਮੰਤਰੀ ਪ੍ਰਸ਼ੋਤਮ ਰੁਪਾਲਾ ਨੇ ਕਿਹਾ ਕਿ ਕਮਾਲ ਦੀ ਗੱਲ ਹੈ ਕਿ ਬਿਨਾ ਸਰਕਾਰੀ ਸਹਾਇਤਾ ਤੋਂ ਪੀ ਡੀ ਐੱਫ ਏ ਨੇ ਡੇਅਰੀ ਕਿੱਤੇ ਵਿੱਚ ਦੇਸ਼ 'ਚ ਹੀ ਨਹੀਂ, ਦੁਨੀਆ ਵਿੱਚ ਵੀ ਨਾਮਣਾ ਖੱਟਿਆ ਹੈ। ਸਰਕਾਰੀ ਥਾਪੜੇ ਤੋਂ ਬਿਨਾਂ ਡੇਅਰੀ ਕਿੱਤੇ 'ਚ ਅਤੀ ਆਧੁਨਿਕ ਤਕਨੀਕ ਨਾਲ ਇੱਕ ਵਿਲੱਖਣ ਕ੍ਰਾਂਤੀ ਲਿਆਉਣਾ ਬਹੁਤ ਵੱਡਾ ਬਹਾਦਰੀ ਦਾ ਕੰਮ ਹੈ, ਜੋ ਪੀ ਡੀ ਐੱਫ ਏ ਨੇ ਬਾਖੂਬੀ ਕੀਤਾ, ਪਰ ਹੁਣ ਪੀ ਡੀ ਐੱਫ ਏ ਦੇ ਨਾਲ ਦੇਸ਼ ਦੀ ਸਰਕਾਰ ਖੜੀ ਹੈ। ਦੇਸ਼ ਦੀ ਸਰਕਾਰ ਪੀ ਡੀ ਐੱਫ ਏ ਦੇ ਨਾਲ ਬੈਠ ਕੇ ਦੇਸ਼ ਦੇ ਡੇਅਰੀ ਕਿੱਤੇ ਨੂੰ ਅਤੀ ਆਧੁਨਿਕ ਤਕਨੀਕ ਨਾਲ ਲਾਹੇਵੰਦ, ਮਜ਼ਬੂਤ ਹੋਰ ਕ੍ਰਾਂਤੀਕਾਰੀ ਬਣਾਉਣ ਲਈ ਕੀ ਕਰਨਾ ਪਵੇਗਾ 'ਤੇ ਚਰਚਾ ਕਰੇਗੀ। ਉਨ੍ਹਾਂ ਪੀ ਡੀ ਐੱਫ ਏ ਨੂੰ ਅਪੀਲ ਕੀਤੀ ਕਿ ਉਹ ਇਸ ਬਾਕਮਾਲ ਪ੍ਰਾਪਤੀ ਦੇ ਨਾਲ ਹੁਣ ਸਭ ਤੋਂ ਵੱਧ ਐੱਫ ਏ ਬਰੀਡਿੰਗ ਫਾਰਮ ਸਥਾਪਤ ਕਰੇ। ਇਸ ਦੇ ਲਈ ਦੇਸ਼ ਦੀ ਸਰਕਾਰ ਉਨ੍ਹਾਂ ਦੀ ਹਰ ਕਦਮ 'ਤੇ ਹਰ ਤਰ੍ਹਾਂ ਦੀ ਮਦਦ ਕਰੇਗੀ। ਇਸ ਮੌਕੇ ਪੀ ਡੀ ਐੱਫ ਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਡੇਅਰੀ ਕਿੱਤੇ ਨੂੰ ਖੁਸ਼ਹਾਲ ਤੇ ਲਾਹੇਵੰਦ ਬਣਾਉਣ ਲਈ ਵਿਦੇਸ਼ਾਂ ਤੋਂ ਡੇਅਰੀ ਮਸ਼ੀਨਰੀ ਤੇ ਹੋਰ ਉਤਪਾਦ ਮੰਗਵਾਉਣ 'ਤੇ ਕਸਟਮ ਤੇ ਜੀ ਐੱਸ ਟੀ ਦੀ ਦਰ ਖੇਤੀ ਸੰਦਾਂ ਦੇ ਬਰਾਬਰ ਰੱਖਣ ਦੀ ਜ਼ੋਰਦਾਰ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਪਾਕਿਸਤਾਨ ਤੋਂ ਨੀਲੀ ਰਾਵੀ ਨਸਲ ਦੇ ਸੀਮਨ ਮੰਗਵਾਉਣ ਦਾ ਰਾਹ ਪੱਧਰਾ ਕਰਨ ਤੋਂ ਇਲਾਵਾ ਨਕਲੀ ਦੁੱਧ ਤੇ ਨਕਲੀ ਦੁੱਧ ਤੋਂ ਬਣਨ ਵਾਲੇ ਵੱਖ ਵੱਖ ਨਕਲੀ ਪ੍ਰੋਡਕਟ 'ਤੇ ਨਕੇਲ ਕੱਸਣ ਲਈ ਸਖਤ ਕਦਮ ਚੁੱਕਣ ਦੀ ਮੰਗ ਕੀਤੀ, ਜਿਸ 'ਤੇ ਕੇਂਦਰੀ ਮੰਤਰੀ ਨੇ ਜੀ ਐੱਸ ਟੀ ਤੇ ਕਸਟਮ ਡਿਊਟੀ ਘਟਾਉਣ ਲਈ ਸਬੰਧਤ ਵਿਭਾਗ ਦੇ ਕੈਬਨਿਟ ਮੰਤਰੀ ਨਾਲ ਗੱਲਬਾਤ ਕਰਨ ਤੇ ਨੀਲੀ ਰਾਵੀ ਨਸਲ ਦੇ ਸੀਮਨ ਹਰ ਹਾਲ ਵਿੱਚ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸੰਸਥਾ ਵੱਲੋਂ ਕੈਬਨਿਟ ਮੰਤਰੀ ਰੁਪਾਲਾ ਸਮੇਤ ਆਏ ਹੋਏ ਮਹਿਮਾਨਾਂ ਤੇ ਜੇਤੂ ਡੇਅਰੀ ਮਾਲਕਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰੈੱਸ ਸਕੱਤਰ ਰੇਸ਼ਮ ਸਿੰਘ ਭੁੱਲਰ ਨੇ ਦੱਸਿਆ ਕਿ ਰੋਪੜ ਜ਼ਿਲ੍ਹੇ ਦੇ ਪਿੰਡ ਖੇੜਾਪੁਰ ਚੰਗਰਾਲੀ ਦੇ ਪਰਮਿੰਦਰ ਸਿੰਘ ਨੂੰ ਬੈਸਟ ਡੇਅਰੀ ਫਾਰਮਰ ਐਵਾਰਡ ਲਈ ਚੁਣਿਆ ਗਿਆ, ਜਿਸ ਨੂੰ ਪੀ ਡੀ ਐੱਫ ਐਕਸਪੋ ਦੌਰਾਨ ਇਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਬਕਾ ਐੱਮ ਪੀ ਅਮਰੀਕ ਸਿੰਘ ਆਲੀਵਾਲ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਗੜਵਾਸੂ ਦੇ ਵਾਇਸ ਚਾਂਸਲਰ ਇੰਦਰਜੀਤ ਸਿੰਘ, ਸਾਬਕਾ ਆਈਏਐੱਸ ਅਧਿਕਾਰੀ ਕਮਲਜੀਤ ਸਿੰਘ ਸੰਘਾ ਤੋਂ ਇਲਾਵਾ ਪੀ ਡੀ ਐੱਫ ਏ ਦੇ ਹਰ ਮੈਂਬਰ ਹਾਜ਼ਰ ਸਨ।

## ਵਿਧਾਇਕਾ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਦਫ਼ਤਰ ਦੀ ਇਮਾਰਤ ਦਾ ਕੀਤਾ ਉਦਘਾਟਨ



**ਸੰਗਰੂਰ (ਪ੍ਰਵੀਨ ਸਿੰਘ)**-ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਇੱਥੇ ਸਥਾਨਕ ਮੈਗਜ਼ੀਨ ਮੁਹੱਲੇ 'ਚ ਲਗਭਗ 1.17 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਦੇ ਨਵੇਂ ਦਫ਼ਤਰ ਦੀ ਇਮਾਰਤ ਦਾ ਉਦਘਾਟਨ ਕੀਤਾ।ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿੱਖਿਆ ਦੇ ਖੇਤਰ 'ਚ ਸੁਧਾਰ ਲਿਆਉਣ ਲਈ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਗਏ ਹਨ ਤੇ ਇਨ੍ਹਾਂ ਨੀਤੀਆਂ ਸਦਕਾ ਸੰਗਰੂਰ ਅੱਜ ਸਕੂਲ ਸਿੱਖਿਆ ਦੇ ਖੇਤਰ 'ਚ ਪੂਰੇ ਦੇਸ਼ 'ਚੋਂ ਅੱਵਲ ਆਇਆ ਹੈ।ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਸਾਡੀ ਸਰਕਾਰ ਵੱਲੋਂ ਸਕੂਲਾਂ ਵਿੱਚ ਅਧਿਆਪਕਾਂ ਨੂੰ ਸਹੀ ਢੰਗ ਨਾਲ ਪੜ੍ਹਾਉਣ ਦੇ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਤਾਂ ਜੋ ਵਿਦਿਆਰਥੀਆਂ ਦਾ ਸੁਨਹਿਰੀ ਭਵਿੱਖ ਯਕੀਨੀ ਬਣਾਇਆ ਜਾ ਸਕੇ।ਵਿਧਾਇਕਾ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ 471 ਐਲੀਮੈਂਟਰੀ ਸਕੂਲਾਂ ਦੇ 50 ਹਜ਼ਾਰ ਤੋਂ ਵਧੇਰੇ ਵਿਦਿਆਰਥੀਆਂ ਤੇ ਕਰੀਬ 12 ਹਜ਼ਾਰ ਸਟਾਫ ਮੈਂਬਰਾਂ ਨਾਲ ਸਿੱਧੇ ਤੇ ਅਸਿੱਧੇ ਤੌਰ 'ਤੇ ਸਬੰਧਤ ਇਸ ਦਫ਼ਤਰ ਦੀ ਇਮਾਰਤ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਜਲਦ ਹੀ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸੰਗਰੂਰ ਲਈ ਵੀ ਨਵੀਂ ਇਮਾਰਤ ਦੀ ਉਸਾਰੀ ਲਈ ਉਪਰਾਲੇ ਕੀਤੇ ਜਾਣਗੇ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੇਵਾ ਸਿੰਘ ਸਿੱਧੂ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸਾਂਝੇ ਫਰੰਟ ਨੇ 16 ਦੀ ਹੜਤਾਲ ਸੰਬੰਧੀ ਡੀ ਸੀ ਰਾਹੀਂ ਮੁੱਖ ਸਕੱਤਰ ਨੂੰ ਭੇਜਿਆ ਨੋਟਿਸ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਮੁਲਾਜ਼ਮ ਸਾਂਝਾਂ ਫਰੰਟ ਦੇ ਸੱਦੇ 'ਤੇ 16 ਫਰਵਰੀ ਦੇਸ਼ ਵਿਆਪੀ ਹੜਤਾਲ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਵਲ ਸਕੱਤਰ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਸਬੰਧੀ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾਂ ਫਰੰਟ ਮਾਨਸਾ ਵੱਲੋਂ ਨੋਟਿਸ ਭੇਜਿਆ ਗਿਆ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਬਾਬੂ ਸਿੰਘ ਫਤਿਹਪੁਰ ਪ੍ਰੈੱਸ ਸਕੱਤਰ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਤੇ ਐਸੋਸੀਏਸ਼ਨਾਂ ਵੱਲੋਂ 16 ਫਰਵਰੀ ਨੂੰ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਤੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਪੈਨਸ਼ਨਰਜ਼ ਦੀ ਪ੍ਰਤੀਨਿਧਤਾ ਕਰਦੇ ਹੋਏ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾਂ ਫਰੰਟ ਵੱਲੋਂ ਇਸ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ ਹੈ। ਨੋਟਿਸ ਦੇਣ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਸਤਪਾਲ ਭੈਣੀਬਾਘਾ, ਰਾਜ ਕੁਮਾਰ ਰੰਗਾ, ਬਿੱਕਰ ਸਿੰਘ ਮਾਖਾ, ਅਮਰ ਸਿੰਘ, ਅਜੈਬ ਸਿੰਘ ਅਲਸ਼ਸੇਰ, ਰਾਮ ਸਿੰਘ ਅੱਕਾਂਵਾਲੀ, ਹਰੀ ਸਿੰਘ ਸਹਾਰਨਾ, ਗੁਰਜੰਟ ਸਿੰਘ ਖਾਲਸਾ ਤੋਂ ਇਲਾਵਾ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

## ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਦੰਦਾਂ ਦਾ ਚੈੱਕਅੱਪ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ-ਮੋਗਾ ਰੋਡ 'ਤੇ ਸਥਿਤ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਪਿੰਡ ਬੱਗੇਕੇ ਪਿੱਪਲ ਦੇ ਸਰਕਾਰੀ ਸੈਕੰਡਰੀ ਸਕੂਲ ਦੇ ਬੱਚਿਆਂ ਦੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਸੁਕੀਰਤ ਕੌਰ, ਡਾ. ਸਾਧਿਕਾ, ਡਾ. ਪੱਲਵੀ, ਡਾ. ਪ੍ਰਭਮ ਨੇ ਸਾਰੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਦੰਦਾਂ ਦੀ ਸਹੀ ਦੇਖਭਾਲ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।ਡਾਕਟਰਾਂ ਨੇ ਬੱਚਿਆਂ ਨੂੰ ਦੰਦਾਂ ਦੀ ਸਫਾਈ, ਬੁਰਸ਼ ਕਰਨ ਦੀਆਂ ਸਹੀ ਤਕਨੀਕਾਂ ਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਬਾਰੇ ਜਾਗਰੂਕ ਕੀਤਾ। ਸਕੂਲ ਦੀ ਪ੍ਰਿੰਸੀਪਲ ਸੁਨੀਤਾ ਨੇ ਇਸ ਕੈਂਪ ਦੇ ਆਯੋਜਨ ਲਈ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਇੱਕ ਮਹੱਤਵਪੂਰਨ ਸੇਵਾ ਦੱਸਿਆ।ਇਸ ਮੌਕੇ ਵਾਈਸ ਪ੍ਰਿੰਸੀਪਲ ਪੂਨਮ ਅਰੋੜਾ, ਪੀਆਰਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਸਕੂਲ ਸਟਾਫ਼ ਹਾਜ਼ਰ ਸੀ।

## ਜ਼ਿਲ੍ਹਾ ਪਰਵਾਰ ਭਲਾਈ ਅਫਸਰ ਵੱਲੋਂ ਸੀ ਐੱਚ ਸੀ ਦੀ ਚੈਕਿੰਗ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅਧੀਨ ਸਿਹਤ ਸਹੂਲਤਾਂ ਆਮ ਲੋਕਾਂ ਤੱਕ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੁਹੰਚਾਉਣ ਤੇ 26 ਜਨਵਰੀ ਤੋਂ ਸ਼ੁਰੂ ਕੀਤੀਆਂ ਨਵੀਆਂ ਸਿਹਤ ਸਕੀਮਾਂ ਦਾ ਲਾਭ ਆਮ ਲੋਕਾਂ ਨੂੰ ਸੌ ਫੀਸਦੀ ਮਿਲਣਾ ਯਕੀਨੀ ਬਣਾਉਣ ਦੇ ਮੰਤਵ ਨਾਲ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਦਲਜੀਤ ਕੌਰ ਵੱਲੋਂ ਸੀ.ਐੱਚ.ਸੀ. ਚਨਾਰਥਲ ਕਲਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰ ਸਿੰਘ, ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਗੁਰਪ੍ਰੀਤ ਕੌਰ, ਏ.ਐੱਮ.ਓ. ਨਰਿੰਦਰ ਸਿੰਘ, ਮੈਡੀਕਲ ਅਫਸਰ ਡਾ. ਪੁਨੀਤ ਕੌਰ, ਫਾਰਮੇਸੀ ਅਫਸਰ ਨਿਰਪਾਲ ਸਿੰਘ, ਬਲਾਕ ਐਜੂਕੇਟਰ ਮਹਾਵੀਰ ਸਿੰਘ, ਰੇਡੀਓਗ੍ਰਾਫਰ ਮੰਗਤ ਰਾਮ ਮੌਜੂਦ ਸਨ। ਇਸ ਮੌਕੇ ਉਨ੍ਹਾਂ ਡਰੱਗ ਸਟੋਰ, ਐਕਸਰੇ ਡਾਈਗਨੋਸਟਿਕ, ਓ.ਪੀ.ਡੀ., ਓਟ ਸੈਂਟਰ, ਪਰਿਵਾਰ ਭਲਾਈ ਸਕੀਮਾਂ ਆਦਿ ਦੀ ਚੈਕਿੰਗ ਕੀਤੀ ਤੇ ਕਿਹਾ ਕਿ ਹਰੇਕ ਮਰੀਜ਼ ਨੂੰ ਹਸਪਤਾਲ ਦੇ ਅੰਦਰੋਂ ਹੀ ਦਵਾਈ ਦੇਣੀ ਯਕੀਨੀ ਬਣਾਈ ਜਾਵੇ ਤੇ ਇਸ ਮੌਕੇ ਉਨ੍ਹਾਂ ਨੇ ਹਸਪਤਾਲ ਵਿੱਚ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਸਿਹਤ ਵਿਭਾਗ ਦੀਆਂ ਸਕੀਮਾਂ ਸਹੂਲਤਾਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ ਅਤੇ ਸਹੂਲਤਾਂ ਦਾ ਲਾਭ ਲੈਣ ਉਤਸ਼ਾਹਤ ਕੀਤਾ। ਇਸ ਮੌਕੇ ਉਨ੍ਹਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਰਕਾਰੀ ਸਿਹਤ ਸਹੂਲਤਾਂ ਦਾ ਲਾਭ ਲਿਆ ਜਾਵੇ। ਉਨ੍ਹਾਂ ਸੀ.ਐੱਚ.ਸੀ. ਚਨਾਰਥਲ ਦੇ ਕੰਮ ਪ੍ਰਤੀ ਤਸੱਲੀਪ੍ਰਗਟ ਕੀਤੀ।

# ਲੋਕ ਸਭਾ ਚੋਣਾਂ 'ਚ ਯੂਥ ਕਾਂਗਰਸ ਦਾ ਰਹੇਗਾ ਅਹਿਮ ਯੋਗਦਾਨ : ਰਾਜਾ ਗਿੱਲ

### 21 ਮੈਂਬਰੀ ਯੂਥ ਕਾਂਗਰਸ ਕਮੇਟੀ ਦਾ ਗਠਨ



ਮੀਟਿੰਗ ਦੌਰਾਨ ਯੂਥ ਕਾਂਗਰਸ ਦੀ ਨਵ ਗਠਿਤ 21 ਮੈਂਬਰੀ ਕਮੇਟੀ।

**ਸਮਰਾਲਾ (ਸੁਰਜੀਤ ਸਿੰਘ)**-ਲੋਕ ਸਭਾ ਚੋਣਾਂ ਦੇਸ਼ ਦੀਆਂ ਬਰੂਹਾਂ 'ਤੇ ਦਸਤਕ ਦੇ ਰਹੀਆਂ ਹਨ ਤੇ ਸਿਆਸੀ ਪਾਰਟੀਆਂ ਨੇ ਆਪਣੇ ਕਮਰ-ਕੱਸੇ ਪੂਰੀ ਤਰ੍ਹਾਂ ਕਸ ਲਏ ਹਨ।ਇਸ ਸਿਲਸਿਲੇ ਤਹਿਤ ਵਿਧਾਨ ਸਭਾ ਹਲਕਾ ਸਮਰਾਲਾ ਵਿੱਚ ਕਾਂਗਰਸ ਨੇ ਚੋਣਾਂ ਲਈ ਜਿੱਥੇ ਪ੍ਰਚਾਰ ਕਰਨ ਵਿੱਚ ਪਹਿਲ ਕਰ ਦਿੱਤੀ ਹੈ, ਉੱਥੇ ਯੂਥ ਕਾਂਗਰਸ ਤੇ ਰਵਾਇਤੀ ਸੰਗਠਨਾਤਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ।ਪਾਰਟੀ ਵੱਲੋਂ ਅੱਜ ਸ਼ਹਿਰੀ ਯੂਥ ਕਾਂਗਰਸ ਦੇ ਪ੍ਰਧਾਨ ਵਿਸ਼ਾਲ ਭਾਰਤੀ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਕੀਤੀ, ਜਿਸ ਵਿੱਚ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਕੋ-ਆਰਡੀਨੇਟਰ ਨਮਿਤ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਬਿੰਦੂ, ਜ਼ਿਲ੍ਹਾ ਉੱਪ ਪ੍ਰਧਾਨ ਮਨਦੀਪ ਮਿੱਠੂ, ਹਲਕਾ ਪ੍ਰਧਾਨ ਪਰਮਿੰਦਰ ਗੋਲਡੀ ਤੇ ਬਲਾਕ ਪ੍ਰਧਾਨ ਕੌਂਸਲਰ ਸੰਨੀ ਦੂਆ ਨੇ ਉਚੇਚੇ ਤੌਰ 'ਤੇ ਹਿੱਸਾ ਲਿਆ।ਮੀਟਿੰਗ ਵਿੱਚ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਨਿਰਦੇਸ਼ਨਾਂ ਹੇਠ 21 ਮੈਂਬਰੀ ਯੂਥ ਕਾਂਗਰਸ ਕਮੇਟੀ ਦਾ ਗਠਨ ਕੀਤਾ ਗਿਆ।ਇਸ ਮੌਕੇ ਨਵ-ਗਠਿਤ ਯੂਥ ਕਾਂਗਰਸ ਕਮੇਟੀ ਨੇ ਸਾਂਝੇ ਤੌਰ 'ਤੇ ਅਹਿਦ ਲਿਆ ਕਿ ਉਹ ਲੋਕ ਸਭਾ ਚੋਣਾਂ ਵਿੱਚ ਵਿਧਾਨ ਸਭਾ ਹਲਕਾ ਸਮਰਾਲਾ 'ਚ ਕਾਂਗਰਸ ਦੇ ਉਮੀਦਵਾਰ ਨੂੰ ਜਿਤਾਉਣ ਲਈ ਆਪਣਾ ਪੂਰਾ ਤਾਣ ਲਗਾ ਦੇਣਗੇ।ਇਸ ਕੰਮ ਲਈ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਨੌਜਵਾਨ ਆਗੂਆਂ ਦੀ ਜਿੱਥੇ ਪਾਰਟੀ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ, ਉੱਥੇ ਦੇਸ਼ ਤੇ ਸਮਾਜ ਵਿੱਚ ਉਨ੍ਹਾਂ ਵੱਲੋਂ ਅਹਿਮ ਯੋਗਦਾਨ ਦੀ ਤਵੱਕੋ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕ ਨਿਰਾਸ਼ ਹਨ।ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ।ਸਿਹਤ, ਸਿੱਖਿਆ ਤੇ ਰੋਜ਼ਗਾਰ ਸੰਬੰਧੀ ਸਰਕਾਰ ਦੇ ਦਾਅਵੇ ਮਹਿਜ਼ ਕਾਗਜ਼ੀ ਹੀ ਹਨ, ਜਦਕਿ ਅਮਲੀ ਰੂਪ ਵਿੱਚ ਕੁੱਝ ਵੀ ਨਹੀਂ ਹੈ।ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ ਤੇ ਰੋਜ਼ਗਾਰ ਦੀ ਝੂਠੀ ਲਿਫਾਫੇਬਾਜ਼ੀ ਰਾਹੀਂ ਪੰਜਾਬ ਦੀ ਜਨਤਾ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਯੂਥ ਆਗੂਆਂ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰ ਦੀ ਸਹੀ ਪਿਕਚਰ ਬਾਰੇ ਲੋਕਾਂ ਨੂੰ ਆਗਾਹ ਕਰਾਉਣ।ਅੱਜ ਦੀ ਇਹ ਮੀਟਿੰਗ ਇਸ ਕਰਕੇ ਵੀ ਅਹਿਮੀਅਤ ਰੱਖਦੀ ਹੈ ਕਿ 11 ਤਰੀਕ ਨੂੰ ਸਮਰਾਲਾ ਵਿਖੇ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਖੜਗੇ ਇੱਕ ਵੱਡੀ ਰੈਲੀ ਵਿੱਚ ਸ਼ਾਮਲ ਹੋਣ ਲਈ ਆ ਰਹੇ ਹਨ, ਜਿਸ ਦੀ ਤਿਆਰੀ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਕਲਿਆਣ ਜਨਰਲ ਸਕੱਤਰ, ਬਲਜਿੰਦਰ ਸਿੰਘ, ਜਗਦੀਪ ਸਿੰਘ, ਕਸ਼ਿਸ਼ ਖੁੱਲਰ, ਕਰਨਵੀਰ ਸਿੰਘ, ਮੋਨੂੰ ਸਮਰਾਲਾ, ਸੁਖਰਾਜ ਸਿੰਘ, ਤੇਜਿੰਦਰ ਸਿੰਘ, ਜੱਸ ਸਮਰਾਲਾ, ਮੰਥਨ ਸ਼ਰਮਾ, ਪੱਲਵ ਸ਼ਰਮਾ, ਸੋਨੂੰ ਸਮਰਾਲਾ, ਕੁਲਦੀਪ ਸਿੰਘ, ਨਰਿੰਦਰ ਨਿੰਦੀ, ਚਰਨਜੀਤ ਸਿੰਘ ਚੰਨੀ ਸੱਲਣ, ਹਰਪ੍ਰੀਤ ਸਿੰਘ, ਹੈਪੀ, ਮਨਜੋਤ ਮੱਟੂ, ਅਮਨ ਕਲਿਆਣ, ਕਾਸ਼ੀ ਕਲਿਆਣ, ਗਗਨਦੀਪ, ਪ੍ਰਦੀਪ ਸਿੰਘ, ਪਰਮਿੰਦਰ, ਹਰਮਨ, ਲਵਪ੍ਰੀਤ ਸਿੰਘ, ਅੰਮ੍ਰਿਤ ਪੰਨੂੰ, ਗਗਨ ਤੇ ਦਿਲਪ੍ਰੀਤ ਕੰਗ ਆਦਿ ਹਾਜ਼ਰ ਸਨ।

## ਦਿਆਲਪੁਰਾ ਪੁਲਸ ਵੱਲੋਂ ਨਾਕਾਬੰਦੀ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਬੀਤੇ ਦਿਨੀ ਪੰਜਾਬ ਪੁਲਸ ਵੱਲੋਂ ਕਾਬੂ ਕੀਤੇ ਯੂ-ਟਿਊਬਰ ਭਾਨਾ ਸਿੱਧੂ ਦੇ ਹੱਕ 'ਚ ਸੰਗਰੂਰ ਵਿਖੇ ਹੋਣ ਵਾਲੇ ਇਕੱਠ ਨੂੰ ਰੋਕਣ ਲਈ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਥਾਣਾ ਮੁਖੀ ਜਗਦੀਪ ਸਿੰਘ ਦੀ ਅਗਵਾਈ ਹੇਠ ਸਲਾਬਤਪੁਰਾ ਟੀ-ਪੁਆਇੰਟ 'ਤੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਉਧਰ ਦੂਜੇ ਪਾਸੇ ਥਾਣਾ ਮੁਖੀ ਵੱਲੋਂ ਭਾਵੇਂ ਹੀ ਇਸ ਨਾਕਾਬੰਦੀ ਨੂੰ ਭਾਨਾ ਸਿੱਧੂ ਨਾਲ ਨਾ ਜੋੜਦੇ ਹੋਏ ਆਮ ਚੈਕਿੰਗ ਕੀਤੇ ਜਾਣ ਬਾਰੇ ਕਿਹਾ ਗਿਆ। ਉਨ੍ਹਾਂ ਕਿਹਾ ਕਿ ਰੂਟੀਨ ਚੈਕਿੰਗ ਕੀਤੀ ਗਈ ਹੈ, ਜਿਸ ਦਾ ਭਾਨੇ ਸਿੱਧੂ ਨਾਲ ਕੋਈ ਸੰਬੰਧ ਨਹੀਂ ਹੈ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ ਅਚੱਲ ਜਾਇਦਾਦ ਲਈ**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਸ੍ਰੀ ਰਜੇਸ਼ ਕੁਮਾਰ ਪੁੱਤਰ ਸ੍ਰੀ ਹੰਸ ਰਾਜ, ਵਾਸੀ ਵਾਰਡ ਨੰਬਰ 10, ਦਿੜ੍ਹਬਾ, ਸੰਗਰੂਰ, ਪੰਜਾਬ-148035, 2. ਸ੍ਰੀ ਰਕੇਸ਼ ਕੁਮਾਰ ਪੁੱਤਰ ਸ੍ਰੀ ਹੰਸ ਰਾਜ, ਵਾਸੀ ਮਕਾਨ ਨੰਬਰ 87, ਵਾਰਡ ਨੰਬਰ 10, ਦਿੜ੍ਹਬਾ, ਸੰਗਰੂਰ, ਪੰਜਾਬ, 148035, 3. ਸ੍ਰੀ ਹੰਸ ਰਾਜ ਪੁੱਤਰ ਰੋਸ਼ਨ ਲਾਲ, ਵਾਸੀ ਵਾਰਡ ਨੰਬਰ 10, ਦਿੜ੍ਹਬਾ, ਸੰਗਰੂਰ, ਪੰਜਾਬ 148035।(ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ, 4. ਸ੍ਰੀ ਦਿਲਪ੍ਰੀਤ ਕੁਮਾਰ ਪੁੱਤਰ ਸ੍ਰੀ ਬਲਦੇਵ ਕ੍ਰਿਸ਼ਨ, ਵਾਸੀ ਕਮਾਲਪੁਰ, ਸੰਗਰੂਰ-148035 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਜਾਇਦਾਦ/113602000011 ਵਿਰੁੱਧ ਡਿਮਾਂਡ ਨੋਟਿਸ ਦੀ ਮਿਤੀ ਤੇ ਬਕਾਇਆ ਕਰਜ਼ਾ ਰਕਮ ਰੁਪਏ 20,44,669.32 ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੱਦਾ ਦਿੰਦਾ 18-05-2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਜਾਇਦਾਦ/113602000011 ਵਿਰੁੱਧ ਕਰਜ਼ਾ ਬਕਾਇਆ ਰਕਮ ਰੁਪਏ 20,44,669.32 ਸਮੇਤ 01.05.2023 ਤੋਂ ਭਵਿੱਖੀ ਵਿਆਜ ਵਸੂਲ ਕੀਤਾ ਜਾਵੇਗਾ।

**ਅਚੱਲ ਜਾਇਦਾਦ ਦਾ ਵੇਰਵਾ**

ਤਬਾਦਲਾ ਬੈਨਾਮਾ ਦਸਤਾਵੇਜ਼ ਨੰਬਰ 2018-19/127/1/550 ਮਿਤੀ 29-11-2018 ਅਨੁਸਾਰ ਰਜੇਸ਼ ਕੁਮਾਰ ਪੁੱਤਰ ਹੰਸ ਰਾਜ ਦੀ ਮਲਕੀਅਤ। ਅਚੱਲ ਜਾਇਦਾਦ ਰਕਬਾ 455 ਵਰਗ ਗਜ਼, ਵਾਕਿਆ ਰਕਬਾ ਦਿੜ੍ਹਬਾ-ਬੀ, ਜ਼ਿਲ੍ਹਾ ਸੰਗਰੂਰ, ਹਦਬਸਤ ਨੰਬਰ 120 ਨਾਲ ਸੰਬੰਧਤ ਸਭ ਕੁਝ।

ਤਬਾਦਲਾ ਬੈਨਾਮਾ ਦਸਤਾਵੇਜ਼ ਨੰਬਰ 2018-19/127/1/551 ਮਿਤੀ 29-11-2018 ਅਨੁਸਾਰ ਰਕੇਸ਼ ਕੁਮਾਰ ਪੁੱਤਰ ਹੰਸ ਰਾਜ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 378 ਵਰਗ ਗਜ਼, ਵਾਕਿਆ ਰਕਬਾ ਦਿੜ੍ਹਬਾ-ਬੀ, ਜ਼ਿਲ੍ਹਾ ਸੰਗਰੂਰ, ਹਦਬਸਤ ਨੰਬਰ 120 ਨਾਲ ਸੰਬੰਧਤ ਸਭ ਕੁੱਝ।

ਮਿਤੀ : 03.02.2024, ਸਥਾਨ : ਜਲੰਧਰ — ਅਧਿਕਾਰਤ ਅਫਸਰ

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ ਅਚੱਲ ਜਾਇਦਾਦ ਲਈ**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਕੁਲਵਿੰਦਰ ਸਿੰਘ ਸਰਾਓ ਪੁੱਤਰ ਜਸਪਾਲ ਸਿੰਘ, ਵਾਸੀ ਰੋੜਗੜ੍ਹ ਪਟਿਆਲਾ, ਪੰਜਾਬ-147001, (2) ਸ੍ਰੀ ਜਸਪਾਲ ਸਿੰਘ ਸਰਾਓ ਪੁੱਤਰ ਹਰਦੇਵ ਸਿੰਘ ਸਰਾਓ, ਵਾਸੀ ਰੋੜਗੜ੍ਹ, ਪਟਿਆਲਾ, ਪੰਜਾਬ-147001 (3) ਸ੍ਰੀਮਤੀ ਜਸਮੇਲ ਕੌਰ ਸਰਾਓ ਪਤਨੀ ਜਸਪਾਲ ਸਿੰਘ ਸਰਾਓ, ਵਾਸੀ ਰੋੜਗੜ੍ਹ, ਪਟਿਆਲਾ, ਪੰਜਾਬ-147001।(ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (4) ਹਰਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ, ਵਾਸੀ ਰੋੜਗੜ੍ਹ, ਲੰਗ ਪਟਿਆਲਾ, ਪੰਜਾਬ-147001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਜਾਇਦਾਦ/013602002694 ਵਿਰੁੱਧ ਡਿਮਾਂਡ ਨੋਟਿਸ ਦੀ ਮਿਤੀ 'ਤੇ ਕਰਜ਼ਾ ਬਕਾਇਆ ਰਕਮ ਰੁਪਏ 4,84,213.20 ਉਕਤ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਮਿਤੀ 04-05-2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਜਾਇਦਾਦ/13602002694 ਵਿਰੁੱਧ ਕਰਜ਼ਾ ਬਕਾਇਆ ਰਕਮ ਰੁਪਏ 4,84,213.20 ਸਮੇਤ 01.05.2023 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਦਸਤਾਵੇਜ਼ ਨੰਬਰ 2021-22/80/1/34 ਮਿਤੀ 20-04-2021 ਅਨੁਸਾਰ ਸਬ-ਰਜਿਸਟਰਾਰ/ਜਾਇੰਟ ਸਬ-ਰਜਿਸਟਰਾਰ ਭਾਦਸੋਂ ਦੇ ਦਫਤਰ ਵਿਖੇ ਰਜਿਸਟਰਡ ਜਸਮੇਲ ਕੌਰ ਸਰਾਓ ਪਤਨੀ ਜਸਪਾਲ ਸਿੰਘ ਸਰਾਓ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ 3 ਸਰਸਾਹੀ, ਵਾਕਿਆ ਰਕਬਾ ਬਹੀਬਲਪੁਰ, ਸਬ-ਤਹਿਸੀਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ।

ਮਿਤੀ : 03.02.2024, ਸਥਾਨ : ਜਲੰਧਰ — ਅਧਿਕਾਰਤ ਅਫਸਰ


## 16 ਫਰਵਰੀ ਦੀ ਹੜਤਾਲ ਨੂੰ ਕਾਮਯਾਬ ਕਰੋ : ਚੰਦਰ ਸ਼ੇਖਰ

### ਬਜਟ 'ਚ ਮਨਰੇਗਾ ਮਜ਼ਦੂਰਾਂ ਨਾਲ ਧੱਕੇਸ਼ਾਹੀ : ਸੀਟੂ



**ਲੁਧਿਆਣਾ (ਐੱਮ ਐੱਸ ਭਾਟੀਆ)**-ਕੇਂਦਰ ਸਰਕਾਰ ਨੇ ਇੱਕ ਫਰਵਰੀ ਨੂੰ ਸੰਸਦ ਵਿੱਚ 2024-25 ਲਈ ਅੰਤ੍ਰਿਮ ਬਜਟ ਪੇਸ਼ ਕੀਤਾ।ਇਸ ਬਜਟ ਵਿੱਚ ਇੱਕ ਜਨਵਰੀ 2024 ਤੋਂ ਬਾਅਦ ਅਧਾਰ ਅਧਾਰਤ ਬੈਂਕ ਪੇਮੈਂਟ ਸਿਸਟਮ ਨੂੰ ਪੂਰੇ ਤੌਰ 'ਤੇ ਲਾਗੂ ਕਰਨ ਤੋਂ ਇਲਾਵਾ ਸਾਲ 2024-25 ਲਈ ਮਨਰੇਗਾ ਮਜ਼ਦੂਰਾਂ ਲਈ 86000 ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ, ਜਦਕਿ 2023-24 ਲਈ ਰਿਵਾਇਡ ਧੰਨਰਾਸ਼ੀ 88309.72 ਕਰੋੜ ਰੁਪਏ ਸੀ।ਬੇਸ਼ੱਕ ਪਿਛਲੇ ਸਾਲ ਦੇ ਬਜਟ ਵਿੱਚ ਇਹ ਤਜਵੀਜ਼ੀ ਰਾਸ਼ੀ 60000 ਕਰੋੜ ਰੱਖੀ ਗਈ ਸੀ।ਸੀਟੂ ਆਗੂ ਸਾਥੀ ਚੰਦਰ ਸ਼ੇਖਰ ਜਨਰਲ ਸਕੱਤਰ ਪੰਜਾਬ ਸੀਟੂ, ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਸਾਥੀ ਸ਼ੇਰ ਸਿੰਘ ਫਰਵਾਹੀ, ਜਨਰਲ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ ਨੇ ਇੱਥੇ ਜਾਰੀ ਕੀਤੇ ਪ੍ਰੈੱਸ ਬਿਆਨ ਵਿੱਚ ਮੋਦੀ ਵੱਲੋਂ ਪਿਛਲੇ ਸਾਲ ਦੇ ਅਮਲ ਖਰਚੇ ਤੋਂ ਵੀ 3307.72 ਕਰੋੜ ਦੀ ਰਾਸ਼ੀ ਅਲਾਟ ਕਰਨ ਨੂੰ ਮਨਰੇਗਾ ਮਜ਼ਦੂਰਾਂ ਨਾਲ ਇੱਕ ਕੋਝਾ ਮਜ਼ਾਕ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਇਹ ਰਾਸ਼ੀ ਢੁਕਵੇਂ ਢੰਗ ਨਾਲ ਵਧਾਈ ਜਾਵੇ।

## ਕੈਂਬਰਿਜ ਕਾਨਵੈਂਟ ਸਕੂਲ 'ਚ ਸਪੋਰਟਸ ਮੀਟ ਧੂਮਧਾਮ ਨਾਲ ਸੰਪੰਨ




**ਕੋਟ ਇਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਵਿਖੇ ਹਰ ਸਾਲ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਐਨੂਅਲ ਸਪੋਰਟਸ ਮੀਟ ਬੜੀ ਧੂਮਧਾਮ ਨਾਨ ਕਰਵਾਈ ਗਈ। ਇਹ ਖੇਡਾਂ ਲਗਾਤਾਰ ਤਿੰਨ ਦਿਨ ਚੱਲੀਆਂ, ਜਿਸ ਦੇ ਅਖੀਰਲੇ ਦਿਨ ਚੌਥੀ ਕਲਾਸ ਤੋਂ ਲੈ ਕੇ ਬਾਰਵੀਂ ਤੱਕ ਦੇ ਬੱਚਿਆਂ ਦੇ ਵਿੱਚ ਖੇਡ ਮੁਕਾਬਲੇ ਕਰਵਾਏ ਗਏ।ਇਨ੍ਹਾਂ ਖੇਡਾਂ ਵਿੱਚ ਬੱਚਿਆ ਨੇ ਹਾਊਸ ਵਾਈਜ਼ ਭਾਗ ਲਿਆ, ਜਿਸ ਵਿੱਚ ਈਸਟ ਹਾਊਸ, ਵੈਸਟ ਹਾਊਸ, ਨੌਰਥ ਹਾਊਸ, ਸਾਊਥ ਹਾਊਸ ਦੇ ਬੱਚਿਆਂ ਨੇ ਭਾਗ ਲਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸੀ ਟੀ ਯੂਨੀਵਰਸਿਟੀ ਦੇ ਡਾਇਰੈਕਟਰ ਸ਼੍ਰੀ ਅਮਨਦੀਪ ਤਾਗੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸਕੂਲ ਦੇ ਔਫੀਸੀਏਟਿੰਗ ਪ੍ਰਿੰਸੀਪਲ ਗੁਰਵਿੰਦਰ ਸਿੰਘ, ਚੇਅਰਮੈਨ ਮਨਦੀਪ ਮਾਲੜਾ, ਸੰਦੀਪ ਮਾਲੜਾ, ਮੈਡਮ ਮਹਿਕ ਮਾਲੜਾ ਤੇ ਕਾਜਲ ਮਾਲੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।ਇਸ ਮੌਕੇ ਸਾਊਥ ਹਾਊਸ ਪਹਿਲੇ, ਵੈਸਟ ਹਾਊਸ ਦੂਸਰੇ ਅਤੇ ਨੌਰਥ ਹਾਊਸ ਤੀਸਰੇ ਸਥਾਨ 'ਤੇ ਰਿਹਾ।ਇਸ ਤਰ੍ਹਾਂ ਇਹ ਖੇਡਾ ਪੂਰੇ ਸਾਨੋ ਸ਼ੌਕਤ ਨਾਲ ਸਮਾਪਤ ਹੋਈਆਂ।ਬੱਚਿਆਂ ਨੇ ਵੀ ਇਸ ਦਿਨ ਦਾ ਭਰਪੂਰ ਆਨੰਦ ਮਾਣਿਆ।

# ਪੱਤਰਕਾਰ ਰਣਜੀਤ ਢਿੱਲੋਂ ਨਾਲ ਦੁੱਖ ਦਾ ਪ੍ਰਗਟਾਵਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਣਜੀਤ ਸਿੰਘ ਢਿੱਲੋਂ ਦੇ ਸਤਿਕਾਰਤ ਮਾਤਾ ਬਚਨ ਕੌਰ ਢਿੱਲੋਂ (85) ਬੀਤੀ 28 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ।ਸਵ: ਮਾਤਾ ਬਚਨ ਕੌਰ ਢਿੱਲੋਂ ਦੇ ਅਕਾਲ ਚਲਾਣੇ 'ਤੇ ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਸਮਾਜ ਸੇਵੀ ਜਗਦੀਸ਼ ਰਾਏ ਢੋਸੀਵਾਲ, ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਡਾ. ਸੁਰਿੰਦਰ ਗਿਰਧਰ, ਡਾ. ਸੰਜੀਵ ਮਿੱਢਾ, ਪ੍ਰਦੀਪ ਧੂੜੀਆ, ਰਾਜੇਸ਼ ਗਿਰਧਰ, ਡਾ. ਸਤੀਸ਼ ਗਲਹੋਤਰਾ, ਵਿਜੇ ਸਿਡਾਨਾ, ਜਗਦੀਸ਼ ਧਵਾਲ, ਓ.ਪੀ. ਖਿੱਚੀ, ਪ੍ਰਸ਼ੋਤਮ ਗਿਰਧਰ, ਡਾ. ਜਸਵਿੰਦਰ ਸਿੰਘ, ਸਾਹਿਲ ਕੁਮਾਰ ਹੈਪੀ, ਰਾਜੀਵ ਕਟਾਰੀਆ, ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਪ੍ਰਿੰ. ਸੰਜੀਵ ਜਿੰਦਲ ਤੇ ਚੰਦ ਸਿੰਘ ਲੱਧੂਵਾਲਾ, ਗੁਰਪਾਲ ਸਿੰਘ ਪਾਲੀ ਅਤੇ ਚੌ. ਬਲਬੀਰ ਸਿੰਘ ਆਦਿ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਮਿਸ਼ਨ ਆਗੂਆਂ ਵੱਲੋਂ ਸਥਾਨਕ ਅਜੀਤ ਸਿੰਘ ਨਗਰ ਵਿਖੇ ਰਣਜੀਤ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।ਇਸ ਮੌਕੇ ਟਕਸਾਲੀ ਕਾਂਗਰਸੀ ਆਗੂ ਗੁਰਦਾਸ ਗਿਰਧਰ, ਚੌ. ਦੌਲਤ ਰਾਮ ਸਿੰਘ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸਰੂਪ ਸਿੰਘ ਰਾਮਾਂ ਆਦਿ ਮੌਜੂਦ ਸਨ।ਸਵ: ਮਾਤਾ ਬਚਨ ਕੌਰ ਢਿੱਲੋਂ ਨਮਿੱਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ 6 ਫਰਵਰੀ ਨੂੰ ਸਥਾਨਕ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਪਵੇਗਾ।

## ...ਸਫ਼ਾ 1 ਦੇ ਬਾਕੀ

### ਲੋਕ ਸਭਾ ਚੋਣਾਂ ਦੀ...

ਜਾਈਏ। ਮੀਟਿੰਗ ਵਿੱਚ ਕੌਮਾਂਤਰੀ ਪੱਧਰ ਦੇ ਆਗੂ ਪਲਬ ਸੇਨ ਗੁਪਤਾ ਨੇ ਕੌਮਾਂਤਰੀ ਪੱਧਰ ਦੀਆਂ ਕਮਿਊਨਿਸਟ ਪਾਰਟੀਆਂ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ। ਪੰਜਾਬ ਦੇ ਹਾਲਾਤ ਦੀ ਰਿਪੋਰਟ ਸੀ ਪੀ ਆਈ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਹਰਦੇਵ ਅਰਸ਼ੀ ਸਾਬਕਾ ਐੱਮ ਐੱਲ ਏ ਨੇ ਪੇਸ਼ ਕੀਤੀ।ਕੌਮੀ ਕੌਂਸਲ ਦੀ ਮੀਟਿੰਗ ਵਿੱਚ ਮਸ਼ਹੂਰ ਲੇਖਕਾ ਕ੍ਰਿਸ਼ਨਾ ਝਾ ਨੇ ਵੀ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।ਅਮਰਜੀਤ ਕੌਰ ਕੁੱਲ ਹਿੰਦ ਜਨਰਲ ਸਕੱਤਰ ਏਟਕ ਨੇ ਕਿਰਤੀਆਂ ਦੀ ਜ਼ਿੰਦਗੀ ਖ਼ੁਸ਼ਹਾਲ ਬਣਾਉਣ ਲਈ ਅਤੇ ਕਿਸ ਤਰ੍ਹਾਂ ਮੋਦੀ ਸਰਕਾਰ ਕਿਰਤੀਆਂ ਦੀ ਜ਼ਿੰਦਗੀ ਤਬਾਹ ਕਰ ਰਹੀ ਹੈ, ਇਸ ਬਾਬਤ ਮਤਾ ਰੱਖਿਆ ਤੇ ਵਾਧਿਆਂ ਸਮੇਤ ਕੌਮੀ ਕੌਂਸਲ ਨੇ ਪਾਸ ਕੀਤਾ। ਸੀ ਪੀ ਆਈ ਦੇ ਕੌਮੀ ਸਕੱਤਰੇਤ ਮੈਂਬਰ ਡਾਕਟਰ ਕਾਂਗੋ ਨੇ ਕੇਂਦਰ ਸਰਕਾਰ ਨੇ ਜੋ ਬਜਟ ਪੇਸ਼ ਕੀਤਾ ਹੈ, ਉਸ ਬਾਬਤ ਮਤਾ ਰੱਖਿਆ ਤੇ ਕੌਂਸਲ ਨੇ ਪਾਸ ਕੀਤਾ। ਕੌਮੀ ਕੌਂਸਲ ਦੀ ਮੀਟਿੰਗ ਵਿੱਚ ਸੀ ਪੀ ਆਈ ਦੇ ਪੰਜਾਬ ਸੂਬਾ ਸਕੱਤਰ ਬੰਤ ਸਿੰਘ ਬਰਾੜ, ਏਟਕ ਦੇ ਸੂਬਾ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਪੰਜਾਬ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਨਰਿੰਦਰ ਕੌਰ ਸੋਹਲ, ਆਲ ਇੰਡੀਆ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਡਾਕਟਰਾਂ ਦੀ ਐਸੋਸੀਏਸ਼ਨ ਦੇ ਕੌਮਾਂਤਰੀ ਆਗੂ ਡਾਕਟਰ ਅਰੁਣ ਮਿੱਤਰਾ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੀ ਹਾਜ਼ਰ ਸਨ।

### ਥਾਣੇ 'ਚ ਗੋਲੀ ...

ਭਾਜਪਾ ਦੇ ਸੂਬਾ ਪ੍ਰਧਾਨ ਚੰਦਰਸ਼ੇਖਰ ਬਵਾਨਕੁਲੇ ਨੇ ਕਿਹਾ ਕਿ ਜੇ ਵਿਧਾਇਕ ਦੋਸ਼ੀ ਨਿਕਲਿਆ ਤਾਂ ਪਾਰਟੀ ਕਾਰਵਾਈ ਕਰੇਗੀ। ਆਪੋਜ਼ੀਸ਼ਨ ਨੇ ਸ਼ਿੰਦੇ ਦੇ ਅਸਤੀਫੇ ਦੀ ਮੰਗ ਕੀਤੀ ਹੈ। ਕਾਂਗਰਸ ਨੇ ਕਿਹਾ ਹੈ ਕਿ ਅਮਨ-ਕਾਨੂੰਨ ਦਾ ਜਨਾਜ਼ਾ ਨਿਕਲ ਗਿਆ ਹੈ। ਐੱਨ ਸੀ ਪੀ ਪ੍ਰਧਾਨ ਸ਼ਰਦ ਪਵਾਰ ਨੇ ਕਿਹਾ ਕਿ ਸੱਤਾ ਦੀ ਦੁਰਵਰਤੋਂ ਦੀ ਕੋਈ ਹੱਦ ਹੁੰਦੀ ਹੈ। ਸ਼ਿਵ ਸੈਨਾ (ਠਾਕਰੇ) ਦੇ ਆਗੂ ਸੰਜੇ ਰਾਊਤ ਨੇ ਕਿਹਾ ਕਿ ਘਟਨਾ ਲਈ ਮੁੱਖ ਮੰਤਰੀ ਸ਼ਿੰਦੇ ਜ਼ਿੰਮੇਵਾਰ ਹਨ।


**PUNJAB NATIONAL BANK**
Branch: Chaura Bazar (0296), Purani Kotwali Chaura Bazar, Ludhiana- 141008

**(ਰੂਲ-8 (1)) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਚੌੜਾ ਬਜ਼ਾਰ, ਲੁਧਿਆਣਾ ਨੂੰ ਹੇਠਾਂ ਦਰਸਾਈ ਕੁੱਲ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) ਸ੍ਰੀ ਚਰਨਪ੍ਰੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ, ਵਾਸੀ 3832/4 ਗਲੀ ਨੰ. 9, ਨਿਊ ਜਨਤਾ ਨਗਰ, ਗਿੱਲ ਰੋਡ, ਲੁਧਿਆਣਾ (ਪੰਜਾਬ) | ਜਾਇਦਾਦ ਮਕਾਨ ਨੰ. 3832/4, ਗਲੀ ਨੰ. 9, ਨਿਊ ਜਨਤਾ ਨਗਰ, ਲੁਧਿਆਣਾ, ਰਕਬਾ 112.50 ਵਰਗ ਗਜ਼, ਖਸਰਾ ਨੰ. 593, ਖੱਤਾ ਨੰ. 2259/3350, ਜਮ੍ਹਾਂਬੰਦੀ ਸਾਲ 1990-1991, ਵਾਕਿਆ ਪਿੰਡ ਗਿੱਲ ਨੰ. 2, ਨਿਊ ਜਨਤਾ ਨਗਰ, ਲੁਧਿਆਣਾ, ਰਜਿਸਟਰਡ ਵਸੀਕਾ ਨੰ. 12995 ਮਿਤੀ 6/07/1995 ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 16'-10"-ਗੁਆਂਢੀ, ਪੱਛਮ : 16'-10'-ਗਲੀ, ਉੱਤਰ : 60' ਗੌਰਵ ਮਹਿਤਾ, ਦੱਖਣ : 60' ਸੀਤਲ ਇੰਡਸਟਰੀ। | 22.08.2023 | 01.02.2024 | ਸੰਕੇਤਕ ਕਬਜ਼ਾ; ਮਿਤੀ 31/07/2023 ਤੱਕ ਰੁਪਏ 9,11,328.45/- (ਰੁਪਏ ਨੌਂ ਲੱਖ ਗਿਆਰਾਂ ਹਜ਼ਾਰ ਤਿੰਨ ਸੌ ਅਠਾਈ ਅਤੇ ਪੰਜਤਾਲੀ ਪੈਸੇ ਕੇਵਲ) ਸਮੇਤ ਚਾਰਜਿਡ ਵਿਆਜ ਅਤੇ 1/8/2023 ਤੋਂ ਭਵਿੱਖੀ ਵਿਆਜ ਜਮ੍ਹਾਂ ਮੁਕੰਮਲ ਅਦਾਇਗੀ ਤੱਕ ਲਾਗਤਾਂ ਅਤੇ ਕਾਨੂੰਨੀ ਚਾਰਜਿਜ। |

ਮਿਤੀ : 23-02-2024 — ਸਥਾਨ : ਲੁਧਿਆਣਾ — ਅਧਿਕਾਰਤ ਅਫਸਰ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

4-FEB-PAGE-3.qxd 2/3/2024 9:33 PM Page 1




Punjab Land of Unlimited Opportunities




# ਸੜਕ ਸੁਰੱਖਿਆ ਫ਼ੋਰਸ

## 5,000 ਨਵੇਂ ਸੜਕ ਸੁਰੱਖਿਆ ਕਰਮੀ ਤੁਹਾਡੀ ਸੁਰੱਖਿਆ ਲਈ ਤਿਆਰ

- 24 x 7 ਸੜਕ ਨਿਗਰਾਨੀ
- 24 x 7 ਆਵਾਜਾਈ ਵਿਵਸਥਾ ਦੇਖਣਾ
- 140 ਨਵੇਂ ਵਾਹਨ
- ਨਵੀਂ ਤਕਨਾਲੌਜੀ ਨਾਲ ਲੈਸ ਯੰਤਰ
- ਐਂਬੂਲੈਂਸ ਸਹੂਲਤ

" ਸਾਡਾ ਟੀਚਾ ਹੈ ਕਿ ਸੜਕ ਸੁਰੱਖਿਆ ਫ਼ੋਰਸ ਜ਼ਰੀਏ ਅਸੀਂ ਸੜਕ ਹਾਦਸਿਆਂ ਵਿੱਚ ਲੋਕਾਂ ਦੀ ਜਾਨ ਬਚਾਉਣ ਵਿੱਚ ਕਾਮਯਾਬ ਰਹਾਂਗੇ। ਆਮ ਆਦਮੀ ਦੀ ਜਾਨ ਬਚਾਉਣਾ ਸਾਡਾ ਫ਼ਰਜ਼ ਹੈ ਅਤੇ ਅਸੀਂ ਇਸ ਨੂੰ ਪੂਰਾ ਕਰਾਂਗੇ।"

**-ਭਗਵੰਤ ਸਿੰਘ ਮਾਨ,** ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਬੱਸ ਹਾਦਸੇ ਨੂੰ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸਕੂਲ ਅੱਗੇ ਧਰਨਾ

## ਸਕੂਲ ਮੈਨੇਜਮੈਂਟ ਕਮੇਟੀ ਨੂੰ 7 ਫਰਵਰੀ ਤੱਕ ਅਲਟੀਮੇਟਮ



ਗੰਗਾ ਇੰਟਰਨੈਸ਼ਨਲ ਸਕੂਲ ਸਾਹਮਣੇ ਧਰਨਾ ਦਿੰਦੇ ਹੋਏ ਮ੍ਰਿਤਕ ਕੁਲਦੀਪ ਸਿੰਘ ਦੇ ਪਰਿਵਾਰਕ ਮੈਂਬਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਵਰਕਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਪਾਤੜਾਂ ਵੱਲੋਂ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਤੇਈਪੁਰ ਦੇ ਇੱਕ ਸਕੂਲ ਬੱਸ ਨਾਲ ਹੋਏ ਐਕਸੀਡੈਂਟ ਵਿੱਚ ਹੋਈ ਮੌਤ ਦੇ ਮਾਮਲੇ ਨੂੰ ਲੈ ਕੇ ਪਿੰਡ ਢਾਬੀਗੁੱਜਰਾਂ ਵਿਖੇ ਇੱਕ ਨਿੱਜੀ ਸਕੂਲ ਸਾਹਮਣੇ ਵਿਸ਼ਾਲ ਰੋਹ ਭਰਪੂਰ ਧਰਨਾ ਦਿੱਤਾ ਗਿਆ। ਇਸ ਦੌਰਾਨ ਇਕੱਤਰ ਲੋਕਾਂ ਨੇ ਸਕੂਲ ਮੈਨੇਜਮੈਂਟ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਯੋਗ ਮੁਆਵਜ਼ੇ ਦੀ ਮੰਗ ਕੀਤੀ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਕਿਹਾ ਕਿ ਕਰੀਬ ਦੋ ਮਹੀਨੇ ਪਹਿਲਾਂ ਪਿੰਡ ਤੇਈਪੁਰ ਦੇ ਰਹਿਣ ਵਾਲੇ ਕੁਲਦੀਪ ਸਿੰਘ, ਜੋ ਖਨੌਰੀ ਵਿਖੇ ਇਲੈਕਟ੍ਰੀਸ਼ਨ ਦੀ ਦੁਕਾਨ ਕਰਦਾ ਸੀ, ਕੋਲ ਗੰਗਾ ਇੰਟਰਨੈਸ਼ਨਲ ਸਕੂਲ ਦੀ ਬੱਸ ਦਾ ਕੰਮ ਕਰਵਾਉਣ ਲਈ ਡਰਾਈਵਰ ਲੈ ਕੇ ਆਇਆ ਸੀ। ਬੱਸ ਦੀ ਰਿਪੇਅਰ ਕਰਕੇ ਜਦੋਂ ਹਾਲੇ ਕੁਲਦੀਪ ਸਿੰਘ ਹਟਿਆ ਹੀ ਸੀ ਤਾਂ ਬੱਸ ਡਰਾਈਵਰ ਨੇ ਅਣਗਹਿਲੀ ਵਰਤਦਿਆਂ ਬੱਸ ਕੁਲਦੀਪ ਸਿੰਘ 'ਤੇ ਚੜ੍ਹਾ ਦਿੱਤੀ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਉਨ੍ਹਾ ਕਿਹਾ ਕਿ ਪਰਿਵਾਰ ਨਿੱਜੀ ਹਸਪਤਾਲ ਵਿੱਚ ਇਲਾਜ ਕਰਾਉਣ ਉਪਰੰਤ ਜਦੋਂ ਹਿਸਾਰ ਲੈ ਕੇ ਗਿਆ ਤਾਂ ਉਥੇ ਉਸ ਦੀ ਮੌਤ ਹੋ ਗਈ। ਇਸ ਦੌਰਾਨ ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਸਕੂਲ ਮੈਨੇਜਮੈਂਟ ਵੱਲੋਂ ਮ੍ਰਿਤਕ ਦੇ ਪਰਿਵਾਰ ਦੀ ਕੋਈ ਸਾਰ ਨਹੀਂ ਲਈ ਗਈ, ਜਿਸ ਕਰਕੇ ਉਨ੍ਹਾਂ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ ਹੈ। ਉਨ੍ਹਾਂ ਸਕੂਲ ਮੈਨੇਜਮੈਂਟ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ 7 ਫਰਵਰੀ ਤੱਕ ਮ੍ਰਿਤਕ ਦੇ ਪਰਿਵਾਰ ਦੀ ਸਾਰ ਲਈ ਜਾਵੇ, ਨਹੀਂ ਤਾਂ ਜਥੇਬੰਦੀ ਪਰਿਵਾਰ ਦੇ ਹੱਕ ਵਿੱਚ ਖੜਦਿਆਂ ਅਣਮਿੱਥੇ ਸਮੇਂ ਦਾ ਸੰਘਰਸ਼ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਧੂਹੜ, ਮਹਿਲਾ ਕਿਸਾਨ ਆਗੂ ਚਰਨਜੀਤ ਕੌਰ ਧੂੜੀਆਂ, ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ, ਸੂਬੇਦਾਰ ਨਰਾਤਾ ਸਿੰਘ, ਪ੍ਰੋਫੈਸਰ ਅਮਨਦੀਪ ਸਿੰਘ ਖਨੌਰੀ, ਜਰਨੈਲ ਸਿੰਘ ਬਕਰਾਹਾ, ਨਿਰਵੈਰ ਸਿੰਘ ਖਰਾਜਲੀ, ਸਰਪੰਚ ਸੰਦੀਪ ਸਿੰਘ ਤੇਈਪੁਰ, ਲਾਭ ਸਿੰਘ ਦੁਗਾਲ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।

ਉਧਰ, ਕੈਨੇਡਾ ਦੌਰੇ ਉੱਤੇ ਗਏ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਗੁਰਲਾਲ ਸਿੰਘ ਕਾਹਲੋਂ ਦਾ ਪੱਖ ਜਾਨਣ ਲਈ ਫੋਨ ਕੀਤਾ ਤਾਂ ਉਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਸਕੂਲ ਦੀਆਂ ਬੱਸਾਂ ਦੀ ਇਲੈਕਟ੍ਰਿਕ ਰਿਪੇਅਰ ਦਾ ਕੰਮ ਪਿਛਲੇ ਲੰਬੇ ਸਮੇਂ ਤੋਂ ਕੁਲਦੀਪ ਸਿੰਘ ਕਰਦਾ ਆ ਰਿਹਾ ਸੀ। ਆਮ ਦੀ ਤਰ੍ਹਾਂ ਬੱਸ ਦਾ ਕੰਮ ਕਰਵਾਉਣ ਲਈ ਡਰਾਈਵਰ ਲੈ ਕੇ ਗਿਆ ਹੋਇਆ ਸੀ, ਜਦੋਂ ਮੁਰੰਮਤ ਉਪਰੰਤ ਡਰਾਈਵਰ ਬੱਸ ਦੀ ਟਰਾਲੀ ਲੈ ਰਿਹਾ ਸੀ ਤਾਂ ਕੁਲਦੀਪ ਸਿੰਘ ਬੱਸ ਤੋਂ ਹੇਠਾਂ ਉਤਰਦੇ ਵਕਤ ਬਰਾਬਰ ਖੜੇ ਟਰੱਕ ਦੀ ਲਪੇਟ ਵਿੱਚ ਆ ਗਿਆ। ਸਕੂਲ ਮੈਨੇਜਮੈਂਟ ਕਮੇਟੀ ਨੂੰ ਪਰਿਵਾਰ ਨਾਲ ਪੂਰੀ ਹਮਦਰਦੀ ਹੈ ਤੇ ਇਸ ਦੁੱਖ ਦੀ ਘੜੀ ਵਿੱਚ ਉਹ ਪੂਰੀ ਤਰ੍ਹਾਂ ਪਰਿਵਾਰ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਮੈਨੇਜਮੈਂਟ ਵੱਲੋਂ ਕੁਲਦੀਪ ਸਿੰਘ ਦੇ ਤਿੰਨਾਂ ਬੱਚਿਆਂ ਦੀ ਪੜ੍ਹਾਈ ਕਾਲਜ ਪੱਧਰ ਤੱਕ ਮੁਫਤ ਕਰਨ ਦੇ ਨਾਲ ਨਾਲ ਉਸ ਦੀ ਪਤਨੀ ਨੂੰ ਸਕੂਲ ਵਿੱਚ ਕੰਮ ਉੱਤੇ ਰੱਖਣ ਦਾ ਭਰੋਸਾ ਦਿੱਤਾ ਗਿਆ ਸੀ ਅਤੇ ਉਹ ਹੁਣ ਵੀ ਇਸ ਵਾਅਦੇ ਉੱਤੇ ਪੂਰੀ ਤਰ੍ਹਾਂ ਦ੍ਰਿੜ੍ਹ ਹੋਣ ਦੇ ਨਾਲ ਨਾਲ ਇਨਸਾਨੀਅਤ ਨਾਤੇ ਪਰਿਵਾਰ ਦੇ ਨਾਲ ਖੜੇ ਹਨ।

# ਨੌਜਵਾਨ ਦੀ ਸ਼ੱਕੀ ਹਾਲਤ 'ਚ ਮੌਤ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਲੱਖੋਵਾਲ ਕਲਾਂ ਦੇ ਰਹਿਣ ਵਾਲੇ ਛਿੰਦਰਪਾਲ ਦੇ ਪੁੱਤਰ ਰਮਨ ਕੁਮਾਰ (23) ਦੀ ਸ਼ੱਕੀ ਹਾਲਤ ਵਿੱਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਦੀ ਪਿੰਡ ਤੋਂ ਕੁਝ ਦੂਰੀ 'ਤੇ ਸੜਕ ਕਿਨਾਰੇ ਮਿਲੀ ਹੈ। ਪੁਲਸ ਕੋਲ ਬਿਆਨ ਦਰਜ ਕਰਵਾਉਂਦਿਆਂ ਮ੍ਰਿਤਕ ਦੇ ਪਿਤਾ ਛਿੰਦਰਪਾਲ ਨੇ ਦੱਸਿਆ ਕਿ ਉਸ ਦਾ ਲੜਕਾ ਰਮਨ ਕੁਮਾਰ ਕਰੀਬ 4 ਮਹੀਨੇ ਪਹਿਲਾਂ ਹੀ ਸਾਊਦੀ ਅਰਬ ਤੋਂ ਪਰਤਿਆ ਸੀ ਤੇ ਹੁਣ ਉਹ ਪਿੰਡ ਵਿੱਚ ਹੀ ਰਹਿ ਰਿਹਾ ਸੀ। ਲੰਘੀ 31 ਜਨਵਰੀ ਨੂੰ ਉਹ ਆਪਣੇ ਘਰੋਂ ਮੋਟਰਸਾਈਕਲ 'ਤੇ ਗਿਆ ਤੇ ਬੀਤੀ ਰਾਤ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦਾ ਲੜਕਾ ਪਿੰਡ ਤੋਂ ਕਿਲੋਮੀਟਰ ਦੂਰੀ 'ਤੇ ਸੜਕ 'ਤੇ ਡਿੱਗਿਆ ਪਿਆ ਹੈ। ਜਦੋਂ ਉਨ੍ਹਾਂ ਨੇ ਮੌਕੇ 'ਤੇ ਜਾ ਦੇਖਿਆ ਤਾਂ ਰਮਨ ਕੁਮਾਰ ਦੀ ਮੌਤ ਹੋ ਚੁੱਕੀ ਸੀ ਤੇ ਮੋਟਰਸਾਈਕਲ ਉਸ ਕੋਲ ਡਿੱਗਿਆ ਪਿਆ ਸੀ। ਸੂਚਨਾ ਮਿਲਣ 'ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਤੇ ਸਹਾਇਕ ਥਾਣੇਦਾਰ ਪਵਨਜੀਤ ਵੀ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮ੍ਰਿਤਕ ਰਮਨ ਕੁਮਾਰ ਦਾ ਮੋਬਾਇਲ ਗਾਇਬ ਹੈ ਤੇ ਉਸ ਦੀ ਕਾਲ ਡਿਟੇਲ ਕਢਵਾਈ ਜਾ ਰਹੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਉਸ ਨਾਲ ਕੌਣ-ਕੌਣ ਸਨ। ਥਾਣਾ ਮੁਖੀ ਨੇ ਕਿਹਾ ਕਿ ਪੋਸਟ ਮਾਰਟਮ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕੇਗਾ।

# ਜਗ੍ਹਾ ਤੋਂ ਕਬਜ਼ਾ ਛੁਡਵਾਉਣ ਲਈ ਨਗਰ ਕੌਂਸਲ ਦੀ ਮੀਟਿੰਗ ਸਮੇਂ ਨਾਅਰੇਬਾਜ਼ੀ



**ਮਾਨਸਾ (ਆਤਮਾ ਸਿੰਘ ਪਮਾਰ)**-ਸਿਵਲ ਹਸਪਤਾਲ ਨੇੜੇ ਨਗਰ ਕੌਂਸਲ ਦੀ ਥਾਂ ਦੀ ਮਿਣਤੀ ਨਾ ਕਰਵਾਏ ਜਾਣ ਦਾ ਮਤਾ ਰੱਦ ਕਰਵਾਏ ਜਾਣ 'ਤੇ ਨਗਰ ਕੌਂਸਲ ਦੀ ਥਾਂ ਦੀ ਮਿਣਤੀ ਕਰਵਾ ਕੇ ਨਜਾਇਜ਼ ਕਬਜ਼ੇ ਹਟਵਾਏ ਜਾਣ ਦੀ ਮੰਗ ਨੂੰ ਲੈ ਕੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ, ਸੀ ਪੀ ਆਈ, ਆਰ ਐੱਮ ਪੀ ਆਈ ਆਦਿ ਖੱਬੇ ਪੱਖੀ ਪਾਰਟੀਆਂ ਦੀ ਅਗਵਾਈ ਹੇਠ ਸੰਤ ਹਰਚੰਦ ਸਿੰਘ ਲੌਂਗੋਵਾਲ ਯਾਦਗਾਰੀ ਲਾਇਬ੍ਰੇਰੀ ਵਿੱਚ ਹੋ ਰਹੀ ਨਗਰ ਕੌਂਸਲ ਦੀ ਮੀਟਿੰਗ ਦਾ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਕਾਮਰੇਡ ਕ੍ਰਿਸ਼ਨ ਚੌਹਾਨ ਤੇ ਕਾਮਰੇਡ ਮੇਜਰ ਸਿੰਘ ਦੂਲੋਵਾਲ, ਸਾਬਕਾ ਪ੍ਰਧਾਨ ਮਨਦੀਪ ਗੋਰਾ, ਲਿਬਰੇਸ਼ਨ ਦੇ ਸ਼ਹਿਰੀ ਸਕੱਤਰ ਸੁਰਿੰਦਰਪਾਲ ਸ਼ਰਮਾ, ਸਾਬਕਾ ਪ੍ਰਧਾਨ ਗੁਰਮੇਲ ਸਿੰਘ, ਇਨਕਲਾਬੀ ਨੌਜਵਾਨ ਸਭਾ ਦੇ ਹਰਮਨ ਸਿੰਘ ਹਿੰਮਤਪੁਰਾ, ਐਂਟੀ ਡਰੱਗ ਫੋਰਸ ਦੇ ਗਗਨ ਸਿੰਘ, ਜੁਗਰਾਜ ਰੱਲਾ ਨੇ ਕਿਹਾ ਕਿ ਸਿਵਲ ਹਸਪਤਾਲ ਦੇ ਸਾਹਮਣੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਜਿਸ ਕਾਰਨ ਸ਼ਹਿਰ ਦੇ ਲੋਕਾਂ ਤੇ ਸਿਵਲ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਜਾਮ ਲੱਗਣ ਕਾਰਨ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲ ਇਸ ਸੜਕ 'ਤੇ ਹੋਣ ਕਾਰਨ ਸਕੂਲ ਵਾਲੇ ਬੱਚੇ ਤੇ ਐਂਬੂਲੈਂਸਾਂ ਵੀ ਜਾਮ ਵਿੱਚ ਫਸ ਜਾਂਦੀਆਂ ਹਨ। ਹਾਈ ਕੋਰਟ ਵੱਲੋਂ ਨਜਾਇਜ਼ ਕਬਜ਼ਾ ਧਾਰਕਾਂ ਵੱਲੋਂ ਲਈ ਸਟੇਅ ਖਤਮ ਕਰਕੇ ਨਗਰ ਪਾਲਿਕਾ 'ਤੇ ਛੱਡ ਦਿੱਤਾ ਗਿਆ ਹੈ ਕਿ ਉਹ ਜ਼ਮੀਨ ਦੀ ਮਿਣਤੀ ਕਰਵਾ ਕੇ ਨਜਾਇਜ਼ ਕਬਜ਼ੇ ਛੁਡਵਾ ਕੇ ਰਸਤਾ ਚੌੜਾ ਕਰਵਾਏ। ਇਸ ਨਜਾਇਜ਼ ਕਬਜ਼ੇ ਵਾਲੀ ਥਾਂ 'ਤੇ ਮੌਜੂਦਾ ਐੱਮ ਐੱਲ ਏ ਦੀ ਵੀ ਦੁਕਾਨ ਹੈ ਤੇ ਨਗਰ ਕੌਂਸਲ ਸੱਤਾਧਾਰੀ ਧਿਰ ਦੇ ਵਿਧਾਇਕ ਵਿਜੇ ਸਿੰਗਲਾ ਦੇ ਦਬਾਅ ਕਾਰਨ ਨਗਰ ਕੌਂਸਲ ਦੀ ਜ਼ਮੀਨ ਤੋਂ ਦਾਅਵਾ ਛੱਡ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਵਿਜੇ ਸਿੰਗਲਾ ਨੇ ਨਗਰ ਕੌਂਸਲ ਦੀ ਥਾਂ ਦੀ ਮਿਣਤੀ ਕਰਵਾ ਕੇ ਨਜਾਇਜ਼ ਕਬਜ਼ੇ ਹਟਵਾਏ ਜਾਣ ਲਈ ਮਤਾ ਪਾਏ ਜਾਣ ਦਾ ਵਿਸ਼ਵਾਸ ਦੁਆਇਆ। ਇਸ ਮੌਕੇ ਕਮਿਊਨਿਸਟ ਆਗੂਆਂ ਨੇ ਕਿਹਾ ਕਿ ਜੇਕਰ ਉਕਤ ਸੁਆਲਾਂ ਦਾ ਜਲਦੀ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਕਾਤਰਾਂ

### 2 ਕੁਇੰਟਲ ਚੂਰਾ ਪੋਸਤ ਬਰਾਮਦ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਥਾਣਾ ਬਸੀ ਪਠਾਣਾ ਦੀ ਪੁਲਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ, ਜਦੋਂ ਸਬ-ਇੰਸਪੈਕਟਰ ਨਰਪਿੰਦਰਪਾਲ ਸਿੰਘ ਮੁੱਖ ਅਫਸਰ ਥਾਣਾ ਬਸੀ ਪਠਾਣਾ ਨੂੰ ਮਿਲੀ ਇਤਲਾਹ 'ਤੇ ਉਨ੍ਹਾ ਵੱਲੋਂ ਧੂੰਦਾ ਬਾਈਪਾਸ ਬਸੀ ਪਠਾਣਾ ਪੁੱਜ ਕੇ ਖਤਾਨਾਂ ਵਿੱਚ ਦਰੱਖਤਾਂ 'ਚ ਫਸੀ ਖੜੀ ਸ਼ੱਕੀ ਗੱਡੀ ਵਰਨਾ ਨੰਬਰ ਪੀ ਬੀ 13 ਬੀ ਕਿਊ 5314 ਨੂੰ ਚੈੱਕ ਕੀਤਾ ਤਾਂ ਕਾਰ ਦੀ ਡਿੱਗੀ ਵਿੱਚੋਂ 3 ਥੈਲੇ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ, ਨੂੰ ਖੋਲ੍ਹ ਕੇ ਚੈੱਕ ਕਰਨ 'ਤੇ ਚੂਰਾ ਪੋਸਤ ਬਰਾਮਦ ਹੋਇਆ ਅਤੇ ਹਰ ਇੱਕ ਥੈਲੇ ਦੇ ਵਜ਼ਨ ਕਰਨ 'ਤੇ ਹਰੇਕ ਥੈਲੇ ਦਾ 40/40 ਕਿਲੋ ਕੁੱਲ 2 ਕੁਇੰਟਲ ਚੂਰਾ ਪੋਸਤ ਬਰਾਮਦ ਹੋਇਆ।ਇਸ ਸਬੰਧੀ ਮੁਕੱਦਮਾ ਥਾਣਾ ਬਸੀ ਪਠਾਣਾ ਵਿਖੇ ਦਰਜ ਕੀਤਾ ਗਿਆ।ਮੁਕੱਦਮੇ ਦੀ ਤਫਤੀਸ਼ ਜਾਰੀ ਹੈ।

### ਸਰਕਲ ਕਬੱਡੀ 'ਚ ਗੋਲਡ ਮੈਡਲ ਜਿੱਤਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੇ ਖਿਡਾਰੀ ਪ੍ਰਦੀਪ ਸਿੰਘ ਤੇ ਕੋਮਲਪ੍ਰੀਤ ਸਿੰਘ ਨੇ ਸਰਕਲ ਕਬੱਡੀ 19 ਸਾਲ ਲੜਕਿਆਂ ਦੇ ਵਰਗ ਵਿੱਚ ਪੰਜਾਬ ਸਕੂਲ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜ਼ਿਲ੍ਹਾ ਸੰਗਰੂਰ ਤੇ ਮੋਗਾ ਵਿਚਕਾਰ ਹੋਏ ਵਿਵਾਦਤ ਫਾਈਨਲ ਮੁਕਾਬਲੇ ਵਿੱਚ ਪ੍ਰਦੀਪ ਸਿੰਘ ਤੇ ਕੋਮਲਪ੍ਰੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਵਧੀਆ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਵਾਇਸ ਪ੍ਰਿੰਸੀਪਲ ਸੀਮਾ ਠਾਕੁਰ ਤੇ ਡੀ.ਪੀ.ਈ. ਹਰਪ੍ਰੀਤ ਸਿੰਘ, ਕੁਲਵਿੰਦਰ ਕੌਰ ਤੇ ਭੁਪਿੰਦਰ ਕੌਰ ਆਦਿ ਹਾਜ਼ਰ ਸਨ।

### ਝਾਕੀਆਂ ਭਲਕੇ ਮਾਨਸਾ ਪੁੱਜਣਗੀਆਂ : ਡੀ ਸੀ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ 'ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਦੇ ਅਹਿਮ ਯੋਗਦਾਨ', 'ਨਾਰੀ ਸ਼ਕਤੀ' ਤੇ 'ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਰੂਪਮਾਨ' ਕਰਨ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਈਆਂ ਗਈਆਂ ਤਿੰਨ ਝਾਕੀਆਂ 05 ਫਰਵਰੀ ਨੂੰ ਜ਼ਿਲ੍ਹਾ ਮਾਨਸਾ ਵਿਖੇ ਪੁੱਜਣਗੀਆਂ, ਜਿਨ੍ਹਾਂ ਦਾ ਬੁਢਲਾਡਾ ਵਿਖੇ ਠਹਿਰਾਓ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਜ਼ਿਲ੍ਹਾ ਮਾਨਸਾ ਦੀਆਂ ਸਮੂਹ ਸਬ ਡਵੀਜ਼ਨਾਂ ਦੇ ਉਪ ਮੰਡਲ ਮੈਜਿਸਟਰੇਟ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਝਾਕੀਆਂ ਨੂੰ ਪ੍ਰਦਰਸ਼ਤ ਕਰਨ ਲਈ ਢੁੱਕਵੇਂ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਦੀ ਹਦਾਇਤ ਕੀਤੀ।ਉਨ੍ਹਾਂ ਦੱਸਿਆ ਕਿ 06 ਫਰਵਰੀ ਨੂੰ ਇਹ ਝਾਕੀਆਂ ਬੁਢਲਾਡਾ ਤੋਂ ਵਾਇਆ ਭੀਖੀ ਹੁੰਦੇ ਹੋਏ ਰਾਤ ਨੂੰ ਮਾਨਸਾ ਵਿਖੇ ਪੁੱਜਣਗੀਆਂ ਤੇ 07 ਫਰਵਰੀ ਨੂੰ ਇਹ ਝਾਕੀਆਂ ਸਰਦੂਲਗੜ੍ਹ ਵਿਖੇ ਜਾਣਗੀਆਂ, ਜਿੱਥੋਂ 08 ਫਰਵਰੀ ਨੂੰ ਇਹ ਝਾਕੀਆਂ ਬਠਿੰਡਾ ਲਈ ਰਵਾਨਾ ਕੀਤੀਆਂ ਜਾਣਗੀਆਂ।

### ਬੱਸ ਨਾ ਆਉਣ ਕਾਰਨ ਸਵਾਰੀਆਂ ਪ੍ਰੇਸ਼ਾਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੀ.ਆਰ.ਟੀ.ਸੀ. ਦੇ ਸੰਗਰੂਰ ਡਿੱਪੂ ਦੀ ਬੱਸ, ਜੋ ਸੰਗਰੂਰ ਤੋਂ ਸ਼ਾਮ ਨੂੰ ਉਭਾਵਾਲ, ਲੌਂਗੋਵਾਲ, ਮੰਡੇਰ ਕਲਾਂ ਤੇ ਢੱਡਰੀਆਂ ਨੂੰ ਜਾਂਦੀ ਸੀ। ਇਹ ਬੱਸ ਸ਼ਾਮ ਨੂੰ ਪਿੰਡ ਢੱਡਰੀਆਂ ਵਿਖੇ ਆਪਣਾ ਸਟਾਪ ਕਰਦੀ ਸੀ, ਪਰ ਇਹ ਬੱਸ ਸਵੇਰੇ ਢੱਡਰੀਆਂ ਤੋਂ 5:45 ਵਜੇ ਦੇ ਕਰੀਬ ਚਲਦੀ ਸੀ। ਇਹ ਬਸ ਦੋ-ਤਿੰਨ ਦਿਨ ਤੋਂ ਨਾ ਆਉਣ ਕਰਕੇ ਸਵਾਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਨੇ ਦੱਸਿਆ ਕਿ ਇਹ ਬੱਸ ਨਾ ਆਉਣ ਕਰਕੇ ਗਰੀਬ ਵਰਗ ਦੇ ਲੋਕ ਆਪਣੇ ਕੰਮਾਂ 'ਤੇ ਜਾਣ ਤੋਂ ਵਾਂਝੇ ਰਹਿ ਜਾਂਦੇ ਹਨ। ਲੋਕਾਂ ਨੇ ਸੰਗਰੂਰ ਡਿੱਪੂ ਦੇ ਮੈਨੇਜਰ ਤੇ ਹੋਰ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਰੂਟ 'ਤੇ ਸਵੇਰੇ ਢੱਡਰੀਆਂ ਤੋਂ ਵਾਇਆ ਲੌਂਗੋਵਾਲ-ਸੰਗਰੂਰ-ਪਟਿਆਲਾ ਨੂੰ ਜਾਣ ਵਾਲੀ ਇਸ ਬੱਸ ਦੇ ਰੂਟ ਵਿੱਚ ਸੁਧਾਰ ਕੀਤਾ ਜਾਵੇ ਤਾਂ ਜੋ ਗਰੀਬ ਵਰਗ ਆਪਣੇ ਕੰਮਾਂ 'ਤੇ ਜਾ ਸਕਣ।

# ਬਿਜਲੀ ਕਾਮਿਆਂ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਰੈਲੀ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਜੁਆਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਕਾਮਿਆਂ ਵੱਲੋਂ ਪੂਰੀਆਂ ਤਨਖਾਹਾਂ ਰਿਲੀਜ਼ ਕਰਾਉਣ ਲਈ ਡਵੀਜ਼ਨ ਦਫਤਰ ਪਾਤੜਾਂ ਵਿਖੇ ਰੋਸ ਰੈਲੀ ਕੀਤੀ ਗਈ। ਮੁਲਾਜ਼ਮਾਂ ਨੇ ਮੈਨੇਜਮੈਂਟ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਜਾਇੰਟ ਫੋਰਮ ਦੇ ਸਰਕਲ ਆਗੂ ਜਸਪਾਲ ਸਿੰਘ ਸ਼ਰਮਾ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਖਿਆਲੀ ਰਾਮ ਨੇ ਕਿਹਾ ਹੈ ਕਿ ਪਾਵਰਕੌਮ ਮੈਨੇਜਮੈਂਟ ਮੁਲਾਜ਼ਮਾਂ ਦੀਆਂ ਪੂਰੀਆਂ ਤਨਖਾਹਾਂ ਰਿਲੀਜ਼ ਨਾ ਕਰਕੇ ਮੁਲਾਜ਼ਮਾਂ ਨਾਲ ਧੱਕਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਰਾਂ ਦੀ ਪੈਨਸ਼ਨਾਂ ਤੁਰੰਤ ਜਾਰੀ ਕੀਤੀਆਂ ਜਾਣ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕੰਮ ਬੰਦ ਕਰਨ ਤੋਂ ਇਲਾਵਾ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਬਲਵੰਤ ਸ਼ਰਮਾ, ਅਜੀਤ ਸਿੰਘ ਮੌਲਵੀਵਾਲਾ, ਹਰੀਸ਼ ਵਰਮਾ, ਨਿਸ਼ਾਨ ਸਿੰਘ, ਹਰੀ ਸਿੰਘ ਚਹਿਲ ਨੇ ਸੰਬੋਧਨ ਕੀਤਾ।

# ਭਾਰਤ ਬੰਦ ਦੀ ਲਾਮਬੰਦੀ ਲਈ ਜ਼ਿਲ੍ਹਾ ਪੱਧਰੀ ਸਾਂਝੀ ਮੀਟਿੰਗ ਨੇ ਕਨਵੈਨਸ਼ਨ ਦਾ ਰੂਪ ਧਾਰਿਆ

## 16 ਨੂੰ 4 ਵਜੇ ਤੱਕ ਬੰਦ ਰਹੇਗਾ ਜ਼ਿਲ੍ਹਾ ਲੁਧਿਆਣਾ



**ਲੁਧਿਆਣਾ (ਐੱਮ ਐੱਸ ਭਾਟੀਆ)**
ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਤੇ ਕੇਂਦਰੀ ਟਰੇਡ ਯੂਨੀਅਨਾਂ (ਸੀਟੀਯੂਜ)/ਸੈਕਟਰਲ ਫੈਡਰੇਸਨਾਂ/ਸੁਤੰਤਰ ਐਸੋਸੀਏਸ਼ਨਾਂ ਅਤੇ ਹੋਰ ਸਮਾਜਿਕ ਜਥੇਬੰਦੀਆਂ ਦੇ ਸਾਂਝੇ ਮੰਚ ਵੱਲੋਂ ਕੀਤੇ ਜਾ ਰਹੇ ਭਾਰਤ ਬੰਦ ਤੇ ਹੜਤਾਲ ਨੂੰ ਸਫਲ ਕਰਨ ਲਈ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਵਿਦਿਆਰਥੀ ਤੇ ਜਨਤਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਨੇ ਕਨਵੈਨਸ਼ਨ ਦਾ ਰੂਪ ਧਾਰ ਲਿਆ। ਮੀਟਿੰਗ ਦੇ ਸ਼ੁਰੂ ਵਿੱਚ ਵਿੱਛੜੇ ਆਗੂਆਂ ਗੁਰਮੇਲ ਸਿੰਘ ਤੇ ਮਲਕੀਤ ਸਿੰਘ ਬਰਮੀ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਹਾਜ਼ਰ ਜਥੇਬੰਦੀਆਂ ਦੇ ਆਗੂਆਂ ਨੇ ਆਪਣੀ ਆਪਣੀ ਜਥੇਬੰਦੀ ਵੱਲੋਂ ਇਹ ਵਿਸ਼ਵਾਸ ਦਿਵਾਇਆ ਕਿ ਲੁਧਿਆਣੇ ਵਿੱਚ 16 ਫਰਵਰੀ ਦਾ ਭਾਰਤ ਬੰਦ ਤੇ ਹੜਤਾਲ ਮੁਕੰਮਲ ਹੋਵੇਗੀ। ਇਸ ਭਾਰਤ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਸਮਾਜਿਕ ਜਥੇਬੰਦੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ ਤੇ ਦੇਸ਼ ਨੂੰ ਦਰਪੇਸ਼ ਖਤਰਿਆਂ ਤੋਂ ਜਾਣੂ ਕਰਵਾਇਆ ਜਾਵੇਗਾ। ਸੰਬੋਧਨ ਕਰਨ ਵਾਲਿਆਂ ਵਿੱਚ ਡੀ. ਪੀ. ਮੌੜ ਜਨਰਲ ਸਕੱਤਰ ਜੁਆਇੰਟ ਕੌਂਸਲ ਆਫ ਟਰੇਡ ਯੂਨੀਅਨਜ਼, ਐੱਮ. ਐੱਸ. ਭਾਟੀਆ ਜਨਰਲ ਸਕੱਤਰ ਤੇ ਵਿਜੇ ਕੁਮਾਰ ਪ੍ਰਧਾਨ ਏਟਕ, ਜਮਹੂਰੀ ਕਿਸਾਨ ਸਭਾ ਵੱਲੋਂ ਰਘਬੀਰ ਸਿੰਘ ਬੈਨੀਪਾਲ, ਹਰਨੇਕ ਸਿੰਘ ਗੁੱਜਰਵਾਲ, ਸੀਟੂ ਵੱਲੋਂ ਅਮਰ ਨਾਥ ਕੂਮਕਲਾਂ, ਸੁਖਵਿੰਦਰ ਸਿੰਘ ਲੋਟੇ, ਕੁੱਲ ਹਿੰਦ ਕਿਸਾਨ ਸਭਾ 1936 ਵੱਲੋਂ ਚਮਕੌਰ ਸਿੰਘ ਜਨਰਲ ਸਕੱਤਰ ਤੇ ਪ੍ਰਧਾਨ ਜਸਵੀਰ ਝੱਜ, ਸੀਟੀਯੂ ਪੰਜਾਬ ਵੱਲੋਂ ਜਗਦੀਸ਼ ਚੰਦ ਤੇ ਬਲਰਾਮ ਸਿੰਘ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ 1680 ਵੱਲੋਂ ਚਰਨ ਸਰਾਭਾ, ਪਨਸਪ ਕੰਟਰੈਕਟ ਵਰਕਰ ਯੂਨੀਅਨ ਦੇ ਆਗੂ ਸਮਸ਼ੇਰ ਸਿੰਘ, ਪੈਨਸ਼ਨਰਜ਼ ਭਵਨ ਦੇ ਸਾਬਕਾ ਚੇਅਰਮੈਨ ਸੁਸ਼ੀਲ ਕੁਮਾਰ, ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਸੁਰਿੰਦਰ ਸਿੰਘ, ਔਰਤ ਮੁਕਤੀ ਮੋਰਚਾ ਦੇ ਆਗੂ ਸੁਰਿੰਦਰ ਕੌਰ ਗਿੱਲ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਲਵੰਤ ਸਿੰਘ ਘੁਡਾਣੀ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਮਨਪ੍ਰੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਅੰਮ੍ਰਿਤ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਹਰਬੰਸ ਸਿੰਘ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ 1406 ਦੇ ਆਗੂ ਨਿਰਭੈ ਸਿੰਘ, ਕੇਵਲ ਸਿੰਘ ਬਨਵੈਤ, ਤਹਿਸੀਲਦਾਰ ਰਾਮ, ਸਮਰ ਬਹਾਦਰ ਤੇ ਜਗਮੇਲ ਸਿੰਘ ਸ਼ਾਮਲ ਸਨ।

# ਟੀ ਐੱਸ ਯੂ ਤੇ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਗੇਟ ਰੈਲੀ



**ਜਗਰਾਉਂ (ਸੰਜੀਵ ਅਰੋੜਾ)**-ਜੁਆਇੰਟ ਫੋਰਮ ਦੇ ਸੱਦੇ 'ਤੇ ਜਗਰਾਉਂ ਡਵੀਜ਼ਨ ਵਿਖੇ ਗੇਟ ਰੈਲੀ ਕੀਤੀ।

ਇਹ ਗੇਟ ਰੈਲੀ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰ ਦੀਆਂ ਤਨਖਾਹ ਨਾ ਜਾਰੀ ਕਰਨ ਦੇ ਵਿਰੋਧ ਵਿੱਚ ਟੈਕਨੀਕਲ ਸਰਵਿਸ ਯੂਨੀਅਨ (ਟੀ ਐੱਸ ਯੂ) ਤੇ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਕੀਤੀ ਗਈ, ਜਿਸ 'ਚ ਪ੍ਰਧਾਨ ਕੁਲਵੰਤ ਸਿੰਘ ਢੋਲਣ, ਅਸ਼ੋਕ ਕੁਮਾਰ, ਬਲਜੀਤ ਸਿੰਘ ਜੇ ਈ, ਮੰਡਲ ਪ੍ਰਧਾਨ ਹਰਵਿੰਦਰ ਸਿੰਘ ਸਵੱਦੀ, ਅਵਤਾਰ ਸਿੰਘ ਕਲੇਰ ਸਕੱਤਰ, ਬੂਟਾ ਸਿੰਘ ਮਲਕ ਪ੍ਰਧਾਨ, ਸੁਖਵਿੰਦਰ ਸਿੰਘ ਕਾਕਾ, ਭੁਪਿੰਦਰ ਸਿੰਘ ਸੇਖੋਂ, ਮਨੋਹਰ ਲਾਲ, ਦਲਜੀਤ ਸਿੰਘ ਜੇ ਈ, ਪਰਮਜੀਤ ਸਿੰਘ ਚੀਮਾਂ, ਹਰਵਿੰਦਰ ਸਿੰਘ ਜੇ ਈ, ਅਮਰਜੀਤ ਸਿੰਘ ਛੀਨਾ, ਗੁਰਵਿੰਦਰ ਸਿੰਘ ਡਾਂਗੀਆਂ, ਜਸਵੰਤ ਸਿੰਘ ਲੀਲਾਂ ਤੇ ਮੋਹਣ ਸਿੰਘ ਆਦਿ ਸ਼ਾਮਲ ਸਨ।

# ਅਮਰੀਕ ਸਿੰਘ ਗੁਰਨੇ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ



**ਲਹਿਰਾਗਾਗਾ (ਪਵਨ ਸ਼ਰਮਾ)**
ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਲਹਿਰਾ-ਮੂਣਕ ਦੇ ਜਨਰਲ ਸਕੱਤਰ ਤੇ ਪਸਸਫ ਦੇ ਜ਼ਿਲ੍ਹਾ ਦਫਤਰ ਸਕੱਤਰ ਅਮਰੀਕ ਸਿੰਘ ਗੁਰਨੇ ਨੂੰ ਉਨ੍ਹਾਂ ਦੀ ਸੇਵਾ-ਮੁਕਤੀ 'ਤੇ ਸਮੂਹ ਮੁਲਾਜ਼ਮਾਂ ਤੇ ਜਥੇਬੰਦਕ ਆਗੂਆਂ ਨੇ ਨਿੱਘੀ ਵਦਾਇਗੀ ਦਿੱਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਫੀਲਡ ਵਰਕਰਜ਼ ਯੂਨੀਅਨ ਵੱਲੋਂ ਉਨ੍ਹਾਂ ਦੇ ਪਿੰਡ ਕੀਤੀ ਗਈ ਪ੍ਰਭਾਵਸ਼ਾਲੀ ਵਦਾਇਗੀ ਪਾਰਟੀ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮਾਲਵਿੰਦਰ ਸਿੰਘ ਸੰਧੂ ਤੇ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਚੰਗਾਲੀਵਾਲਾ ਨੇ ਕਿਹਾ ਕਿ ਅਮਰੀਕ ਗੁਰਨੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਦਾ ਇੱਕ ਬਹੁਤ ਹੀ ਜ਼ੁੰਮੇਵਾਰ ਆਗੂ ਚਲਿਆ ਆ ਰਿਹਾ ਹੈ। ਉਸ ਨੇ ਜਿੱਥੇ ਜਥੇਬੰਦੀ ਦੀ ਹਰ ਜ਼ੁੰਮੇਵਾਰੀ ਨਿਭਾਈ, ਉੱਥੇ ਨਾਲ ਬਤੌਰ ਇੱਕ ਪੰਪ ਉਪਰੇਟਰ ਵੱਖ-ਵੱਖ ਪਿੰਡਾਂ ਦੇ ਲੋਕਾਂ ਦੀ ਸੇਵਾ ਕੀਤੀ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜਥੇਬੰਦੀ ਦੇ ਸੂਬਾਈ ਆਗੂ ਜਸਵੀਰ ਖੋਖਰ, ਦਰਸ਼ਨ ਸਿੰਘ ਰੋਗਲਾ ਤੇ ਸਵਰਨ ਸਿੰਘ ਅਕਬਰਪੁਰ ਨੇ ਕਿਹਾ ਕਿ ਸਾਥੀ ਅਮਰੀਕ ਗੁਰਨੇ ਨੇ ਮੁਲਾਜ਼ਮਾਂ ਦੇ ਹਰ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ। ਭਰਾਤਰੀ ਜਥੇਬੰਦੀ ਟੈਕਨੀਕਲ ਐਂਡ ਮਕੈਨੀਕਲ ਯੂਨੀਅਨ ਦੇ ਆਗੂ ਬਲਜੀਤ ਬਡਰੁੱਖਾਂ ਤੇ ਉਜਾਗਰ ਸਿੰਘ ਜੱਗਾ ਨੇ ਅਮਰੀਕ ਗੁਰਨੇ ਨੂੰ ਮੁਬਾਰਕਬਾਦ ਕਹਿੰਦਿਆਂ ਦੱਸਿਆ ਕਿ ਉਹ ਹਮੇਸ਼ਾ ਸਾਂਝੇ ਸੰਘਰਸ਼ਾਂ ਦਾ ਮੁਦੱਈ ਰਿਹਾ।

ਇਸ ਮੌਕੇ ਫੀਲਡ ਆਗੂ ਮੇਜਰ ਭੁਟਾਲ, ਛੱਜੂ ਸ਼ਰਮਾ ਮਨਿਆਣਾ, ਬਾਵਾ ਸਿੰਘ ਗਾਗਾ, ਰਾਜਿੰਦਰ ਅਕੋਈ, ਦਰਸ਼ਨ ਸ਼ਰਮਾ, ਸਿਓਪਾਲ ਪਾਤੜਾਂ, ਮਾਸਟਰ ਹਰਭਗਵਾਨ ਗੁਰਨੇ, ਦੇਵੀ ਦਿਆਲ, ਸੁਖਦਰਸ਼ਨ, ਫਕੀਰ ਟਿੱਬਾ, ਬਲਜੀਤ ਬੀਤਾ, ਸਰਬਜੀਤ ਸੁਨਾਮ, ਜੰਗਲਾਤ ਕਾਮਿਆਂ ਦੇ ਆਗੂ ਜਸਵਿੰਦਰ ਗਾਗਾ, ਸਤਨਾਮ ਸੰਗਤੀਵਾਲਾ, ਰਾਣੋ ਖੇੜੀਗਿੱਲਾਂ, ਗੁਰਪ੍ਰੀਤ ਕੌਰ ਫੋਰੈਸਟ ਗਾਰਡ, ਰਾਕੇਸ਼ ਬਾਤਿਸ਼, ਜਸਵਿੰਦਰ ਪੰਜਾਬੀ ਤੇ ਪਿੰਡ ਦੇ ਸਰਪੰਚ ਰਵਿੰਦਰ ਰਿੰਕੂ ਅਤੇ ਬਲਾਕ ਸੰਮਤੀ ਮੈਂਬਰ ਸੁਖਜਿੰਦਰ ਨਿੱਕਾ ਨੇ ਵੀ ਸੰਬੋਧਨ ਕੀਤਾ। ਸਮਾਗਮ ਦੇ ਅਖੀਰ ਵਿੱਚ ਵੱਖ-ਵੱਖ ਆਗੂਆਂ ਤੇ ਜਥੇਬੰਦੀਆਂ ਨੇ ਅਮਰੀਕ ਗੁਰਨੇ ਤੇ ਉਨ੍ਹਾਂ ਦੀ ਜੀਵਨ ਸਾਥੀ ਵੀਰਪਾਲ ਕੌਰ ਦਾ ਸਨਮਾਨ ਕੀਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ।

# ਲੁੰਡੇਵਾਲਾ ਦੇ ਬਲਜੀਤ ਨੇ ਪ੍ਰੋਫੈਸ਼ਨਲ ਫਾਇਟ ਜਿੱਤ ਕੇ ਬਣਾਈ ਵੱਖਰੀ ਪਹਿਚਾਣ

## ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਨ ਦੀ ਲੋੜ



ਪ੍ਰੋਫੈਸ਼ਨਲ ਫਾਇਟ ਵਿੱਚ ਜੇਤੂ ਬਲਜੀਤ ਸਿੰਘ ਨੂੰ ਸਨਮਾਨਤ ਕਰਦੇ ਹੋਏ ਮੁੱਖ ਮਹਿਮਾਨ ਤੇ ਸੰਧੂ ਬਾਕਸਿੰਗ ਕਲੱਬ ਅਬੋਹਰ ਦੇ ਪ੍ਰਬੰਧਕ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**
ਹਲਕਾ ਗਿੱਦੜਬਾਹਾ ਦੇ ਪਿੰਡ ਲੁੰਡੇਵਾਲਾ ਦੇ ਬਲਜੀਤ ਨੇ ਬਾਕਸਿੰਗ ਵਧੀਆ ਪ੍ਰਦਰਸ਼ਨ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਜੀਤ ਬੌਕਸਰ ਦੇ ਕੋਚ ਬੌਕਸਰ ਪਵੀਨ ਬਾਦੀਆਂ ਨੇ ਦੱਸਿਆ ਕਿ ਬੀਤੇ ਦਿਨੀਂ ਸੰਧੂ ਬਾਕਸਿੰਗ ਕਲੱਬ ਅਬੋਹਰ ਵੱਲੋਂ ਪ੍ਰੋਫੈਸ਼ਨਲ ਫਾਇਟ ਬਾਕਸਿੰਗ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਸਾਡੀ ਅਕੈਡਮੀ ਦੇ ਸਟੂਡੈਂਟ ਪਿੰਡ ਲੁੰਡੇਵਾਲਾ ਦੇ ਬਲਜੀਤ ਬਾਕਸਰ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਬਲਜੀਤ ਬਾਕਸਰ ਆਸਟਰੇਲੀਆ, ਬੰਗਲਾਦੇਸ਼, ਥਾਈਲੈਂਡ ਵਰਗੇ ਦੇਸ਼ਾਂ ਵਿੱਚ ਆਪਣੀ ਖੇਡ ਦਾ ਲੋਹਾ ਮਨਵਾ ਚੁੱਕੇ ਹਨ। ਉਨ੍ਹਾ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਨ ਦੀ ਬਹੁਤ ਲੋੜ ਹੈ। ਉਨ੍ਹਾਂ ਆਸ ਪ੍ਰਗਟ ਕਰਦਿਆਂ ਕਿਹਾ ਕਿ ਬਲਜੀਤ ਆਉਣ ਵਾਲੇ ਸਮੇਂ ਵਿੱਚ ਬਾਕਸਿੰਗ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਕੇ ਨੌਜਵਾਨਾਂ ਲਈ ਰਾਹ ਦਸੇਰਾ ਬਣੇਗਾ।

ਇਸ ਮੌਕੇ ਬਲਜੀਤ ਬਾਕਸਰ ਨੇ ਆਪਣੇ ਕੋਚ ਪਰਵੀਨ ਕੁਮਾਰ ਬਾਦੀਆਂ, ਆਪਣੇ ਮਾਪਿਆਂ ਤੇ ਸਹਿਯੋਗੀਆਂ ਦਾ ਬਹੁਤ ਧੰਨਵਾਦ ਕੀਤਾ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਬਾਕਸਿੰਗ ਖੇਡ ਨੂੰ ਪ੍ਰਮੋਟ ਕਰਨ ਲਈ ਸਰਕਾਰ ਵੱਲੋਂ ਖਿਡਾਰੀਆਂ ਨੂੰ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਖਿਡਾਰੀ ਆਪਣਾ ਵਧੀਆ ਪ੍ਰਦਰਸ਼ਨ ਕਰਕੇ ਦੇਸ਼ ਲਈ ਮੈਡਲ ਜਿੱਤ ਕੇ ਲਿਆਉਣ।

# ਅੰਤ੍ਰਿਮ ਬਜਟ ਕਿਸਾਨ, ਮਜ਼ਦੂਰ ਤੇ ਆਮ ਲੋਕਾਂ ਵਿਰੋਧੀ : ਐੱਮ ਸੀ ਪੀ ਆਈ (ਯੂ)



**ਦੋਰਾਹਾ (ਹਰਮਿੰਦਰ ਸੇਠ)**-ਐੱਮ ਸੀ ਪੀ ਆਈ (ਯੂ) ਦੇ ਕੌਮੀ ਜਨਰਲ ਸਕੱਤਰ ਕਾਮਰੇਡ ਕੁਲਦੀਪ ਸਿੰਘ ਤੇ ਸੂਬਾ ਸਕੱਤਰ ਪਵਨ ਕੁਮਾਰ ਕੌਸ਼ਲ ਨੇ ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਯੂਨਾਇਟਡ) ਨੇ ਕੇਂਦਰ ਵੱਲੋਂ ਪੇਸ਼ ਕੀਤੇ ਅੰਤਰਿਮ ਬਜਟ ਉੱਪਰ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਇਸ ਅੰਤਰਿਮ ਬਜਟ ਨੂੰ ਦਿਸ਼ਾਹੀਣ ਤੇ ਚੁਣਾਵੀ ਬਜਟ ਹੈ। ਬਜਟ ਵਿੱਚ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਦੀ ਕੋਈ ਵਿਵਸਥਾ ਨਹੀਂ, ਸਬਸਿਡੀ ਦੇਣ ਲਈ ਅੱਤ ਦੀ ਮਹਿੰਗਾਈ ਅੰਦਰ ਮਜ਼ਦੂਰਾਂ ਤੇ ਆਮ ਲੋਕਾਂ ਲਈ ਕੋਈ ਰਾਹਤ ਨਹੀਂ, ਆਮਦਨ ਕਰ ਵਿੱਚ ਮੱਧ ਵਰਗ ਨੂੰ ਕੋਈ ਰਿਆਇਤ ਨਹੀਂ, ਸਨਅਤਾਂ ਲਈ, ਬੇਰੁਜ਼ਗਾਰੀ, ਮਹਿੰਗਾਈ ਦੂਰ ਕਰਨ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ। ਸਿਹਤ ਸਹੂਲਤਾਂ ਨੂੰ ਵੀ ਅਣਡਿੱਠ ਕੀਤਾ ਗਿਆ ਹੈ, ਹਾਂ ਕਾਰਪੋਰੇਟ ਖੇਤਰ ਲਈ ਕਾਰਪੋਰੇਟ ਟੈਕਸ 30% ਤੋਂ ਘਟਾ ਕੇ 22% ਅਤੇ ਕਈ ਕੰਪਨੀਆਂ ਲਈ 15% ਕਰ ਦਿੱਤਾ ਗਿਆ। ਦੇਸ਼ ਦੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 80 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਚੁੱਕਣ ਲਈ ਬਜਟ ਵਿੱਚ ਕੁੱਝ ਵੀ ਨਹੀਂ ਕਿਹਾ ਗਿਆ। ਕੁੱਲ ਮਿਲਾ ਕੇ ਬਜਟ ਕਿਸਾਨ, ਮਜ਼ਦੂਰ ਤੇ ਆਮ ਲੋਕ ਵਿਰੋਧੀ ਹੈ।

# ਕਿਰਤੀ ਕਾਲਜ 'ਚ ਬਿਜ਼ਨੈੱਸ ਤੇ ਕਿੱਤਾ ਚੁਣਨ ਲਈ ਵਰਕਸ਼ਾਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਵੱਲੋਂ ਡਿਪਾਰਟਮੈਂਟ ਆਫ ਹਾਇਰ ਐਜੂਕੇਸ਼ਨ ਪੰਜਾਬ ਦੇ ਆਦੇਸ਼ਾਂ ਮੁਤਾਬਕ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਐਂਟਰਪਰਨਿਉਰਸ਼ਿਪ ਉੱਪਰ ਵਰਕਸ਼ਾਪ ਦੇ ਅਖੀਰਲੇ ਦਿਨ ਲੈਕਚਰ ਕਰਵਾਇਆ ਗਿਆ।ਇਸ ਮੌਕੇ ਕਰੀਅਰ ਕੌਂਸਲਿੰਗ ਦੇ ਇੰਚਾਰਜ ਪ੍ਰੋ. ਰਮਨਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਬਿਜ਼ਨੈੱਸ ਤੇ ਕਿੱਤਾ ਚੁਣਨ ਲਈ ਆਈਡੀਆ ਜੈਨਰੇਸ਼ਨ ਤਹਿਤ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਅਖੀਰਲੇ ਦਿਨ ਪਾਤੜਾਂ ਸ਼ਹਿਰ ਦੇ ਬਿਜ਼ਨੈੱਸਮੈਨ ਸੰਤੋਸ਼ ਕੁਮਾਰ ਸਿੰਗਲਾ ਦਾ ਲੈਕਚਰ ਕਰਵਾਇਆ ਗਿਆ ਹੈ ।ਇਸ ਦੌਰਾਨ ਸੰਤੋਸ਼ ਕੁਮਾਰ ਸਿੰਗਲਾ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਕਿਹਾ ਕਿ ਜੇਕਰ ਸਰਕਾਰੀ ਨੌਕਰੀ ਦੀ ਥਾਂ ਕਿਸੇ ਬਿਜ਼ਨੈੱਸ ਨੂੰ ਸਥਾਪਤ ਕਰਨ ਲਈ ਇਹ ਜ਼ਰੂਰੀ ਨਹੀਂ ਹੁੰਦਾ ਕਿ ਬਹੁਤ ਸਾਰੇ ਪੈਸੇ ਲਗਾ ਕੇ ਕੰਮ ਕਰਨਾ ਹੁੰਦਾ ਹੈ। ਨੌਜਵਾਨ ਵਰਗ ਸਮਾਜ ਦੀ ਜ਼ਰੂਰਤ ਅਨੁਸਾਰ ਵੀ ਆਪਣਾ ਕੰਮ ਸ਼ੁਰੂ ਕਰ ਸਕਦੇ ਹਨ।ਇਸ ਮੌਕੇ ਵਿਦਿਆਰਥੀਆਂ ਨਾਲ ਖੁੱਲ੍ਹੇ ਰੂਪ ਵਿੱਚ ਚਰਚਾ ਕੀਤੀ ਤੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।ਇਸ ਪ੍ਰੋਗਰਾਮ ਦੌਰਾਨ ਕਾਲਜ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਰੀਅਰ ਕੌਂਸਲ ਕਮੇਟੀ ਵੱਲੋਂ ਵਿਦਿਆਰਥੀਆਂ ਲਈ ਕਿੱਤਾ ਚੁਣਨ ਲਈ ਵਰਕਸ਼ਾਪ ਲਗਾਈ ਗਈ ਹੈ, ਜਿਸ ਤੋਂ ਸੇਧ ਲੈ ਕੇ ਵਿਦਿਆਰਥੀ ਅੱਗੇ ਵਧਣ ਦੇ ਮੌਕੇ ਤਲਾਸ਼ਣਗੇ।

ਇਸ ਮੌਕੇ ਪ੍ਰੋ. ਮਨਿੰਦਰ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਦੱਸਿਆ ਕਿ ਇਸੇ ਲੜੀ ਤਹਿਤ ਵਿਦਿਆਰਥੀਆਂ ਵਿੱਚ 28 ਜਨਵਰੀ 2024 ਨੂੰ ਮੁਕਾਬਲੇ ਵੀ ਕਰਵਾਏ ਗਏ ਸੀ, ਜਿਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਸੀ।ਇਸ ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰੋ ਅਮ੍ਰਿਤਪਾਲ, ਪ੍ਰੋ. ਸੰਜੀਵ ਕੁਮਾਰ ਸਿੰਗਲਾ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਏ ਐੱਸ ਆਈ ਬਣਨ 'ਤੇ ਜੀਤ ਸਿੰਘ ਨੂੰ ਲਗਾਏ ਸਟਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਦੀ ਸਕਿਊਰਿਟੀ ਵਿੱਚ ਪਿਛਲੇ ਕਰੀਬ 12 ਸਾਲ ਤੋਂ ਡਿਊਟੀ ਕਰ ਰਹੇ ਜੀਤ ਸਿੰਘ ਨੂੰ ਹੌਲਦਾਰ ਤੋਂ ਬਤੌਰ ਏ.ਐੱਸ.ਆਈ. ਵਜੋਂ ਤਰੱਕੀ ਹੋਣ ਉਪਰੰਤ ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਤੇ ਕਮਿਸ਼ਨਰ ਨਗਰ ਨਿਗਮ ਸ਼੍ਰੀ ਰਾਹੁਲ ਵੱਲੋਂ ਉਨ੍ਹਾਂ ਦੇ ਮੋਢੇ 'ਤੇ ਸਟਾਰ ਲਗਾਏ ਗਏ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਨੇ ਏ.ਐੱਸ.ਆਈ. ਜੀਤ ਸਿੰਘ ਤਰੱਕੀ ਉਪਰੰਤ ਸਟਾਰ ਲਗਾਉਣ ਸਮੇਂ ਵਧਾਈ ਦਿੰਦਿਆਂ ਉਨ੍ਹਾਂ ਨੂੰ ਆਪਣੀ ਡਿਊਟੀ ਹੋਰ ਲਗਨ ਤੇ ਮੇਹਨਤ ਨਾਲ ਕਰਨ ਲਈ ਵੀ ਪ੍ਰੇਰਿਤ ਕੀਤਾ।ਜੀਤ ਸਿੰਘ ਸਾਲ 1999 ਦੌਰਾਨ ਬਤੌਰ ਸਿਪਾਹੀ ਭਰਤੀ ਹੋਏ ਸਨ ਤੇ ਪਿਛਲੇ ਕਰੀਬ 12 ਸਾਲਾਂ ਤੋਂ ਵੱਖ-ਵੱਖ ਡਿਪਟੀ ਕਮਿਸ਼ਨਰਾਂ ਨਾਲ ਸਕਿਊਰਿਟੀ ਵਜੋਂ ਆਪਣੀ ਡਿਊਟੀ ਨਿਭਾਉਂਦੇ ਆ ਰਹੇ ਹਨ।ਇਸ ਮੌਕੇ ਜਸਕਰਨ ਸਿੰਘ ਪੀ.ਐੱਸ.ਓ., ਨੈਬ ਸਿੰਘ, ਕੁਲਵੰਤ ਸਿੰਘ, ਸੁਖਜੀਤ ਸਿੰਘ ਤਿੰਨੋਂ ਏ.ਐੱਸ.ਆਈ. ਤੋਂ ਇਲਾਵਾ ਡਿਪਟੀ ਕਮਿਸ਼ਨਰ ਦਫ਼ਤਰ ਦਾ ਹੋਰ ਸਟਾਫ਼ ਮੌਜੂਦ ਸੀ।

# ਥਾਣਾ ਕੋਤਵਾਲੀ ਦੇ ਮੁਖੀ ਚੰਗੀ ਕਾਰਗੁਜ਼ਾਰੀ ਸਦਕਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਗੁਰਪ੍ਰੀਤ ਸਿੰਘ ਸਮਰਾਓ ਬਤੌਰ ਐੱਸ ਐੱਚ ਓ ਕੋਤਵਾਲੀ ਨਾਭਾ ਵੱਲੋਂ ਨਿੱਡਰਤਾ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦਿਆਂ ਜਿੱਥੇ ਚੋਰਾਂ, ਡਕੈਤਾਂ ਤੇ ਭੈੜੇ ਅਨਸਰਾਂ ਨੂੰ ਭਾਜੜਾਂ ਪਾ ਰੱਖੀਆਂ ਹਨ, ਉੱਥੇ ਹੀ ਬੀਤੇ ਦਿਨੀਂ ਭਿੱਖੀ ਮੋੜ 'ਤੇ ਇੱਕ ਗਾਰਮੈਂਟਸ ਦੀ ਦੁਕਾਨ ਦੇ ਜਿੰਦੇ ਤੋੜ ਕੇ ਲੁੱਟੀ ਗਈ ਸੀ, ਜਿਸ ਉਪਰੰਤ ਕੋਤਵਾਲੀ ਦੇ ਐੱਸ ਐੱਚ ਓ ਗੁਰਪ੍ਰੀਤ ਸਿੰਘ ਸਮਰਾਓ ਵੱਲੋਂ 24 ਘੰਟੇ ਅੰਦਰ ਚੋਰਾਂ ਨੂੰ ਫੜ ਕੇ ਹਵਾਲਾਤ ਵਿੱਚ ਬੰਦ ਕੀਤਾ ਗਿਆ।

ਰਵੀ ਸ਼ੰਕਰ ਨਾਮ ਦੇ ਵਿਅਕਤੀ ਦੁਕਾਨਦਾਰ ਨੂੰ ਲੁੱਟਿਆ ਹੋਇਆ ਸਾਮਾਨ ਵਾਪਸ ਦੇਣ ਦਾ ਭਰੋਸਾ ਜਤਾਉਂਦਿਆਂ ਕਿਹਾ ਕਿ ਕਨੂੰਨ ਵਿਵਸਥਾ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ ਤੇ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਮਾਤਾ ਰਾਣੀ ਮੰਦਰ ਕਮੇਟੀ ਪ੍ਰਧਾਨ ਪ੍ਰਵੀਨ ਮਿੱਤਲ ਗੋਗੀ, ਭਿੱਖੀ ਮੋੜ ਦੇ ਸਮੂਹ ਦੁਕਾਨਦਾਰ ਭਾਈਚਾਰੇ ਤੇ ਕੌਂਸਲਰ ਰੋਜ਼ੀ ਨਾਗਪਾਲ, ਦੀਪਕ ਨਾਗਪਾਲ ਸਮਾਜ ਸੇਵਕ ਵਾਰਡ ਨੰਬਰ 23 ਵੱਲੋਂ ਉਨ੍ਹਾ ਨੂੰ ਸ਼ਲਾਘਾਯੋਗ ਐਵਾਰਡ ਨਾਲ ਸਨਮਾਨਤ ਕਰਦਿਆਂ ਕਿਹਾ ਕਿ ਐੱਸ ਐੱਚ ਓ ਸਮਰਾਓ ਵੱਲੋਂ ਤਨਦੇਹੀ ਨਾਲ ਡਿਊਟੀ ਨਿਭਾਉਣ ਸਦਕਾ ਸ਼ਹਿਰ ਵਾਸੀਆਂ ਨੇ ਸੁੱਖ ਦਾ ਸਾਹ ਲਿਆ ਹੈ। ਇਸ ਮੌਕੇ ਪਰਵੀਨ ਮਿੱਤਲ, ਅਸ਼ਵਨੀ ਚੋਪੜਾ, ਨੀਰਜ ਪਪਨੇਜਾ, ਕੁਲਵਿੰਦਰ ਸਿੰਘ ਰਾਜੂ, ਅਭਿਸ਼ੇਕ ਬਾਂਸਲ, ਅਜੈ ਕੁਮਾਰ, ਰਮੇਸ਼ ਕੁਮਾਰ, ਅਸ਼ੋਕ ਅਰੋੜਾ, ਸੰਜੀਵ ਕੁਮਾਰ, ਰਵੀ ਸ਼ੰਕਰ, ਵਿਨੋਦ ਕਾਲੜਾ, ਪ੍ਰਦੀਪ ਚੋਪੜਾ, ਰਾਜੇਸ਼ ਗੁਪਤਾ, ਨਰੇਸ਼ ਕੁਮਾਰ, ਨੀਤਨ ਜੈਨ ਆਦਿ ਹਾਜ਼ਰ ਸਨ।

# ਦਮਦਮਾ ਸਾਹਿਬ ਕੈਂਪਸ ਵੱਲੋਂ ਪੰਜਾਬੀ 'ਵਰਸਿਟੀ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ



**ਤਲਵੰਡੀ ਸਾਬੋ (ਜਗਦੀਪ ਗਿੱਲ)**
ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਚ ਵਿੱਦਿਆ ਨੂੰ ਸਥਾਨਕ ਪੱਧਰ 'ਤੇ ਉਪਲੱਬਧ ਕਰਵਾਉਣ ਦੇ ਮਕਸਦ ਨਾਲ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਕੜੀ ਤਹਿਤ ਸਥਾਨਕ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਕਮਲਜੀਤ ਸਿੰਘ ਦੀ ਅਗਵਾਈ ਅਧੀਨ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਤੇ ਯਾਦਵਿੰਦਰਾ ਸਾਇੰਸ ਵਿਭਾਗ ਵੱਲੋਂ ਪਿੰਡਾਂ ਦੇ ਸਕੂਲੀ ਵਿਦਿਆਰਥੀਆਂ ਅੰਦਰ ਵਿਗਿਆਨ ਪ੍ਰਤੀ ਰੁਚੀ ਤੇ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨ ਦੇ ਮੰਤਵ ਨਾਲ ਹਰ ਸਾਲ ਦੀ ਤਰ੍ਹਾਂ ਲਗਾਤਾਰ ਸੱਤਵੀਂ ਵਾਰ 'ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ-2024' ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।ਇਸ ਪ੍ਰਤੀਯੋਗਤਾ ਲਈ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ ਕਲਾਸ ਵਿੱਚ ਪੜ੍ਹਦੇ 980 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਨ੍ਹਾਂ ਵਿੱਚੋਂ 490 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ।ਇਸ ਮੌਕੇ ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਸਕੂਲ ਦੇ ਅਧਿਆਪਕ ਤੇ ਮਾਪੇ ਵੀ ਮੌਜੂਦ ਸਨ। ਵਿਦਿਆਰਥੀਆਂ ਦੇ ਅੰਦਰ ਪੜ੍ਹਾਈ ਪ੍ਰਤੀ ਚੇਟਕ ਲਗਾਉਣ ਲਈ ਇਸ ਸਮੇਂ ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਦੇ ਕਿਤਾਬ ਘਰ ਵੱਲੋਂ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਗਿਆ।ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਬੀਬੀਵਾਲਾ, ਸਰਕਾਰੀ ਹਾਈ ਸਕੂਲ ਜਨਤਾ ਨਗਰ ਤੇ ਸਰਕਾਰੀ ਹਾਈ ਸਕੂਲ ਭਾਵਾ ਦੇ ਕਰੀਬ 300 ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਾ ਦੌਰਾ ਕੀਤਾ।

ਡਾ. ਅਸ਼ਵਨੀ ਨਰੂਲਾ ਤੇ ਡਾ. ਦਿਵਿਆ ਤਨੇਜਾ ਨੇ ਮਹਿਮਾਨ ਵਿਦਿਆਰਥੀਆਂ ਨੂੰ ਕੈਂਪਸ ਬਾਰੇ ਤੇ ਦਸਵੀਂ ਤੋਂ ਬਾਅਦ ਦੀ ਇੱਥੇ ਪੜ੍ਹਾਈ ਲਈ ਉਪਲੱਬਧ ਵੱਖ-ਵੱਖ ਇੰਜੀਨੀਅਰਿੰਗ ਕੋਰਸਾਂ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਦਾ ਪੂਰੇ ਕੈਂਪਸ ਦਾ ਟੂਰ ਵੀ ਲਗਵਾਇਆ ਗਿਆ।ਯਾਦਵਿੰਦਰਾ ਇੰਜਨੀਅਰਿੰਗ ਤੇ ਯਾਦਵਿੰਦਰਾ ਸਾਇੰਸਜ਼ ਵਿਭਾਗਾਂ ਦੇ ਮੁਖੀ ਕ੍ਰਮਵਾਰ ਡਾ. ਸਿੰਪਲ ਜਿੰਦਲ ਤੇ ਡਾ. ਅੰਜੂ ਸੈਣੀ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਸਰਕਾਰੀ ਸੀਨੀ. ਸੈਕੰ. ਸਕੂਲ ਗੰਢੂ ਕਲਾਂ ਦੀ ਵਿਦਿਆਰਥਣ ਜਸਮੀਨ ਜੱਸੀ ਨੇ 5000 ਰੁਪਏ ਦਾ ਪਹਿਲਾ ਨਕਦ ਇਨਾਮ ਜਿੱਤਿਆ, ਜਦਕਿ ਸਰਕਾਰੀ ਹਾਈ ਸਕੂਲ ਨਹੀਆਂ ਵਾਲਾ ਦੇ ਅਭਿਨਵ ਗਰਗ ਤੇ ਸਰਕਾਰੀ ਸੀਨੀ. ਸੈਕੰ. ਸਕੂਲ ਸ਼ੇਖਪੁਰਾ ਦੇ ਗੁਰਸੇਵਕ ਸਿੰਘ ਨੇ ਕ੍ਰਮਵਾਰ 3000 ਰੁਪਏ ਦਾ ਦੂਜਾ ਤੇ 2000 ਰੁਪਏ ਦਾ ਤੀਜਾ ਇਨਾਮ ਹਾਸਲ ਕੀਤਾ।ਇਸ ਤੋਂ ਇਲਾਵਾ ਅਗਲੀਆਂ ਵੀਹ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਨਕਦ ਇਨਾਮ ਨਾਲ ਸਨਮਾਨਤ ਕੀਤਾ ਗਿਆ।ਇਸ ਸਮਾਗਮ ਵਿੱਚ ਬਠਿੰਡਾ ਦੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ.) ਇਕਬਾਲ ਸਿੰਘ ਬੁੱਟਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਨਾਮ ਵੰਡ ਸਮਾਰੋਹ ਮੌਕੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ, ਪ੍ਰੋ. ਜਗਤਾਰ ਸਿੰਘ, ਪ੍ਰੋ. ਹਜ਼ੂਰ ਸਿੰਘ, ਪ੍ਰਤੀਯੋਗਤਾ ਦੇ ਕੋਆਰਡੀਨੇਟਰਜ ਡਾ. ਬਲਵਿੰਦਰ ਸਿੰਘ ਤੇ ਡਾ. ਬਲਜਿੰਦਰ ਕੌਰ, ਕੋ-ਕੋਆਰਡੀਨੇਟਰਜ਼ ਡਾ. ਸ਼ਰੂਤੀ ਸ਼ਰਮਾ ਤੇ ਡਾ. ਬਾਲ ਕ੍ਰਿਸ਼ਨ ਸਮੇਤ ਸਾਰੇ ਵਿਭਾਗਾਂ ਦੇ ਸਮੂਹ ਅਧਿਆਪਕ ਤੇ ਸਟਾਫ਼ ਮੈਂਬਰ ਸਾਹਿਬਾਨ ਹਾਜ਼ਰ ਸਨ।

# ਰਾਜੋਮਾਜਰਾ ਸਕੂਲ ਦੀ ਵੀਰਪਾਲ ਕੌਰ ਜ਼ਿਲ੍ਹਾ ਗਣਿਤ ਪ੍ਰਦਰਸ਼ਨੀ 'ਚੋਂ ਅੱਵਲ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਈ ਜਾ ਰਹੀ ਸਾਇੰਸ ਤੇ ਗਣਿਤ ਵਿਸ਼ਿਆਂ ਦੀ ਪ੍ਰਦਰਸ਼ਨੀ ਵਿੱਚ ਸਰਕਾਰੀ ਹਾਈ ਸਕੂਲ ਰਾਜੋਮਾਜਰਾ ਦੀ ਦਸਵੀਂ ਕਲਾਸ ਦੀ ਵਿਦਿਆਰਥਣ ਵੀਰਪਾਲ ਕੌਰ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਅੱਜ ਵਿਦਿਆਰਥਣ ਦੇ ਗਾਈਡ ਅਧਿਆਪਕ ਰੋਹਿਤ ਕੁਮਾਰ ਤੇ ਵਿਦਿਆਰਥਣ ਵੀਰਪਾਲ ਕੌਰ ਦਾ ਸਕੂਲ ਪੁੱਜਣ 'ਤੇ ਸਕੂਲ ਮੁਖੀ ਵਿਪਨ ਕੁਮਾਰ ਗਰਗ ਦੀ ਅਗਵਾਈ ਹੇਠ ਭਰਵਾਂ ਤੇ ਨਿੱਘਾ ਸਵਾਗਤ ਕਰਦਿਆਂ ਮੁਬਾਰਕਬਾਦ ਦਿੰਦਿਆਂ ਸਨਮਾਨ ਕੀਤਾ।ਗਣਿਤ ਮਾਸਟਰ ਰੋਹਿਤ ਕੁਮਾਰ ਨੇ ਦੱਸਿਆ ਕਿ ਇਸ ਵਿਦਿਆਰਥਣ ਨੇ ਪਹਿਲਾਂ ਬਲਾਕ ਪੱਧਰੀ ਪ੍ਰਦਰਸ਼ਨੀ ਵਿੱਚ ਵੀ ਅੱਵਲ ਰਹੀ ਤੇ ਹਾਲ ਹੀ ਦੌਰਾਨ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਮੁਕਾਬਲੇ ਵਿੱਚ ਵੀ ਇਸ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਲੈ ਕੇ ਸਕੂਲ ਤੇ ਇਲਾਕੇ ਦਾ ਨਾਮ ਚਮਕਾਇਆ ਹੈ।

## 5 ਨੂੰ ਜੰਡਿਆਲਾ ਗੁਰੂ 'ਚ ਪਲੇਸਮੈਂਟ ਕੈਂਪ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**- ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ 5 ਫਰਵਰੀ ਨੂੰ ਸਵੇਰੇ 9.30 ਵਜੇ ਜੰਡਿਆਲਾ ਗੁਰੂ ਵਿਖੇ ਪਲੇਸਮੈਂਟ ਕੈਂਪ, ਸਵੈਰੋਜ਼ਗਾਰ ਕੈਂਪ ਅਤੇ ਸਕਿੱਲ ਡਿਵੈਲਪਮੈਂਟ ਕੈਂਪ ਲਗਾਇਆ ਜਾਣਾ ਹੈ। ਜਿਸ ਵਿੱਚ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ, ਪੰਜਾਬ ਸਟੇਟ ਰੂਰਲ ਲਾਈਵਲੀਹੁਡ ਮਿਸ਼ਨ, ਜ਼ਿਲ੍ਹਾ ਉਦਯੋਗ ਕੇਂਦਰ, ਐਸ.ਸੀ ਕਾਰਪੋਰੇਸ਼ਨ ਅਤੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਅੰਮ੍ਰਿਤਸਰ ਜ਼ਿਲ੍ਹੇ ਦੇ ਵਿਭਾਗਾਂ ਵੱਲੋਂ ਭਾਗ ਲਿਆ ਜਾਣਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਨੀਲਮ ਮਹੇ, ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫਤਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਐਸ.ਬੀ.ਆਈ ਕ੍ਰੈਡਿਟ ਕਾਰਡ, ਫਲਿਪ ਕਾਰਟ, ਸਵਿਫਟ ਸਿਕਿਉਰਿਟੀ, ਸਤਿਅਮ ਮਾਈਕਰੋ ਕੈਪੀਟਲ, ਮੈਕਸੀਕਸ ਕੋਚਰਟੇਕ ਆਦਿ ਕੰਪਨੀਆਂ ਵੱਲੋਂ ਭਾਗ ਲਿਆ ਜਾਣਾ ਹੈ। ਜਿਸ ਵਿੱਚ ਦਸਵੀਂ ਤੋਂ ਲੈ ਕੇ ਗਰੈਜੂਏਸ਼ਨ ਪਾਸ ਬੱਚਿਆਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹੋਰ ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਅੰਮ੍ਰਿਤਸਰ ਅਤੇ ਮੋਬਾਇਲ ਨੰ. 9915789068 'ਤੇ ਕਿਸੇ ਵੀ ਕੰਮਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

## ਹਥਿਆਰਾਂ ਦੀ ਨੋਕ 'ਤੇ ਵਪਾਰੀ ਤੋਂ ਕਾਰ, ਸੋਨਾ ਤੇ ਨਗਦੀ ਲੁੱਟੀ



**ਪੱਟੀ, (ਬਲਦੇਵ ਸਿੰਘ ਸੰਧੂ /ਸਮਸੇਰ ਸਿੰਘ ਯੋਧਾ)** - ਬੀਤੀ ਰਾਤ ਨੂੰ ਪਿੰਡ ਧੱਤਲ ਦੇ ਨਜ਼ਦੀਕ ਅਣਪਛਾਤਿਆਂ ਨੇ ਕਾਰ ਸਵਾਰ ਵਪਾਰੀ ਨੂੰ ਨਿਸ਼ਾਨਾ ਬਣਾਉਂਦਿਆਂ ਹਥਿਆਰਾਂ ਦੀ ਨੋਕ ਤੇ ਕਾਰ, ਸੋਨਾ ਤੇ ਨਕਦੀ ਲੁੱਟ ਕੇ ਫਰਾਰ ਹੋ ਗਏ। ਥਾਣਾ ਸਰਹਾਲੀ ਦੀ ਪੁਲਸ ਨੇ ਪਰਚਾ ਦਰਜ ਕਰਕੇ ਮੁਲਜਮਾਂ ਦੀ ਭਾਲ ਲਈ ਇਲਾਕੇ ਭਰ ਦੇ ਕੈਮਰੈ ਖੰਘਾਲੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਬਟਾਲਾ ਵਾਸੀ ਰਜਿੰਦਰ ਕੁਮਾਰ ਆਪਣੇ ਕਾਰੋਬਾਰ ਦੇ ਸਬੰਧ ਚ ਫਿਰੋਜ਼ਪੁਰ ਤੋ ਵਾਪਸ ਆ ਰਿਹਾ ਸੀ ਕਿ ਪਿੰਡ ਧੱਤਲ ਕੋਲ ਆਪਣੇ ਕਾਰ ਅੱਗੇ ਕਾਰ ਰੋਕ ਕੇ 2 ਨਕਾਬਪੋਸ਼ਾਂ ਨੇ ਹਥਿਆਰ ਵਿਖਾ ਕੇ ਸਾਨੂੰ ਬਾਹਰ ਕੱਢ ਲਿਆ। ਪੀੜਤ ਨੇ ਦੱਸਿਆ ਕਿ ਹਮਲਾਵਰ ਬਰੀਜਾ ਕਾਰ, ਦੋ ਮੁੰਦਰੀਆਂ, 3 ਮੋਬਾਈਲ ਅਤੇ 30 ਹਜਾਰ ਨਕਦੀ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸਰਹਾਲੀ ਦੇ ਮੁਖ ਅਫਸਰ ਇੰਸਪੈਕਟਰ ਬਲਜੀਤ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਪੀੜਤ ਦੇ ਬਿਆਨਾਂ ਤੇ ਅਣਪਛਾਤਿਆਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਲਾਕੇ ਭਰ ਦੇ ਸੀਸੀਟੀਵੀ ਕੈਮਰੇ ਖੰਘਾਲੇ ਜਾ ਰਹੇ ਹਨ ਤੇ ਮੁਲਜਮ ਜਲਦੀ ਕਨੂੰਨੀ ਸ਼ਿਕੰਜੇ ਚ ਹੋਣਗੇ। ਉਧਰ ਕਿਸਾਨ ਆਗੂ ਸਵਰਨ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਟੋਲ ਪਲਾਜ਼ਾ ਤੇ ਹਰੀਕੇ ਪੱਤਣ ਤੱਕ ਤਿੰਨ ਥਾਣਿਆਂ ਦੀ ਹੱਦਬੰਦੀ ਲੱਗਦੀ ਹੈ ਪਰ ਰਾਤ ਵੇਲੇ ਕੋਈ ਵੀ ਨਾਕਾਬੰਦੀ ਨਾ ਹੋਣ ਕਰਕੇ 25 ਕਿਲੋਮੀਟਰ ਦਾ ਇਹ ਖੇਤਰ ਚੰਬਲ ਦੀ ਘਾਟੀ ਤੋ ਘੱਟ ਨਹੀ ਜਾਪਦਾ। ਉਨ੍ਹਾਂ ਕਿਹਾ ਕਿ ਤਿੰਨ ਥਾਣਿਆਂ ਨੂੰ ਤਿੰਨ ਥਾਵਾਂ ਤੇ ਨਾਕਾਬੰਦੀ ਯਕੀਨੀ ਬਣਾਉਣੀ ਚਾਹੀਦੀ ਹੈ।

## ਬੀ ਡੀ ਪੀ ਓ ਸੰਤੋਖ ਸਿੰਘ ਨੇ ਧਾਰੀਵਾਲ ਬਲਾਕ ਦਾ ਚਾਰਜ ਸੰਭਾਲਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਧਾਰੀਵਾਲ ਵਿੱਚ ਨਵੇਂ ਆਏ ਬੀ ਡੀ ਪੀ ਓ ਸੰਤੋਖ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਬੀ ਡੀ ਪੀ ਓ ਸੰਤੋਖ ਸਿੰਘ ਨੇ ਕਿਹਾ ਉਹ ਬਲਾਕ ਧਾਰੀਵਾਲ ਅੰਦਰ ਪੈਂਦੇ ਪਿੰਡਾਂ ਵਿੱਚ ਬਿਨਾਂ ਕਿਸੇ ਭੇਦਭਾਵ ਵਿਕਾਸ ਕੰਮ ਕਰਵਾਉਣ ਨੂੰ ਤਰਜੀਹ ਦੇਣਗੇ ਅਤੇ ਬਲਾਕ ਨਾਲ ਸਬੰਧਤ ਹਰੇਕ ਵਿਅਕਤੀ ਦਾ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਬਲਾਕ ਦੇ ਪਿੰਡਾਂ ਵਿੱਚ ਹੋਣ ਵਾਲੇ ਹਰੇਕ ਵਿਕਾਸ ਕਾਰਜ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇਗਾ ਅਤੇ ਕਿਸੇ ਵੀ ਵਿਕਾਸ ਕਾਰਜ ਵਿੱਚ ਕੋਈ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਸਮਾਜਕ ਸਿੱਖਿਆ ਅਤੇ ਪੰਚਾਇਤ ਅਫਸਰ (ਐਸ.ਈ.ਪੀ.ਓ) ਜਗਜੀਤ ਸਿੰਘ ਸਤਕੋਹਾ, ਪੰਚਾਇਤ ਅਫਸਰ ਹਰਦੇਵ ਸਿੰਘ, ਪੰਚਾਇਤ ਸੈਕਟਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਸੰਘਰ, ਸੀਨੀਅਰ ਸਹਾਇਕ ਅਮਰਜੀਤ ਸਿੰਘ ਬਾਜਵਾ, ਟੀ ਏ ਮੇਜਰ ਸਿੰਘ, ਕੰਪਿਊਟਰ ਅਪਰੇਟਰ ਪ੍ਰਿਤਪਾਲ ਕੌਰ ਪ੍ਰੀਤੀ, ਸੰਮਤੀ ਕਲਰਕ ਨਰਪਿੰਦਰ ਸਿੰਘ, ਸੀ ਏ ਸੁਮਨ ਕਾਲੀਆ, ਅਕਾਊਂਟ ਕਲਰਕ ਵਰਿੰਦਰ ਸਿੰਘ, ਗਰਾਮ ਰੋਜ਼ਗਾਰ ਸੇਵਕ (ਜੀ ਆਰ ਐਸ) ਭੁਪਿੰਦਰ ਸਿੰਘ, ਅਮਨਦੀਪ ਸਿੰਘ ਡਡਵਾ, ਜਸਕਰਨ ਸਿੰਘ, ਮੈਡਮ ਦੀਕਸ਼ਾ, ਮੈਡਮ ਵਿਸ਼ਾਲੀ, ਸੰਦੀਪ ਸਿੰਘ ਧਾਲੀਵਾਲ (ਸਾਰੇ ਜੀ ਆਰ ਐਸ), ਸੇਵਾਦਾਰ ਕਮਲਾ ਦੇਵੀ, ਸੁਖਵਿੰਦਰ ਸਿੰਘ, ਕੁਲਜੀਤ ਸਿੰਘ ਚਾਹਲ, ਕਵਲਜੀਤ ਸਿੰਘ, ਓਮ ਪ੍ਰਕਾਸ਼, ਰਾਜਬੀਰ ਸਿੰਘ ਆਦਿ ਹਾਜ਼ਰ ਸਨ।

# ਕਲਾਸੀਫਾਈਡ ਇਸ਼ਤਿਹਾਰ

### Public Notice

I, Swaranjit Kaur W/o Kishan Singh R/o H.No. 25, Gali No. 02, Ghai Nagar, Basti Sheikh Jalandhar declare that my correct name is Swaranjit Kaur instead of Swarnjit Kaur and my correct DOB is 30.08.1947. (9337)

Doaba College Jalandhar : Tenders are invited for College Cycle Stand and Canteen for 2024-25. Experienced contractors should send their tenders in sealed envelops within 7 days to the office of undersigned. Principal Dr. Pardeep Bhandari.

### ਕੰਨਿਆ ਦੀ ਲੋੜ

ਛਿੰਬਾ ਲੜਕਾ ਉਮਰ 36 ਸਾਲ ਕੱਦ 5 ਫੁੱਟ 7 ਇੰਚ ਪ੍ਰਾਈਵੇਟ ਨੌਕਰੀ ਅਤੇ ਆਪਣੀ ਦੁਕਾਨਾਂ ਲੁਧਿਆਣਾ ਸਿਟੀ ਭਰਾ ਅਤੇ ਭਾਬੀ ਅਗਲੇ ਮਹੀਨੇ ਕੈਨੇਡਾ ਜਾ ਰਹੇ ਹਨ। ਇੱਕ ਭੈਣ ਵਿਆਹੀ ਯੂਰਪ 'ਚ ਸੈਟਲ ਹੈ। ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੇਵਲ ਵਟਸਐਪ ਨੰ. 004369-910560706, 9464231212

### ਆਮ ਸੂਚਨਾ

ਸਰਬਜੀਤ ਕੌਰ ਉਰਫ ਅੰਜੂ ਪਤਨੀ ਅਵਤਾਰ ਸਿੰਘ ਵਾਸੀ ਵਾਰਡ ਨੰਬਰ 3, ਪਿੰਡ ਤੇ ਡਾਕ. ਬੇਗੋਵਾਲ, ਤਹਿ. ਭੁਲੱਥ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੈਂ ਸਾਜਨ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਧਕੜਾ, ਤਹਿ. ਭੁਲੱਥ, ਜ਼ਿਲ੍ਹਾ ਕਪੂਰਥਲਾ ਨੂੰ ਬਤੌਰ ਡਰਾਈਵਰ ਨੌਕਰੀ 'ਤੇ ਰੱਖਿਆ ਸੀ, ਜਿਸਨੂੰ ਹੁਣ ਨੌਕਰੀ ਤੋਂ ਕੱਢ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਊਸ਼ਾ ਸ਼ਰਮਾ ਪਤਨੀ ਸਵਰਗੀ ਸੁਭਾਸ਼ ਕੁਮਾਰ ਸ਼ਰਮਾ ਵਾਸੀ ਮਕਾਨ ਨੰ. 93, ਗੁਰਜੀਤ ਨਗਰ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੇ ਬੇਟੇ ਰਾਕੇਸ਼ ਕੁਮਾਰ ਅਤੇ ਉਸ ਦੀ ਪਤਨੀ ਵਨੀਤਾ ਸ਼ਰਮਾ ਨੂੰ ਬੇਦਖਲ ਕਰ ਦਿੱਤਾ ਸੀ। ਹੁਣ ਸਿਰਫ ਰਾਕੇਸ਼ ਕੁਮਾਰ ਮੇਰੇ ਕਹਿਣੇ ਵਿੱਚ ਹੈ। ਮੈਂ ਉਸ ਦੀ ਬੇਦਖਲੀ ਖਾਰਜ ਕਰਦੀ ਹਾਂ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਊਸ਼ਾ ਸ਼ੋਰੀ ਸ਼ਰਮਾ ਪੁੱਤਰੀ ਸ਼੍ਰੀ ਜਗਨ ਨਾਥ ਵਾਸੀ ਮਕਾਨ ਨੰ.1847/18, ਮੰਦਰ ਵਾਲੀ ਗਲੀ ਨਜ਼ਦੀਕ ਮਹਾਂਕਾਲੀ, ਗਲੀ ਨੰ.1, ਗੋਪਾਲ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਮੁਤਬੰਨਾ ਲੜਕਾ ਵਿਕਾਸ ਸ਼ੋਰੀ ਅਤੇ ਉਸਦੀ ਪਤਨੀ ਭਾਵਨਾ ਬਾਵਾ ਸ਼ੋਰੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਆਪਣੀਆਂ ਮਨਮਰਜੀਆਂ ਕਰਦੇ ਹਨ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੇ ਬੇਟੇ ਸੁਰਯਮ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ, ਨਿਰਮਲ ਸਿੰਘ ਪੁੱਤਰ ਸ਼੍ਰੀ ਬਿਸ਼ਨ ਸਿੰਘ ਅਤੇ ਸੁਰਜੀਤ ਕੌਰ ਪਤਨੀ ਨਿਰਮਲ ਸਿੰਘ ਵਾਸੀ ਮਾਡਲ ਟਾਊਨ, ਫੌਜੀ ਕਾਲੋਨੀ, ਉੜਮੁੜ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਮਰੀਕ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ/ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਿਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹੰਸ ਰਾਜ ਪੁੱਤਰ ਗੰਗਾ ਰਾਮ ਵਾਸੀ ਮਕਾਨ ਨੰ. 509/13, ਗਲੀ ਗੁਜਰਾਂ ਵਾਲੀ, ਲੋਹਗੜ੍ਹ ਗੇਟ, ਦੁਰਗਿਆਣਾ ਮੰਦਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਾਗਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਗੁਰਦਿਆਲ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਮਹਿਮਦਵਾਲਾ, ਡਾਕ. ਖੀਰਾਂਵਾਲੀ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੀ ਨੂੰਹ ਗੁਰਪਿੰਦਰ ਕੌਰ ਪਤਨੀ ਜਤਿੰਦਰ ਸਿੰਘ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੁਖਨੈਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਵਾਰਡ ਨੰਬਰ 13, ਪਿੰਡ ਤੇ ਡਾਕ. ਭੁਲੱਥ, ਜ਼ਿਲ੍ਹਾ ਕਪੂਰਥਲਾ ਆਪਣੀ ਮਤਬੰਨੀ ਲੜਕੀ ਜਸਮੀਨ ਕੌਰ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਭਜਨ ਕੌਰ ਪਤਨੀ ਨਿਰਮਲ ਦਾਸ ਵਾਸੀ ਮਾਹਲ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਕੁਮਾਰ ਵਾ ਮੇਰੀ ਨੂੰਹ ਰੱਜੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਮਨਪ੍ਰੀਤ ਕੁਮਾਰ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਤਨਾਮ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ:- ਪਿੰਡ ਬਹਾਦਰਪੁਰ, ਤਹਿਸੀਲ ਬਟਾਲਾ, ਜ਼ਿ੍ਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਵਿੰਦਰ ਸਿੰਘ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਰਵਿੰਦਰ ਸਿੰਘ ਨੂੰ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ ਜਸਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਸੁਨੀਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਪਤਨੀ ਜਸਵਿੰਦਰ ਕੌਰ ਮੇਰੇ ਤੋਂ ਅਲੱਗ ਰਹਿੰਦੀ ਹੈ ਅਤੇ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ। ਮੈਂ ਆਪਣੀ ਪਤਨੀ ਜਸਵਿੰਦਰ ਕੌਰ ਨੂੰ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਸ ਨਾਲ ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਅਸੀਂ ਆਸ਼ਾ ਰਾਣੀ ਪਤਨੀ ਮਹਿੰਦਰ ਲਾਲ ਅਤੇ ਮਹਿੰਦਰ ਲਾਲ ਪੁੱਤਰ ਸ੍ਰੀ ਸੰਦਰ ਦਾਸ ਵਾਸੀ ਰੰਧਾਵਾ ਮਸੰਦਾ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਜਿੰਦਰ ਕੁਮਾਰ ਤੇ ਇਸ ਦੀ ਪਤਨੀ ਅਮਨਜੋਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਾਜੀਵ ਕੁਮਾਰ ਪੁੱਤਰ ਧਰਮਵੀਰ ਵਾਸੀ ਬੀ-1-217, ਆਨੰਦ ਨਗਰ, ਮਕਸੂਦਾਂ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਿਨਾਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, Paramjit Singh ਪੁੱਤਰ ਹਰਦੇਵ ਸਿੰਘ, ਵਾਸੀ ਧੂਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Parmjeet Singh ਰੱਖ ਲਿਆ ਹੈ।

ਮੈਂ, ਇੰਦਰ ਸੈਨ ਪੁੱਤਰ ਓਮ ਪ੍ਰਕਾਸ਼, ਵਾਸੀ 12-ਏ/74ਏ, ਵਾਰਡ ਨੰਬਰ 12, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਇੰਦਰ ਸੈਨ ਸਿੰਗਲਾ ਰੱਖ ਲਿਆ ਹੈ।

ਮੈਂ, ਲਿਵਤਾਰ ਸਿੰਘ ਬਿਲਿੰਗ ਪੁੱਤਰ ਰਾਮ ਸਿੰਘ, ਵਾਸੀ ਪਿੰਡ ਢਢੋਗਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਲਿਵਤਾਰ ਸਿੰਘ ਰੱਖ ਲਿਆ ਹੈ।

ਮੈਂ, ਬਲਿਹਾਰ ਸਿੰਘ ਪੁੱਤਰ ਭਜਨ ਸਿੰਘ ਪਿੰਡ ਤੇ ਡਾਕਖਾਨਾ ਮੰਢਾਲੀ ਤਹਿ: ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਹਾਂ। ਮੈਂ ਆਪਣੀ ਲੜਕੀ ਜਨੰਤ ਦਾ ਨਾਮ ਜਨੰਤ ਤੋਂ ਬਦਲ ਕੇ ਜਨੰਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਅਮਨਦੀਪ ਪੁੱਤਰ ਸ੍ਰੀ ਸਾਲਿਗ ਰਾਮ ਵਾਸੀ ਮਕਾਨ ਨੰ. 108/11, ਮੁਹੱਲਾ ਨਵੀਪੁਰ, ਡਾਕਖਾਨਾ ਅਲਾਵਲਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਅਮਨਦੀਪ ਤੋਂ ਬਦਲ ਕੇ ਅਮਨਦੀਪ ਅਮਨਦੀਪ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਗੌਰਵ ਪੁੱਤਰ ਦੌਲਤ ਰਾਮ ਵਾਸੀ 5433/19, ਈਦਗਾਹ ਸਕੂਲ ਵਾਲੀ ਗਲੀ, ਡੈਮਗੰਜ, ਡਾਕਖਾਨਾ ਨਵਾਂ ਕੋਟ, ਅੰਮ੍ਰਿਤਸਰ ਨੇ ਆਪਣਾ ਨਾਂਅ ਗੌਰਵ ਤੋਂ ਬਦਲ ਕੇ ਗੌਰਵ ਕੁਮਾਰ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

### Change of Name

I, Avtar Singh S/o Ajaib Singh R/o Khapar Kheri, Tehsil & Distt. Amritsar, Punjab have changed my name from Avtar Singh to Avtar Singh Dhillon. Concerned note.

I, Chittarlekha Chawla W/o Balbir Singh Chawla R/o H.No.3, Chawla House, Tagore Colony, Mall Road, Amritsar, Punjab have changed my name from Chittarlekha Chawla to Chitralekha Chawla. Concerned note.

I, Hashpal S/o Sh. Darshan Ram R/o Vill. Nagar, Tehsil, Phillaur, Distt. Jalandhar, have changed my name from Hashpal to Hashpal Bhatti, All concerned please note. (9339)

I, Amandeep Kaur W/o Jatinder Pal Singh Galhotra D/o Inder Pal Singh R/o H.No. 65, Lane No. 3, Friends Colony, Khurla, Jalandhar, Punjab, India have changed my name from Amandeep Kaur to Amandeep Kaur Galhotra after marriage. All concerned please note.

I, Anil Kumar A/s Anil Kundra S/o Sh Tilak Raj Kundra R/o W X 230 Basti Nau,Jalandhar have changed my name from Anil Kumar A/s Anil Kundra to Anil Kundra. All please note.

I, Pawandeep Kaur D/o Lakhvir Chand R/o Village Sand, PO. Bagga, Tehsil Shahkot, Distt. Jalandhar, Punjab, India have changed my name from Pawandeep to Pawandeep Kaur. All concerned please note.

I, Lashmi Kumari W/O Jatinder Pal Singh, D/O Harminder Singh, R/O V.p.o. Kanjali, Distt. Kapurthala, Punjab, Declare That I Have Change My Name From Lashmi To Lashmi Kumari. Concerned Note Please.

I vishal S/O amarjit singh R/O bassi purana ,Distt. hoshiarpur, Punjab. Have changed my name from vishal to vishal kumar . All concerned, please note .

I,Jasbeer Kaur W/O Sawinder Singh R/O H.No.319,Village Pandori Waraich,Amritsar, Punjab have changed my name from Jasbeer Kaur to Jasbir Kaur.Concerned note.

I, Roopa D/o Harmesh Lal R/o Village & PO Dihana, Tehsil Garhshankar Distt. Hoshiarpur Punjab have changed my name from Roopa to Roopa Rani. Concerned note.

I, Sarabjit Singh s/o Avtar Singh r/o VPO Khokhar Faujjian Tehsil Batala Distt Gurdaspur have changed my name from Sarbjit Singh to Sarabjit Singh. Concerned note.

I, Amita W/o Sanjeev Kochhar R/o 16, Loharka Road, Imprial City Amritsar have changed my name from Amita to Amita Kochhar

I Gurdip Kaur W/o Gurjit Singh Resident of 2501/1, Gali Mirza, Opp. State Bank of India, Mahan Singh Gate, Amritsar. I have changed my name from Gurdip Kaur to Gurdeep Kaur.

I Snohi Handa D/o Sh. Vinod Kumar Handa W/o Sh. Gautam Umat R/o 1273, Gali Kaddan wali, Khoo Bomaby wala, Amritsar-I, Amritsar. I have changed my name after marriage Snohi Handa to Snohi Umat.

I, Sangeeta Choudhary W/o Pritpal Singh R/o H.No.303 By Pass Road, Garden Enclave Amritsar have declare that my father was known by two name Bishmber Nathj Sharma and Bishambar Nath one and same person

I, Jagdish Chander S/O Birbal R/O 471/23, Gali No.1, Batala Road, New Jawahar Nagar, Amritsar Have Changed My Name From Jagdish Chander To Jagdish Chand.

I, Paramjit Kaur W/o Diwan Singh R/o H.No.240, New Azad Nagar, Sultanwind Road, Amritsar have changed my name from Paramjit Kaur to Parmjit Kaur

I, Harmanpreet Kaur Gill D/O Jagtar Singh Gill R/O H.no.c-338, New Partap Nagar, Sultanwind Road, Amritsar Have Changed My Name As Harmanpreet Kaur, All Please Note It.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਕ੍ਰੋਮਾ ਨੇ ਪੰਜਾਬ 'ਚ 9 ਨਵੇਂ ਸਟੋਰ ਲਾਂਚ ਕੀਤੇ

ਬਠਿੰਡਾ: ਭਾਰਤ ਦੇ ਪਹਿਲੇ ਅਤੇ ਭਰੋਸੇਮੰਦ ਓਮਨੀ-ਚੈਨਲ ਇਲੈਕਟ੍ਰੋਨਿਕਸ ਰਿਟੇਲਰ ਅਤੇ ਟਾਟਾ ਗਰੁੱਪ ਦੇ ਮੈਂਬਰ, ਕ੍ਰੋਮਾ ਨੇ ਆਪਣੇ ਰਣਨੀਤਕ ਪ੍ਰਚੂਨ ਵਿਸਤਾਰ ਕਦਮ ਦੇ ਹਿੱਸੇ ਵਜੋਂ ਪੰਜਾਬ ਵਿੱਚ ਨੌਂ ਨਵੇਂ ਸਟੋਰ ਲਾਂਚ ਕੀਤੇ ਹਨ। ਹੁਣ ਪੰਜਾਬ ਵਿੱਚ ਕੁੱਲ 19 ਕ੍ਰੋਮਾ ਸਟੋਰ ਹਨ। ਖੇਤਰ ਦੇ ਸਾਰੇ ਸ਼ਹਿਰਾਂ ਦੇ ਵਸਨੀਕਾਂ ਨੂੰ ਗੈਜੇਟਸ ਦੀ ਵਿਭਿੰਨ ਸ਼੍ਰੇਣੀ ਦੀ ਪੇਸ਼ਕਸ਼ ਕਰਦੇ ਹੋਏ ਨਵੀਨਤਮ ਤਕਨਾਲੋਜੀ ਦੇ ਨਾਲ ਇੱਕ ਵਿਸਤ੍ਰਿਤ ਖਰੀਦਦਾਰੀ ਅਨੁਭਵ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਪ੍ਰਚੂਨ ਵਿਸਤਾਰ ਕੀਤਾ ਜਾ ਰਿਹਾ ਹੈ।

### Court Notice

(U/o 5 Rule 20 CPC)
In the Court of
**Sh. Gurkiran Singh**
Civil Judge Junior
Division-3, Patiala
CNR No. PBPT 02-000680-2023 Next Date ; 19-02-2024
Amarjit Kaur vs. Wazir Singh

Publication Issued to : Wazir Singh S/o Babu Singh S/o Raunak Singh through LRS Harpreet Kaur, Harsimran Kaur and Varinder Kaur D/o Wazir Singh R/o MIG 5927 Phase II Urban Estate, Patiala.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 19-02-2024 at 10.00 a.m.

For details logon to https://highcourtchd.gov.in/?trs=district_notice&district=Patiala.

Civil Judge Junior
Division-3, Patiala.
Dated, this day of 03-02-2024

## ਗੁਰਦੁਆਰਾ ਪਹੂਵਿੰਡ ਸਾਹਿਬ ਅੰਦਰ ਵਾਪਰੀ ਘਟਨਾ ਗਿਣੀ-ਮਿਥੀ ਸਾਜ਼ਿਸ਼ : ਕੈਪਟਨ ਬਿਕਰਮਾਜੀਤ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਇਤਿਹਾਸਕ ਨਗਰ ਪਿੰਡ ਪਹੂਵਿੰਡ ਵਿਖੇ ਮਨਾਏ ਜਾ ਰਹੇ ਜੋੜ ਮੇਲੇ ਦੌਰਾਨ ਕੁਝ ਕੁ ਨੌਜਵਾਨਾਂ ਵੱਲੋਂ ਸੋਸ਼ਲ ਮੀਡੀਆ 'ਤੇ ਤੋੜ ਮਰੋੜ ਕੇ ਪੇਸ਼ ਕੀਤੀ ਗਈ ਵੀਡੀਓ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਉਤਾਰਨ ਦੇ ਇਲਜ਼ਾਮ ਲਗਾ ਕੇ ਖੜ੍ਹਾ ਕੀਤਾ ਗਿਆ ਵਿਵਾਦ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸੀ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸ਼ਹੀਦ ਬਾਬਾ ਦੀਪ ਸਿੰਘ ਜੀ ਫਾਊਂਡੇਸ਼ਨ ਦੇ ਜਨਰਲ ਸਕੱਤਰ ਤੇ ਸ਼ੌਰਿਆ ਚੱਕਰ ਵਿਜੇਤਾ ਕੈਪਟਨ ਬਿਕਰਮਾਜੀਤ ਸਿੰਘ ਨੇ ਗੁਰਦੁਆਰਾ ਪਹੂਵਿੰਡ ਸਾਹਿਬ ਵਿਖੇ ਰੱਖੀ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਕੈਪਟਨ ਬਿਕਰਮਾਜੀਤ ਸਿੰਘ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਸੋਸ਼ਲ ਮੀਡੀਆ 'ਤੇ ਤੋੜ ਮਰੋੜ ਕੇ ਪੇਸ਼ ਕੀਤੀ ਗਈ ਵੀਡੀਓ ਦਾ ਮਕਸਦ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਢਾਹ ਲਗਾਉਣਾ ਸੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਨਲ ਹਰੀਸਿਮਰਨ ਸਿੰਘ ਨੇ ਆਪਣੀ ਨੇਕ ਕਮਾਈ ਵਿੱਚੋਂ ਇੱਕ ਕਰੋੜ ਰੁਪਏ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੀ ਸੇਵਾ ਅਤੇ ਬਾਬਾ ਦੀਪ ਸਿੰਘ ਜੀ ਮੈਮੋਰੀਅਲ ਹਸਪਤਾਲ ਦੀ ਉਸਾਰੀ ਲਈ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਰਨਲ ਹਰੀਸਿਮਰਨ ਸਿੰਘ ਵੱਲੋਂ ਨੌਜਵਾਨਾਂ ਨੂੰ ਜੋੜਿਆਂ ਵਾਲੀ ਥਾਂ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਹਟਾਉਣ ਲਈ ਆਖਿਆ ਗਿਆ ਸੀ, ਪ੍ਰੰਤੂ ਉਨ੍ਹਾਂ ਨੌਜਵਾਨਾਂ ਨੇ ਕਰਨਲ ਹਰੀਸਿਮਰਨ ਸਿੰਘ ਵੱਲੋਂ ਕਹੀਆਂ ਗੱਲਾਂ ਨੂੰ ਵੀਡੀਓ ਵਿੱਚ ਤੋੜ ਮਰੋੜ ਕੇ ਧਾਰਮਿਕ ਮੁੱਦਾ ਬਣਾ ਦਿੱਤਾ। ਇਸ ਮੌਕੇ ਪੱਤਰਕਾਰਾਂ ਸਾਹਮਣੇ ਕੁਝ ਤਸਵੀਰਾਂ ਪੇਸ਼ ਕਰਦਿਆਂ ਕੈਪਟਨ ਬਿਕਰਮਾਜੀਤ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਤੱਥਾਂ ਨਾਲ ਛੇੜਛਾੜ ਕਰਕੇ ਪੇਸ਼ ਕੀਤੀ ਗਈ ਵੀਡੀਓ ਤੋਂ ਪ੍ਰੇਰਿਤ ਹੋ ਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ 'ਤੇ ਬੇਅਦਬੀ ਕਰਨ ਦਾ ਇਲਜ਼ਾਮ ਲਗਾਉਣ ਵਾਲੇ ਧਾਰਮਿਕ ਆਗੂਆਂ ਨੇ ਗੁਰਦੁਆਰਾ ਸਾਹਿਬ ਅੰਦਰ ਬਾਬਾ ਦੀਪ ਸਿੰਘ ਜੀ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਪੈਰਾਂ ਵਿੱਚ ਰੱਖ ਕੇ ਖੁਦ ਬੇਅਦਬੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਲਗਾਏ ਗਏ ਬੇਅਦਬੀ ਦੇ ਇਲਜ਼ਾਮ ਝੂਠੇ ਤੇ ਬੇਬੁਨਿਆਦ ਸਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸੁਚੱਜੇ ਢੰਗ ਨਾਲ ਸਾਰੇ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਨਲ ਹਰੀਸਿਮਰਨ ਸਿੰਘ ਸੰਧੂ, ਫਤਹਿਯਾਬ ਸਿੰਘ, ਭਾਈ ਹਰਮਿੰਦਰ ਸਿੰਘ, ਬਾਬਾ ਕੁਲਵੰਤ ਸਿੰਘ, ਕੈਪਟਨ ਬਲਵੰਤ ਸਿੰਘ, ਮੈਨੇਜਰ ਪ੍ਰਭਜੋਤ ਸਿੰਘ, ਸੁਖਜੀਤ ਸਿੰਘ ਰੋਜੀ, ਜੋਗਾ ਸਿੰਘ, ਚਰਨਜੀਤ ਸਿੰਘ ਹੀਰਾ, ਠੇਕੇਦਾਰ ਰਾਮ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਜਗਜੀਵਨ ਸਿੰਘ, ਚਰਨ ਸਿੰਘ, ਮੁੱਖਪਾਲ ਸਿੰਘ, ਦਰਬਾਰਾ ਸਿੰਘ, ਰਣਧੀਰ ਸਿੰਘ, ਗੁਰਦੀਸ਼ਪਾਲ ਸਿੰਘ, ਵਿਰਸਾ ਸਿੰਘ, ਕਾਮਰੇਡ ਭੋਲਾ, ਸੋਨੂੰ ਸਾਂਡਪੁਰਾ, ਚਰਨਜੀਤ ਸਿੰਘ ਭਿੱਖੀਵਿੰਡ ਆਦਿ ਹਾਜ਼ਰ ਸਨ।

### ਉਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**
**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤ੍ਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|
| 62245067 | Supply, Installation, commissioning & Proving out of one set of Rotary Screw Air Compressor, Electrical Driven, Capacity 500 +- 30 CFM 7.5 Kg/cm2 as per ASRW specification is mentioned in Bid Document Part-II | 01 Nos. | 29.02.2024 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜ਼ਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

ਟੈਂਡਰ ਨੋਟਿਸ ਨੰ. : 19/2023-24 ਤਾਰੀਕ: 03.02.2024 378/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### COURT NOTICE

(U/o 5 Rule 20 CPC)
In the Court of
**Ms. Supreet Kaur-I,**
Civil Judge (Junior Division), Ludhiana
CNR No. PBLD02-008509-2022
Next Date : 28-02-2024
**Punjab National Bank**
vs.
**Avtar Singh**

Publication Issued to : Avtar Singh S/o Mujjagar Singh R/o Dalon Kalan, Tehsil nd Distt. Ludhiana.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 28-02-2024 at 10.00 a.m.

For details logon to https://highcourtchd.gov.in/?trs_notice&district._Ludhiana

Civil Judge (Junior Division),
Ludhiana.
Dated, this day of 01-02-2024

### COURT NOTICE

District and Sessions Courts, SAS Nagar
In the Court of
**Sh. Barjinder Pal Singh,**
Principal Judge, Family Court S A S Nagar
PBSA 01-008619-2022
**Puneet Randhawa Deo**
vs.
**Palwinder Singh**
Case No. MNT 125/83/2022

Petition U/S 125 CRPC for Grant of Permanent Maintenance of Rs. 60,000/- Per Month (I.E. Rs. 20,000/- Per Month Each to the Petitioners) along with Litigation & Miscellaneous Expenses to the Tune or Rs. 50,000/- and Compensation of Rs. 25,00,000/- to The Petitioners Account of Physical Harassment and Mental Agony Suffered by them.

Notice to :
Palwinder Singh S/o Late Amrik Singh, R/o House No. B/17/363, Opposite Octroi Post, Nalwa Bridge, Near ITI College, Pathankot, Punjab

In above titled case, the accused could not be served. It is ordered that accused should appear in person through counsel on 06-04-2024 at 10.00 a.m.

For details logon to https://highcourtchd.gov.in/?trs=district_notice&district=mohali.

Principal Judge, Family Court,
S A S Nagar.
Dated, this day of 31-01-2024

### ਨੋਟਿਸ

ਦੀ ਰੰਧਾਵਾ ਮਸੰਦਾਂ ਕੋਆਪ੍ਰੇਟਿਵ ਐਗਰੀਕਲਚਰ ਮਲਟੀਪਰਪਜ਼ ਸਰਵਿਸ ਸੁਸਾਇਟੀ ਲਿਮਟਿਡ ਰੰਧਾਵਾ ਮਸੰਦਾਂ ਜਲੰਧਰ ਦੇ ਸਾਰੇ ਹਿੱਸੇਦਾਰਾਂ/ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਏ ਜਾਣ ਲਈ ਸਭਾ ਦੇ ਸਕੱਤਰ ਵੱਲੋਂ ਹਲਕਾ ਨਰੀਖਕ ਸਹਿਕਾਰੀ ਕਲਿਆਣਪੁਰ ਰਾਹੀਂ ਜ਼ੋਨਲ ਲਿਸਟਾਂ ਇਸ ਦਫਤਰ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ, ਜੋ ਕਿ ਸਭਾ ਦੇ ਦਫਤਰ ਅਤੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਪ੍ਰਵਾਨਗੀ ਬਾਰੇ ਕਿਸੇ ਵੀ ਮੈਂਬਰ/ਹਿੱਸੇਦਾਰ ਨੂੰ ਜੇ ਕੋਈ ਇਤਰਾਜ਼ ਹੋਵੇ ਜਾਂ ਲਿਸਟ ਵਿੱਚ ਨਾਂਅ ਸ਼ਾਮਲ ਨਾ ਕੀਤਾ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 26-02-204 ਤੱਕ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2 (ਦੀ ਜਲੰਧਰ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਜਲੰਧਰ ਦੀ ਚੌਥੀ ਮੰਜ਼ਿਲ) ਦੇ ਦਫਤਰ ਵਿੱਚ ਦੇ ਸਕਦੇ ਹਨ। ਇਨ੍ਹਾਂ ਇਤਰਾਜ਼ਾਂ ਦੀ ਸੁਣਵਾਈ ਮਿਤੀ 27-02-2024 ਨੂੰ ਸਵੇਰੇ 11-00 ਵਜੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕੀਤੀ ਜਾਵੇਗੀ। ਸੁਣਵਾਈ ਸਮੇਂ ਹਾਜ਼ਰ ਹੋ ਕੇ ਆਪਣਾ ਪੱਖ/ਸਬੂਤ ਪੇਸ਼ ਕੀਤਾ ਜਾਵੇ। ਇਸ ਉਪਰੰਤ ਜ਼ੋਨਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

(ਰੋਹਿਤ ਕੁਮਾਰ ਰਤਨ)
ਪੀ ਸੀ ਐਸ-2
ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2

### ਨਗਰ ਕੌਂਸਲ ਕਰਤਾਰਪੁਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਨੀਲ ਦੱਤ ਭਾਰਦਵਾਜ-ਅਨਿਲ ਕੁਮਾਰ ਭਾਰਦਵਾਜ ਪੁੱਤਰ ਵਾ ਅਨੁਪਮਾ ਡੇਵਿਟ-ਰੇਖਾ ਰੌਲੀ-ਭਾਰਤੀ ਕੁਮਾਰੀ ਪੁੱਤਰੀਆਂ ਬ੍ਰਹਮ ਦੱਤ ਭਾਰਦਵਾਜ ਵਾਸੀਆਨ ਕਰਮਾਰਪੁਰ ਜ਼ਿਲ੍ਹਾ ਜਲੰਧਰ ਨੇ ਆਪਣੀ ਦਰਖਾਸਤ ਰਾਹੀਂ ਲਿਖਤੀ ਬੇਨਤੀ ਕੀਤੀ ਹੈ ਕਿ ਵਾਕਿਆ ਬੋਹੜ ਵਾਲਾ ਮੁਹੱਲਾ ਕਰਤਾਰਪੁਰ ਵਿਖੇ ਇੱਕ ਪ੍ਰਾਪਰਟੀ ਯੂ ਆਈ ਡੀ ਨੰਬਰ ਬੀ-01-0007 ਰਕਬਾ ਲੱਗਭੱਗ 3-1/4 ਮਰਲੇ (ਸਵਾ ਤਿੰਨ ਮਰਲੇ) ਨਗਰ ਕੌਂਸਲ ਦੇ ਰਿਕਾਰਡ ਵਿੱਚ ਉਹਨਾਂ ਦੇ ਪਿਤਾ ਬ੍ਰਹਮ ਦੱਤ ਭਾਰਦਵਾਜ ਦੇ ਨਾਂਅ 'ਤੇ ਹੈ। ਬਿਨੈਕਾਰਾਂ ਦੇ ਪਿਤਾ ਬ੍ਰਹਮ ਦੱਤ ਦੀ ਵੀ ਮੌਤ ਮਿਤੀ 14-12-2004 ਅਤੇ ਮਾਤਾ ਕਮਲਾ ਦੇਵੀ ਦੀ ਮੌਤ ਮਿਤੀ 08-11-2023 ਨੂੰ ਹੋ ਚੁੱਕੀ ਹੈ ਅਤੇ ਸਾਡੀ ਮਾਤਾ ਕਮਲਾ ਭਾਰਦਵਾਜ ਨੇ ਆਪਣੇ ਜੀਵਨ ਕਾਲ ਦੌਰਾਨ ਕੋਈ ਵੀ ਵਸੀਅਤ ਕਿਸੇ ਦੇ ਵੀ ਹੱਕ ਵਿੱਚ ਨਹੀਂ ਕੀਤੀ। ਬੇਨਤੀ ਕਰਤਾਵਾਂ ਨੇ ਲਿਖਿਆ ਹੈ ਕਿ ਅਸੀਂ ਉਕਤ 5 ਨਾਵਾਂ ਤੋਂ ਇਲਾਵਾ ਸ੍ਰੀ ਬ੍ਰਹਮ ਦੱਤ ਭਾਰਦਵਾਜ ਦੇ ਹੋਰ ਕੋਈ ਵਾਰਸ ਨਹੀਂ ਹਨ ਅਤੇ ਇਹ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਇਨ੍ਹਾਂ ਪੰਜਾਂ ਵਾਰਸਾਂ ਦੇ ਨਾਂਅ 'ਤੇ ਬਰਾਬਰ-ਬਰਾਬਰ ਤਬਦੀਲ ਕੀਤੀ ਜਾਵੇ। ਬੇਨਤੀ ਕਰਤਾਵਾਂ ਨੇ ਆਪਣੇ-ਆਪਣੇ ਹਲਫੀਆ ਬਿਆਨ ਸ੍ਰੀ ਬ੍ਰਹਮ ਦੱਤ ਭਾਰਦਵਾਜ ਅਤੇ ਸ੍ਰੀਮਤੀ ਕਮਲਾ ਭਾਰਦਵਾਜ ਦੇ ਮੌਤ ਦੇ ਸਰਟੀਫਿਕੇਟ ਅਤੇ ਆਧਾਰ ਕਾਰਡ ਤੋਂ ਇਲਾਵਾ ਹੋਰ ਕੋਈ ਵੀ ਦਸਤਾਵੇਜ਼ ਪੇਸ਼ ਨਹੀਂ ਕੀਤਾ ਹੈ। ਇਹ ਪ੍ਰਾਪਰਟੀ ਬਿਨੈਕਾਰਾਂ ਦੇ ਨਾਵਾਂ 'ਤੇ ਬਰਾਬਰ-ਬਰਾਬਰ ਟਰਾਂਸਫਰ ਕਰਨ ਲਈ ਕੌਂਸਲਰ ਉਂਕਾਰ ਸਿੰਘ ਖੇਲਾ ਨੇ ਵੀ ਸਵੈ-ਘੋਸ਼ਣਾ ਪੱਤਰ ਦਿੱਤਾ ਹੈ। ਨਗਰ ਕੌਂਸਲ ਦੇ ਟੀ ਐਸ 1, ਰਿਕਾਰਡ ਵਿੱਚ ਇਹ ਪ੍ਰਾਪਰਟੀ ਕਮਲਾ ਭਾਰਦਵਾਜ ਪਤਨੀ ਬ੍ਰਹਮ ਦੱਤ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰ ਵੱਲੋਂ ਆਪਣੀ ਘਰੇਲੂ ਵੰਡ ਮਾਲ ਵਿਭਾਗ ਦਾ ਰਿਕਾਰਡ, ਜੋ ਬਿਨੈਕਾਰ ਦੀ ਮਾਲਕੀ ਦਰਸਾਉਂਦਾ ਹੋਵੇ ਉਹ ਪੇਸ਼ ਨਹੀਂ ਕੀਤਾ ਹੈ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਮੰਤਵ ਲਈ ਲੇਟ ਕਮਲਾ ਭਾਰਦਵਾਜ ਦੇ ਉਪਰੋਕਤ ਦਰਸਾਏ ਵਾਰਸਾਂ ਦੇ ਨਾਵਾਂ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ, ਕਰਤਾਰਪੁਰ।**

### Capital Small Finance Bank

HO:- MIDAS Corporate Park, 3rd Floor, 37, G.T. Road, Jalandhar-144001, Punjab, India.

**ਜਨਤਕ ਨੋਟਿਸ**

ਵਿਕਰੀ ਪੱਤਰ ਮਿਤੀ 08.01.2024 ਰਾਹੀਂ ਨਵਾਂ ਜ਼ਮਾਨਾ-ਪੰਜਾਬੀ ਅਤੇ ਇੰਡੀਅਨ ਐਕਸਪ੍ਰੈੱਸ-ਅੰਗਰੇਜ਼ੀ 'ਚ 12.02.2024 ਨੂੰ ਕੀਤੀ ਜਾਣ ਵਾਲੀ ਜਨਤਕ ਨਿਲਾਮੀ ਸੰਬੰਧੀ 10.01.2024 ਨੂੰ ਪ੍ਰਕਾਸ਼ਿਤ ਅਤੇ ਬੈਂਕ ਦੀ ਵੈੱਬਸਾਈਟ 'ਤੇ ਵੀ ਅਪਲੋਡਿਡ ਜਾਇਦਾਦ ਰਕਬਾ 350 ਵਰਗ ਗਜ਼, ਮੀਰਾ ਕੋਟ ਕਲਾਂ, ਅਬਾਦੀ ਆਰ ਬੀ ਅਸਟੇਟ, ਲੋਹਾਰਕਾ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸਥਿਤ ਮੈਸ: ਸ੍ਰੀ ਗੁਰੂ ਕ੍ਰਿਪਾ ਐਸੋਸੀਏਟਸ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ, ਬੈਨਾਮਾ ਨੰ. 2020-21/93/1/2639 ਮਿਤੀ 05.08.2020, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਕੋਲ ਗਿਰਵੀ ਦੇ ਸੰਬੰਧ 'ਚ ਆਮ ਜਨਤਾ ਦੀ ਜਾਣਕਾਰੀ ਹਿੱਤ ਸੂਚਨਾ। ਇਹ ਜਾਇਦਾਦ ਮੈਸ: ਸ੍ਰੀ ਗੁਰੂ ਕ੍ਰਿਪਾ ਐਸੋਸੀਏਟਸ ਪ੍ਰਾਈਵੇਟ ਲਿਮਟਿਡ ਨੂੰ ਮਨਜ਼ੂਰ ਕੀਤੀਆਂ ਗਈਆਂ ਕਰਜ਼ਾ ਸਹੂਲਤਾਂ ਦੇ ਵਿਰੁੱਧ ਬੈਂਕ ਕੋਲ ਗਿਰਵੀ ਹੈ। ਅਧਿਕਾਰਤ ਅਫਸਰ ਨੇ 12.02.2024 ਨੂੰ ਉਕਤ ਨਿਰਧਾਰਤ ਵਿਕਰੀ ਰੱਦ ਕਰ ਦਿੱਤੀ ਹੈ ਅਤੇ ਸਾਰੇ ਸੰਬੰਧਤ ਕ੍ਰਿਪਾ ਕਰਕੇ ਧਿਆਨ ਦੇਣ।

ਮਿਤੀ : 03.02.2024 ਅਧਿਕਾਰਤ ਅਫਸਰ

## ਪਤੀ ਨੂੰ ਵਿਦੇਸ਼ ਬੁਲਾ ਕੇ ਨਾਲ ਰੱਖਣ ਤੋਂ ਮੁਨਕਰ ਪਤਨੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਲਾਨੌਰ ਪੁਲਸ ਨੇ ਵਿਆਹ ਕਰਵਾਉਣ ਤੋਂ ਬਾਅਦ ਪਤੀ ਨੂੰ ਆਪਣੇ ਨਾਲ ਵਿਦੇਸ਼ ਵਿਚ ਰੱਖਣ ਤੋਂ ਮਨ੍ਹਾ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਵਜੋਂ ਪਤਨੀ ਤੇ ਉਸ ਦੇ ਮਾਤਾ-ਪਿਤਾ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਪੁਲਸ ਥਾਣਾ ਕਲਾਨੌਰ ਦਰਜ ਰਜਿਸਟਰ ਕੀਤਾ ਹੈ। ਪੀੜਤ ਜਗਜੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਰੋਸੇ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੇ ਲੜਕੇ ਕੁੰਵਰਦੀਪ ਸਿੰਘ ਦੀ ਪਤਨੀ ਅਤੇ ਉਸ ਦੇ ਪਰਵਾਰਕ ਮੈਂਬਰਾਂ ਨੇ ਮਿਲੀਭੁਗਤ ਨਾਲ ਇੱਕ ਸਲਾਹ ਹੋ ਕੇ ਮੇਰੇ ਲੜਕੇ ਕੁੰਵਰਦੀਪ ਸਿੰਘ ਨਾਲ ਵਿਆਹ ਕੀਤਾ ਜਿਸ ਤੋਂ ਬਾਅਦ ਕਰੀਬ 22,77,900 ਰੁਪਏ ਦਾ ਖਰਚ ਕਰਵਾ ਕੇ ਇਹ ਮੰਨਿਆ ਸੀ ਕਿ ਉਹ ਕੁੰਵਰਦੀਪ ਸਿੰਘ ਨੂੰ ਵਿਦੇਸ਼ ਆਸਟਰੇਲੀਆ ਲਿਜਾ ਕੇ ਆਪਣੇ ਨਾਲ ਰੱਖੇਗੀ ਤੇ ਸੈਟਲ ਕਰੇਗੀ। ਪਰੰਤੂ ਜਦੋਂ ਕੁੰਵਰਦੀਪ ਸਿੰਘ ਆਸਟਰੇਲੀਆ ਵਿਖੇ ਆਪਣੀ ਪਤਨੀ ਕੋਲ ਗਿਆ ਤਾਂ ਉਸ ਦੀ ਪਤਨੀ ਨੇ ਉਸ ਨੂੰ ਆਪਣੇ ਨਾਲ ਰੱਖਣ ਤੋਂ ਸਾਫ ਮਨ੍ਹਾ ਕਰ ਦਿੱਤਾ। ਇਸ ਤੋਂ ਬਾਅਦ ਕੁੰਵਰਦੀਪ ਸਿੰਘ ਦੀ ਪਤਨੀ ਨੇ ਪੜ੍ਹਾਈ ਦੇ ਡਾਕੂਮੈਂਟ ਵਾਪਸ ਨਾ ਕਰਕੇ ਤੰਗ ਪ੍ਰੇਸ਼ਾਨ ਜਿੱਥੇ ਕੀਤਾ ਉਥੇ ਹੀ ਧਮਕੀਆਂ ਵੀ ਦਿੱਤੀਆਂ। ਪੁਲਸ ਨੇ ਕੁੰਵਰਦੀਪ ਸਿੰਘ ਦੀ ਪਤਨੀ ਅਤੇ ਉਸ ਦੇ ਪਰਵਾਰਕ ਮੈਂਬਰਾਂ ਖ਼ਿਲਾਫ਼ ਧਾਰਾ 420, 520, 120 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਮਲੋਟ ਵਿਖੇ ਕੀਤੇ ਜਾਣ ਵਾਲਾ ਰੋਸ ਪ੍ਰਦਰਸ਼ਨ ਮੁਲਤਵੀ



ਗੁਰਦਾਸਪੁਰ (ਜਨਕ ਮਹਾਜਨ)- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲੈ ਕੇ 4 ਫਰਵਰੀ ਨੂੰ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਜੋ ਰੋਸ ਪ੍ਰਦਰਸ਼ਨ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਸ਼ਹਿਰ ਮਲੋਟ ਵਿਖੇ ਰੱਖਿਆ ਗਿਆ ਸੀ, ਉਹ ਰੋਸ ਪ੍ਰਦਰਸ਼ਨ ਇਕ ਹਫਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਨਿਰਮਲ ਕੌਰ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਸਬੰਧੀ 5 ਫਰਵਰੀ ਨੂੰ ਸਵੇਰੇ 11 ਵਜੇ ਦੇ ਕਰੀਬ ਚੰਡੀਗੜ੍ਹ ਮੁੱਖ ਦਫਤਰ ਵਿੱਚ ਯੂਨੀਅਨ ਦੇ ਆਗੂਆਂ ਦੀ ਮੀਟਿੰਗ ਬੁਲਾ ਲਈ ਹੈ ਤੇ ਇਸ ਸਬੰਧੀ ਯੂਨੀਅਨ ਨੂੰ ਚਿੱਠੀ ਵੀ ਭੇਜ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਇਕ ਹਫਤੇ ਤੱਕ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

## ਬਿਜਲੀ ਬੰਦ ਰਹੇਗੀ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਖੰਡ ਉਦਯੋਗ ਪਨਿਆੜ ਲਈ ਖਿੱਚੀ ਜਾ ਰਹੀ ਨਵੀਂ 66 ਕੇ.ਵੀ ਲਾਈਨ ਦੀ ਉਸਾਰੀ ਕਰਕੇ ਅੱਜ ਮਿਤੀ 4 ਫਰਵਰੀ ਦਿਨ ਐਤਵਾਰ, ਮਿਤੀ 6 ਫਰਵਰੀ ਦਿਨ ਮੰਗਲਵਾਰ, ਮਿਤੀ 9 ਫਰਵਰੀ ਦਿਨ ਸ਼ੁੱਕਰਵਾਰ ਨੂੰ 66 ਕੇ.ਵੀ. ਸਬ ਸਟੇਸ਼ਨ ਪੰਡੋਰੀ ਮਹੰਤਾ ਤੋਂ ਚਲਦੇ ਸਾਰੇ 11 ਕੇ.ਵੀ. ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 9.30 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਸ ਨਾਲ ਪੰਡੋਰੀ ਅਧੀਨ ਪੈਂਦੇ ਲਗਭਗ 50 ਪਿੰਡਾਂ ਜਿਨ੍ਹਾਂ ਪੰਡਰੀ ਮਹੰਤਾ, ਤਾਲਿਬਪੁਰ, ਨੌਸ਼ਹਿਰਾ ਬਹਾਦਰ, ਪੱਖੋਵਾਲ ਕੁਲੀਆ, ਧਾਰੀਵਾਲ ਖਿੱਚੀਆਂ, ਕਲੀਜਪੁਰ, ਬਿਆਨਪੁਰ, ਜਗਤਪੁਰ ਖੁਰਦ ਅਤੇ ਛੀਨਾ ਬੇਟ ਸਮੇਤ ਕਈ ਪਿੰਡਾਂ ਪਿੰਡਾਂ ਦੀ ਬਿਜਲੀ ਪ੍ਰਭਾਵਿਤ ਹੋਵੇਗੀ।

### PUNJAB & SIND BANK
(A GOVT. OF INDIA UNDERTAKING)
Zonal Office : Bathinda

ਸਕਿਉਰਡ ਜਾਇਦਾਦ ਦੀ ਈ-ਨਿਲਾਮੀ 20.02.2024 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ

**ਵਿਕਰੀ ਨੋਟਿਸ ਦੀ ਈ-ਨਿਲਾਮੀ**

**ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਨੋਟਿਸ**
ਆਨਲਾਈਨ ਈ ਐਮ ਡੀ ਅਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ ਤੇ ਸਮਾਂ 19.02.2024 ਨੂੰ ਸ਼ਾਮ ਦੇ 4.00 ਵਜੇ ਨੂੰ/ਪਹਿਲਾਂ

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (2002 ਦਾ ਨੰ. 54) ਤਹਿਤ ਬੈਂਕ ਕੋਲ ਰਹਿਣ ਅਚੱਲ ਜਾਇਦਾਦਾਂ ਦੀ ਵਿਕਰੀ ਜਦੋਂ ਕਿ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13(2) ਤਹਿਤ ਜਾਰੀ ਨੋਟਿਸ ਦੀ ਪਾਲਣਾ 'ਚ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਹਾਸਲ ਕਰ ਲਿਆ ਹੈ ਅਤੇ ਹੇਠਾਂ ਦਰਸਾਏ ਕਰਜ਼ਾ ਖਾਤਿਆਂ 'ਚ ਉਸ ਨੂੰ 'ਜਿਵੇਂ ਹੈ, ਜਿੱਥੇ ਹੈ' ਅਧਾਰ ਅਤੇ 'ਜਿਵੇਂ ਹੈ ਜੋ ਹੈ ਅਧਾਰ' 'ਤੇ ਬੈਂਕ ਦਾ ਬਕਾਇਆ ਜਮ੍ਹਾਂ ਹੇਠਾਂ ਦਰਸਾਏ ਅਨੁਸਾਰ ਵਿਆਜ ਦੀ ਵਸੂਲੀ ਅਤੇ ਬਕਾਇਆ ਅਦਾ ਕਰਨ 'ਚ ਅਸਫਲ ਰਹਿਣ ਦੇ ਨਤੀਜੇ ਵਜੋਂ, ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਜਾਇਦਾਦਾਂ ਦੀ ਵਿਕਰੀ ਰਾਹੀਂ ਬੈਂਕ ਦੇ ਬਕਾਏ ਵਸੂਲਣ ਦੀ ਤਜਵੀਜ਼ ਰੱਖੀ ਹੈ। ਨਿਮਨਹਸਤਾਖਰੀ ਵੱਲੋਂ ਵੈੱਬ ਪੋਰਟਲ https://www.bankeauctions.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ ਵਿਕਰੀ ਕੀਤੀ ਜਾਵੇਗੀ।

| ਲੜੀ ਨੰ. | ਖਾਤੇ ਦਾ ਨਾਂਅ | ਜਾਇਦਾਦ ਦਾ ਵੇਰਵਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ / ਬੋਲੀ ਵਾਧਾ ਰਕਮ / ਈ ਐਮ ਡੀ | ਈ ਐਮ ਡੀ ਮਿਤੀ ਅਤੇ ਜਾਇਦਾਦ ਨਿਰੀਖਣ ਦੀ ਅੰਤਮ ਮਿਤੀ | ਨੂੰ ਕੁਲ ਵਸੂਲੀ |
|---|---|---|---|---|---|---|---|---|
| 1. | ਮੈਸ. ਗੀਤ ਸਵੀਟ ਹਾਊਸ, ਸ਼ਾਖਾ ਦਫਤਰ : ਮਲੋਟ ਮੰਡੀ<br>ਕਰਜ਼ਦਾਰ : ਮੈਸ. ਗੀਤ ਸਵੀਟ ਹਾਊਸ, ਇਕਮਾਤਰ ਮਾਲਕ ਸ੍ਰੀਮਤੀ ਰਾਣੀ ਬਾਈ ਪਤਨੀ ਲਛਮਣ ਦਾਸ, ਵਾਸੀ ਰੱਥੜੀਆਂ, ਮਲੋਟ, ਸ੍ਰੀ ਮੁਕਤਸਰ ਸਾਹਿਬ | ਜਾਇਦਾਦ : ਖੇਤਰ ਮਿਣਤੀ 27'*130'=13 ਮਰਲੇ, 13 ਕਨਾਲਾਂ 11 ਮਰਲੇ ਦਾ 13/271 ਹਿੱਸਾ, ਖੱਤਾ ਨੰ. 834/1385, ਖਸਰਾ ਨੰ. 373/1/3 (13-11) ਸ੍ਰੀਮਤੀ ਰਾਣੀ ਬਾਈ ਦੀ ਮਲਕੀਅਤ 2/3 ਹਿੱਸਾ, ਸ੍ਰੀਮਤੀ ਪ੍ਰਮਜੀਤ ਕੌਰ 1/3 ਹਿੱਸਾ, ਦਾਨੇਵਾਲਾ ਖੇਤਰ, ਬੈਨਾਮਾ ਨੰ. 2018-19/52/1/2132 ਮਿਤੀ 25.02.2019 ਅਤੇ ਤਬਾਦਲਾ ਨੰ. 18705, ਜਮ੍ਹਾਂਬੰਦੀ ਸਾਲ 2015-2016, ਸਬ- ਰਜਿਸਟਰਾਰ ਮਲੋਟ ਦੇ ਦਫਤਰ 'ਚ ਪਤਾ ਨੰ. 1 ਰਾਣੀ ਬਾਈ ਪਤਨੀ ਲਛਮਣ ਦਾਸ ਅਤੇ ਪਤਾ ਨੰ. 2 ਪ੍ਰਮਜੀਤ ਕੌਰ ਪੁੱਤਰੀ ਲਛਮਣ ਦਾਸ ਦੇ ਨਾਂਅ 'ਤੇ ਰਜਿਸਟਰਡ, ਹੱਦਾਂ : ਪੂਰਬ : ਪ੍ਰਸ਼ੋਤਮ ਆਰਾਵਾਲਾ, ਪੱਛਮ : ਸੜਕ, ਉੱਤਰ : ਆਰਾਵਾਲਾ, ਦੱਖਣ : ਪ੍ਰਸ਼ੋਤਮ ਆਰਾਵਾਲਾ। | 31-05-2023 | 05.06.2023 | 04.09.2023 | Rs. 50,20,000.00<br>Rs. 20,000.00<br>Rs. 5,02,000.00<br>ਅਧਿਕਾਰਤ ਅਫਸਰ : ਬਿਮਲੇਸ਼ ਪ੍ਰਸਾਦ<br>Mob: 9875978737. Email: m033@psb.co.in | 19.02.2024 | 30.12.2023<br>Rs. 14,13,350.10 |
| 2. | ਮੈਸ. ਰਾਮ ਕ੍ਰਿਸ਼ਨ ਐਂਡ ਕੰਪਨੀ ਸ਼ਾਖਾ ਦਫਤਰ ਬੁਢਲਾਡਾ<br>ਕਰਜ਼ਦਾਰ : ਮੈਸ. ਰਾਮ ਕ੍ਰਿਸ਼ਨ ਐਂਡ ਕੰਪਨੀ ਬੁਢਲਾਡਾ, ਮਾਲਕ ਕ੍ਰਿਸ਼ਨ ਕੁਮਾਰ ਪੁੱਤਰ ਪ੍ਰਕਾਸ਼ ਚੰਦ | ਜਾਇਦਾਦ : ਰਿਹਾਇਸ਼ੀ ਪਲਾਟ ਰਕਬਾ 270.13 ਵਰਗ ਗਜ਼ ਜਾਂ 8.93 ਮੁਸਤਿਲ/ਕਿਲਾ ਨੰ. 119//25/1(1-15)=2.04 ਮਰਲੇ, ਖੇਵਟ ਖਾਤੌਨੀ ਨੰ. 68/257, ਮੁਸਤਿਲ/ਕਿਲਾ ਨੰ. 125//3/2 (4-17), 4/2 (5-19), 4/1 (0-9) ਦਾ 689/22500 ਹਿੱਸਾ= 6.89 ਮਰਲੇ, ਖੇਵਟ/ਖਤੌਨੀ ਨੰ. 259/646-647, ਕੁੱਲ 8.93 ਮਰਲੇ, ਬੁਢਲਾਡਾ, ਵਾਰਡ ਨੰ. 08/ਤਹਿਸੀਲ ਬੁੱਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ) ਨੇੜੇ ਸੀਵੇਜ ਟ੍ਰੀਟਮੈਂਟ ਪਲਾਂਟ, ਨੇੜੇ ਪੀਰ ਖਾਨਾ ਅਤੇ ਰੇਲਵੇ ਫਲਾਈਓਵਰ ਬ੍ਰਿਜ, ਵਾਰਡ ਨੰ. 08, ਬੁਢਲਾਡਾ, ਮਾਨਸਾ (ਪੰਜਾਬ) | 20-02-2023 | 16.03.2023 | 06.09.2023 | Rs. 19,00,000.00<br>Rs. 20,000.00<br>Rs. 1,90,000.000<br>ਅਧਿਕਾਰਤ ਅਫਸਰ : ਵਿਜੇ ਕੁਮਾਰ ਜਾਤਵ<br>Mob: 9875978703. Email: b0091@psb.co.in | 19.02.2024 | 30.12.2023<br>Rs.11,46,180.85 |
| 3. | ਸ੍ਰੀ ਜਸਵਿੰਦਰ ਸਿੰਘ ਅਤੇ ਸ੍ਰੀਮਤੀ ਰਾਜਵਿੰਦਰ ਕੌਰ<br>ਕਰਜ਼ਦਾਰ : ਸ੍ਰੀ ਜਸਵਿੰਦਰ ਸਿੰਘ ਅਤੇ ਸ੍ਰੀਮਤੀ ਰਾਜਵਿੰਦਰ ਕੌਰ ਵਾਸੀ ਪਿੰਡ ਤੇ ਡਾਕਖਾਨਾ ਮਲੋਟ, ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ | ਜਾਇਦਾਦ : ਜਾਇਦਾਦ ਰਕਬਾ 12-1/2 ਮਰਲੇ, ਵੇਰਵੇ ਹੇਠ ਅਨੁਸਾਰ (ਏ) ਰਕਬਾ 4-1/2 ਮਰਲੇ, ਜ਼ਮੀਨ ਰਕਬਾ 01 ਕਨਾਲ 02 ਮਰਲੇ ਦਾ 09/44 ਹਿੱਸਾ, ਖੇਵਟ ਨੰ. 2711/1, ਖਤੌਨੀ ਨੰ. 4456/1, ਖਸਰਾ ਨੰ. 131//17/3/2 (1-2) (ਬੀ) ਰਕਬਾ 08 ਮਰਲੇ, ਜ਼ਮੀਨ ਰਕਬਾ 02 ਕਨਾਲ 02 ਮਰਲੇ, ਦਾ 08/42 ਹਿੱਸਾ, ਖੇਵਟ ਨੰ. 1121/3, ਖਤੌਨੀ ਨੰ. 2262/2, ਖਸਰਾ ਨੰ. 131//17/3-1 (2-2) ਤਬਾਦਲਾ ਮਾਲਕੀ ਨੰ. 39641 ਜਮ੍ਹਾਂਬੰਦੀ ਸਾਲ 2014-15, ਪਿੰਡ ਮਲੋਟ, ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਬੈਨਾਮਾ ਨੰ. 52/1/2465 ਮਿਤੀ 15/03/2019, ਸ੍ਰੀਮਤੀ ਰਜਵਿੰਦਰ ਕੌਰ ਪਤਨੀ ਸ੍ਰੀ ਜਸਵਿੰਦਰ ਸਿੰਘ ਦੇ ਨਾਂਅ 'ਤੇ ਸਬ-ਰਜਿਸਟਰਾਰ ਮਲੋਟ ਵਿਖੇ ਬਕਾਇਦਾ ਰਜਿਸਟਰਡ। | 29-01-2023 | 31.01.2023 | 12.04.2023 ਸੰਕੇਤਕ | Rs.34,20,000/-<br>Rs.3,50,000/-<br>Rs.20,000/-<br>ਅਧਿਕਾਰਤ ਅਫਸਰ : ਬਿਮਲੇਸ਼ ਪ੍ਰਸਾਦ<br>Email: m0033@psb.co.in. Mob:9875978737 | 19.02.2024 | 30.12.2023<br>Rs. 31,86,982.67 |

ਸ਼ਰਤਾਂ ਅਤੇ ਨਿਯਮ : ਈ-ਨਿਲਾਮੀ "ਜਿਵੇਂ ਹੈ ਜਿੱਥੇ ਹੈ" ਅਤੇ "ਜੋ ਹੈ ਜਿਵੇਂ ਹੈ" ਆਧਾਰ 'ਤੇ ਕੀਤੀ ਜਾਵੇਗੀ-(1) ਅਧਿਕਾਰਤ ਅਫਸਰ ਦੀ ਜਾਣਕਾਰੀ ਅਤੇ ਗਿਆਨ 'ਚ ਕਿਸੇ ਜਾਇਦਾਦ 'ਤੇ ਕੋਈ ਜੋਖਮ ਨਹੀਂ ਹੈ। ਬੇਸ਼ੱਕ, ਚਾਹਵਾਨ ਬੋਲੀਕਾਰ ਨਿਲਾਮੀ ਕੀਤੀ ਜਾ ਰਹੀ ਜਾਇਦਾਦ ਦੇ ਹੱਕ 'ਚ ਜੋਖਮ ਅਤੇ ਦਾਅਵੇ/ਅਧਿਕਾਰ/ਬਕਾਏ/ਆਦਿ ਜੋ ਜਾਇਦਾਦ ਨੂੰ ਪ੍ਰਭਾਵਤ ਕਰਦੇ ਹੋਣ ਬਾਰੇ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਪੁੱਛ-ਪੜਤਾਲ ਕਰ ਸਕਦੇ ਹਨ। ਈ-ਨਿਲਾਮੀ ਇਸ਼ਤਿਹਾਰ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਅਤੇ ਨਾ ਹੀ ਬੈਂਕ ਦੀ ਪੇਸ਼ਕਾਰੀ ਜਾਂ ਵਾਅਦੇ ਲਈ ਜ਼ਿੰਮੇਵਾਰ ਹੋਵੇਗਾ। ਜਾਇਦਾਦ ਦੀ ਵਿਕਰੀ ਬੈਂਕ ਦੀ ਜਾਣਕਾਰੀ ਜਾਂ ਨਾ ਜਾਣਕਾਰੀ ਵਾਲੇ ਸਾਰੇ ਮੌਜੂਦਾ ਅਤੇ ਭਵਿੱਖੀ ਜੋਖਮਾਂ 'ਤੇ ਕੀਤੀ ਜਾਵੇਗੀ। ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਕਿਸੇ ਤੀਜੀ ਧਿਰ ਦੇ ਦਾਅਵੇ/ਅਧਿਕਾਰ ਬਕਾਏ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ (2) ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਐੱਸਟਸ ਅਤੇ ਵਿਸ਼ੇਸ਼ਤਾਵਾਂ ਬਾਰੇ ਆਪਣੇ ਤੌਰ 'ਤੇ ਨਿਰੀਖਣ ਕਰਕੇ ਸੰਤੁਸ਼ਟੀ ਹਾਸਲ ਕਰ ਲੈਣ। ਨਿਲਾਮੀ ਕੀਤੀ ਜਾ ਰਹੀ ਜਾਇਦਾਦ ਦੇ ਨਿਰੀਖਣ ਦੀ ਇਜਾਜ਼ਤ ਚਾਹਵਾਨ ਬੋਲੀਕਾਰਾਂ ਨੂੰ ਹੋਵੇਗੀ, ਕ੍ਰਿਪਾ ਕਰਕੇ ਹਰੇਕ ਖਾਤੇ ਵਿਰੁੱਧ ਦਰਸਾਏ ਗਏ ਵੇਰਵਿਆਂ ਬਾਰੇ ਸ਼ਾਖਾ ਮੈਨੇਜਰ/ਅਧਿਕਾਰਤ ਅਫਸਰ ਨਾਲ ਸੰਪਰਕ ਕੀਤਾ ਜਾਵੇ (3) ਚਾਹਵਾਨ ਬੋਲੀਕਾਰ ਆਪਣੀ ਈ ਐਮ ਡੀ ਵੈੱਬ ਪੋਰਟਲ https://wwwbankeautions.com ਰਾਹੀਂ ਜਮ੍ਹਾਂ ਕਰਵਾਉਣ। (ਯੂਜ਼ਰ ਆਈ ਡੀ ਤੇ ਪਾਸਵਰਡ https://wwwbankeautions.com ਨਾਲ ਨਾਂਅ ਰਜਿਸਟਰਡ ਕਰਵਾ ਕੇ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ (4) ਵੈੱਬ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਚਾਹਵਾਨ ਬੋਲੀਕਾਰ/ਖਰੀਦਦਾਰ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਦੀ ਅੰਤਮ ਮਿਤੀ ਸਮੇਂ ਤੋਂ ਹੇਠਾਂ ਦਰਸਾਏ ਦਸਤਾਵੇਜ਼ ਜਿਵੇਂ ਕਿ (i) ਐੱਨ ਈ ਐੱਫ ਟੀ/ਆਰ ਟੀ ਜੀ ਐੱਸ ਚਲਾਨ ਦੀ ਕਾਪੀ (ii) ਪੈਨ ਕਾਰਡ ਦੀ ਕਾਪੀ (iii) ਰਿਹਾਇਸ਼ੀ ਸਬੂਤ/ਪਛਾਣ ਦੀ ਕਾਪੀ (ਕੇ ਵਾਈ ਸੀ) ਦੀ ਕਾਪੀ, ਵੋਟਰ ਆਈ ਡੀ ਕਾਰਡ/ਡਰਾਇਵਿੰਗ ਲਾਇਸੰਸ/ਪਾਸਪੋਰਟ/ਰਾਸ਼ਨ ਕਾਰਡ ਆਦਿ ਦੀਆਂ ਕਾਪੀਆਂ ਵੈੱਬ ਪੋਰਟਲ 'ਤੇ ਅਪਲੋਡ ਕਰਨੀਆਂ ਪੈਣਗੀਆਂ, ਇਨ੍ਹਾਂ ਤੋਂ ਬਿਨਾਂ ਬੋਲੀ ਰੱਦ ਕਰ ਦਿੱਤੀ ਜਾਵੇਗੀ। ਅਨੁਸੂਚੀ (ii) ਅਤੇ (iii) ਦੀ ਸਕੈਨ ਕੀਤੀ ਕਾਪੀ (ਟੈਂਡਰ ਨੋਟਿਸ 'ਚ ਦਰਸਾਈ) ਪੂਰੀ ਭਰ ਕੇ ਅਤੇ ਦਸਤਖਤ ਕਰਕੇ ਅਪਲੋਡ ਕੀਤੀਆਂ ਜਾਣ। (5) ਚਾਹਵਾਨ ਬੋਲੀਕਾਰਾਂ ਜੋ ਲਾਗਇਨ ਆਈ ਡੀ ਅਤੇ ਪਾਸਵਰਡ, ਅਪਲੋਡਿੰਗ ਡੇਟ, ਬੋਲੀ ਦਸਤਾਵੇਜ਼ ਜਮ੍ਹਾਂ ਕਰਵਾਉਣ, ਟ੍ਰੇਨਿੰਗ/ਬੋਲੀ ਦਾ ਆਨ ਲਾਈਨ ਡੈਮੋਨਸਟੇਸ਼ਨ ਲਈ ਕਿਸੇ ਤਰ੍ਹਾਂ ਦੀ ਸਹਾਇਤਾ ਚਾਹੁਣ ਤਾਂ ਉਹ ਮੈਸ. ਸੀ 1 ਇੰਡੀਆ ਪ੍ਰਾਈਵੇਟ ਲਿਮਟਿਡ, ਬਿਲਡਿੰਗ ਨੰ. 301, ਪਹਿਲੀ ਮੰਜ਼ਿਲ, ਉਦਯੋਗ ਵਿਹਾਰ, ਫੇਸ-2, ਗੁੜਗਾਉਂ, ਹੈਲਪਲਾਈਨ ਨੰ. +91-1244302000-2021-2022, +91-98138-87931 (ਸ੍ਰੀ ਵਿਨੋਦ ਚੌਹਾਨ) ਹੈਲਪਲਾਈਨ ਈ ਮੇਲ ਆਈ ਡੀ support@bankeauctions.com 'ਤੇ ਸੰਪਰਕ ਕਰ ਸਕਦੇ ਹਨ (6) ਵੈਧ ਆਈ ਡੀ/ਪਾਸਵਰਡ ਅਤੇ ਐੱਨ ਈ ਐੱਫ ਟੀ/ਆਰ ਟੀ ਜੀ ਐੱਸ ਰਾਹੀਂ ਈ ਐਮ ਡੀ ਦੀ ਅਦਾਇਗੀ ਦੀ ਪੁਸ਼ਟੀ ਰੱਖਣ ਵਾਲੇ ਖਰੀਦਦਾਰ ਈ-ਨਿਲਾਮੀ ਪ੍ਰਕਿਰਿਆ 'ਚ ਹਿੱਸਾ ਲੈਣ ਦੇ ਯੋਗ ਹੋਣਗੇ। ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ https://www.bankeautions.com ਅਤੇ ਬੈਂਕ ਦੀ ਵੈੱਬਸਾਈਟ https://www.psbindia.com ਦਾ ਹਵਾਲਾ ਲਿਆ ਜਾਵੇ।

**ਸਰਫੇਸੀ ਐਕਟ, 2002 ਦੇ ਰੂਲ 9 (1) ਅਤੇ 8(6) ਅਧੀਨ ਵਿਧਾਨਕ 15 ਦਿਨਾਂ ਦਾ ਵਿਕਰੀ ਨੋਟਿਸ**

ਕਰਜ਼ਦਾਰ/ਰਹਿਣਕਾਰਾਂ ਨੂੰ ਉਪਰੋਕਤ ਦਰਸਾਈ ਰਕਮ, ਹੁਣ ਤੱਕ ਦਾ ਕੁਲ ਵਿਆਜ, ਸਹਾਇਕ ਖਰਚੇ, ਈ-ਨਿਲਾਮੀ ਮਿਤੀ ਤੋਂ ਪਹਿਲਾਂ ਅਦਾ ਕੀਤੇ ਜਾਣ ਲਈ ਨੋਟੀਫਾਈ ਕੀਤਾ ਜਾਂਦਾ ਹੈ, ਅਸਫਲ ਰਹਿਣ 'ਤੇ ਜਾਇਦਾਦ/ਵਾਹਨ, ਨਿਲਾਮ/ਵਿਕਰੀ ਕਰ ਦਿੱਤਾ ਜਾਵੇਗਾ ਅਤੇ ਬਾਕੀ ਰਹਿੰਦਾ ਬਕਾਇਆ ਵਿਆਜ ਅਤੇ ਲਾਗਤ ਸਮੇਤ ਵਸੂਲ ਕੀਤਾ ਜਾਵੇਗਾ।

ਮਿਤੀ : 4.2.2024 ਸਥਾਨ : ਬਠਿੰਡਾ (ਅਧਿਕਾਰਤ ਅਫਸਰ, ਪੰਜਾਬ ਐਂਡ ਸਿੰਧ ਬੈਂਕ)

# ਪਾਵਰਕਾਮ ਮੈਨੇਜਮੈਂਟ ਦੀਆਂ ਮਾਰੂ ਨੀਤੀਆਂ ਖਿਲਾਫ ਨਾਅਰੇਬਾਜ਼ੀ

## ਪਾਵਰਕਾਮ ਮੈਨੇਜਮੈਂਟ ਦੀ ਧੱਕੇਸ਼ਾਹੀ ਸਹਿਣ ਨਹੀਂ ਕਰਾਂਗੇ : ਔਲਖ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**
ਸਬ ਡਵੀਜ਼ਨ ਮਹਿਲ ਕਲਾਂ ਦੇ ਸਮੂਹ ਮੁਲਾਜ਼ਮਾਂ ਨੇ ਸਟੇਟ ਕਮੇਟੀਆਂ ਦੇ ਸੱਦੇ 'ਤੇ ਤਨਖਾਹ ਕਟੌਤੀ ਦੇ ਵਿਰੋਧ ਵਿੱਚ ਰੋਸ ਰੈਲੀ ਕੀਤੀ। ਪਾਵਰਕਾਮ ਦੀ ਮੈਨੇਜਮੈਂਟ ਨੇ ਆਪਣੇ ਮੁਲਾਜਮਾਂ ਅਤੇ ਪੈਨਸਨਰਾਂ ਦੀ ਜਨਵਰੀ ਮਹੀਨੇ ਦੀ ਪੂਰੀ ਤਨਖਾਹ ਜਾਰੀ ਕਰਨ ਦੀ ਬਜਾਏ ਅੱਧੀ ਤੋਂ ਵੀ ਘੱਟ ਤਨਖਾਹ ਜਾਰੀ ਕਰ ਦਿੱਤੀ ਗਈ, ਜਿਸ ਕਾਰਨ ਸਮੁੱਚੇ ਮੁਲਾਜ਼ਮਾਂ ਵਿੱਚ ਗੁੱਸੇ ਦੀ ਲਹਿਰ ਫੈਲ ਗਈ, ਜਿਸ ਦੇ ਵਿਰੋਧ ਵਿੱਚ ਕਸਬਾ ਮਹਿਲ ਕਲਾਂ ਵਿਖੇ ਰੋਸ ਰੈਲੀ ਕੀਤੀ ਗਈ। ਇਸ ਮੌਕੇ ਟੀ ਐੱਸ ਯੂ ਸਰਕਲ ਸਕੱਤਰ ਕੁਲਵੀਰ ਸਿੰਘ ਔਲਖ ਨੇ ਕਿਹਾ ਕਿ ਤਨਖਾਹ 'ਚ ਕਟੌਤੀ ਅੱਜ ਕੋਈ ਪਹਿਲੀ ਵਾਰ ਨਹੀਂ ਕੀਤੀ ਗਈ। ਇਸ ਤੋਂ ਪਹਿਲਾਂ ਵੀ ਮੁਲਾਜ਼ਮਾਂ ਦੀ ਤਨਖਾਹ 'ਚ 25 % ਕਟੌਤੀ ਕੀਤੀ ਗਈ ਸੀ, ਹੁਣ ਫਿਰ ਪਾਵਰਕਾਮ ਦੀ ਮੈਨੇਜਮੈਂਟ ਮੁਲਾਜ਼ਮਾਂ ਦਾ ਸਬਰ ਪਰਖ ਰਹੀ ਹੈ। ਆਗੂਆਂ ਨੇ ਕਿਹਾ ਕਿ ਅੱਜ ਜਦੋਂ ਪਾਵਰਕਾਮ ਦੇ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਗਈ ਹੈ, ਕੰਮ ਦਾ ਲੋਡ ਬਹੁਤ ਹੋ ਗਿਆ ਹੈ, ਉਸ ਸਮੇਂ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਵੀ ਜਾਰੀ ਨਾ ਕਰਨਾ ਮੁਲਾਜ਼ਮਾਂ ਨਾਲ ਸਰਾਸਰ ਧੱਕਾ ਹੈ, ਜਿਸ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾ ਸਕਦਾ।

ਇੰਜ: ਬਲਜੀਤ ਸਿੰਘ ਨੇ ਕਿਹਾ ਕਿ ਸਾਡੇ ਕੋਲ ਸੰਘਰਸ਼ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ, ਮੁਲਾਜ਼ਮਾਂ ਨੂੰ ਤਨਖਾਹ ਨਹੀਂ, ਕੰਮ ਨਹੀਂ, ਦੀ ਨੀਤੀ ਅਪਣਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸਾਥੀ ਸਿਕੰਦਰ ਸਿੰਘ ਨੇ ਕਿਹਾ ਕਿ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ 16 ਫਰਵਰੀ ਨੂੰ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ ਅਤੇ 295/ 19 ਵਾਲੇ ਸਾਥੀਆਂ ਦੀ ਪੂਰੀ ਤਨਖਾਹ ਜਾਰੀ ਕਰਵਾਉਣ ਲਈ 17 ਫਰਵਰੀ ਨੂੰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਵਿਸ਼ਾਲ ਧਰਨਾ ਤੇ ਰੋਸ ਮਾਰਚ ਕੀਤਾ ਜਾਵੇਗਾ, ਜਿਸ ਦੀਆਂ ਤਿਆਰੀਆਂ ਹੁਣੇ ਤੋਂ ਆਰੰਭ ਦਿੱਤੀਆਂ ਗਈਆਂ ਹਨ।

ਇਸ ਮੌਕੇ ਜਗਮੀਤ ਸਿੰਘ ਧਨੇਰ, ਜਸਵੰਤ ਸਿੰਘ ਮਹਿਲ ਖੁਰਦ, ਪ੍ਰਗਟ ਸਿੰਘ ਕੋਟਦੁਨਾ, ਨਿਰਮਲ ਸਿੰਘ ਹਰਦਾਸਪੁਰਾ, ਏਟਕ ਆਗੂ ਦਵਿੰਦਰ ਸਿੰਘ ਬਰਨਾਲਾ ਨੇ ਪਾਵਰਕਾਮ ਮੈਨੇਜਮੈਂਟ ਦੇ ਮਾਰੂ ਫੈਸਲੇ ਦੀ ਨਿਖੇਧੀ ਕਰਦਿਆਂ ਭਵਿੱਖ 'ਚ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਸਮੂਹ ਮੁਲਾਜ਼ਮਾਂ ਨੇ ਪਾਵਰਕਾਮ ਮੈਨੇਜਮੈਂਟ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਗੋਲੀ ਲੱਗਣ ਨਾਲ ਜ਼ਖਮੀ ਦੀ ਮੌਤ, ਦੋ ਮੁਲਜ਼ਮ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੇਂ ਦਿਨੀਂ ਪਿੰਡ ਔਲਖ ਵਿਖੇ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਚੱਲੀ ਗੋਲੀ ਵਿੱਚ ਜ਼ਖਮੀ ਹੋਏ ਵਿਅਕਤੀ ਦੀ ਮੌਤ ਹੋ ਗਈ। ਜਿਸ 'ਤੇ ਪੁਲਿਸ ਨੇ ਦਰਜ ਕੀਤੇ ਮਾਮਲੇ ਵਿਚ ਧਾਰਾ 302 ਦਾ ਵਾਧਾ ਕੀਤਾ ਹੈ। ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ ਅਵਤਾਰ ਸਿੰਘ ਰਾਜਪਾਲ ਨੇ ਦੱਸਿਆ ਕਿ ਔਲਖ ਵਿਚ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਗੋਲੀ ਚੱਲੀ ਸੀ ਤੇ ਇਸ ਸੰਬਧੀ ਮੁਲਜ਼ਮਾਂ ਵਿਰੁੱਧ ਧਾਰਾ 307, 323, 34 ਆਈ.ਪੀ.ਐਸ, ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਮਾਮਲੇ ਵਿੱਚ ਜ਼ਖਮੀ ਹੋਏ ਵਿਅਕਤੀ ਕੁਲਵਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ, ਜਿਸ 'ਤੇ ਪੁਲਸ ਨੇ 302 ਦਾ ਵਾਧਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਦੋ ਮੁਲਜ਼ਮ ਹਰੀਸ਼ ਛਾਬੜਾ ਤੇ ਮਨੀਸ਼ ਛਾਬੜਾ, ਵਾਸੀ ਵਾਰਡ ਨੰ. 23 ਮਲੋਟ ਨੂੰ ਬਠਿੰਡਾ ਚੌਕ ਵਿੱਚ ਕੀਤੀ ਨਾਕਾਬੰਦੀ ਦੌਰਾਨ ਕਾਬੂ ਕਰ ਲਿਆ ਹੈ ਅਤੇ ਇਨ੍ਹਾਂ ਤੋਂ 32 ਬੋਰ ਰਿਵਾਲਵਰ ਬਰਾਮਦ ਕੀਤਾ ਹੈ। ਇਸ ਮੌਕੇ ਥਾਣਾ ਸਦਰ ਦੀ ਮੁਖੀ ਲਵਮੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ।



# ਸਤੌਜ ਦੇ ਨਾਲ ਲਗਦੀਆਂ ਸੜਕਾਂ 18 ਫੁੱਟੀਆਂ ਬਣਨ ਲੱਗੀਆਂ

**ਚੀਮਾ ਮੰਡੀ (ਰਵਿੰਦਰ ਚੀਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੋਟੇ ਵਿੱਚੋਂ ਪਿੰਡ ਸਤੌਜ ਨੂੰ ਜਾਣ ਵਾਲੀਆਂ ਸਾਰੀਆਂ ਸੰਪਰਕ ਸੜਕਾਂ 18 ਫੁੱਟੀਆਂ ਤਿਆਰ ਹੋਣਗੀਆਂ, ਜਿਸ ਕਰਕੇ ਕੰਮ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਇਸ ਦੀ ਜਾਣਕਾਰੀ ਹਰਵਿੰਦਰ ਰਿਸ਼ੀ ਸਤੌਜ ਆਮ ਆਦਮੀ ਪਾਰਟੀ ਵਰਕਰ ਸਤੌਜ ਨੇ ਦਿੰਦਿਆਂ ਦੱਸਿਆ ਕਿ ਪਿੰਡ ਹੀਰੋ ਖੁਰਦ ਤੋਂ ਬੀਰ ਖੁਰਦ ਕਣਕਵਾਲ ਚਹਿਲਾਂ ਆਦਿ ਪਿੰਡਾਂ ਨੂੰ ਜੋੜਨ ਵਾਲੀਆਂ ਸਾਰੀਆਂ ਸੜਕਾਂ ਨਵੇਂ ਸਿਰੇ ਤੋਂ 18 ਫੁੱਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਹਨ। ਹਮੀਰਗੜ੍ਹ ਢੈਪਈ ਤੋਂ ਵਾਇਆ ਬੀਰ ਖੁਰਦ ਹੋ ਕੇ ਸਤੌਜ ਤੱਕ ਵੀ 18 ਫੁੱਟੀ ਰੋਡ ਬਣਨੀ ਸ਼ੁਰੂ ਹੋ ਗਈ। ਪਿੰਡ ਹੀਰੋ ਖੁਰਦ ਦੀ ਫਿਰਨੀ ਤੱਕ ਹੁੰਦੀ ਹੋਈ ਇਸ ਸੜਕ 'ਤੇ ਕਣਕਵਾਲ ਚਹਿਲਾ ਤੋਂ ਸਤੌਜ ਦੀ ਹੱਦ ਤੱਕ ਦੋਵੇਂ ਸਾਇਡ ਰੋੜਾ ਪੈ ਰਿਹਾ ਹੈ। ਇਨ੍ਹਾਂ ਪਿੰਡਾਂ ਦੇ ਲੋਕਾਂ ਵਿੱਚ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਦੇ ਗੁਆਂਢੀ ਪਿੰਡ ਦਾ ਮੁੱਖ ਮੰਤਰੀ ਹੋਣ ਕਾਰਨ ਇਨ੍ਹਾਂ ਸੜਕਾਂ ਦੀ ਸਾਰ ਲਈ ਗਈ ਹੈ, ਨਹੀਂ ਤਾਂ ਇਨ੍ਹਾਂ ਸੜਕਾਂ ਦੀ ਹਾਲਤ ਵੱਧ ਤੋਂ ਬਦਤਰ ਹੋ ਚੁੱਕੀ ਸੀ। ਰਿਸ਼ੀ ਸਤੌਜ ਨੇ ਦੱਸਿਆ ਕਿ ਪਿੰਡ ਸਤੌਜ ਦਾ ਨਵਾਂ ਬੱਸ ਸਟੈਂਡ ਬਣ ਚੁੱਕਾ ਹੈ ਤੇ ਚੱਲਦੇ ਵਿਕਾਸ ਕਾਰਜਾਂ ਵਿੱਚ ਪੰਚਾਇਤ ਘਰ, ਸਕੂਲ ਦੀ ਬਿਲਡਿੰਗ ਦਾ ਕੰਮ ਤੇ ਸਟਰੀਟ ਲਾਈਟਾਂ ਦਾ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ।



# ਲੋਕਾਂ ਨਾਲ ਆਤਮਸਾਤ ਜ਼ਿੰਦਗੀ ਦਾ ਦੂਜਾ ਨਾਂਅ ਸੀ ਆਤਮਾ ਸਿੰਘ



ਤਰਕਸ਼ੀਲ ਸੁਸਾਇਟੀ ਪੰਜਾਬ, ਜ਼ੋਨ ਲੁਧਿਆਣਾ ਦੇ ਵਿੱਤ ਮੁਖੀ ਆਤਮਾ ਸਿੰਘ 21 ਜਨਵਰੀ ਨੂੰ ਅਚਨਚੇਤ ਹੀ ਵਿਗਿਆਨਕ ਤੇ ਲੋਕ ਪੱਖੀ ਕਾਫ਼ਲੇ ਨੂੰ ਸਦੀਵੀ ਵਿਛੋੜਾ ਦੇ ਗਏ। 22 ਜਨਵਰੀ ਨੂੰ ਉਨ੍ਹਾਂ ਦੀ ਮ੍ਰਿਤਕ ਦੇਹ ਡਾਕਟਰੀ ਖੋਜਾਂ ਲਈ ਸੀ. ਐੱਮ. ਸੀ. ਹਸਪਤਾਲ ਲੁਧਿਆਣਾ ਨੂੰ ਆਤਮਾ ਸਿੰਘ ਦੇ ਸਮੂਹ ਪਰਿਵਾਰ, ਤਰਕਸ਼ੀਲ ਤੇ ਲੋਕ-ਪੱਖੀ ਸੰਸਥਾਵਾਂ ਦੇ ਕਾਫ਼ਲੇ ਵੱਲੋਂ ਮਾਣਮੱਤੇ ਅੰਦਾਜ਼ 'ਚ ਸੌਂਪੀ ਗਈ।ਉਨ੍ਹਾਂ ਦੀਆਂ ਅੱਖਾਂ ਪੁਨਰ ਜੋਤ ਅੱਖਾਂ ਦੇ ਹਸਪਤਾਲ ਦੇ ਡਾਕਟਰ ਰਮੇਸ਼ ਜੀ ਦੀ ਟੀਮ ਨੂੰ ਲੋੜਵੰਦਾਂ ਦੇ ਮੁੜ ਲਾਏ ਜਾਣ ਲਈ ਦਿੱਤੀਆਂ ਗਈਆਂ।ਅੱਜ 4 ਫਰਵਰੀ ਨੂੰ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਹਾਲ ਸੁਨੇਤ ਵਿਖੇ ਸ਼ਰਧਾਂਜਲੀ ਸਮਾਗਮ ਕਰਕੇ ਉਨ੍ਹਾਂ ਦੀ ਵਿਗਿਆਨਕ ਵਿਚਾਰਧਾਰਾ ਦੀ ਜੋਤ ਜਗਦੀ ਰੱਖਣ ਦਾ ਅਹਿਦ ਕੀਤਾ ਜਾ ਰਿਹਾ ਹੈ।

ਫਿਰੋਜ਼ ਤੋਂ ਨਕੋਦਰ ਰੋਡ 'ਤੇ ਸਥਿਤ ਪਿੰਡ ਮਾਓ ਸਾਹਿਬ ਨਾਲ ਜੁੜਿਆ ਆਤਮਾ ਸਿੰਘ ਦਾ ਪਰਿਵਾਰ ਉਨ੍ਹਾਂ ਦਾ ਭਤੀਜਾ ਕੁਲਵੰਤ ਕਮਲ ਬਰਮਿੰਘਮ (ਯੂ ਕੇ) ਪਿੰਡ ਤੇ ਇੰਗਲੈਂਡ ਵਿੱਚ ਵਿਗਿਆਨਕ ਅਤੇ ਅਗਾਂਹਵਧੂ ਚੇਤਨਾ ਦੇ ਵਧਾਰੇ ਪਸਾਰੇ ਲਈ ਸਰਗਰਮ ਭੂਮਿਕਾ ਅਦਾ ਕਰਦਾ ਆ ਰਿਹਾ ਹੈ। ਅਚਾਨਕ ਹੀ ਆਤਮਾ ਸਿੰਘ ਦੇ ਵਿਛੋੜੇ ਨੇ ਪਰਿਵਾਰ ਤੇ ਸੰਗੀ ਸਾਥੀਆਂ ਨੂੰ ਬਿਜਲੀ ਵਰਗਾ ਝੰਜੋੜਾ ਮਾਰਿਆ।ਆਤਮਾ ਸਿੰਘ ਦੀ ਸ਼ਖ਼ਸੀਅਤ ਤੇ ਸੁਸਾਇਟੀ ਨੂੰ ਪਏ ਅਸਹਿ ਘਾਟੇ ਦੀ ਦਰਦ ਪਰੁੰਨੀ ਕਹਾਣੀ ਸਭ ਨੂੰ ਝੰਜੋੜ ਗਈ।ਸਾਦ ਮੁਰਾਦਾ ਆਤਮਾ ਸਿੰਘ ਔਖੇ ਰਹਿੰਦੇ ਪਤਾਲ ਵਿੱਚ ਖੇਲਦੇ, ਪਰ ਉਪਰੋਂ ਸ਼ਾਂਤ ਚਿੱਤ ਸਾਗਰ ਦੀਆਂ ਰਮਣੀਕ ਲਹਿਰਾਂ ਵਰਗਾ ਸੀ।ਤਰਕਸ਼ੀਲ ਸੁਸਾਇਟੀ ਦੇ ਕੰਮਾਂ ਕਾਰਾਂ ਤੋਂ ਇਲਾਵਾ ਲੋਕਾਂ ਦੇ ਦੁੱਖਾਂ ਦਾ ਦਰਦੀ ਸਦਾ ਹੀ ਉਨ੍ਹਾਂ ਲਈ ਦਵਾ ਬਣ ਕੇ ਜੀਵਿਆ।ਸਮਾਜਿਕ ਕੰਮ ਮਸਲਿਆਂ, ਦਿੱਲੀ ਕਿਸਾਨ ਮੋਰਚਾ ਤੇ ਪਹਿਲੀ ਮਈ ਪੰਜਾਬੀ ਭਵਨ ਲੁਧਿਆਣਾ ਵਿੱਚ ਬੀਤੇ ਚਾਰ ਦਹਾਕਿਆਂ ਤੋਂ ਉਹ ਆ ਰਹੇ ਰਾਤ ਭਰ ਦੇ ਨਾਟਕ ਤੇ ਗੀਤ ਸੰਗੀਤ ਮੇਲੇ ਵਿੱਚ ਆਪਣਾ ਯੋਗਦਾਨ ਪਾਉਂਦੇ ਆ ਰਹੇ ਸਨ।

ਪ੍ਰਤੀਬੱਧਤਾ, ਹਲੀਮੀ ਤੇ ਆਪਣੇ ਫਰਜ਼ ਨੇਪਰੇ ਚਾੜ੍ਹਨ ਲਈ ਪੂਰੀ ਤਰ੍ਹਾਂ ਸਮਰਪਤ ਭਾਵਨਾ ਦੀ ਮਿਸਾਲ ਆਤਮਾ ਸਿੰਘ ਦਾ ਵਿਛੋੜਾ ਪਰਿਵਾਰ, ਤਰਕਸ਼ੀਲ ਸੁਸਾਇਟੀ ਪੰਜਾਬ ਤੇ ਲੋਕ ਸਰੋਕਾਰਾਂ ਨਾਲ ਜੁੜੀਆਂ ਸਮੂਹ ਸੰਸਥਾਵਾਂ ਲਈ ਵੱਡਾ ਸੱਖਣਾਪਣ ਮਹਿਸੂਸ ਕਰਾਉਣ ਵਾਲਾ ਹੈ।ਅੱਜ ਜਦੋਂ ਅੰਧਵਿਸ਼ਵਾਸ, ਪਾਖੰਡਪੁਣੇ ਤੇ ਧਰਮ ਦੀ ਓਟ ਛਤਰੀ ਹੇਠ ਆਪਣੇ ਵਿਰੁੱਧ ਫਾਸ਼ੀ ਏਜੰਡੇ ਨੂੰ ਅੱਗੇ ਲਿਜਾ ਰਹੇ ਕਾਰਪੋਰੇਟ ਘਰਾਣਿਆਂ, ਸਾਮਰਾਜੀਆਂ ਤੇ ਉਨ੍ਹਾਂ ਦੇ ਹਿੱਤ ਪਾਲਕਾਂ ਲਈ ਰਾਹ ਮੋਕਲਾ ਕਰਨ, ਵਿਗਿਆਨਕ, ਜਮਹੂਰੀ ਚਿੰਤਨ ਤੇ ਚੇਤਨਾ ਦਾ ਗਲ਼ਾ ਘੁੱਟਣ ਦਾ ਕੰਮ ਕੀਤਾ ਜਾ ਰਿਹਾ ਹੈ, ਉਸ ਮੌਕੇ ਸਮੇਂ ਨੂੰ ਅਨੇਕਾਂ ਆਤਮਾ ਸਿੰਘ ਲੋੜੀਂਦੇ ਹਨ।ਇਸ ਮੌਕੇ ਉਨ੍ਹਾਂ ਦੇ ਸੱਖਣੇਪਣ ਦੀ ਪੂਰਤੀ ਕਰਨ ਦਾ ਅਹਿਦ ਕਰਨਾ ਹੀ ਉਨ੍ਹਾਂ ਨੂੰ ਹਕੀਕੀ ਸਿਜ਼ਦਾ ਕਰਨਾ ਹੈ।

**-ਅਮੋਲਕ ਸਿੰਘ**
**ਸੰਪਰਕ : 98778-68710**

## ਕਾਤਰਾਂ

### ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਕੈਦੀ ਖਿਲਾਫ 52-ਏ ਪਰੀਜਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 1073 ਰਾਹੀਂ ਗੁਰਦਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 2 ਫਰਵਰੀ 2024 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਖੇ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ 2 ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਕੈਦੀ ਅਜੈ ਪੁੱਤਰ ਕਿਸ਼ਨ ਵਾਸੀ ਉਤਲਾ ਧਵਨ ਗੁਰੂ ਹਰਸਹਾਏ ਕੋਲੋਂ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕੈਦੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਅੱਜ ਦਾ ਰੋਸ ਪ੍ਰਦਰਸ਼ਨ ਮੁਲਤਵੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ 4 ਫਰਵਰੀ ਨੂੰ ਜੋ ਰੋਸ ਪ੍ਰਦਰਸ਼ਨ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਸ਼ਹਿਰ ਮਲੋਟ ਵਿਖੇ ਰੱਖਿਆ ਗਿਆ ਸੀ, ਉਹ ਰੋਸ ਪ੍ਰਦਰਸ਼ਨ ਇੱਕ ਹਫਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ ਤੇ ਜੇਕਰ ਇਕ ਹਫਤੇ ਤੱਕ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਅਗਲੇ ਹਫਤੇ ਮਲੋਟ ਵਿਖੇ ਹੀ ਧਰਨਾ ਲਗਾਇਆ ਜਾਵੇਗਾ।ਉਪਰੋਕਤ ਜਾਣਕਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਸਬੰਧੀ 5 ਫਰਵਰੀ ਨੂੰ ਸਵੇਰੇ 11 ਵਜੇ ਚੰਡੀਗੜ੍ਹ ਮੁੱਖ ਦਫਤਰ ਵਿੱਚ ਯੂਨੀਅਨ ਦੇ ਆਗੂਆਂ ਦੀ ਮੀਟਿੰਗ ਬੁਲਾ ਲਈ ਹੈ ਤੇ ਇਸ ਸਬੰਧੀ ਯੂਨੀਅਨ ਨੂੰ ਚਿੱਠੀ ਵੀ ਭੇਜ ਦਿੱਤੀ ਗਈ ਹੈ।

### ਰੇਤਾ ਦੀ ਭਰੀ ਟਰੈਕਟਰ ਟਰਾਲੀ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਰੇਤਾ ਦੀ ਭਰੀ ਟਰੈਕਟਰ ਟਰਾਲੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੌਰਾਨ ਇਲਾਕੇ ਵਿਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਮੰਗਲ ਸਿੰਘ ਉਰਫ ਮੰਗਾ ਪੁੱਤਰ ਜੱਜ ਵਾਸੀ ਪਿੰਡ ਮੱਛੀ ਮੰਡੀ ਜੋ ਰੇਤਾ ਚੋਰੀ ਕਰਕੇ ਅੱਗੇ ਵੇਚਣ ਦਾ ਆਦੀ ਹੈ, ਜੋ ਅੱਜ ਵੀ ਆਪਣੇ ਟਰੈਕਟਰ ਮਹਿੰਦਰਾ ਡੀ ਆਈ 265 ਨੰਬਰ ਪੀ ਬੀ 04 ਵੀ 6224 ਰੇਤਾ ਨਾਲ ਭਰ ਕੇ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ ਉਕਤ ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਆਈ ਡੀ ਪੀ ਡੀ ਵੱਲੋਂ ਗਾਜ਼ਾ 'ਤੇ ਇਜ਼ਰਾਈਲੀ ਹਮਲੇ ਤੁਰੰਤ ਬੰਦ ਕਰਨ ਦੀ ਮੰਗ



**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਉਸ ਬਿਆਨ ਦੀ ਨਿੰਦਾ ਕੀਤੀ ਹੈ ਕਿ ਫਲਸਤੀਨ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਰਾਹਤ ਤੇ ਕੰਮ ਏਜੰਸੀ (ਯੂ ਐੱਨ ਆਰ ਡਬਲਯੂ ਏ) ਨੂੰ ਗਾਜ਼ਾ 'ਤੋਂ ਵਾਪਸ ਲਿਆ ਜਾਣਾ ਚਾਹੀਦਾ ਹੈ।ਉਸ ਨੇ ਦੋਸ਼ ਲਗਾਇਆ ਹੈ ਕਿ ਯੂ ਐੱਨ ਆਰ ਡਬਲਯੂ ਏ ਵਿੱਚ ਕਈ ਅਜਿਹੇ ਹਨ, ਜੋ 7 ਅਕਤੂਬਰ 2023 ਨੂੰ ਇਜ਼ਰਾਈਲ ਉੱਤੇ ਹਮਾਸ ਦੁਆਰਾ ਕੀਤੇ ਗਏ ਹਮਲੇ ਵਿੱਚ ਸ਼ਾਮਲ ਸਨ।ਉਨ੍ਹਾਂ ਨੇ ਇਸ ਬਾਰੇ ਕੋਈ ਸਬੂਤ ਪੇਸ਼ ਨਹੀਂ ਕੀਤਾ ਹੈ। ਦੁਨੀਆ ਜਾਣਦੀ ਹੈ ਕਿ ਇਜ਼ਰਾਈਲ ਦਾ ਜ਼ਾਇਨਿਸਟ ਸ਼ਾਸਨ ਕਿਵੇਂ ਫਲਸਤੀਨੀਆਂ ਨੂੰ ਖਤਮ ਕਰਨ ਲਈ ਬੇਰਹਿਮੀ ਨਾਲ ਹਮਲਾ ਕਰ ਰਿਹਾ ਹੈ।ਉਨ੍ਹਾਂ ਦੇ ਹਮਲੇ ਦੇ ਨਤੀਜੇ ਵਜੋਂ ਗਾਜ਼ਾ ਵਿੱਚ ਗੰਭੀਰ ਮਨੁੱਖੀ ਸੰਕਟ ਹੈ, ਜਿਸ ਵਿੱਚ ਲਗਭਗ 30000 ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 70% ਔਰਤਾਂ ਤੇ ਬੱਚੇ ਹਨ। ਅਸੀਂ ਮੰਗ ਕਰਦੇ ਹਾਂ ਕਿ ਇਜ਼ਰਾਈਲ ਦੀ ਇਸ ਮੰਗ ਦੀ ਪੂਰੀ ਤਰ੍ਹਾਂ ਨਿੰਦਾ ਕੀਤੀ ਜਾਵੇ ਤੇ ਇਸ ਨੂੰ ਰੱਦ ਕੀਤਾ ਜਾਵੇ।ਸੰਯੁਕਤ ਰਾਸ਼ਟਰ ਨੂੰ ਆਪਣਾ ਅਧਿਕਾਰ ਦਿਖਾਉਣਾ ਚਾਹੀਦਾ ਹੈ ਤੇ ਗਾਜ਼ਾ ਦੇ ਦੁਖੀ ਲੋਕਾਂ ਲਈ ਭੋਜਨ, ਆਸਰਾ ਤੇ ਡਾਕਟਰੀ ਸਹਾਇਤਾ ਵਧਾਉਣੀ ਚਾਹੀਦੀ ਹੈ।ਭਾਰਤ ਸਰਕਾਰ ਨੂੰ ਯੂ ਐੱਨ ਆਰ ਡਬਲਯੂ ਏ ਵਿੱਚ ਹਮਾਸ ਦੀ ਮੌਜੂਦਗੀ 'ਤੇ ਸਵਾਲ ਚੁੱਕਣ ਦੀ ਬਜਾਏ ਗਾਜ਼ਾ ਦੇ ਲੋਕਾਂ ਦੀ ਸਹਾਇਤਾ ਲਈ ਸਟੈਂਡ ਲੈਣਾ ਚਾਹੀਦਾ ਹੈ।ਇਹ ਬਿਆਨ ਆਈਡੀਪੀਡੀ ਦੇ ਪ੍ਰਧਾਨ ਡਾ: ਅਰੁਣ ਮਿੱਤਰਾ ਤੇ ਜਨਰਲ ਸਕੱਤਰ ਡਾ: ਸ਼ਕੀਲ ਉਰ ਰਹਿਮਾਨ ਨੇ ਜਾਰੀ ਕੀਤਾ ਹੈ।

# ਸੰਤ ਅਤਰ ਸਿੰਘ ਮਸਤੂਆਣਾ ਦੀ ਬਰਸੀ ਮੌਕੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ 97ਵੀਂ ਬਰਸੀ 'ਤੇ ਵੱਖ ਵੱਖ ਸਿਆਸੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਇਲਾਕੇ ਤੇ ਦੇਸ਼ ਵਿਦੇਸ਼ਾਂ ਤੋਂ ਲੱਖਾਂ ਦੀ ਤਾਦਾਦ 'ਚ ਸ਼ਰਧਾਲੂ ਸੰਗਤਾਂ ਨੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ ਤੇ ਬਾਬਾ ਮਲਕੀਤ ਸਿੰਘ ਦਮਦਮਾ ਸਾਹਿਬ ਦੇ ਜਥੇ ਤੇ ਬਾਬਾ ਬਲਜੀਤ ਸਿੰਘ ਫੱਕਰ ਹੁਰਾਂ ਨੇ ਆਰਤੀ ਕੀਤੀ। ਇਸ ਮੌਕੇ ਪੰਥ ਦੀ ਮਹਾਨ ਸ਼ਖਸੀਅਤ ਉੱਘੇ ਵਿਦਵਾਨ ਗਿਆਨੀ ਪਿੰਦਰਪਾਲ ਸਿੰਘ ਲੁਧਿਆਣਾ ਵਾਲਿਆਂ ਨੇ ਕਿਹਾ ਕਿ ਸੰਤਾਂ ਨੇ ਮਾਲਵੇ ਦੇ ਖੇਤਰ ਵਿੱਚ ਸਿੱਖਿਆ ਤੇ ਧਾਰਮਿਕ ਗਿਆਨ ਦੀ ਜੋਤ ਜਗਾਈ ਤੇ ਲੋਕਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਇਸ ਤੋਂ ਇਲਾਵਾ ਗਿਆਨੀ ਸਾਹਿਬ ਸਿੰਘ ਸਾਹਬਾਦ ਮਾਰਕੰਡਾ ਵਾਲੇ, ਗਿਆਨੀ ਭਗਵਾਨ ਸਿੰਘ ਭਿੰਡਰਾਂ ਵਾਲੇ, ਬਾਬਾ ਬਲਜੀਤ ਸਿੰਘ ਫੱਕਰ, ਬਾਬਾ ਮਲਕੀਤ ਸਿੰਘ ਦਮਦਮਾ ਸਾਹਿਬ ਵਾਲੇ, ਬਾਬਾ ਹਰਨੇਕ ਸਿੰਘ ਲੰਗਰਾਂ ਵਾਲੇ, ਡਾਕਟਰ ਮਨਪ੍ਰੀਤ ਸਿੰਘ ਦਿੱਲੀ ਵਾਲੇ, ਭਾਈ ਅਨਹਦ ਰਾਜ ਸਿੰਘ ਲੁਧਿਆਣਾ ਵਾਲੇ, ਭਾਈ ਹਰਜਿੰਦਰ ਸਿੰਘ ਮਾਝੀ, ਭਾਈ ਦਵਿੰਦਰ ਸਿੰਘ ਚੀਮਾ ਵਾਲੇ, ਬਾਬਾ ਦਲੇਰ ਸਿੰਘ ਖਾਲਸਾ, ਭਾਈ ਅੰਮ੍ਰਿਤਪਾਲ ਸਿੰਘ ਪੱਖੋ, ਭਾਈ ਗੋਬਿੰਦ ਸਿੰਘ ਆਦਿ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜ ਕੇ ਨਿਹਾਲ ਕੀਤਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਦੀਪਾ, ਅਕਾਲੀ ਆਗੂ ਅਮਰਜੀਤ ਸਿੰਘ ਬਡਰੁੱਖਾਂ, ਸਰਕਲ ਪ੍ਰਧਾਨ ਬਲਵਿੰਦਰ ਸਿੰਘ ਨੰਬਰਦਾਰ, ਸਰਕਲ ਪ੍ਰਧਾਨ ਕੇਸਰ ਸਿੰਘ, ਕੁਲਵਿੰਦਰ ਸਿੰਘ ਅਕਬਰਪੁਰ, ਬੀ ਐੱਸ ਸੇਖੋਂ ਤੋਂ ਇਲਾਵਾ ਸਾਬਕਾ ਚੇਅਰਮੈਨ ਜਥੇਦਾਰ ਬਲਦੇਵ ਸਿੰਘ ਵੜੈਚ, ਗੁਰਜੰਟ ਸਿੰਘ ਦੁੱਗਾਂ, ਭੁਪਿੰਦਰ ਸਿੰਘ ਗਰੇਵਾਲ, ਸਿਆਸਤ ਸਿੰਘ, ਗਮਦੂਰ ਸਿੰਘ ਖਹਿਰਾ ਆਦਿ ਨੇ ਸੰਤ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# 'ਸਰਕਾਰ ਆਪ ਦੇ ਦੁਆਰ' ਤਹਿਤ ਕੈਂਪ 5 ਤੋਂ : ਐੱਸ ਡੀ.ਐੱਮ.

**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੇ ਉਦੇਸ਼ ਨਾਲ ਸ਼ੁਰੂ ਕੀਤੇ 'ਸਰਕਾਰ ਆਪ ਦੇ ਦੁਆਰ' ਤਹਿਤ 5 ਫਰਵਰੀ ਤੋਂ ਸਬ ਡਵੀਜ਼ਨ ਜ਼ੀਰਾ ਦੇ ਪਿੰਡਾਂ ਵਿੱਚ ਕੈਂਪ ਲਗਾ ਕੇ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਦਿੱਤਾ ਜਾਵੇਗਾ। ਇਹ ਜਾਣਕਾਰੀ ਐੱਸ.ਡੀ.ਐੱਮ. ਜ਼ੀਰਾ ਗੁਰਮੀਤ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਬ-ਡਵੀਜ਼ਨ ਜ਼ੀਰਾ ਵਿਖੇ 5 ਫਰਵਰੀ ਨੂੰ ਪਿੰਡ ਕਟੋਰਾ, ਅਮਰਗੜ੍ਹ, ਬਾਂਡੀਆਂ, ਝੰਡਾ ਬੱਘਾ ਪੁਰਾਣਾ, ਵਾਰਡ ਨੰ: 1 ਤੋਂ 4 ਵਿੱਚ ਸੁਵਿਧਾ ਕੈਂਪ ਲਗਾਇਆ ਜਾਵੇਗਾ ਤੇ 6 ਫਰਵਰੀ ਨੂੰ ਪਿੰਡ ਬੱਘੇਵਾਲਾ, ਮੱਲੂਵਾਲਾ, ਮੁਹਾਰ, ਵਾਰਡ ਨੰਬਰ 5 ਤੋਂ 8 ਜ਼ੀਰਾ ਸ਼ਹਿਰ 'ਚ ਕੈਂਪ ਲਗਾਇਆ ਜਾਵੇਗਾ, 7 ਫਰਵਰੀ ਨੂੰ ਚੋਹਲਾ, ਸ਼ੇਰਪੁਰ, ਤਖਤੂਵਾਲਾ, ਨੂਰਪੁਰ, ਵਾਰਡ ਨੰਬਰ 9 ਤੋਂ 12 ਜ਼ੀਰਾ ਸ਼ਹਿਰ, 8 ਫਰਵਰੀ ਨੂੰ ਬੰਡਾਲਾ ਨੌ ਬੰਬ, ਬਹਾਵਲਪੁਰ, ਮਾਛੀਵਾੜਾ, ਵਾਰਡ ਨੰਬਰ 13 ਤੋਂ 17 ਜ਼ੀਰਾ ਸ਼ਹਿਰ, 9 ਫਰਵਰੀ ਨੂੰ ਤਲਵੰਡੀ ਜੱਲੇ ਖਾਂ, ਤਲਵੰਡੀ ਮੰਗੇ ਖਾਂ, ਸੁੱਖੇਵਾਲਾ, ਪੰਡੋਰੀ ਜੱਟਾਂ ਤੇ 10 ਫਰਵਰੀ ਨੂੰ ਮੱਲੇ ਕੇ, ਰਟੌਲ ਬੇਟ, ਅਵਾਨ ਤੇ ਸ਼ਾਹਵਾਲਾ ਵਿਖੇ ਸੁਵਿਧਾ ਕੈਂਪ ਲਗਾਇਆ ਜਾਵੇਗਾ। ਸ. ਗੁਰਮੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਸੁਵਿਧਾ ਕੈਂਪਾਂ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਣਗੀਆਂ ਤੇ ਮੌਕੇ 'ਤੇ ਸ਼ਿਕਾਇਤਾਂ ਦੇ ਹੱਲ ਕੀਤੇ ਜਾਣਗੇ।

# ਬਲਾਕ ਪ੍ਰਭਾਰੀ ਦੀਪਾ ਰਾਮਗੜ੍ਹ ਦਾ ਘਨੌਰ ਪਹੁੰਚਣ 'ਤੇ ਭਰਵਾਂ ਸਵਾਗਤ



**ਨਾਭਾ (ਵਰਿੰਦਰ ਵਰਮਾ)**-ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਦੇ ਤਹਿਤ ਹਲਕਾ ਪ੍ਰਭਾਰੀ ਘਨੌਰ ਲੋਕ ਸਭਾ ਹਲਕਾ ਪਟਿਆਲਾ ਤੇ ਮਾਰਕੀਟ ਕਮੇਟੀ ਚੇਅਰਮੈਨ ਦੀਪਾ ਰਾਮਗੜ੍ਹ ਵੱਲੋਂ ਹਲਕਾ ਘਨੌਰ ਵਿਖੇ ਆਪ ਪਾਰਟੀ ਦੇ ਬਲਾਕ ਪ੍ਰਧਾਨਾ, ਵਰਕਰਾਂ ਤੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਦੀਪਾ ਰਾਮਗੜ੍ਹ ਦਾ ਘਨੌਰ ਪਹੁੰਚਣ 'ਤੇ ਐਮ ਐਲ ਏ ਗੁਰਲਾਲ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਦੀਪਾ ਰਾਮਗੜ੍ਹ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਅਗਲੀ ਐਕਟੀਵਿਟੀ ਵਜੋਂ ਆਦੇਸ਼ ਮਿਲੇ ਹਨ, ਉਹ ਵਰਕਰਾਂ ਤੇ ਆਗੂਆਂ ਨਾਲ ਸਾਂਝੇ ਕਰਕੇ ਟ੍ਰੇਨਿੰਗ ਦਿੱਤੀ ਗਈ ਹੈ। ਦੀਪਾ ਰਾਮਗੜ੍ਹ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੈ ਤੇ ਰਾਜ ਸਰਕਾਰ ਵੱਲੋਂ ਵੱਖ-ਵੱਖ ਭਲਾਈ ਯੋਜਨਾਵਾਂ ਰਾਹੀਂ ਲੋੜਵੰਦਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਮਾਨ ਸਰਕਾਰ ਵੱਲੋਂ ਮਹਿਜ ਕੁਝ ਸਾਲਾਂ ਵਿੱਚ ਰਿਕਾਰਡ ਤੋੜ ਕੰਮ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਚਨਬੱਧ ਹੈ ਤੇ ਇਸ ਸਰਕਾਰ ਨੇ ਆਪਣੇ ਮਹਿਜ 22 ਮਹੀਨਿਆਂ ਦੇ ਕਾਰਜਕਾਲ ਦੌਰਾਨ ਨੌਜਵਾਨਾਂ ਨੂੰ 39 ਹਜ਼ਾਰ 406 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਤੇ 12 ਹਜ਼ਾਰ 710 ਮੁਲਾਜ਼ਮਾਂ ਨੂੰ ਪੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਭਰਤੀ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਤੋਂ ਸੂਬਾ ਵਾਸੀ ਸੰਤੁਸ਼ਟ ਨਜ਼ਰ ਆ ਰਹੇ ਹਨ। ਇਸ ਮੀਟਿੰਗ ਵਿੱਚ ਵਿਧਾਇਕ ਗੁਰਲਾਲ ਘਨੌਰ, ਜਗਦੀਪ ਜੱਗਾ ਨੇ ਮੀਟਿੰਗ ਨੂੰ ਸਫਲ ਬਣਾਉਣ ਲਈ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਸਹਾਇਕ ਧੰਦੇ ਅਪਣਾ ਕੇ ਕੀਤਾ ਜਾ ਸਕਦੈ ਆਮਦਨ 'ਚ ਵਾਧਾ : ਖੁੱਡੀਆਂ

## ਡੇਅਰੀ ਵਿਕਾਸ ਵਿਭਾਗ ਵੱਲੋਂ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਚਾਵਲਾ, ਪਰਮਜੀਤ ਸਿੰਘ, ਪੂਜਾ)**-ਡੇਅਰੀ ਵਿਕਾਸ ਵਿਭਾਗ ਪੰਜਾਬ ਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਰਾਸ਼ਟਰੀ ਲਾਈਵਸਟੋਕ ਮਿਸ਼ਨ ਅਧੀਨ ਜ਼ਿਲ੍ਹਾ ਪੱਧਰੀ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਸ੍. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਤੇ ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਪੰਜਾਬ ਨੇ ਕੀਤੀ।

ਇਸ ਮੌਕੇ ਗੁਰਮੀਤ ਸਿੰਘ ਖੁੱਡੀਆਂ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਚਾਹੀਦਾ ਹੈ ਕਿ ਰਵਾਇਤੀ ਫਸਲਾਂ ਤੋਂ ਹਟ ਕੇ ਆਪਣੀ ਆਮਦਨ ਵਧਾਉਣ ਲਈ ਛੋਟੇ-ਛੋਟੇ ਸਹਾਇਕ ਧੰਦਿਆਂ ਨੂੰ ਜ਼ਰੂਰ ਅਪਣਾਉਣਾ ਚਾਹੀਦਾ ਹੈ ਤਾਂ ਜੋ ਆਪਣੀ ਰੋਜ਼ਾਨਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਦੁਧਾਰੂ ਪਸ਼ੂਆਂ ਜਿਵੇਂ ਗਾਵਾਂ, ਮੱਝਾਂ ਦੇ ਨਾਲ-ਨਾਲ ਬੱਕਰੀ ਪਾਲਣਾ, ਪੋਲਟਰੀ ਫਾਰਮ, ਸੂਰ ਪਾਲਣ, ਮੱਛੀ ਪਾਲਣ ਤੇ ਡੇਅਰੀ ਫਾਰਮ ਦੇ ਧੰਦਿਆਂ ਨੂੰ ਜ਼ਰੂਰ ਅਪਣਾਉਣ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੈਮੀਨਾਰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਕੀਤੇ ਜਾਣਗੇ ਤਾਂ ਜੋ ਬੇਰੋਜ਼ਗਾਰ ਨੌਜਵਾਨਾਂ ਨੂੰ ਡੇਅਰੀ ਦਾ ਕਿੱਤਾ ਕਰਨ ਲਈ ਪ੍ਰੋਤਸ਼ਾਹਤ ਕੀਤਾ ਜਾ ਸਕੇ।ਇਸ ਤੋਂ ਇਲਾਵਾ 37 ਬਲਾਕ ਪੱਧਰ 'ਤੇ ਸੈਮੀਨਾਰਾਂ ਦਾ ਵੀ ਆਯੋਜਨ ਕੀਤਾ ਜਾਵੇਗਾ।ਡੇਅਰੀ ਵਿਕਾਸ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਜੱਸੋਵਾਲ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਆਪਣੇ ਵਿਭਾਗ ਵੱਲੋਂ ਚਲਾਏ ਜਾ ਰਹੇ ਸਹਾਇਕ ਧੰਦਿਆਂ ਸਬੰਧੀ ਜਾਣਕਾਰੀ ਦਿੱਤੀ।ਕੈਬਨਿਟ ਮੰਤਰੀ ਨੇ ਡੇਅਰੀ ਤੇ ਖੇਤੀਬਾੜੀ ਦੇ ਕਿੱਤੇ ਵਿੱਚ ਵਧੀਆ ਕੰਮ ਕਰਨ ਵਾਲੇ ਕਿਸਾਨਾਂ, ਡੇਅਰੀ ਪਾਲਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਡਾਇਰੈਕਟਰ (ਡੇਅਰੀ) ਕਸ਼ਮੀਰ ਸਿੰਘ, ਡਿਪਟੀ ਡਾਇਰੈਕਟਰ ਰਣਦੀਪ ਹਾਂਡਾ ਤੇ ਨਿਰਵੈਰ ਸਿੰਘ, ਸ. ਗੁਰਪ੍ਰੀਤ ਸਿੰਘ ਮੁੱਖ ਖੇਤੀਬਾੜੀ ਅਫਸਰ, ਡਾ. ਗੁਰਦਿੱਤ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਤੇ ਪਤਵੰਤੇ ਵਿਅਕਤੀ ਮੌਜੂਦ ਸਨ।

# ਗੜੇਮਾਰੀ ਕਾਰਨ ਫਸਲਾਂ ਦੇ ਨੁਕਸਾਨ ਦੀ ਗਿਰਦਾਵਰੀ ਲਈ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਨੇ ਇਲਾਕੇ ਵਿੱਚ ਹੋਈ ਭਾਰੀ ਗੜੇਮਾਰੀ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾਉਣ ਸਬੰਧੀ ਐੱਸ.ਡੀ.ਐੱਮ. ਸਮਰਾਲਾ ਨੂੰ ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਕਣਕ ਦੇ ਸੀਜ਼ਨ ਸਮੇਂ ਬਰਸਾਤ ਨਾਲ ਹੋਏ ਕਣਕ ਝੋਨੇ ਤੇ ਸਬਜ਼ੀਆਂ ਦੀ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਕਿਸਾਨਾਂ ਨੂੰ ਸਰਕਾਰ ਵੱਲੋਂ ਵਾਰ-ਵਾਰ ਧਰਨੇ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਮੀਟਿੰਗਾਂ ਵਿੱਚ ਮੁਆਵਜ਼ਾ ਦੇਣ ਦਾ ਐਲਾਨ ਤਾਂ ਕਰ ਦਿੱਤਾ ਜਾਂਦਾ ਹੈ, ਪ੍ਰੰਤੂ ਸਰਕਾਰ ਵੱਲੋਂ ਕਿਸਾਨਾਂ ਦੀ ਤਬਾਹ ਹੋਈ ਫਸਲ ਦਾ ਮੁਆਵਜ਼ਾ ਦੇਣ ਦੀ ਬਜਾਏ ਸਿਰਫ ਡੰਗ ਟਪਾਉ ਕੰਮ ਕੀਤੇ ਜਾਂਦੇ ਹਨ, ਜਿਸ ਕਾਰਨ ਕਿਸਾਨਾਂ ਨੂੰ ਆਪਣੀਆਂ ਫਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਵਾਸਤੇ ਸੜਕਾਂ 'ਤੇ ਆ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਸੁਪਿੰਦਰ ਸਿੰਘ ਬੱਗਾ ਨੇ ਦੱਸਿਆ ਕਿ ਜੋ 13 ਫਰਵਰੀ ਤੋਂ ਦਿੱਲੀ ਵਿਖੇ ਬਾਕੀ ਰਹਿੰਦੀਆਂ ਮੰਗਾਂ ਨੂੰ ਲੈ ਕੇ ਕਿਸਾਨ ਅੰਦੋਲਨ ਸ਼ੁਰੂ ਹੋ ਰਿਹਾ ਹੈ। ਕਿਸਾਨ ਅੰਦੋਲਨ ਵਿੱਚ ਛੇ ਛੇ ਮਹੀਨੇ ਦਾ ਰਾਸ਼ਨ ਲੈ ਕੇ ਜਾਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ 4 ਤੇ 5 ਫਰਵਰੀ ਨੂੰ ਪੰਜਾਬ ਭਰ ਵਿੱਚ ਰਾਸ਼ਨ ਅਤੇ ਜ਼ਰੂਰੀ ਵਸਤੂਆਂ ਇਕੱਠੀਆਂ ਕੀਤੀਆਂ ਜਾਣਗੀਆਂ, ਜਿਸ ਲਈ ਸੂਬਾ ਕਮੇਟੀ ਵੱਲੋਂ 1 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਸਾਰੇ ਜ਼ਿਲ੍ਹਿਆਂ ਦੀ ਡਿਊਟੀ ਲਗਾ ਦਿੱਤੀ ਗਈ ਹੈ।ਇਸ ਮੌਕੇ ਉਨ੍ਹਾਂ ਨਾਲ ਸਵਰਨਜੀਤ ਸਿੰਘ ਘੁਲਾਲ, ਮਲਕੀਤ ਸਿੰਘ ਘੁਲਾਲ, ਹਰਦੀਪ ਸਿੰਘ ਰਾਣਵਾਂ, ਹਰਜੀਤ ਸਿੰਘ ਲੋਪੋਂ, ਕੁਲਵੰਤ ਸਿੰਘ ਖੱਟਰਾ, ਰਜਿੰਦਰ ਸਿੰਘ ਲੱਲ ਕਲਾਂ, ਬਲਿਹਾਰ ਸਿੰਘ ਲੱਲ ਕਲਾਂ ਆਦਿ ਆਗੂ ਹਾਜ਼ਰ ਸਨ।

# ਬੇਰੁਜ਼ਗਾਰ ਸਾਂਝਾ ਮੋਰਚਾ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਅੱਜ




**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਵੱਖ-ਵੱਖ ਸ਼੍ਰੇਣੀਆਂ ਦੇ ਬੇਰੁਜ਼ਗਾਰਾਂ (ਬੀ. ਐੱਡ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਬੇਰੁਜ਼ਗਾਰ ਓਵਰਏਜ ਅਧਿਆਪਕ ਯੂਨੀਅਨ, ਬੀ. ਐੱਡ. ਮੈਥ-ਸਾਇੰਸ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਬੇਰੁਜ਼ਗਾਰ ਲੈਕਚਰਾਰ ਯੂਨੀਅਨ ਤੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ) ਵੱਲੋਂ ਬੇਰੁਜ਼ਗਾਰ ਸਾਂਝਾ ਮੋਰਚਾ ਦੇ ਬੈਨਰ ਹੇਠ 4 ਫਰਵਰੀ ਨੂੰ ਸਥਾਨਕ ਮੁੱਖ ਮੰਤਰੀ ਸ੍. ਭਗਵੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।ਮੋਰਚੇ ਦੇ ਸੂਬਾਈ ਆਗੂ ਸੁਖਵਿੰਦਰ ਸਿੰਘ ਢਿਲਵਾਂ, ਹਰਜਿੰਦਰ ਸਿੰਘ ਝੁਨੀਰ, ਅਮਨਦੀਪ ਸਿੰਘ ਸੇਖਾ, ਰਿੰਕੂ ਸਿੰਘ ਬਹਾਦਰਗੜ੍ਹ, ਰਣਵੀਰ ਸਿੰਘ ਨਦਾਮਪੁਰ, ਲਲਿਤਾ ਪਟਿਆਲਾ ਵੱਲੋਂ ਸਥਾਨਕ ਡਿਪਟੀ ਕਮਿਸ਼ਨਰ ਕੰਪਲੈਕਸ ਵਿਖੇ ਤਿਆਰੀਆਂ ਸਬੰਧੀ ਮੀਟਿੰਗ ਉਪਰੰਤ ਮੀਡੀਏ ਨੂੰ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਗਿਆ ਕਿ ਮਾਨ ਸਰਕਾਰ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਲਾਰੇ ਲਾਉਂਦੀ ਆ ਰਹੀ ਹੈ, ਮੋਰਚੇ ਵਿੱਚ ਸ਼ਾਮਲ ਕਿਸੇ ਵੀ ਜਥੇਬੰਦੀ ਦੀ ਕੋਈ ਮੰਗ ਨਹੀਂ ਮੰਨੀ ਜਾ ਰਹੀ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਮਾਸਟਰ ਕਾਡਰ ਦੇ ਪ੍ਰਤੀ ਵਿਸ਼ੇ ਅਨੁਸਾਰ ਘੱਟੋ-ਘੱਟ ਤਿੰਨ ਹਜ਼ਾਰ ਪੋਸਟਾਂ ਸਾਰੇ ਵਿਸ਼ਿਆਂ ਹਿੰਦੀ, ਪੰਜਾਬੀ, ਇੰਗਲਿਸ਼, ਮੈਥ ਸਾਇੰਸ, ਉਰਦੂ, ਸੰਸਕ੍ਰਿਤ ਦੀਆਂ ਉਮਰ ਹੱਦ ਵਿੱਚ ਛੋਟ ਦੇ ਕੇ ਪੋਸਟਾਂ ਦਾ ਇਸ਼ਤਿਹਾਰ ਜਾਰੀ ਕਰਨ, ਆਉਣ ਵਾਲੀਆਂ ਸਾਰੀਆਂ ਨਵੀਆਂ ਭਰਤੀਆਂ ਤੋਂ 55% ਦੀ ਬੇਤੁਕੀ ਸ਼ਰਤ ਨੂੰ ਸਦਾ ਲਈ ਰੱਦ ਕਰਨਾ, ਮਲਟੀਪਰਪਜ਼ ਹੈਲਥ ਵਰਕਰਾਂ ਲਈ ਉਮਰ ਹੱਦ ਵਿੱਚ ਛੋਟ ਦੇ ਕੇ ਇਸ਼ਤਿਹਾਰ ਦੇਣ, ਮਾਸਟਰ ਕਾਡਰ ਤੇ ਈ ਟੀ ਟੀ ਦੀਆਂ ਨਵੀਆਂ ਭਰਤੀਆਂ ਉਮਰ ਹੱਦ ਵਿੱਚ ਛੋਟ ਦੇਣ, ਲੈਕਚਰਾਰ ਦੇ ਸਾਰੇ ਵਿਸ਼ਿਆਂ ਦੀ ਵੱਡੀ ਗਿਣਤੀ ਵਿੱਚ ਭਰਤੀ ਕਰਨ, 250 ਆਰਟ ਐਂਡ ਕਰਾਫਟ ਟੀਚਰਾਂ ਦੀ ਭਰਤੀ ਦਾ ਪੇਪਰ ਲੈ ਕੇ ਭਰਤੀ ਮੁਕੰਮਲ ਕਰਨ ਤੇ ਪ੍ਰਾਇਮਰੀ ਕੇਡਰ ਵਿੱਚ ਉਮਰ ਹੱਦ ਵਿੱਚ ਛੋਟ ਦੇ ਕੇ 2000 ਭਰਤੀ ਕਰਨ ਆਦਿ ਹੱਕੀ ਅਤੇ ਜਾਇਜ਼ ਮੰਗਾਂ ਨੂੰ ਮਨਵਾਉਣ ਲਈ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ 'ਤੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਕੁਲਵੰਤ ਲੌਂਗੋਵਾਲ, ਹਰਪ੍ਰੀਤ ਸੰਗਰੂਰ, ਜੀਵਨ ਸਿੰਘ, ਗੁਰਪ੍ਰੀਤ ਸਿੰਘ ਤੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬਠਿੰਡਾ ਨੂੰ ਵਿਕਾਸ ਪੱਖੋਂ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ : ਜਤਿੰਦਰ ਭੱਲਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
'ਪਹਿਲੀਆਂ ਸਰਕਾਰਾਂ ਵਾਂਗ ਗੱਲਾਂ ਹੀ ਨਹੀਂ ਸਗੋਂ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਨਗਰ ਸੁਧਾਰ ਟਰਸਟ ਬਠਿੰਡਾ ਨੂੰ ਵਿਕਾਸ ਪੱਖੋਂ ਨਮੂਨੇ ਦਾ ਸ਼ਹਿਰ ਬਣਾਏਗਾ।ਬਠਿੰਡਾ ਸ਼ਹਿਰ ਦੀ ਤਰੱਕੀ ਤੇ ਵਿਕਾਸ ਹੀ ਮੇਰਾ ਮੁੱਖ ਏਜੰਡਾ ਹੈ।' ਇਹ ਵਿਚਾਰ ਨਗਰ ਸੁਧਾਰ ਟਰਸਟ ਬਠਿੰਡਾ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਬਠਿੰਡਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਭੱਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਗਟ ਕੀਤੇ।ਉਨ੍ਹਾ ਦੱਸਿਆ ਕਿ ਅਗਲੇ ਕੁਝ ਦਿਨਾਂ ਵਿੱਚ ਹੀ 13 ਕਰੋੜ ਦੇ ਵਿਕਾਸ ਕਾਰਜ ਨਗਰ ਸੁਧਾਰ ਟਰੱਸਟ ਸ਼ੁਰੂ ਕਰਨ ਜਾ ਰਿਹਾ ਹੈ।ਇਨ੍ਹਾਂ ਵਿਕਾਸ ਕਾਰਜਾਂ ਦੇ ਟੈਂਡਰ ਹੋ ਚੁੱਕੇ ਹਨ ਤੇ ਇਕ ਹਫਤੇ ਦੇ ਅੰਦਰ ਅੰਦਰ ਵਿਕਾਸ ਦੇ ਇਹ ਕੰਮ ਸ਼ੁਰੂ ਹੋ ਜਾਣਗੇ।ਉਨ੍ਹਾ ਦੱਸਿਆ ਕਿ ਬਠਿੰਡਾ-ਸ੍ਰੀ ਅੰਮ੍ਰਿਤਸਰ ਕੌਮੀ ਸ਼ਾਹ ਮਾਰਗ 'ਤੇ ਆਦਰਸ਼ ਨਗਰ ਨੇੜੇ 30 ਏਕੜ ਜਗ੍ਹਾ ਵਿੱਚ ਸ਼ਹੀਦ ਭਗਤ ਸਿੰਘ ਇਨਕਲੇਵ ਦਾ ਨਿਰਮਾਣ ਕੀਤਾ ਜਾਵੇਗਾ।ਇਸ ਕਲੋਨੀ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ, ਉਥੇ ਹੀ ਪਲਾਟਾਂ ਦੇ ਰੇਟ ਵੀ ਵਾਜਬ ਰੱਖੇ ਜਾਣਗੇ।ਉਨ੍ਹਾ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੂੰ ਸਮਰਪਤ ਇਸ ਕਲੋਨੀ ਵਿੱਚ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਜਾਣਗੇ।ਭੱਲਾ ਨੇ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਤ ਪਟੇਲ ਨਗਰ ਵਿੱਚ ਕਰੋੜਾਂ ਰੁਪਏ ਦੀ ਲਾਗਤ ਵਾਲੀ ਸੂਬੇ ਦੀ ਪਹਿਲੀ ਆਧੁਨਿਕ ਸੈਰਗਾਹ ਬਣਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਫੌਜੀ ਛਾਉਣੀ ਦੇ ਨਾਲ ਇੱਕ ਕਿਲੋਮੀਟਰ ਖੇਤਰ ਵਿੱਚ ਬਨਣ ਵਾਲੀ ਇਸ ਸੈਰਗਾਹ ਵਿੱਚ ਸੈਰ ਕਰਨ ਵਾਲੇ ਲੋਕਾਂ ਦੀ ਐਕੂਪ੍ਰੈਸ਼ਰ ਵੀ ਹੋਵੇਗੀ।ਉਨ੍ਹਾ ਦੱਸਿਆ ਕਿ ਨਗਰ ਸੁਧਾਰ ਟਰੱਸਟ ਵੱਲੋਂ ਇਸ ਤੋਂ ਇਲਾਵਾ 13 ਕਰੋੜ ਦੀ ਲਾਗਤ ਨਾਲ ਹੋਰ ਵਿਕਾਸ ਕੰਮ ਸ਼ੁਰੂ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਸੜਕਾਂ ਤੇ ਪ੍ਰੀਮਿਕਸ ਪਾਉਣਾ, ਪਾਰਕਾਂ ਦੀ ਰਿਪੇਅਰ, ਸਟਰੀਟ ਲਾਈਟਾਂ ਤੇ ਐੱਲਈਡੀ ਲਾਈਟਾਂ ਲਾਉਣਾ, ਟਰਾਂਸਪੋਰਟ ਨਗਰ ਵਿੱਚ ਰਿਹਾਇਸ਼ੀ ਖੇਤਰ ਦੀ ਮੇਨ ਸੜਕ ਨੂੰ ਚੌੜਾ ਕੀਤਾ ਜਾਣਾ ਸ਼ਾਮਲ ਹੈ।ਇਸ ਤੋਂ ਇਲਾਵਾ ਟਰਸਟ ਵੱਲੋਂ ਵੱਖ-ਵੱਖ ਮਹੱਲਿਆਂ ਵਿੱਚ ਇੰਟਰਲਾਕ ਟਾਈਲਾਂ ਲਾਉਣ, ਫੁੱਟਪਾਥਾਂ ਦੀ ਰਿਪੇਅਰ, ਕੇਸ਼ਵ ਡੇਅਰੀ ਦੀ ਬਕਾਇਆ ਚਾਰਦਿਵਾਰੀ ਕਰਨਾ, ਟਰਾਂਸਪੋਰਟ ਨਗਰ ਦੀ ਗ੍ਰੀਨ ਬੈਲਟ ਦੀ ਰਿਪੇਅਰ ਤੇ ਵਿਕਾਸ ਤੋਂ ਇਲਾਵਾ ਸੁੰਦਰੀਕਰਨ, 49.4 ਤੇ 45.57 ਏਕੜ ਵਿੱਚ ਰਿੰਗ ਰੋਡ ਦੇ ਨਾਲ ਨਾਲ ਗ੍ਰੀਨ ਬੈਲਟ ਦਾ ਵਿਕਾਸ ਤੇ ਸੁੰਦਰੀਕਰਨ ਕਰਨਾ ਸ਼ਾਮਲ ਹੈ।ਬਠਿੰਡਾ ਤੋਂ ਲੋਕ ਸਭਾ ਦੀ ਟਿਕਟ ਦੀ ਦਾਅਵੇਦਾਰੀ ਦੇ ਸਵਾਲ 'ਤੇ ਜਤਿੰਦਰ ਭੱਲਾ ਨੇ ਕਿਹਾ ਕਿ ਉਨ੍ਹਾਂ ਪਾਰਟੀ ਤੋਂ ਕਦੇ ਕੁੱਝ ਨਹੀਂ ਮੰਗਿਆ, ਸਗੋਂ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਬਹੁਤ ਮਾਨ ਸਤਿਕਾਰ ਦਿੱਤਾ।ਉਹ ਪਾਰਟੀ ਦੇ ਤਿੰਨ-ਚਾਰ ਅਹੁਦਿਆਂ 'ਤੇ ਕੰਮ ਕਰ ਰਹੇ ਹਨ, ਉਥੇ ਹੀ ਪਾਰਟੀ ਨੇ ਉਨ੍ਹਾਂ ਨੂੰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਬਣਾਇਆ।ਹੁਣ ਵੀ ਉਹ ਪਾਰਟੀ ਤੋਂ ਕੁਝ ਨਹੀਂ ਮੰਗ ਰਹੇ, ਪਾਰਟੀ ਜਿਹੜੀ ਵੀ ਜ਼ਿੰਮੇਵਾਰੀ ਸੌਂਪੇਗੀ, ਉਸ ਨੂੰ ਪਹਿਲਾਂ ਵਾਂਗ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ ਜਾਵੇਗਾ।

# ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ

## 16 ਦੀ ਹੜਤਾਲ 'ਚ ਟ੍ਰਾਂਸਪੋਰਟ ਵਰਕਰਜ਼ ਤੇ ਪੈਨਸ਼ਨਰਜ਼ ਵੱਡੀ ਗਿਣਤੀ 'ਚ ਕਰਨਗੇ ਸ਼ਮੂਲੀਅਤ



**ਮੋਗਾ (ਨ ਜ਼ ਸ)**-ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਜਥੇਬੰਦੀ ਦੇ ਪ੍ਰਧਾਨ ਕਾਮਰੇਡ ਗੁਰਜੀਤ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਬਾਰੇ ਜਥੇਬੰਦੀ ਦੇ ਸਰਪ੍ਰਸਤ ਕਾਮਰੇਡ ਗੁਰਦੀਪ ਸਿੰਘ ਮੋਤੀ, ਜਗਦੀਸ਼ ਸਿੰਘ ਚਾਹਲ ਤੇ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ 10 ਕੇਂਦਰੀ ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਂਝੇ ਤੌਰ 'ਤੇ ਲਏ ਫੈਸਲੇ ਅਨੁਸਾਰ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਸਾਰੇ ਦੇਸ਼ ਵਿੱਚ ਪਹਿਲਾਂ 26 ਜਨਵਰੀ ਨੂੰ ਵੱਖ ਵੱਖ ਸਟੇਟਾਂ ਵਿੱਚ ਜ਼ਿਲ੍ਹਾ ਪੱਧਰ, ਤਹਿਸੀਲ ਪੱਧਰ ਤੇ ਬਲਾਕ ਪੱਧਰ 'ਤੇ ਟਰੈਕਟਰ ਮਾਰਚ ਕੀਤੇ ਗਏ ਅਤੇ ਹੁਣ 16 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ, ਕਿਉਂਕਿ ਕੇਂਦਰ ਤੇ ਸਟੇਟਾਂ ਦੀਆਂ ਸਰਕਾਰਾਂ ਵੱਲੋਂ ਲਗਾਤਾਰ ਕਿਸਾਨਾਂ ਤੇ ਮਜ਼ਦੂਰਾਂ ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਸਦਕਾ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ, ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਨਾ ਦੇਣਾ, ਕਿਸਾਨਾਂ ਮਜ਼ਦੂਰਾਂ ਨੂੰ ਕਰਜ਼ ਮੁਕਤ ਕਰਨ ਦੀ ਬਜਾਏ ਕਰਜ਼ੇ ਦੇ ਜਾਲ ਵਿੱਚ ਫਸਾਉਣਾ, ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਦੇ ਕਾਤਲਾਂ ਨੂੰ ਸਜ਼ਾਵਾਂ ਨਾ ਦੇਣਾ ਆਦਿ ਮਸਲੇ ਅਤੇ ਇਸੇ ਤਰ੍ਹਾਂ ਮਜ਼ਦੂਰਾਂ ਮੁਲਾਜ਼ਮਾਂ ਦੇ ਹੱਕ ਉੱਪਰ ਬਣੇ 44 ਕਿਰਤ ਕਾਨੂੰਨਾਂ ਨੂੰ 4 ਕਾਨੂੰਨ ਕੋਡ ਵਿੱਚ ਤਬਦੀਲ ਕਰਨਾ, ਠੇਕੇਦਾਰੀ ਸਿਸਟਮ ਰਾਹੀਂ ਮਜ਼ਦੂਰਾਂ ਦੀ ਅੰਨ੍ਹੀਂ ਲੁੱਟ, ਘੱਟੋ ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਨਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਾ ਕਰਨਾ, ਸਗੋਂ ਇਸ ਦੇ ਉਲਟ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸ਼ਗੜ੍ਹ ਦੀਆਂ ਸਰਕਾਰਾਂ ਵੱਲੋਂ ਫਿਰ ਪੁਰਾਣੀ ਪੈਨਸ਼ਨ ਸਕੀਮ ਬੰਦ ਕਰਨਾ, ਡਰਾਈਵਰਾਂ ਵਿਰੁੱਧ ਨਫ਼ਰਤੀ ਵਾਤਾਵਰਣ ਪੈਦਾ ਕਰਨ ਤੇ ਉਨ੍ਹਾਂ ਨੂੰ ਐਕਸੀਡੈਂਟਾਂ ਵਿੱਚ 7 ਲੱਖ ਰੁਪਏ ਜੁਰਮਾਨਾ ਤੇ 10 ਸਾਲ ਦੀ ਸਜ਼ਾ ਦਾ ਕਾਨੂੰਨ ਬਣਾਉਣਾ, ਮੁਲਾਜ਼ਮਾਂ, ਪੈਨਸ਼ਨਰਾਂ ਦੀਆਂ ਡੀ. ਏ. ਦੀਆਂ ਕਿਸ਼ਤਾਂ ਤੇ ਡੀ. ਏ. ਦਾ ਬਕਾਇਆ ਨਾ ਦੇਣਾ, ਪੇ-ਕਮਿਸ਼ਨ ਦਾ ਬਕਾਇਆ ਤੇ ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਨਾ ਦੇਣਾ ਆਦਿ ਅਨੇਕਾਂ ਮਸਲਿਆਂ ਨੂੰ ਲੈ ਕੇ ਦੇਸ਼ ਭਰ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਪੈਨਸ਼ਨਰ 16 ਫਰਵਰੀ ਨੂੰ ਇੱਕ ਦਿਨ ਦੀ ਸੰਕੇਤਕ ਹੜਤਾਲ ਕਰਨਗੇ। ਇਸ ਹੜਤਾਲ ਵਿੱਚ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਵਰਕਰਜ਼ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

ਇਸ ਮੀਟਿੰਗ ਵਿੱਚ 11 ਜਨਵਰੀ ਨੂੰ ਜਥੇਬੰਦੀ ਦੀ ਟ੍ਰਾਂਸਪੋਰਟ ਮੰਤਰੀ, ਸਕੱਤਰ ਟ੍ਰਾਂਸਪੋਰਟ, ਡਾਇਰੈਕਟਰ ਸਟੇਟ ਟ੍ਰਾਂਸਪੋਰਟ ਤੇ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਜਥੇਬੰਦੀ ਦੇ ਆਗੂਆਂ ਵੱਲੋਂ ਡਾਇਰੈਕਟਰ ਮੈਡਮ ਦੇ ਕੰਮ ਕਰਨ ਦੇ ਢੰਗਾਂ ਤੇ ਜਥੇਬੰਦੀਆਂ ਨੂੰ ਨਜ਼ਰ ਅੰਦਾਜ਼ ਕਰਨ ਦੇ ਤਰੀਕੇ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਗਈ ਸੀ ਅਤੇ ਮੰਗ ਕੀਤੀ ਗਈ ਸੀ ਕਿ ਡਾਇਰੈਕਟਰ ਮੈਡਮ ਨੂੰ ਤੁਰੰਤ ਬਦਲੀ ਕਰਕੇ ਮਹਿਕਮੇ ਦਾ ਕੰਮ ਕਾਜ ਕਿਸੇ ਯੋਗ ਅਧਿਕਾਰੀ ਨੂੰ ਦਿੱਤਾ ਜਾਵੇ। ਜਥੇਬੰਦੀ ਦੀ ਯੋਗ ਮੰਗ ਉੱਪਰ ਗੌਰ ਕਰਦਿਆਂ ਡਾਇਰੈਕਟਰ ਮੈਡਮ ਦਾ ਤਬਾਦਲਾ ਕਰਨ ਲਈ ਜਥੇਬੰਦੀ ਟ੍ਰਾਂਸਪੋਰਟ ਮੰਤਰੀ ਤੇ ਮੁੱਖ ਮੰਤਰੀ ਦਾ ਧੰਨਵਾਦ ਕਰਦੀ ਹੈ। ਮੀਟਿੰਗ ਵਿੱਚ 18 ਡਿੱਪੂਆਂ ਦੇ ਪ੍ਰਧਾਨ, ਜਨਰਲ ਸਕੱਤਰ, ਕੈਸ਼ੀਅਰ, ਸੀਨੀਅਰ ਮੀਤ ਪ੍ਰਧਾਨਾਂ ਤੋਂ ਇਲਾਵਾ ਬਚਿੱਤਰ ਸਿੰਘ ਧੋਥੜ, ਸੁਰਿੰਦਰ ਸਿੰਘ ਬਰਾੜ, ਬਲਵਿੰਦਰ ਸਿੰਘ ਰੋਪੜ, ਦਵਿੰਦਰ ਕੁਮਾਰ, ਬਿਕਰਮਜੀਤ ਸਿੰਘ ਅੰਮ੍ਰਿਤਸਰ, ਦੀਦਾਰ ਸਿੰਘ ਪੱਟੀ, ਗੁਰਜੀਤ ਜਲੰਧਰ, ਬਲਰਾਜ ਭੰਗੂ, ਕਿਰਨਦੀਪ ਢਿੱਲੋਂ, ਜਗਪਾਲ ਸਿੰਘ ਬਰਾੜ, ਮਨਦੀਪ ਸਿੰਘ ਮਖੂ ਤੇ ਗੁਰਪ੍ਰੀਤ ਸਿੰਘ ਮੋਗਾ ਹਾਜ਼ਰ ਸਨ।

# ਅਲਾਟ ਹੋਏ ਪਲਾਟਾਂ ਦੇ ਕਬਜ਼ੇ ਲੈਣ ਸੰਬੰਧੀ ਵਫਦ ਬੀ ਡੀ ਪੀ ਓ ਨੂੰ ਮਿਲਿਆ



**ਮੂਨਕ (ਰਾਜਪਾਲ ਸਿੰਗਲਾ)**
ਪਿੰਡ ਸਲੇਮਗੜ੍ਹ ਦੇ 26 ਬੇ-ਘਰੇ ਪਰਿਵਾਰ ਸਨ 1975 ਵਿੱਚ ਅਲਾਟ ਹੋਏ ਪਲਾਟਾਂ ਦੇ ਕਬਜ਼ੇ ਲੈਣ ਸਬੰਧੀ ਬੀ ਡੀ ਪੀ ਓ ਬਲਾਕ ਮੂਨਕ ਐਟ ਅਣਦਾਣਾ ਦੇ ਦਫ਼ਤਰ ਵਿਖੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਹਰਭਗਵਾਨ ਸਿੰਘ ਮੂਨਕ ਤੇ ਜ਼ਿਲ੍ਹਾ ਪ੍ਰਧਾਨ ਗੋਪੀ ਗਿਰ ਕਲਰਭੈਣੀ ਸਮੇਤ ਇਲਾਕਾ ਕਮੇਟੀ ਦੇ ਅਹੁਦੇਦਾਰਾਂ ਦੀ ਅਗਵਾਈ ਹੇਠ ਵੱਡੀ ਗਿਣਤੀ ਖੇਤ ਮਜ਼ਦੂਰ ਮਰਦ-ਔਰਤਾਂ ਦਾ ਡੈਪੂਟੇਸ਼ਨ ਬੀ ਡੀ ਪੀ ਓ ਸਾਹਿਬ ਨੂੰ ਮਿਲਿਆ। ਇਸ ਸਮੇਂ ਗੱਲਬਾਤ ਦੌਰਾਨ ਉਕਤ ਅਧਿਕਾਰੀ ਵੱਲੋਂ ਮਜ਼ਦੂਰ ਯੂਨੀਅਨ ਦੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਅਸੀਂ ਪਿਛਲੇ ਸਮੇਂ ਅਲਾਟ ਹੋਏ ਪਲਾਟਾਂ ਦੇ ਰਿਕਾਰਡ ਦੀ ਜਾਂਚ ਪੜਤਾਲ ਕਰਕੇ ਜੋ ਵੀ ਸਾਡੇ ਮਹਿਕਮੇ ਵੱਲੋਂ ਹੁਣ ਤੱਕ ਅਧੂਰੇ ਰਹੇ ਕੰਮ ਨੂੰ ਪੂਰਾ ਕਰਕੇ ਜਲਦੀ ਹੀ ਸਬੰਧਤ ਅਲਾਟੀਆ ਨੂੰ ਕਬਜ਼ੇ ਦਿੱਤੇ ਜਾਣਗੇ। ਇਸ ਉਪਰੰਤ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ 26 ਦਸੰਬਰ ਨੂੰ ਏ ਡੀ ਸੀ ਸਹਿਬ ਦੇ ਦਫ਼ਤਰ ਸੰਗਰੂਰ ਵਿਖੇ ਪਲਾਟਾਂ ਦੇ ਕਬਜ਼ੇ ਸਬੰਧੀ ਮੰਗ ਪੱਤਰ ਦਿੱਤਾ ਗਿਆ ਸੀ ਤੇ ਲੰਘ ਚੁੱਕੀ 31 ਜਨਵਰੀ ਨੂੰ ਐੱਸ ਡੀ ਐੱਮ ਸਾਹਿਬ ਮੂਨਕ ਨੂੰ ਇਸ ਮਸਲੇ ਸਬੰਧੀ ਦਰਖਾਸਤ ਕੀਤੀ ਗਈ ਹੈ ਅਤੇ ਅੱਜ ਪੀ ਡੀ ਪੀ ਓ ਸਾਹਿਬ ਨੂੰ ਵੀ ਮੰਗ ਪੱਤਰ ਸੌਂਪਿਆ ਗਿਆ ਹੈ। ਅੰਤ ਵਿੱਚ ਆਗੂਆਂ ਨੇ ਕਿਹਾ ਕਿ ਜੇਕਰ ਸਬੰਧਤ ਅਧਿਕਾਰੀਆਂ ਨੇ ਉਕਤ ਮਸਲੇ ਨੂੰ ਹੱਲ ਕਰਨ ਵਿੱਚ ਸਾਡੀ ਸੁਣਵਾਈ ਨਾ ਕੀਤੀ ਤਾਂ ਅਸੀਂ ਬੀ ਡੀ ਪੀ ਓ ਦਫ਼ਤਰ ਵਿਖੇ ਧਰਨਾ ਦੇਣ ਲਈ ਮਜਬੂਰ ਹੋਵਾਂਗੇ।

# 16 ਨੂੰ ਭਾਰਤ ਬੰਦ ਦਾ ਸੱਦਾ ਲਾਗੂ ਕਰਨ ਲਈ ਜਥੇਬੰਦੀਆਂ ਦੀ ਸਾਂਝੀ ਮੀਟਿੰਗ



**ਗੁਰਦਾਸਪੁਰ (ਜਨਕ ਮਹਾਜਨ)**- ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਜਮਾਤ, ਕਿਸਾਨਾਂ, ਵਿਦਿਆਰਥੀਆਂ, ਦੁਕਾਨਦਾਰਾਂ, ਨੌਜਵਾਨਾਂ, ਅਤੇ ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ 16 ਫਰਵਰੀ ਨੂੰ ਭਾਰਤ ਬੰਦ ਦਾ ਸੱਦਾ ਲਾਗੂ ਕਰਨ ਲਈ ਅੱਜ ਸਥਾਨਕ ਰਾਮ ਸਿੰਘ ਦੱਤ ਹਾਲ ਵਿਖੇ ਵੱਖ ਵੱਖ ਕਿਸਾਨ, ਮਜ਼ਦੂਰ, ਮੁਲਾਜਮ, ਵਿਦਿਆਰਥੀ ਨੌਜਵਾਨ ਅਤੇ ਹੋਰ ਜਨਤਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਮਜ਼ਦੂਰ ਆਗੂ ਗੁਲਜਾਰ ਸਿੰਘ ਭੁੰਬਲੀ ਅਤੇ ਕਿਸਾਨ ਆਗੂ ਮੰਗਤ ਸਿੰਘ ਜੀਵਨ ਚੱਕ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿਚ ਬੰਦ ਨੂੰ ਸਫਲ ਬਣਾਉਣ ਲਈ ਵੱਖ ਵੱਖ ਆਗੂਆਂ ਨੇ ਆਪਣੇ ਸੁਝਾਅ ਪੇਸ਼ ਕੀਤੇ। ਵੱਖ ਵੱਖ ਆਗੂਆਂ ਦੇ ਸੁਝਾਵਾਂ ਨੂੰ ਮੁੱਖ ਰੱਖਦਿਆਂ 5 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 9 ਫਰਵਰੀ ਨੂੰ ਗੁਰਦਾਸਪੁਰ, ਬਟਾਲਾ ਸ਼ਹਿਰ ਤੋਂ ਇਲਾਵਾ ਵੱਖ ਵੱਖ ਕਸਬਿਆਂ, ਬਲਾਕਾਂ ਵਿੱਚ ਆਮ ਸ਼ਹਿਰੀਆਂ, ਬੱਸ ਅਪਰੇਟਰਾਂ, ਮੰਡੀ ਪ੍ਰਬੰਧਕਾਂ, ਦੁਕਾਨਦਾਰਾਂ, ਰਹੇੜੀ ਫੜ੍ਹੀ , ਦੋਧੀਆਂ ਅਤੇ ਹੋਰ ਪਬਲਿਕ ਸੈਕਟਰ ਦੇ ਮੁਲਾਜ਼ਮਾਂ ਨੂੰ 16 ਫਰਵਰੀ ਦੇ ਬੰਦ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਜਾਵੇਗੀ। ਇਹ ਫੈਸਲਾ ਕੀਤਾ ਗਿਆ ਕਿ 16 ਫਰਵਰੀ ਨੂੰ ਛੋਟੇ ਸ਼ਹਿਰਾਂ, ਕਸਬਿਆਂ ਨੂੰ ਬੰਦ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦਪੁਰ, ਬਟਾਲਾ, ਗੁਰਦਾਸਪੁਰ ਵਿਖੇ ਵੱਡੇ ਜਾਮ ਲਗਾਏ ਜਾਣਗੇ। ਇਸ ਦਿਨ ਬੈਂਕ, ਰੋਡਵੇਜ਼, ਰੇਲਾਂ, ਮੰਡੀਆਂ ਬੰਦ ਰਹਿਣਗੀਆਂ। ਵੱਖ ਵੱਖ ਕੇਂਦਰੀ ਤੇ ਸੂਬਾਈ ਮੁਲਾਜ਼ਮ ਜਥੇਬੰਦੀਆਂ ਵੱਲੋਂ ਆਪਣੇ ਅਦਾਰੇ ਬੰਦ ਕਰ ਕੇ ਸਾਂਝੇ ਧਰਨਿਆਂ ਵਿੱਚ ਸ਼ਿਰਕਤ ਕੀਤੀ ਜਾਵੇਗੀ।

ਇਸ ਮੌਕੇ ਮੱਖਣ ਸਿੰਘ ਕੁਹਾੜ, ਰਾਜ ਗੁਰਵਿੰਦਰ ਸਿੰਘ, ਲਾਡੀ ਘੁਮਾਣ, ਪਲਵਿੰਦਰ ਸਿੰਘ ਮਠੋਲਾ, ਰਣਬੀਰ ਸਿੰਘ ਵਿਰਕ, ਧਿਆਨ ਸਿੰਘ ਠਾਕੁਰ, ਮੁਰਾਰੀ ਲਾਲ, ਜੋਗਿੰਦਰ ਪਾਲ ਪਨਿਆੜ, ਸੁਰਿੰਦਰ ਸਿੰਘ ਕੋਠੇ, ਨਰਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਕਲੇਰ, ਅਜੀਤ ਸਿੰਘ ਹੁੰਦਲ, ਤਿਰਲੋਕ ਸਿੰਘ ਬਹਿਰਾਮਪੁਰ, ਜਗੀਰ ਸਿੰਘ ਭੰਬੋਈ, ਵਿਦਿਆਰਥੀ ਆਗੂ ਅਮਰ ਕ੍ਰਾਂਤੀ, ਗੁਰਵਿੰਦਰ ਸਿੰਘ, ਅਮਰਜੀਤ ਸ਼ਾਸਤਰੀ, ਲਖਵਿੰਦਰ ਸਿੰਘ ਮਰੜ, ਸੰਜੀਵ ਮਿੰਟੂ, ਜਸਵੰਤ ਸਿੰਘ ਬੁੱਟਰ, ਸਲਵਿੰਦਰ ਸਿੰਘ ਰੋਸੇ, ਸੁਖਦੇਵ ਸਿੰਘ ਭਾਗੋਕਾਂਵਾਂ ਮੁਲਾਜ਼ਮ ਆਗੂ ਅਮਰਜੀਤ ਸਿੰਘ ਮਨੀ, ਬਲਵਿੰਦਰ ਕੌਰ, ਸ਼ਿਵ ਕੁਮਾਰ, ਗੁਰਵਿੰਦਰ ਸਿੰਘ ਜੀਵਨ ਚੱਕ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਖਾਲਸਾ ਕਾਲਜ 'ਚ ਵਿੱਤੀ ਜਾਗ੍ਰਿਤੀ 'ਤੇ ਸੈਮੀਨਾਰ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ 'ਚ ਵਿਦਿਆਰਥੀਆਂ ਨੂੰ ਵਿੱਤੀ ਜਾਗ੍ਰਿਤੀ ਪ੍ਰਦਾਨ ਕਰਨ ਲਈ ਕਾਲਜ ਦੇ ਕਾਮਰਸ ਵਿਭਾਗ ਵਲੋਂ ਰਾਸ਼ਟਰੀ ਸਟਾਕ ਐਕਸਚੇਂਜ ਅਤੇ ਸੈਬੀ (ਸਕਿਊਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਦੇ ਸਹਿਯੋਗ ਨਾਲ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ਼ਿਵਮ ਜਿੰਦਲ ਰਾਸ਼ਟਰੀ ਸਟਾਕ ਐਕਸਚੇਂਜ ਪੰਜਾਬ ਖੇਤਰ ਨੇ ਖਾਸ ਤੌਰ 'ਤੇ ਕਾਲਜ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕੈਪੀਟਲ ਮਾਰਕਿਟ, ਸਟਾਕ ਮਾਰਕਿਟ, ਸਟਾਕ ਐਕਸਚੇਂਜ ਦੇ ਬਾਰੇ ਜਾਣਕਾਰੀ ਦਿੱਤੀ । ਜਿੰਦਲ ਨੇ ਬੜੇ ਹੀ ਰੌਚਕ ਤਰੀਕੇ ਨਾਲ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਅਤੇ ਸਮਝਾਇਆ ਕਿ ਨਿਵੇਸ਼ ਕਰਦੇ ਵਕਤ ਕਿਵੇਂ ਸੁਚੇਤ ਰਿਹਾ ਜਾਏ, ਇਸ ਤੋਂ ਇਲਾਵਾ ਜਿੰਦਲ ਨੇ ਸਿਕਿਊਰਿਟੀਜ਼ ਐਕਸਚੇਂਜ ਬੋਰਡ ਆਫ਼ ਇੰਡੀਆ (ਸੈਬੀ) ਅਤੇ ਨੈਸ਼ਨਲ ਸਟਾਕ ਐਕਸਚੇਂਜ ਦੇ ਕਾਰਜਾਂ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਦੋਵੇਂ ਸੰਗਠਨ ਨਿਵੇਸ਼ਕਾਂ ਦੀ ਸੁਰੱਖਿਆ ਲਈ ਕੀ ਉਪਰਾਲੇ ਕਰ ਰਹੀਆ ਹਨ । ਇਸ ਮੌਕੇ ਡਾ.ਪਰਮਜੀਤ ਸਿੰਘ ਪੰਜਾਬੀ ਵਿਭਾਗ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਸ੍ਰਮੀ ਅਰੋੜਾ, ਪ੍ਰੋ. ਜੈਦੀਪ ਕੌਰ, ਪ੍ਰੋ. ਕਿਰਨਦੀਪ ਕੌਰ ਅਤੇ ਪ੍ਰੋ. ਨਵਜੋਤ ਕੌਰ ਵੀ ਹਾਜ਼ਰ ਸਨ।



# ਸਮਾਰਟ ਸਕੂਲ ਦੀਆਂ ਵਿਦਿਆਰਥਣਾਂ ਨੇ ਉਚੇਰੀ ਸਿੱਖਿਆ ਸੰਸਥਾਵਾਂ ਦਾ ਕੀਤਾ ਦੌਰਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** - ਬੀਤੇ ਕੱਲ੍ਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਵੱਲੋਂ ਨੌਵੀਂ, ਦਸਵੀ ਅਤੇ ਗਿਆਰ੍ਹਵੀਂ, ਬਾਰ੍ਹਵੀਂ ਜਮਾਤ ਦੇ ਸਾਇੰਸ ਵਿਸ਼ੇ ਵਿੱਚ ਪੜ੍ਹਦੀਆਂ 324 ਵਿਦਿਆਰਥਣਾਂ ਨੂੰ 7 ਬੱਸਾਂ ਰਾਹੀ ਸਟੱਡੀ ਟੂਰ ਦੌਰਾਨ ਗੁਰਦਾਸਪੁਰ ਵਿਖੇ ਉਚੇਰੀ ਸਿੱਖਿਆ ਸੰਸਥਾਵਾਂ ਦਾ ਦੌਰਾ ਕਰਵਾਇਆ ਗਿਆ । ਇਸ ਵਿੱਦਿਅਕ ਟੂਰ ਦੌਰਾਨ ਵਿਦਿਆਰਥਣਾਂ ਨੇ ਬੇਅੰਤ ਇੰਜੀਨੀਅਰ ਕਾਲਜ ਵਿਖੇ ਵੱਖ-ਵੱਖ ਇੰਜੀਨੀਅਰ ਕੋਰਸ, ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਰਸੋਈ ਨਾਲ ਸਬੰਧਤ ਕੋਰਸ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕੈਂਪਸ ਵਿਖੇ ਭੂਮੀ ਪਰਖ ਲੈਬ ਪ੍ਰਯੋਗਸ਼ਾਲਾ, ਆਰਗੇਨਿਕ ਖੇਤੀ ਕਰਨ ਲਈ ਤਿਆਰ ਕੀਤੇ ਜਾਂਦੇ ਮਿੱਤਰ ਕੀੜੇ, ਬਾਗਬਾਨੀ ਵਿਭਾਗ ਵੱਲੋਂ ਮੱਖੀ ਪਾਲਣ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਇਸ ਵਿੱਦਿਅਕ ਟੂਰ ਲਈ ਆਪਣੇ ਸਕੂਲ ਦੇ ਪ੍ਰਿੰਸੀਪਲ ਰੁਪਿੰਦਰਜੀਤ ਧਾਲੀਵਾਲ, ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸੇ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕੂਲ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ ਦੇ ਮੁਫ਼ਤ ਵਿੱਦਿਅਕ ਟੂਰ ਕਰਵਾਏ ਜਾ ਰਹੇ ਹਨ ਜਿਸ ਤਹਿਤ ਵਿਦਿਆਰਥੀਆਂ ਨੂੰ ਵੱਖ-ਵੱਖ ਧਾਰਮਿਕ, ਇਤਿਹਾਸਕ ਅਸਥਾਨਾਂ, ਯਾਦਗਾਰਾਂ, ਮੈਮੋਰੀਅਲ, ਉਚੇਰੀ ਸਿੱਖਿਆ ਸੰਸਥਾਵਾਂ ਆਦਿ ਵਿਖੇ ਲਿਜਾਇਆ ਜਾ ਰਿਹਾ ਹੈ। ਇਸ ਮੌਕੇ ਮੈਡਮ ਗੁਰਮੀਤ ਕੌਰ, ਸੁਖਜਿੰਦਰ ਕੌਰ, ਦਵਿੰਦਰ ਕੌਰ, ਸਤਨਾਮ ਸਿੰਘ, ਲਵ ਕੁਮਾਰ, ਰਵੀਨਾ ਕੁਮਾਰੀ, ਮਨਪ੍ਰੀਤ ਕੌਰ, ਜਗਪ੍ਰੀਤ ਕੌਰ, ਰੁਪਿੰਦਰ ਕੌਰ, ਸੰਤੋਸ਼ ਕੁਮਾਰੀ, ਗਗਨਦੀਪ, ਸੁਖਜੀਤ ਕੌਰ, ਮਨਿੰਦਰਦੀਪ ਕੌਰ ਅਤੇ ਸਰਬਜੀਤ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ ।

# ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵੱਲੋਂ ਅੱਜ ਦਸਤਾਰ ਤੇ ਦੁਮਾਲਾ ਮੁਕਾਬਲੇ



ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ ਸਕੱਤਰ ਨਿਰਮਲ ਸਿੰਘ ਸੁਰ ਸਿੰਘ ਮੀਰ ਸਕੱਤਰ ਹਰਚਰਨ ਸਿੰਘ ਕੇ ਖਜ਼ਾਨਚੀ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ ਜੋਨਲ ਇੰਚਾਰਜ ਭਿੱਖੀਵਿੰਡ ਭਾਈ ਗੁਰਜੰਟ ਸਿੰਘ ਨੇ ਪ੍ਰੈਸ ਕਾਨਫਰਸ ਨੂੰ ਸੰਬੋਧਨ ਹੁੰਦਿਆਂ ਕੀਤਾ।

**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਸ਼ਹੀਦ ਭਾਈ ਤਾਰੂ ਸਿੰਘ ਗੁਰਮਤ ਪ੍ਰਚਾਰ ਸੁਸਾਇਟੀ ਦਸਤੂਰੀ ਦਸਤਾਰ ਲਹਿਰ ਦੇ ਵੱਲੋਂ ਖਾਲਸਾ ਰਾਜ ਦੀ ਆਜ਼ਾਦੀ ਲਈ ਆਪਣਾ ਆਪ ਵਾਰਨ ਵਾਲੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਪਵਿੱਤਰ ਸ਼ਹਾਦਤ ਨੂੰ ਸਮਰਪਤ ਦਸਤਾਰ ਅਤੇ ਦੁਮਾਲਾ ਮੁਕਾਬਲਾ 4 ਫਰਵਰੀ ਨੂੰ ਗੁਰਦੁਆਰਾ ਕਿਲਾ ਸਾਹਿਬ ਪਿੰਡ ਸਭਰਾ ਜ਼ਿਲਾ ਤਰਨ ਤਾਰਨ ਵਿਖੇ ਕਰਵਾਇਆ ਜਾ ਰਿਹਾ ਹੈ। ਇਹਨਾਂ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਭਾਈ ਹਰਜੀਤ ਸਿੰਘ ਆਸਟਰੇਲੀਆ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ ਉਹਨਾਂ ਇਲਾਕੇ ਦੇ ਇਲਾਕੇ ਦੇ ਆਸ ਪਾਸ ਦੇ ਸਕੂਲਾਂ ਪਿੰਡਾਂ ਸ਼ਹਿਰਾਂ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਆਪਣੇ ਬੱਚਿਆਂ ਨੂੰ ਇਨਾ ਮੁਕਾਬਲਿਆਂ ਵਿੱਚ ਭੇਜਣ ਦੀ ਅਪੀਲ ਕੀਤੀ। ਇਸ ਸਮੇਂ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਜੋਤੀ ਸ਼ਾਹ ਹੈਡ ਗ੍ਰੰਥੀ ਗੁਰਦੁਆਰਾ ਕਿਲਾ ਸਾਹਿਬ ਭਾਈ ਅਮਨਦੀਪ ਸਿੰਘ ਸਭਰਾ ਦਸਤਾਰ ਇੰਚਾਰਜ ਹਰਪ੍ਰੀਤ ਸਿੰਘ ਪੱਟੀ, ਹਰਜੀਤ ਸਿੰਘ ਲਹਿਰੀ, ਆਕਾਸ਼ਦੀਪ ਸਿੰਘ ਭੱਟੀ, ਵਾਰਸ ਦੀਪ ਸਿੰਘ, ਜਸਪ੍ਰੀਤ ਕੌਰ ਕੈਰੋਂ, ਸਾਹਿਲ ਪ੍ਰੀਤ ਸਿੰਘ, ਬਿਸ਼ਨਦੀਪ ਸਿੰਘ, ਮਲਿਆਗਰ ਸਿੰਘ, ਜਗਦੀਸ਼ ਸਿੰਘ ਭਿੱਖੀਵਿੰਡ ਅਤੇ ਹੋਰ ਨੁਮਾਇੰਦੇ ਹਾਜ਼ਰ ਸਨ।

# ਨਗਰ ਕੌਂਸਲ ਨੇ ਸਫ਼ਾਈ ਕਰਮਚਾਰੀਆਂ ਲਈ 11 ਨਵੀਆਂ ਟਾਟਾ ਏਸ ਗੱਡੀਆਂ ਖਰੀਦੀਆਂ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਸ਼ਹਿਰ ਨੂੰ ਸਾਫ਼ ਸੁਥਰਾ ਬਣਾਉਣ ਲਈ ਨਗਰ ਕੌਂਸਲ ਗੁਰਦਾਸਪੁਰ ਨੇ ਕੂੜਾ ਚੁੱਕਣ ਲਈ ਸਫ਼ਾਈ ਕਰਮਚਾਰੀਆਂ ਲਈ 11 ਨਵੀਆਂ ਟਾਟਾ ਏਸ ਗੱਡੀਆਂ ਖਰੀਦੀਆਂ ਹਨ। ਇਨ੍ਹਾਂ ਨਵੀਆਂ ਗੱਡੀਆਂ ਨੂੰ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਵੀ ਹਾਜ਼ਰ ਸਨ।ਵਿਧਾਇਕ ਪਾਹੜਾ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਮੁਹੱਲੇ ਅਤੇ ਗਲੀਆਂ ਦੇ ਲੋਕਾਂ ਨੂੰ ਸਾਫ਼ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਉਹ ਸਮੇਂ-ਸਮੇਂ ਵੱਖ-ਵੱਖ ਵਾਰਡਾਂ ਦੇ ਕੌਂਸਲਰਾਂ ਨਾਲ ਮੀਟਿੰਗਾਂ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਕੌਂਸਲਰਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਜੇਕਰ ਕਿਸੇ ਨੂੰ ਵੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਸ ਦਾ ਤੁਰੰਤ ਹੱਲ ਕੀਤਾ ਜਾਵੇ।ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਸਫ਼ਾਈ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ। ਹੁਣ ਸਫਾਈ ਨੂੰ ਹੋਰ ਬਿਹਤਰ ਬਣਾਉਣ ਲਈ ਨਗਰ ਕੌਂਸਲ ਨੇ 11 ਨਵੀਆਂ ਗੱਡੀਆਂ ਖਰੀਦ ਕੇ ਸਫ਼ਾਈ ਕਰਮਚਾਰੀਆਂ ਨੂੰ ਸੌਂਪ ਦਿੱਤੀਆਂ ਹਨ, ਜੋ ਸ਼ਹਿਰ ਦੇ ਮੁਹੱਲਿਆਂ ਵਿੱਚ ਘਰ-ਘਰ ਜਾ ਕੇ ਕੂੜਾ ਇਕੱਠਾ ਕਰਨਗੇ।ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸਮੂਹ ਵਾਰਡਾਂ ਦੇ ਕੌਂਸਲਰ ਅਤੇ ਸ਼ਹਿਰ ਦੇ ਪਤਵੰਤੇ ਵੀ ਹਾਜ਼ਰ ਸਨ।

# ਦਿੱਲੀ ਮੋਰਚੇ ਦੀਆਂ ਤਿਆਰੀਆਂ ਮੁਕੰਮਲ : ਪਹੂਵਿੰਡ, ਕਲਸੀਆਂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਣ)**- ਕਿਸਾਨ ਮਜ਼ਦੂਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸੰਬੰਧੀ ਉੱਤਰੀ ਭਾਰਤ ਦੀਆਂ ਅਠਾਰਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਸੱਦੇ 'ਤੇ 13 ਫਰਵਰੀ ਤੋਂ ਦਿੱਲੀ ਵਿਖੇ ਲੱਗਣ 'ਚ ਜਾ ਰਹੇ ਧਰਨੇ ਲਈ ਕੁਝ ਕਰਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਤੋਂ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਦਿੱਲੀ ਧਰਨੇ 'ਚ ਕਿਸਾਨ ਮਜ਼ਦੂਰਾਂ ਦੀ ਭਰਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਮਕਸਦ ਨਾਲ ਜਥੇਬੰਦੀ ਦੇ ਸੀਨੀਅਰ ਆਗੂ ਪੂਰਨ ਸਿੰਘ ਮੱਦਰ ਦੀ ਅਗਵਾਈ ਹੇਠ ਚੇਲਾ, ਵਾਂ, ਡਲੀਰੀ, ਕਲਸੀਆਂ, ਦੋਦੇ, ਪਹੂਵਿੰਡ, ਵੀਰਮ, ਅਮੀਸ਼ਾਹ, ਖਾਲੜਾ ਆਦਿ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਹੈ। ਇਸ ਮੌਕੇ ਹਰਜਿੰਦਰ ਸਿੰਘ ਕਲਸੀਆਂ ਤੇ ਮਾਨ ਸਿੰਘ ਮਾੜੀਮੇਘਾ ਨੇ ਕਿਹਾ ਕਿ ਦੇਸ਼ ਦੇ ਕਿਸਾਨ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨ ਬਣਾ ਕੇ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ, ਲਖੀਮਪੁਰ ਖੇੜੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਤਿੰਨ ਕਾਲੇ ਕਾਨੂੰਨਾਂ ਖਿਲਾਫ ਦਿੱਲੀ ਮੋਰਚੇ ਦੌਰਾਨ ਕਿਸਾਨਾਂ 'ਤੇ ਦਰਜ ਕੀਤੇ ਕੇਸ ਰੱਦ ਕਰਵਾਉਣ, ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦਿਵਾਉਣ, ਕਿਸਾਨਾਂ ਅਤੇ ਖੇਤੀ ਨੂੰ ਪ੍ਰਦੂਸ਼ਣ ਕਾਨੂੰਨ ਤੋਂ ਬਾਹਰ ਰੱਖਣ ਆਦਿ ਮੰਗਾਂ ਸਬੰਧੀ ਭੀੜੇ ਸਮੇਂ ਅਰਸੇ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਪ੍ਰੰਤੂ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਦੱਸਣ ਵਾਲੀ ਭਾਜਪਾ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਦੱਸਿਆ ਕਿ ਉੱਤਰੀ ਭਾਰਤ ਦੀਆਂ ਅਠਾਰਾਂ ਕਿਸਾਨ-ਮਜਦੂਰ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਸੱਦੇ 'ਤੇ ਦਿੱਲੀ 'ਚ ਲੱਗਣ ਜਾ ਰਹੇ ਮੋਰਚੇ 'ਚ ਭਰਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਮਕਸਦ ਨਾਲ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਹਨ। ਆਗੂਆਂ ਨੇ ਦੱਸਿਆ ਕਿ 13 ਫਰਵਰੀ ਨੂੰ ਦਿੱਲੀ ਮੋਰਚੇ ਵਿੱਚ ਨਾ ਸਿਰਫ ਕਿਸਾਨ ਮਜ਼ਦੂਰ ਸਗੋਂ ਕਿਸਾਨ ਬੀਬੀਆਂ ਵੀ ਵੱਡੀ ਗਿਣਤੀ ਵਿੱਚ ਪਹੁੰਚਣਗੀਆਂ। ਇਸ ਮੌਕੇ ਉਨ੍ਹਾਂ ਸੂਬਾ ਵਾਸੀਆਂ ਨੂੰ 13 ਫਰਵਰੀ ਨੂੰ ਦਿੱਲੀ ਮੋਰਚੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਅਜਮੇਰ ਸਿੰਘ ਅਮੀਸ਼ਾਹ, ਮਨਜੀਤ ਸਿੰਘ ਅਮੀਸ਼ਾਹ, ਕਸ਼ਮੀਰ ਸਿੰਘ ਅਮੀਸ਼ਾਹ, ਅੰਗਰੇਜ਼ ਸਿੰਘ ਵਾਂ, ਗੁਰਲਾਲ ਸਿੰਘ ਵਾਂ, ਅਮਰਜੀਤ ਸਿੰਘ ਵਾਂ, ਨਿਰਵੈਲ ਸਿੰਘ ਵਾਂ, ਬਲਦੇਵ ਸਿੰਘ ਵਾਂ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਸੁਖਦੇਵ ਸਿੰਘ ਦੋਦੇ, ਸਵਰਨ ਸਿੰਘ ਫੌਜੀ ਡਲੀਰੀ, ਗੁਰਜੰਟ ਸਿੰਘ ਡਲੀਰੀ, ਹਰਪਾਲ ਸਿੰਘ ਡਲੀਰੀ, ਸੁਖਚੈਨ ਸਿੰਘ ਡਲੀਰੀ, ਬਿਕਰਮਜੀਤ ਸਿੰਘ ਡਲੀਰੀ, ਹਰਪਾਲ ਸਿੰਘ ਕਲਸੀਆਂ, ਗੁਰਮੀਤ ਸਿੰਘ ਕਲਸੀਆਂ, ਕੁਲਵੰਤ ਸਿੰਘ ਕਲਸੀਆਂ, ਮੇਜਰ ਸਿੰਘ ਕਲਸੀਆਂ, ਕੰਵਲਜੀਤ ਸਿੰਘ ਪਹੂਵਿੰਡ,ਜਗਜੀਤ ਸਿੰਘ ਪਹੂਵਿੰਡ, ਬਲਜਿੰਦਰ ਸਿੰਘ ਪਹੂਵਿੰਡ, ਨਿਰਵੈਲ ਸਿੰਘ ਚੇਲਾ, ਚਰਨਜੀਤ ਸਿੰਘ ਚੇਲਾ,ਅਜੀਤ ਸਿੰਘ ਚੇਲਾ, ਦਿਲਬਾਗ ਸਿੰਘ ਵੀਰਮ, ਜਗਰੂਪ ਸਿੰਘ ਵੀਰਮ, ਬਘੇਲ ਸਿੰਘ ਖਾਲੜਾ, ਜਸਵਿੰਦਰ ਸਿੰਘ ਖਾਲੜਾ, ਹਰਜੀਤ ਸਿੰਘ ਖਾਲੜਾ,ਗੁਰਬੀਰ ਸਿੰਘ ਖਾਲੜਾ, ਜਸਬੀਰ ਸਿੰਘ ਖਾਲੜਾ, ਬਲਜੀਤ ਕੌਰ ਅਮੀਸ਼ਾਹ, ਸਿਮਰਜੀਤ ਕੌਰ ਅਮੀਸ਼ਾਹ, ਬੇਅੰਤ ਕੌਰ ਦੋਦੇ, ਰਣਜੀਤ ਕੌਰ ਦੋਦੇ, ਗੁਰਮੀਤ ਕੌਰ ਪਹੂਵਿੰਡ, ਬਲਵੀਰ ਕੌਰ ਪਹੂਵਿੰਡ, ਰਾਜਬੀਰ ਕੌਰ ਚੇਲਾ, ਜਸਬੀਰ ਕੌਰ ਚੇਲਾ ਆਦਿ ਹਾਜ਼ਰ ਸਨ।



# ਗੀਤਕਾਰ ਸੇਵਾ ਸਿੰਘ ਸੰਧੂ ਛੋਟੇਪੁਰੀਆ ਦਾ ਦਿਲ ਦੌਰਾ ਪੈਣ ਕਾਰਨ ਦੇਹਾਂਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਗੀਤਕਾਰ ਸੇਵਾ ਸਿੰਘ ਸੰਧੂ ਛੋਟੇਪੁਰ (57 ) ਦੀ ਅਚਾਨਕ ਦਿਲ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਨ੍ਹਾਂ ਦੇ ਮ੍ਰਿਤਕ ਸਰੀਰ ਦਾ ਅੰਤਮ ਸੰਸਕਾਰ ਧਾਰੀਵਾਲ ਤੋਂ ਨੇੜੇ ਉਨ੍ਹਾਂ ਦੇ ਜੱਦੀ ਪਿੰਡ ਛੋਟੇਪੁਰ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ। ਉਹ ਆਪਣੇ ਪਿੱਛੇ ਪਰਵਾਰ ਵਿੱਚ ਪਤਨੀ ਬਲਜੀਤ ਕੌਰ, ਦੋ ਧੀਆਂ ਰਮਨਦੀਪ ਕੌਰ ਤੇ ਕਮਲਪ੍ਰੀਤ ਕੌਰ ਅਤੇ ਬੇਟਾ ਲਵਰੋਜ਼ਦੀਪ ਸਿੰਘ ਛੱਡ ਗਏ। ਗੀਤਕਾਰ ਛੋਟੇਪੁਰੀਆ ਦੇ ਬੇਵਕਤਾ ਸਦੀਵੀ ਵਿਛੋੜਾ ਦੇ ਜਾਣ 'ਤੇ ਵੱਖ ਵੱਖ ਸਮਾਜਸੇਵੀ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਆਗੂਆਂ ਅਤੇ ਸਾਹਿਤ ਸਭਾਵਾਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਦੇ ਭਰਾ ਮੇਵਾ ਸਿੰਘ ਸੰਧੂ ਨੇ ਦੱਸਿਆ ਕਿ ਗੀਤਕਾਰ ਸੇਵਾ ਸਿੰਘ ਸੰਧੂ ਨਮਿਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 8 ਫਰਵਰੀ ਨੂੰ ਪਿੰਡ ਛੋਟੇਪੁਰ ਵਿੱਚ ਹੋਵੇਗਾ। ਸੰਧੂ ਪਰਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਪ੍ਰਧਾਨ ਸੁਲੱਖਣ ਸਰਹੱਦੀ, ਸੀਨੀਅਰ ਮੀਤ ਪ੍ਰਧਾਨ ਡਾ. ਲੇਖ ਰਾਜ, ਸੰਯੋਜਕ ਮੱਖਣ ਕੁਹਾੜ, ਜਨਰਲ ਸਕੱਤਰ ਮੰਗਤ ਚੰਚਲ, ਪ੍ਰੈਸ ਸਕੱਤਰ ਸੁੱਚਾ ਸਿੰਘ ਪਸਨਾਵਾਲ, ਸੀਤਲ ਸਿੰਘ ਗੁੰਨੋਪੁਰੀ, ਗੁਰਮੀਤ ਬਾਜਵਾ, ਗੁਰਪ੍ਰੀਤ ਰੰਗੀਲਪੁਰ, ਡਾ. ਰਜਵਿੰਦਰ ਕੌਰ, ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਸੁਖਵਿੰਦਰ ਰੰਧਾਵਾ, ਬੂਟਾ ਰਾਮ ਆਜ਼ਾਦ, ਸੋਹਣ ਸਿੰਘ, ਨਿਸ਼ਾਨ ਸਿੰਘ ਆਦਿ ਨੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਇਸੇ ਤਰ੍ਹਾਂ ਲੋਕ ਲਿਖਾਰੀ ਸਭਾ ਕਾਦੀਆਂ ਅਤੇ ਸਾਹਿਤ ਸਭਾ ਧਾਰੀਵਾਲ ਨੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

# ਅਧਿਆਪਕ ਆਗੂਆਂ ਵੱਲੋਂ ਲੁਟੇਰਿਆਂ ਨੂੰ ਜਲਦ ਗ੍ਰਿਫਤਾਰ ਕਰਨ ਦੀ ਮੰਗ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)** -ਸਰਕਾਰੀ ਮਿਡਲ ਸਕੂਲ ਸਹਾਰੀ ਬਲਾਕ ਧਾਰੀਵਾਲ 2 ਦੇ ਮੁੱਖ ਅਧਿਆਪਕ ਵਿਕਰਾਂਤ ਵਰਮਾ ਨਾਲ ਸਕੂਲ ਛੁੱਟੀ ਤੋਂ ਬਾਅਦ ਧਾਰੀਵਾਲ ਨੂੰ ਆਉਂਦੇ ਸਮੇਂ ਪਿੰਡ ਸਹਾਰੀ ਨੇੜੇ ਹੋਈ ਲੁੱਟ ਦੀ ਵਾਰਦਾਤ ਨਾਲ ਸਮੂਹ ਅਧਿਆਪਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੁਰੋਵਾਲ, ਸੁਖਵਿੰਦਰ ਰੰਧਾਵਾ, ਅਮਨਦੀਪ ਧਾਰੀਵਾਲ , ਸੁਖਦੇਵ ਸਿੰਘ, ਜਗਦੀਸ਼ ਰਾਜ ਬੈਂਸ, ਰਮੇਸ਼ ਖੁੰਡਾ, ਅਨਿਲ ਕੁਮਾਰ, ਦਿਲਦਾਰ ਭੰਡਾਲ, ਸੁਭਾਸ਼ ਚੰਦ ਪਠਾਨਕੋਟ, ਨਰਿੰਦਰ ਸ਼ਰਮਾ, ਸੁਖਬੀਰ ਸਿੰਘ, ਨੀਰਜ ਕੁਮਾਰ, ਸੁਖਜਿੰਦਰ ਸਿੰਘ, ਵਿਵੇਕ ਭਾਰਦਵਾਜ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਕਨੂੰਨ ਵਿਵਸਥਾ ਵੱਲ ਧਿਆਨ ਦੇ ਕੇ ਲੁਟੇਰਿਆਂ ਨੂੰ ਜਲਦ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਆਗੂਆਂ ਨੇ ਪਿੰਡ ਸਹਾਰੀ ਦੇ ਨੌਜਵਾਨਾਂ ਵੱਲੋਂ ਲੁਟੇਰਿਆਂ ਵਿਰੁੱਧ ਡਟਣ ਦੀ ਸਰਾਹਨਾ ਕਰਦਿਆਂ ਪ੍ਰਸ਼ਾਸਨ ਤੋਂ ਨੌਜਵਾਨਾਂ ਨੂੰ ਸਨਮਾਨਤ ਕਰਨ ਦੀ ਮੰਗ ਕੀਤੀ। ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੁਟੇਰਿਆਂ ਨੂੰ ਜਲਦ ਗ੍ਰਿਫਤਾਰ ਕਰਕੇ ਆਧਿਆਪਕ ਨੂੰ ਇਨਸਾਫ ਦਿਵਾਇਆ ਜਾਵੇ।

# ਨੈਸ਼ਨਲ ਯੂਥ ਪਾਰਟੀ ਦੇ ਵਫਦ ਨੇ ਵਿਧਾਇਕ ਖਹਿਰਾ ਨਾਲ ਕੀਤੀ ਮੁਲਾਕਾਤ

**ਬਾਬਾ ਬਕਾਲਾ ( ਮਨਜੀਤ ਸਿੰਘ ਭੰਗੂ)**- 25% ਕੋਟੇ ਦੀਆਂ ਸੀਟਾਂ ਪ੍ਰਾਈਵੇਟ ਸਕੂਲਾਂ 'ਚ ਬਹਾਲ ਕਰਾਉਣ 'ਚ ਅੜਿੱਕਾ ਬਣੇ ਆਰ ਟੀ ਈ ਰੂਲ 2011 ਦੇ ਨਿਯਮ 7 (4) ਨੂੰ ਰੱਦ ਕਰਵਾਉਂਣ ਲਈ ਮੁੱਦਾ ਪੰਜਾਬ ਵਿਧਾਨ ਸਭਾ 'ਚ ਉਠਾਉਣ ਦੀ ਮੰਗ ਨੂੰ ਲੈ ਕੇ ਅੱਜ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਦੀ ਅਗਵਾਈ ਹੇਠਲੇ ਵਫਦ ਨੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਉਨ੍ਹਾ ਦੀ ਰਿਹਾਇਸ਼ 'ਤੇ ਪਿੰਡ ਰਾਮਗੜ੍ਹ ਵਿਖੇ ਮੁਲਾਕਾਤ ਕੀਤੀ।

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਮਿਲਣ ਵਾਲੇ ਵਫਦ 'ਚ ਪਾਰਟੀ ਦੇ ਗੁਰਮੁਖ ਸਿੰਘ ਅਰਜਨ ਮਾਂਗਾ ਜਨਰਲ ਸਕੱਤਰ ਰਾਸਾ ਯੂਕੇ, ਭੁਲੱਥ ਹਲਕੇ ਦੇ ਕੋਆਰਡੀਨੇਟ ਮੁਹੰਮਦ ਫਰਮਾਨ, ਸਟੇਟ ਕਮੇਟੀ ਮੈਂਬਰ ਅੰਮ੍ਰਿਤਪਾਲ ਸਿੰਘ ਕਲਿਆਣ, ਪੀ ਏ ਗੁਰਪ੍ਰੀਤ ਸਿੰਘ ਖਾਲਸਾ ਆਦਿ ਸ਼ਾਮਲ ਸਨ। ਇਸ ਮੌਕੇ ਵਿਧਾਇਕ ਖਹਿਰਾ ਨਾਲ ਗੱਲਬਾਤ ਦੌਰਾਨ ਨੈਸ਼ਨਲ ਯੂਥ ਪਾਰਟੀ ਦੇ ਪੰਜਾਬ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਮਾਨਤਾ ਪ੍ਰਾਪਤ ਸਕੂਲਾਂ 'ਚ ਆਰ ਟੀ ਈ ਐਕਟ 2009 ਦੀ ਪਾਲਣਾ ਨੂੰ ਯਕੀਨੀ ਬਣਾਉਂਣ ਲਈ ਪਿਛਲੇ 14 ਸਾਲ ਤੋਂ ਅੜਿੱਕਾ ਬਣੇ ਆ ਰਹੇ ਰੂਲ 7(4) ਨੂੰ ਰੱਦ ਕਰਾਉਣ ਲਈ ਪੰਜਾਬ ਵਿਧਾਨ 'ਚ ਮੁੱਦਾ ਚੁੱਕ ਕੇ ਪ੍ਰਸਤਾਵ ਪਾਸ ਕਰਾਉਣ ਲਈ ਸੰਭਵ ਯਤਨ ਕਰਨ ਦੀ ਅਪੀਲ ਕੀਤੀ।ਗਿੱਲ ਤੋਂ ਮੰਗ ਪੱਤਰ ਸਵੀਕਾਰ ਕਰਦੇ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਜਿਸ ਉਦੇਸ਼ ਦੀ ਪੂਰਤੀ ਨੂੰ ਲੈ ਕੇ ਅੱਜ ਨੈਸ਼ਨਲ ਯੂਥ ਪਾਰਟੀ ਦੀ ਟੀਮ ਨੇ ਪੰਜਾਬ ਦੇ ਮਾਪਿਆਂ ਅਤੇ ਬੱਚਿਆਂ ਦੇ ਹੱਕ ਫਤਵਾ ਦਿੰਦੇ ਹੋਏ ਮੈਨੂੰ ਮਿਲ ਕੇ ਪੰਜਾਬ ਵਿਧਾਨ ਸਭਾ 'ਚ ਉਕਤ ਮੁੱਦੇ ਨੂੰ ਉਠਾਉਣ ਲਈ ਚਰਚਾ ਕੀਤੀ ਹੈ। ਮੈਂ ਬਤੌਰ ਵਿਧਾਇਕ ਇਹ ਭਰੋਸਾ ਦਿੰਦਾ ਹਾਂ ਕਿ ਪੰਜਾਬ ਭਰ ਦੇ ਗਰੀਬ ਬੱਚਿਆਂ ਦੇ ਹੱਕ 'ਚ ਕਨੂੰਨ ਦਾ ਰੁਖ ਕਰਨ ਲਈ ਉਹ ਹਰ ਸੰਭਵ ਯਤਨ ਕਰਨਗੇ ਅਤੇ ਪੰਜਾਬ ਵਿਧਾਨ ਸਭਾ ਮੰਗ ਵੀ ਰੱਖਣਗੇ ਕਿ ਦੂਸਰੇ ਪ੍ਰਾਂਤਾਂ ਦੇ ਬਰਾਬਰ ਪੰਜਾਬ 'ਚ ਵੀ ਸਿੱਖਿਆ ਦਾ ਅਧਿਕਾਰ ਕਨੂੰਨ 2009 ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ ਤਾਂ ਕਿ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਹੋ ਸਕੇ।ਇਸ ਮੌਕੇ ਓਂਕਾਰ ਸਿੰਘ ਸੋਨੂੰ, ਪ੍ਰਿੰ. ਜਸਬੀਰ ਸਿੰਘ ਸੋਹਲ ਸਕੱਤਰ ਪੰਜਾਬ ਰਾਸਾ ਯੂਕੇ, ਪ੍ਰਿੰ. ਸ਼ਮਲਾਲ ਮਹਿਤਾ ਸਕੱਤਰ ਤਹਿ ਬਾਬਾ ਬਕਾਲਾ, ਪ੍ਰਿੰ. ਰਘਬੀਰ ਸਿੰਘ ਘੁੰਮਣ, ਕਪੂਰਥਲਾ ਰਾਸਾ ਯੂਕੇ, ਪ੍ਰਿੰਸ ਕੁਲਜੀਤ ਸਿੰਘ ਬਾਠ ਵਾਈਸ ਪ੍ਰਧਾਨ ਪੰਜਾਬ ਰਾਸਾ ਯੂਕੇ ਆਦਿ ਹਾਜ਼ਰ ਸਨ।



## ਕੇਂਦਰ ਵੱਲੋਂ ਪੇਸ਼ ਕੀਤਾ ਬਜਟ ਅਮੀਰ ਘਰਾਣਿਆਂ ਦਾ : ਡਾ. ਸਤਨਾਮ ਸਿੰਘ

**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)**-ਸੰਯੁਕਤ ਕਿਸਾਨ ਮੋਰਚਾ ਦੇ ਮੁੱਖ ਆਗੂ ਜਮਹੂਰੀ ਕਿਸਾਨ ਸਭਾ ਸੂਬਾ ਪੰਜਾਬ ਦੇ ਪ੍ਰਧਾਨ ਨੇ ਕੇਂਦਰੀ ਵਿਤ ਮੰਤਰੀ ਨਿਰਮਲ ਸੀਤਾਰਾਮ ਵੱਲੋਂ ਪੇਸ਼ ਕੀਤੇ ਬਜਟ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਹ ਸਿਰਫ ਅਮੀਰ ਘਰਾਣਿਆਂ ਨੂੰ ਖੁਸ਼ ਕਰਨ ਵਾਲਾ ਬਜਟ ਹੈ ਅਤੇ ਆਮ ਵਰਗ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਮਹਿੰਗਾਈ ਅਤੇ ਬੇਰੁਜ਼ਗਾਰੀ ਸਾਰੀਆਂ ਹੱਦਾਂ ਟੱਪ ਗਈ ਹੈ। ਡਾਕਟਰ ਸਤਨਾਮ ਸਿੰਘ ਨੇ ਕਿਹਾ ਕਿ ਭਾਰਤ ਦੇ ਕਿਸਾਨਾਂ ਨਾਲ ਜੋ ਮੋਦੀ ਸਰਕਾਰ ਨੇ ਨੌਂ ਦਸੰਬਰ 2021 ਨੂੰ ਲਿਖਤੀ ਵਾਅਦਾ ਕੀਤਾ ਸੀ ਉਸ ਨੂੰ ਹੁਣ ਤੱਕ ਪੂਰਾ ਨਹੀਂ ਕੀਤਾ ਗਿਆ। ਕੇਂਦਰ ਦੀ ਭਾਜਪਾ ਸਰਕਾਰ ਐਮ ਐਸ ਪੀ ਤੋਂ ਵੀ ਭੱਜ ਗਈ ਹੈ। ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ।

## 32 ਬੋਰ ਪਿਸਟਲ ਮੈਗਜ਼ੀਨ ਤੇ 2 ਜ਼ਿੰਦਾ ਰੌਂਦਾਂ ਸਮੇਤ ਇੱਕ ਕਾਬੂ

**ਗੁਰਦਾਸਪੁਰ (ਗੁਰਦਾਸਪੁਰ)**- ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਨਜਾਇਜ਼ ਪਿਸਟਲ, ਮੈਗਜ਼ੀਨ ਅਤੇ 2 ਜ਼ਿੰਦਾ ਰੌਂਦ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਥਾਣਾ ਭੈਣੀ ਮੀਆਂ ਖਾਂ ਪੁਲਸ ਦੇ ਐਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਦਾਣਾ ਮੰਡੀ ਗੁਨੋਪੁਰ ਰੋਡ ਵਿਖੇ ਨਾਕਾਬੰਦੀ ਕਰਕੇ ਸੰਦੀਪ ਕੁਮਾਰ ਉਰਫ਼ ਪ੍ਰਿੰਸ ਪੁੱਤਰ ਪਰਮਜੀਤ ਵਾਸੀ ਸੈਦੋਵਾਲ ਨੂੰ ਕਾਬੂ ਕੀਤਾ। ਕਾਬੂ ਕੀਤੇ ਗਏ ਸੰਦੀਪ ਕੁਮਾਰ ਦੀ ਤਲਾਸ਼ੀ ਕੀਤੀ ਤਾਂ ਇਕ ਨਜਾਇਜ਼ ਪਿਸਟਲ 32 ਬੋਰ ਸਮੇਤ ਮੈਗਜ਼ੀਨ ਅਤੇ 2 ਰੌਂਦ ਜ਼ਿੰਦਾ ਬਰਾਮਦ ਹੋਏ। ਪੁਲਸ ਨੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਧਾਰਾ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਲੰਗਰ ਲਗਾਇਆ

**ਮਜੀਠਾ (ਸੋਇਮ ਆਨੰਦ)**—ਮਜੀਠਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿੰਤ ਡਾਇਮਡ ਆਇਸ ਫੈਕਟਰੀ ਅਤੇ ਸੰਗਤਾ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੰਗਤਾਂ ਵੱਲੋਂ ਸਤਿਸੰਗ ਕਰਨ ਉਪਰੰਤ ਪੂੜੀਆਂ-ਛੋਲਿਆਂ ਦਾ ਲੰਗਰ ਵਰਤਾਉਂਦੇ ਹੋਏ ਨਰਿੰਦਰਜੀਤ ਸਿੰਘ ਲਾਲੀ, ਏ.ਐੱਸ.ਆਈ. ਹਰਿੰਦਰ ਸਿੰਘ, ਰਵਿੰਦਰ ਸਿੰਘ, ਰਮੇਸ਼ ਕੁਮਾਰ ਫਰੂਟ ਵਾਲਾ, ਜਸਵਿੰਦਰ ਕੌਰ ਜੋਤੀ, ਪਰਮੋਦ ਕੁਮਾਰ, ਸੋਇਮ ਆਨੰਦ ਅਤੇ ਹੋਰ।

## ਸੰਤ ਬਾਬਾ ਤਾਰਾ ਸਿੰਘ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੂੰ ਪੋਸਟਰ ਡਿਸਪਲੇ 'ਚ ਪਹਿਲਾ ਸਥਾਨ ਹਾਸਲ

**ਚੋਹਲਾ ਸਾਹਿਬ (ਰਮਨ ਚੱਡਾ)**-ਇਲਾਕੇ ਦੀ ਮਹਾਨ ਵਿੱਦਿਅਕ ਸੰਸਥਾ ਸੰਤ ਬਾਬਾ ਤਾਰਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਕਰਮਜੀਤ ਕੌਰ ਨੇ ਦੱਸਿਆ ਕਿ ਬੀਤੇ ਦਿਨੀਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿਖੇ ਸਾਇੰਸ ਅਤੇ ਕਾਮਰਸ ਮੁਕਾਬਲੇ ਕਰਵਾਏ ਗਏ ਸਨ ਜਿਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਤੋਂ ਵੱਖ ਵੱਖ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ ਸੀ । ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਸੰਤ ਬਾਬਾ ਤਾਰਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ਸੀ ਅਤੇ ਸਕੂਲ ਦੇ ਵਿਦਿਆਰਥੀਆਂ ਨੇ ਪੋਸਟਰ ਡਿਸਪਲੇ (ਕਾਮਰਸ ਗਰੁੱਪ) ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਆਸ਼ੀਰਵਾਦ ਦਿੰਦੇ ਹੋਏ ਸਨਮਾਨ ਚਿੰਨ੍ਹ ਦੇਕੇ ਸਨਮਾਨਤ ਵੀ ਕੀਤਾ ਗਿਆ। ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਅਤੇ ਹੋਰ ਮੁਕਾਬਲਿਆਂ ਵਿੱਚ ਵੀ ਰੁਚੀ ਪੈਦਾ ਕਰਨ ਤਾਂ ਕਿ ਉਹਨਾਂ ਦਾ ਮਾਨਸਿਕ ਵਿਕਾਸ ਦੇ ਨਾਲ ਨਾਲ ਸਰੀਰਕ ਵਿਕਾਸ ਵੀ ਹੋ ਸਕੇ।

## ਸਰਕਾਰੀ ਹਾਈ ਸਕੂਲ ਬਸਰਾਏ ਦੇ ਵਿਦਿਆਰਥੀ ਜੰਗੇ ਆਜ਼ਾਦੀ ਸਮਾਰਕ ਕਰਤਾਰਪੁਰ ਰਵਾਨਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੁਆਰਾ ਬੱਚਿਆਂ ਦੇ ਸਰਬਪੱਖੀ ਵਿਕਾਸ ਅਤੇ ਉਹਨਾਂ ਨੂੰ ਇਤਿਹਾਸਿਕ ਵਿਰਸੇ ਬਾਰੇ ਜਾਣਕਾਰੀ ਅਤੇ ਸਮੇਂ ਦੇ ਹਾਣੀ ਬਣਾਉਣ ਲਈ ਵਿਦਿਆਰਥੀਆਂ ਦੇ ਇੱਕ ਰੋਜ਼ਾ ਐਕਸਕਰਸ਼ਨ ਟੂਰ ਸਬੰਧੀ ਹੋਈਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਹਾਈ ਸਕੂਲ ਬਸਰਾਏ ਦੁਆਰਾ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜੰਗੇ ਆਜ਼ਾਦੀ ਸਮਾਰਕ ਕਰਤਾਰਪੁਰ ਨੇੜੇ ਜਲੰਧਰ ਵਿਖੇ ਲਿਜਾਇਆ ਗਿਆ। ਇਸ ਟੂਰ ਵਿੱਚ ਵਿਦਿਆਰਥੀਆਂ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ, ਐਸ ਜੀ ਪੀ ਸੀ ਦੀ ਸਥਾਪਨਾ ਬਾਰੇ, ਆਜ਼ਾਦੀ ਸੰਘਰਸ਼ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਜੇ ਕੁਮਾਰ ਹੈਡਮਾਸਟਰ ਦੀ ਰਹਿਨੁਮਾਈ ਹੇਠ ਸ਼ਰਨਜੀਤ ਕੌਰ, ਮਲਿਕਾ ਗੁਰਾਇਆ, ਕੁਲਦੀਪ ਕੌਰ ਅਤੇ ਮੰਗਲ ਸਿੰਘ ਇਸ ਟੂਰ ਵਿੱਚ ਵਿਦਿਆਰਥੀਆਂ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਇੰਸਪੈਕਟਰ ਲਖਵਿੰਦਰ ਸਿੰਘ ਚਾਹਲ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਪੰਜਾਬ ਪੁਲਸ ਦੇ ਖੁਫੀਆ ਵਿਭਾਗ ਧਾਰੀਵਾਲ ਵਿੱਚ ਤੈਨਾਤ ਇੰਸਪੈਕਟਰ ਲਖਵਿੰਦਰ ਸਿੰਘ ਚਾਹਲ ਦੇ ਸੇਵਾ ਮੁਕਤ ਹੋਣ 'ਤੇ ਸਮੂਹ ਸਟਾਫ ਵਲੋਂ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਅਤੇ ਯਾਦਗਾਰੀ ਤੋਹਫੇ ਭੇਟ ਕੀਤੇ।



ਵਿਦਾਇਗੀ ਸਮਾਗਮ ਵਿੱਚ ਡੀ ਐਸ ਪੀ ਇੰਦਰਬੀਰ ਸਿੰਘ ਅਤੇ ਇੰਸਪੈਕਟਰ ਰਣਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਡੀ ਐਸ ਪੀ ਇੰਦਰਬੀਰ ਸਿੰਘ ਨੇ ਕਿਹਾ ਕਿ ਲਖਵਿੰਦਰ ਸਿੰਘ ਚਾਹਲ ਨੇ ਪੰਜਾਬ ਪੁਲਸ ਦੇ ਵੱਖ ਵੱਖ ਵਿਭਾਗਾਂ ਵਿੱਚ 34 ਸਾਲ ਬਾਖੂਬੀ ਸੇਵਾਵਾਂ ਨਿਭਾਈਆਂ ਹਨ। ਇਸ ਮੌਕੇ ਸਟਾਫ ਮੈਂਬਰਾਂ ਵਲੋਂ ਸੇਵਾ ਮੁਕਤ ਹੋਏ ਇੰਸਪੈਕਟਰ ਲਖਵਿੰਦਰ ਸਿੰਘ ਚਾਹਲ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਯਾਦਗਾਰੀ ਤੋਹਫੇ ਭੇਟ ਕੀਤੇ ਅਤੇ ਸਨਮਾਨਤ ਕੀਤਾ। ਇਸ ਮੌਕੇ ਇੰਸਪੈਕਟਰ ਅਸ਼ੋਕ ਕੁਮਾਰ, ਇੰਸਪੈਕਟਰ ਰਣਜੀਤ ਸਿੰਘ, ਸਬ ਇੰਸਪੈਕਟਰ ਬਲਵਿੰਦਰ ਸਿੰਘ, ਸੰਦੀਪ ਸਿੰਘ, ਜੁਗਰਾਜ ਸਿੰਘ, ਗੁਰਮੀਤ ਸਿੰਘ, ਬਲਜਿੰਦਰ ਸਿੰਘ ਮੁਨਸ਼ੀ, ਸੁਖਜੀਤ ਸਿੰਘ, ਬਲਜਿੰਦਰ ਸਿੰਘ ਗੁਰਾਇਆ, ਦਲਜੀਤ ਸਿੰਘ ਛੋਟੇਪੁਰ, ਸ਼ਮਸ਼ੇਰ ਸਿੰਘ ਸ਼ੇਰੀ ਚਾਹਲ ਆਦਿ ਹਾਜ਼ਰ ਸਨ।

# ਪੰਜਾਬ ਨੂੰ ਤੰਦਰੁਸਤ ਤੇ ਕੋਹੜ ਮੁਕਤ ਬਣਾਉਣ ਲਈ ਸਰਕਾਰ ਕਰੀ ਰਹੀ ਵੱਡੇ ਉਪਰਾਲੇ : ਬਹਿਲ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸਪਰਸ਼ ਕੁਸ਼ਟ ਜਾਗਰੂਕਤਾ ਮੁਹਿੰਮ-2024 ਦੇ ਤਹਿਤ ਅੱਜ ਦੀਨਾਨਗਰ ਸਥਿਤ ਲੈਪਰੋਸੀ ਹੋਮ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਸਿਵਲ ਸਰਜਨ ਡਾ. ਹਰਭਜਨ ਮੰਡੀ ਦੀ ਅਗਵਾਈ ਹੇਠ ਕਰਵਾਇਆ ।ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਇਨ੍ਹਾਂ ਤੋਂ ਇਲਾਵਾ ਸਹਾਇਕ ਮੈਡੀਕਲ ਕਮਿਸ਼ਨਰ ਡਾ. ਰੋਮੀ, ਜ਼ਿਲ੍ਹਾ ਲੈਪਰੋਸੀ ਅਫ਼ਸਰ ਡਾ. ਵਰਿੰਦਰ ਕੌਰ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਤੰਦਰੁਸਤ ਅਤੇ ਕੋਹੜ ਮੁਕਤ ਬਣਾਉਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਨੂੰ ਕੁਝ ਬਿਮਾਰੀਆਂ ਤੋਂ ਮੁਕਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿੱਚੋਂ ਇਸ ਬਿਮਾਰੀ ਦੇ 65 ਫੀਸਦੀ ਮਰੀਜ਼ ਭਾਰਤ ਵਿੱਚ ਸਨ। ਸਰਕਾਰ ਦੇ ਯਤਨਾਂ ਸਦਕਾ 1980 ਦੇ ਦਹਾਕੇ ਵਿਚ ਮਰੀਜ਼ਾਂ ਦੀ ਗਿਣਤੀ ਘਟ ਕੇ 50 ਲੱਖ ਰਹਿ ਗਈ ਸੀ ਪਰ ਮੌਜੂਦਾ ਸਮੇਂ ਵਿਚ ਮਰੀਜ਼ਾਂ ਦੀ ਗਿਣਤੀ 12 ਲੱਖ ਹੈ। ਪਰ ਪੰਜਾਬ ਵਿੱਚ ਦੇਸ਼ ਦੇ ਸਭ ਤੋਂ ਘੱਟ ਮਰੀਜ਼ ਹਨ, ਜਿਨ੍ਹਾਂ ਦੀ ਗਿਣਤੀ ਸਾਲਾਨਾ 1000 ਦੇ ਕਰੀਬ ਹੈ। ਸਿਹਤ ਵਿਭਾਗ ਦੇ ਯਤਨਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਇਸ ਗਿਣਤੀ ਨੂੰ ਹੋਰ ਘੱਟ ਕੀਤਾ ਜਾ ਸਕਦਾ ਹੈ, ਜਿਸ ਲਈ ਲੋਕਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਲੱਛਣਾਂ ਦੀ ਸ਼ੁਰੂਆਤੀ ਅਵਸਥਾ ਵਿੱਚ ਹੀ ਪਹਿਚਾਣ ਕਰਕੇ ਤੁਰੰਤ ਇਲਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਸਮਾਜ ਨੂੰ ਕੋਹੜ ਜਾਂ ਕਿਸੇ ਹੋਰ ਗੰਭੀਰ ਬਿਮਾਰੀ ਤੋਂ ਪੀੜਤ ਵਿਅਕਤੀ ਨਾਲ ਹਮੇਸ਼ਾ ਚੰਗਾ ਵਿਵਹਾਰ ਕਰਨਾ ਚਾਹੀਦਾ ਹੈ। ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 26 ਜਨਵਰੀ ਤੋਂ ਸਰਕਾਰੀ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਕਰਨ ਦੇ ਕੀਤੇ ਐਲਾਨ ਦਾ ਪੰਜਾਬ ਦੇ ਹਰ ਵਿਅਕਤੀ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਵੱਲੋਂ ਦਵਾਈਆਂ ਅਤੇ ਹਰ ਤਰ੍ਹਾਂ ਦੀ ਜਾਂਚ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾ ਰਹੀ ਹੈ।ਦੀਨਾਨਗਰ ਵਿਧਾਨ ਸਭਾ ਹਲਕੇ ਦੇ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਹਰ ਵਿਅਕਤੀ ਨੂੰ ਸਿਹਤਮੰਦ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੇ ਤਹਿਤ ਦੀਨਾਨਗਰ ਵਿਧਾਨ ਸਭਾ ਹਲਕੇ ਵਿੱਚ 5 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਦੋਂ ਕਿ ਤਿੰਨ ਹੋਰ ਆਮ ਆਦਮੀ ਕਲੀਨਿਕ ਤਿਆਰ ਕਰ ਲਏ ਗਏ ਹਨ ਜੋ ਜਲਦੀ ਹੀ ਲੋਕਾਂ ਨੂੰ ਸੌਂਪ ਦਿੱਤੇ ਜਾਣਗੇ। ਇਸ ਤੋਂ ਪਹਿਲਾਂ ਜ਼ਿਲ੍ਹਾ ਲੈਪਰੋਸੀ ਅਫ਼ਸਰ ਡਾ. ਵਰਿੰਦਰ ਕੌਰ ਨੇ ਕੁਸ਼ਟ ਰੋਗ ਦੇ ਲੱਛਣਾਂ ਅਤੇ ਇਸ ਤੋਂ ਬਚਾਅ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ।ਇਸ ਮੌਕੇ ਰਮਨ ਬਹਿਲ ਨੇ ਕੁਸ਼ਟ ਆਸ਼ਰਮ ਦੇ ਮਰੀਜ਼ਾਂ ਨੂੰ ਜੁੱਤੀਆਂ ਅਤੇ ਮੈਡੀਕਲ ਕਿੱਟਾਂ ਵੀ ਦਿੱਤੀਆਂ। ਇਸ ਮੌਕੇ ਪ੍ਰਦੀਪ ਠਾਕੁਰ, ਸੁਖਦੇਵ ਰਾਜ ਅਤੇ ਹੋਰ ਪਤਵੰਤੇ ਹਾਜ਼ਰ ਸਨ।




# ਦੋ ਸਾਲਾ ਪੱਤਰ ਵਿਹਾਰ ਸਿੱਖ ਧਰਮ ਅਧਿਐਨ ਲਈ ਪ੍ਰੀਖਿਆ ਕਰਵਾਈ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੀ ਪ੍ਰੀਖਿਆ ਸੈਸ਼ਨ 2023 ਅਤੇ 24 ਲਈ ਗਈ ਇਹ ਪ੍ਰੀਖਿਆ ਸਕੱਤਰ ਧਰਮ ਪ੍ਰਚਾਰ ਕਮੇਟੀ ਬਲਵਿੰਦਰ ਸਿੰਘ ਕਾਹਲਵਾਂ, ਇੰਚਾਰਜ ਧਾਰਮਿਕ ਪ੍ਰੀਖਿਆ ਜੋਗੇਸਵਰ ਸਿੰਘ ਤੇ ਹਲਕਾ ਬਟਾਲਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਵਿੰਦਰ ਸਿੰਘ ਗੋਰਾ ਦੀ ਰਹਿਨੁਮਾਈ 'ਚ ਕਾਦੀਆਂ ਵਿਖੇ ਬਣੇ ਪ੍ਰੀਖਿਆ ਕੇਂਦਰ ਤੇ 66 ਪਰਖਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਇਹ ਪ੍ਰੀਖਿਆ ਸਵੇਰ ਤੇ ਦੁਪਹਿਰ ਦੇ ਸੈਸ਼ਨ ਦੌਰਾਨ ਦਿੱਤੀ। ਇੰਚਾਰਜ ਧਾਰਮਿਕ ਗਤੀਵਿਧੀਆਂ ਕਾਲਜ ਪ੍ਰੋਫੈਸਰ ਕੁਲਵਿੰਦਰ ਸਿੰਘ ਸਮੇਤ ਸਟਾਫ ਮੈਂਬਰਾਂ ਵੱਲੋਂ ਪੱਤਰ ਵਿਹਾਰ ਕੋਰਸ ਰਾਹੀਂ ਸਿੱਖ ਇਤਿਹਾਸ ਤੇ ਗੁਰਮਿਤ ਅਧਿਆਨ ਨਾਲ ਜੁੜਨ ਵਾਲੇ ਸਮੂਹ ਪ੍ਰਖਿਆਰਥੀਆਂ ਨੂੰ ਵਧਾਈ ਭੇਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ। ਇਸ ਮੌਕੇ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ, ਭਾਈ ਜਗਰੂਪ ਸਿੰਘ ਤੋਂ ਇਲਾਵਾ ਪ੍ਰੋਫੈਸਰ ਕੁਲਵਿੰਦਰ ਸਿੰਘ, ਡਾਕਟਰ ਸਿਮਰਤ ਪਾਲ ਸਿੰਘ ਆਦਿ ਹਾਜ਼ਰ ਸਨ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਕੀਤੀ ਮੀਟਿੰਗ



**ਪਠਾਨਕੋਟ (ਦਵਿੰਦਰ ਸਿੰਘ)**- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਪਠਾਨਕੋਟ ਦੀ ਮੀਟਿੰਗ ਜਥੇਬੰਦੀ ਦੇ ਦਫਤਰ ਗਾਂਧੀ ਚੌਂਕ ਪਠਾਨਕੋਟ ਵਿਖੇ ਕਾਮਰੇਡ ਰਾਮ ਸਰਨ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿੱਚ ਕਾ. ਗੁਰਮੇਸ਼ ਸਿੰਘ ਸੂਬਾਈ ਆਗੂ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਦੱਸਿਆ ਕਿ ਭਾਜਪਾ ਅਯੁੱਧਿਆ ਵਿਖੇ ਰਾਮ ਮੰਦਰ ਦੀ ਰਾਜਨੀਤਕ ਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ 24 ਦੀਆਂ ਲੋਕ ਸਭਾ ਚੋਣਾਂ ਵਿੱਚ ਇਕ ਫਿਰਕੇ ਦੇ ਲੋਕਾਂ ਨੂੰ ਲਾਮਬੰਦ ਕਰਕੇ ਲੋਕ ਸਭਾ ਚੋਣਾਂ ਜਿੱਤਣਾ ਚਾਹੁੰਦੀ ਹੈ, ਜਦੋਂ ਕਿ ਅਸਲ ਮੁੱਦੇ ਮਹਿੰਗਾਈ, ਬੇਰੁਜ਼ਗਾਰੀ ਤੋਂ ਲੋਕਾਂ ਦਾ ਧਿਆਨ ਹਟਾਉਣਾ ਹੈ। ਆਪ ਦੀ ਪੰਜਾਬ ਸਰਕਾਰ ਵੀ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ ਕਰ ਸਕੀ। ਪਾਣੀਆਂ ਦੇ ਮਸਲੇ 'ਤੇ ਵੀ ਪੰਜਾਬ ਦੇ ਹੱਕ ਦੀ ਰਾਖੀ ਨਹੀਂ ਕਰ ਰਿਹਾ। ਬਜਟ ਦੀ ਚਰਚਾ ਕਰਦਿਆਂ ਉਹਨਾਂ ਕਿਹਾ ਕਿ ਬਜਟ ਅਮੀਰਾਂ ਦੇ ਪੱਖ ਵਿਚ ਹੈ ਅਤੇ ਆਰਥਕ ਪਾੜੇ ਨੂੰ ਵਧਾਉਣ ਵਾਲਾ ਹੈ। ਉਹਨਾਂ ਦੱਸਿਆ ਕਿ ਪਿਛਲੇ ਕੰਮਾਂ ਦਾ ਰੀਵਿਊ ਕੀਤਾ ਗਿਆ ਜਿਸ 'ਤੇ ਤਸੱਲੀ ਪ੍ਰਗਟ ਕੀਤੀ ਗਈ। ਉਹਨਾਂ ਕਿਹਾ ਕਿ 15 ਫਰਵਰੀ ਤੱਕ ਮੈਂਬਰਸ਼ਿਪ ਮੁਕੰਮਲ ਕਰ ਲਈ ਜਾਵੇਗੀ। ਯੂਨਿਟਾਂ ਦੀਆਂ ਮੀਟਿੰਗਾਂ ਕਰਵਾਈਆਂ ਜਾਣਗੀਆਂ। ਸੂਬਾਈ ਤੇ ਕੇਂਦਰੀ ਬਿਲਡਿੰਗ ਫ਼ੰਡ ਦੀ ਜਨਤਕ ਉਗਰਾਹੀ ਕੀਤੀ ਜਾਵੇਗੀ ਅਤੇ ਜ਼ਿਲ੍ਹੇ ਨੂੰ ਲੱਗਿਆ ਕੋਟਾ ਪੂਰਾ ਕੀਤਾ ਜਾਵੇਗਾ। 8 ਫਰਵਰੀ ਨੂੰ ਪਿੰਡਾਂ ਵਿੱਚ ਮੀਟਿੰਗਾਂ ਕਰਵਾ ਕੇ ਕੇਰਲਾ ਸਰਕਾਰ ਦੀ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। 16 ਫਰਵਰੀ ਨੂੰ ਮਜ਼ਦੂਰਾਂ ਦੀ ਹੜਤਾਲ ਦਾ ਸਮਰਥਨ ਕੀਤਾ ਗਿਆ ।

# ਚੀਫ਼ ਖ਼ਾਲਸਾ ਦੀਵਾਨ ਬਚਾਓ ਫਰੰਟ ਵੱਲੋਂ ਉਮੀਦਵਾਰਾਂ ਦਾ ਐਲਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਵਿੱਦਿਆ ਅਤੇ ਧਰਮ ਦੇ ਪ੍ਰਸਾਰ ਲਈ ਬਣੀ ਪੁਰਾਤਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ 18 ਫਰਵਰੀ ਨੂੰ ਛੇ ਅਹੁਦੇਦਾਰਾਂ ਦੀ ਪੰਜ ਸਾਲ ਬਾਅਦ ਹੋਣ ਵਾਲੀ ਚੋਣ ਲਈ ਦੀਵਾਨ ਬਚਾਉ ਫਰੰਟ ਨੇ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਇਸ ਦੇ ਨਾਲ ਹੀ 500 ਮੈਂਬਰਾਂ ਦੇ ਦੀਵਾਨ 'ਚ ਚੋਣਾਂ ਲਈ ਮਹੌਲ ਭਖ ਗਿਆ ਹੈ। ਚੀਫ ਖਾਲਸਾ ਦੀਵਾਨ ਬਚਾਉ ਫਰੰਟ ਦੇ ਆਗੂ ਤੇ ਮੁੱਖ ਸੇਵਾਦਾਰ (ਪ੍ਰਧਾਨ) ਦੇ ਅਹੁਦੇ ਲਈ ਉਮੀਦਵਾਰ ਸਿੱਖ ਪ੍ਰਚਾਰਕ ਵਜੋਂ ਜਾਣੇ ਜਾਂਦੇ ਸੁਰਿੰਦਰਜੀਤ ਸਿੰਘ ਪਾਲ ਰਿਟਾ.ਚੀਫ ਕਮਿਸ਼ਨਰ ਇਨਕਮ ਟੈਕਸ ਨੇ ਦੱਸਿਆ ਕਿ ਮੀਤ ਪ੍ਰਧਾਨ ਲਈ ਅਮਰਜੀਤ ਸਿੰਘ ਵਿਕਰਾਂਤ ਤੇ ਸਰਬਜੀਤ ਸਿੰਘ ਪੁੱਤਰ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਚੋਣ ਲੜਨਗੇ। ਜਨਰਲ ਸਕੱਤਰ ਦੇ ਅਹੁਦੇ ਲਈ ਰਮਨੀਕ ਸਿੰਘ ਅਤੇ ਸਥਾਨਕ ਪ੍ਰਧਾਨ ਲਈ ਸੁਖਦੇਵ ਸਿੰਘ ਮੱਤੇਵਾਲ ਚੋਣ ਮੈਦਾਨ 'ਚ ਉਤਾਰੇ ਗਏ ਹਨ। ਦੂਜੇ ਜਨਰਲ ਸਕੱਤਰ ਦੇ ਅਹੁਦੇ ਲਈ ਐਲਾਨ ਛੇਤੀ ਕਰ ਦਿੱਤਾ ਜਾਵੇਗਾ। ਇਸ ਮੌਕੇ ਦੀਵਾਨ ਦੇ ਵਿਰਾਸਤੀ ਪਰਵਾਰ ਸਵਰਗਵਾਸੀ ਭਾਗ ਸਿੰਘ ਅਣਖੀ ਦੀ ਧਰਮ ਪਤਨੀ ਅਜੀਤ ਕੌਰ ਅਣਖੀ ਨੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਫਲਤਾ ਲਈ ਅਸੀਸ ਦੇਂਦੇ ਹੋਏ ਮੈਂਬਰਾਂ ਨੂੰ ਕਿਹਾ ਕਿ ਦੀਵਾਨ ਦੇ ਮਾਣਮੱਤੇ ਇਤਿਹਾਸ ਨੂੰ ਸੰਭਾਲਣਾ ਅੱਜ ਸਮੇਂ ਦੀ ਲੋੜ ਹੈ। ਪ੍ਰਧਾਨਗੀ ਲਈ ਉਮੀਦਵਾਰ ਤੇ ਕੇਸ ਸੰਭਾਲ ਸੰਸਥਾ ਦੇ ਸੰਸਥਾਪਕ ਪਾਲ ਨੇ ਕਿਹਾ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਨਿਰਪੱਖ ਰੱਖਣ ਲਈ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਲਿਖਤੀ ਅਤੇ ਮਿਲ ਕੇ ਬੇਨਤੀ ਕੀਤੀ ਗਈ ਹੈ ਕਿ ਬਰਾਬਰਤਾ ਦੇ ਆਧਾਰ ਤੇ ਦੀਵਾਨ ਬਚਾਉ ਫਰੰਟ ਦਾ ਇੱਕ ਪ੍ਰਜ਼ਾਈਡਿੰਗ ਅਫ਼ਸਰ ਤੇ ਤਿੰਨ ਰਿਟਰਨਿੰਗ ਅਫ਼ਸਰ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਕਰਨੇ ਚਾਹੀਦੇ ਹਨ। ਲਿਖਤੀ ਚਿੱਠੀ ਰਾਹੀਂ ਪ੍ਰਜ਼ਾਈਡਿੰਗ ਅਫਸਰ ਲਈ ਜਸਪਾਲ ਸਿੰਘ ਰਿਟਾ.ਐਸ ਡੀ ਐਮ ਅਤੇ ਰਿਟਰਨਿੰਗ ਅਫਸਰ ਲਈ ਸਰਬਜੀਤ ਸਿੰਘ ਵੇਰਕਾ ਐਡਵੋਕੇਟ, ਅਜਾਇਬ ਸਿੰਘ ਅਭਿਆਸੀ ਤੇ ਡਾ.ਜੇ ਐਸ ਅਰੋੜਾ ਦਾ ਨਾਮ ਦੀਵਾਨ ਨੂੰ ਦਿੱਤਾ ਹੈ। ਇਸ ਦੇ ਨਾਲ ਹੀ ਦੂਜੇ ਸ਼ਹਿਰਾਂ ਤੇ ਸੂਬਿਆਂ ਤੋਂ ਆਏ ਮੈਂਬਰਾਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖਦੇ ਹੋਏ ਵੋਟਾਂ ਪਾਉਣ ਦਾ ਸਮਾਂ ਵਧਾਉਣ ਲਈ ਵੀ ਕਿਹਾ ਹੈ। ਪ੍ਰਧਾਨ ਡਾ. ਨਿੱਜਰ ਨੇ ਭਰੋਸਾ ਦਿੱਤਾ ਹੈ ਕਿ ਉਹ ਸਾਡੇ ਵੱਲੋਂ ਉਠਾਏ ਗਏ ਮੁੱਦਿਆਂ ਤੇ ਛੇਤੀ ਹੀ ਵਿਚਾਰ ਕਰਕੇ ਦੱਸਣਗੇ। ਪਾਲ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਬਚਾਉ ਫਰੰਟ ਵੱਲੋਂ ਦੀਵਾਨ ਦੇ ਭਵਿੱਖ ਲਈ ਮਨੋਰਥ ਪੱਤਰ ਸੰਗਤਾਂ ਨੂੰ ਅਤੇ ਮੈਂਬਰਾਂ ਨੂੰ ਛੇਤੀ ਹੀ ਜਨਤਕ ਕੀਤਾ ਜਾਵੇਗਾ। ਅੱਜ ਦੀ ਪ੍ਰੈਸ ਕਾਨਫਰੰਸ ਵਿੱਚ ਉਮੀਦਵਾਰਾਂ ਤੋਂ ਇਲਾਵਾ ਅਵਤਾਰ ਸਿੰਘ, ਪ੍ਰੀਤ ਅਣਖੀ, ਪ੍ਰੋ. ਹਰੀ ਸਿੰਘ, ਪ੍ਰੋ ਬਲਜਿੰਦਰ ਸਿੰਘ, ਅਮਰਜੀਤ ਸਿੰਘ ਭਾਟੀਆ, ਇੰਜ ਨਵਦੀਪ ਸਿੰਘ, ਹਰਨੀਤ ਸਿੰਘ ਪੁੱਤਰ ਨਿਰਮਲ ਸਿੰਘ ਸਾਬਕਾ ਪ੍ਰਧਾਨ, ਅਜਾਇਬ ਸਿੰਘ ਅਭਿਆਸੀ, ਗੁਰਪ੍ਰੀਤ ਸਿੰਘ ਕਲਕੱਤਾ, ਜਸਪਾਲ ਸਿੰਘ, ਰਜਿੰਦਰ ਸਿੰਘ ਮਰਵਾਹ, ਬਲਵਿੰਦਰ ਸਿੰਘ ਬਵੇਜਾ ਆਦਿ ਹਾਜ਼ਰ ਸਨ।



4-FEB-PAGE-8.qxd 2/3/2024 10:14 PM Page 1



## ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਮਨਾਉਣ ਲਈ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਹੰਗਾਮੀ ਮੀਟਿੰਗ ਦੌਰਾਨ ਕੌਮ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਮਨਾਉਣ ਲਈ ਪਾਰਟੀ ਵੱਲੋਂ ਵਿਚਾਰ ਕੀਤਾ ਗਿਆ। ਸ਼ਹੀਦ ਭਗਤ ਸਿੰਘ ਨਗਰ ਤੋਂ ਬੀਬੀ ਕੁਲਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ ਅਤੇ ਪਾਰਟੀ ਦੇ ਨਗਰ ਸਰਪ੍ਰਸਤ ਅਗਵਾਈ ਵਿੱਚ ਕਾਫਲੇ ਨੂੰ ਰਵਾਨਾ ਕਰਨ ਦਾ ਮਤਾ ਪਾਇਆ। ਇਸ ਸਬੰਧ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਸ ਮੌਕੇ ਪਰਮਜੀਤ ਸਿੰਘ, ਮਨਜੀਤ ਸਿੰਘ ਵਜੀਦਪੁਰ, ਹਰਜਿੰਦਰ ਕੌਰ ਖਾਲਸਾ ਸਰਕਲ ਪ੍ਰਧਾਨ ਗੜ੍ਹਸ਼ੰਕਰ ਬਲਿਹਾਰ ਸਿੰਘ ਖੁਸ਼ਹਾਲ ਪੁਰ ਬਲਵੀਰ ਸਸਾ ਹਾਜਰ ਸਨ।

## ਡਰਾਈਵਰ ਤੋਂ ਪਿਸਤੌਲ ਦੀ ਨੋਕ 'ਤੇ ਕੀਤੀ ਲੁੱਟ



**ਫਿਲੌਰ (ਨਿਰਮਲ)** ਫਿਲੌਰ- ਗੁਰਾਇਆ ਹਾਈਵੇ ਸਥਿਤ ਪਿੰਡ ਖਹਿਰਾ ਪੰਪ ਸਾਹਮਣੇ ਇੱਕ ਕੈਂਟਰ ਡਰਾਈਵਰ ਤੋਂ ਲੁੱਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ੌਕਤ ਅਲੀ ਪੁੱਤਰ ਅਲਵਦੀਨ ਬਾਸੀ ਮਲੇਰਕੋਟਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੇ ਕੈਂਟਰ ਦੀਆਂ ਕਲੱਚ ਪਲੇਟਾਂ ਖਰਾਬ ਹੋ ਗਈਆਂ ਸਨ ਤਾਂ ਆਪਣੀ ਗੱਡੀ ਪਿੰਡ ਖਹਿਰਾ ਵਿਖੇ ਪੈਟਰੋਲ ਪੰਪ ਦੇ ਸਾਹਮਣੇ ਲਗਾ ਕੇ ਸੁੱਤਾ ਪਿਆ ਸੀ ਕਿ ਪਤਾ ਨਹੀਂ 7-8 ਵਿਅਕਤੀ ਆਏ 'ਤੇ ਤਲਵਾਰ ਦੇ ਨਾਲ ਕੈਂਟਰ ਦਾ ਸ਼ੀਸ਼ਾ ਤੋੜ ਕੇ ਕੈਂਟਰ ਅੰਦਰ ਦਾਖਲ ਹੋਏ ਜਿਨ੍ਹਾਂ ਉਸ ਨਾਲ ਪਹਿਲਾਂ ਕੁੱਟਮਾਰ ਕੀਤੀ ਅਤੇ ਫਿਰ ਉਸ 'ਤੇ ਪਿਸਤੌਲ ਤਾਣ ਕੇ ਸਭ ਕੁੱਝ ਦੇਣ ਲਈ ਕਿਹਾ। ਉਕਤ ਲੁਟੇਰੇ 18 ਹਜਾਰ ਰੁਪਏ, ਘੜੀ , ਜੇਬ ਅਤੇ ਹੋਰ ਸਮਾਨ ਅਤੇ ਬੀੜੀਆਂ ਵੀ ਲੈ ਗਏ। ਜਿਸ ਦੀ ਸੂਚਨਾ ਉਨ੍ਹਾਂ ਫਿਲੌਰ ਪੁਲਸ ਨੂੰ ਦਿੱਤੀ। ਮੌਕੇ 'ਤੇ ਏ.ਐਸ ਆਈ ਜਸਵਿੰਦਰ ਸਿੰਘ ਨੇ ਪਹੁੰਚ ਕੇ ਘਟਨਾ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਬਜਟ ਸ਼ਲਾਘਾਯੋਗ : ਡਾ. ਪੂਨਮ ਮਾਨਿਕ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਵਿਤ ਮੰਤਰੀ ਸੀਤਾ ਰਮਨ ਵੱਲੋਂ ਪੇਸ਼ ਕੀਤਾ ਗਿਆ ਬਜਟ ਸ਼ਲਾਘਾਯੋਗ ਹੈ ਲੋਕਾਂ ਲਈ ਉਮੀਦ 'ਤੇ ਖਰਾ ਉਤਰੇਗਾ। ਸਟੇਟ ਪ੍ਰਵਕਤਾ ਡਾ. ਪੂਨਮ ਮਾਨਿਕ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਲੋਕ ਆਗਾਮੀ ਲੋਕ ਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਸ਼ਾਨਦਾਰ ਫਤਵਾ ਦੇਣਗੇ।ਅੰਤਰਿਮ ਬਜਟ 'ਚ ਪ੍ਰਧਾਨ ਮੰਤਰੀ ਮੁਦਰਾ ਯੋਜਨਾ 'ਚ ਔਰਤਾਂ ਨੂੰ 30 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਸਾਰੇ ਯੋਗ ਵਿਅਕਤੀਆਂ ਨੂੰ ਕਵਰ ਕਰਨ ਦੀ ਪਹੁੰਚ ਸਮਾਜਿਕ ਨਿਆਂ ਦੀ ਇੱਕ ਸੱਚੀ ਅਤੇ ਵਿਆਪਕ ਪ੍ਰਾਪਤੀ ਹੈ ਅਤੇ ਇਹ ਸਰਗਰਮ ਧਰਮ ਨਿਰਪੱਖਤਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਔਰਤਾਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ।

## ਜਥੇਦਾਰ ਜਸਵੀਰ ਸਿੰਘ ਜੱਲੋਵਾਲ ਵੱਲੋਂ ਧੰਨਵਾਦ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਤੇ ਖਾਸ ਤੌਰ 'ਤੇ ਚੇਅਰਮੈਨ ਪੰਜਾਬ ਹਰਮਿੰਦਰ ਸਿੰਘ ਸੰਧੂ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਨੇ ਮੇਰੀ ਮਿਹਨਤ ਸਦਕੇ ਮੇਰੇ 'ਤੇ ਵਿਸ਼ਵਾਸ ਜਤਾਉਂਦੇ ਹੋਏ ਇੰਨਾ ਮਾਣ ਬਖਸ਼ਦੇ ਹੋਏ ਮੈਨੂੰ ਕਿਸਾਨ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਤੇ ਜ਼ਿਲ੍ਹੇ ਦੀ ਵੱਡੀ ਜ਼ਿੰਮੇਵਾਰੀ ਦੇ ਕੇ ਸੇਵਾ ਕਰਨ ਦਾ ਮੌਕਾ ਦਿੱਤਾ।ਮੇਰੇ ਵੱਲੋਂ ਪਾਰਟੀ ਦੇ ਹਰ ਵਰਕਰ ਤੇ ਅਹੁਦੇਦਾਰਾਂ ਦਾ ਵੀ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਦੀ ਬਦੌਲਤ ਪਾਰਟੀ ਨੇ ਮੈਨੂੰ ਇਹ ਵੱਡੀ ਜਿੰਮੇਵਾਰੀ ਸੌਂਪੀ ਹੈ।

## ਡਿਪਟੀ ਕਮਿਸ਼ਨਰ ਨੇ ਲਿਆ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਵਲੋਂ ਇੱਥੇ ਸਮਾਰਟ ਸਿਟੀ ਪ੍ਰਾਜੈਕਟਾਂ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜਾ ਲੈਂਦਿਆਂ ਸੰਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਕਾਰਜਾਂ 'ਚ ਹੋਰ ਤੇਜੀ ਲਿਆਂਦੀ ਜਾਵੇ। ਡਿਪਟੀ ਕਮਿਸਨਰ ਨੇ ਸਮਾਰਟ ਸਿਟੀ ਪ੍ਰਾਜੈਕਟ ਅਧੀਨ ਚੱਲ ਰਹੇ ਵਿਕਾਸ ਕਾਰਜ ਸੀਵਰੇਜ ਟ੍ਰੀਟਮੈਂਟ ਪਲਾਂਟ, ਸਮਾਰਟ ਸਕੂਲ,ਆਈ.ਸੀ.ਸੀ.ਸੀ ਕੇਂਦਰ, ਪ੍ਰਸਾਸਕੀ ਕੰਪਲੈਕਸ, ਸੀਵਰੇਜ ਲਾਈਨ ਅਤੇ ਕਿਲਾ ਸਰਾਏ ਆਦਿ ਵਿਖੇ ਚੱਲ ਰਹੇ ਕੰਮਾਂ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਨੂੰ ਨੇਪਰੇ ਚਾੜ੍ਹਦਿਆਂ ਕੁਆਲਿਟੀ ਅਤੇ ਮਿਆਰ ਦਾ ਪੂਰਾ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਲਈ ਨਿਰਧਾਰਤ ਸਮਾਂਹੱਦ ਨੂੰ ਵੀ ਪੂਰੀ ਤਰਜੀਹ ਦਿੱਤੀ ਜਾਵੇ ਤਾਂ ਜੋ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਕਾਰਜਾਂ ਦੀ ਪ੍ਰਗਤੀ ਰਿਪੋਰਟ ਹਰੇਕ 15 ਦਿਨ ਬਾਅਦ ਉਪ ਮੰਡਲ ਮੈਜਿਸਟ੍ਰੇਟ ਦੇ ਦਫਤਰ ਵਿਚ ਪੁੱਜਦੀ ਕੀਤੀ ਜਾਵੇ। ਡਿਪਟੀ ਕਮਿਸ਼ਨਰ ਵਲੋਂ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਚੱਲ ਰਹੇ ਕੰਮ ਤੇ ਤਸੱਲੀ ਪ੍ਰਗਟਾਈ ਗਈ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਕੰਮ 'ਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਐਸ.ਡੀ.ਐਮ ਜਸਪ੍ਰੀਤ ਸਿੰਘ, ਨਾਇਬ ਤਹਿਸੀਲਦਾਰ ਜੋਗਿੰਦਰ ਸਿੰਘ, ਨਗਰ ਕੌਂਸਲ ਦੇ ਅਧਿਕਾਰੀ ਬਲਵੀਰ ਸਿੰਘ, ਲੋਕ ਨਿਰਮਾਣ ਵਿਭਾਗ ਦੇ ਐਸ.ਡੀ.ਓ ਨੀਰਜ ਗੁਪਤਾ ਆਦਿ ਮੌਜੂਦ ਸਨ ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ 16 ਦੀ ਹੜਤਾਲ 'ਚ ਸ਼ਾਮਲ ਹੋਵੇਗਾ

**ਜਲੰਧਰ ( ਰਾਜੇਸ਼ ਥਾਪਾ )**-ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਜ਼ਿਲ੍ਹਾ ਜਲੰਧਰ ਦੇ ਸਾਂਝਾ ਫਰੰਟ ਦੇ ਆਗੂਆਂ ਵੱਲੋਂ 16 ਫਰਵਰੀ ਦੀ ਹੜਤਾਲ ਕਰਨ ਸਬੰਧੀ ਜ਼ਿਲ੍ਹਾ ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਰੰਗਲ ਨੂੰ ਨੋਟਿਸ ਦਿੱਤਾ ਗਿਆ । ਇਸ ਮੌਕੇ ਇਕੱਤਰ ਆਗੂਆਂ ਪਿਆਰਾ ਸਿੰਘ, ਥੋੜੂ ਰਾਮ, ਨਵਪ੍ਰੀਤ ਸਿੰਘ ਬੱਲੀ, ਸੁਰਿੰਦਰ ਕੁਮਾਰ ਪੁਆਰੀ, ਪੁਸ਼ਪਿੰਦਰ ਕੁਮਾਰ ਵਿਰਦੀ, ਕੁਲਦੀਪ ਸਿੰਘ ਵਾਲੀਆ, ਗੋਬਿੰਦ, ਜਸਵੀਰ ਸਿੰਘ ਸੰਧੂ ਨੇ ਦੱਸਿਆ ਕਿ ਦੇਸ਼ ਦੀ ਕੇਂਦਰੀ ਟਰੇਡ ਯੂਨੀਅਨ , ਕਿਸਾਨ, ਮੁਲਾਜਮ ਅਤੇ ਮਜਦੂਰ ਜਥੇਬੰਦੀਆਂ ਵੱਲੋਂ 16 ਫਰਵਰੀ 2024 ਨੂੰ ਦੇਸ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ ।ਉਸ ਹੜਤਾਲ ਵਿੱਚ ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝੇ ਫਰੰਟ ਵਲੋਂ ਵੱਡੀ ਗਿਣਤੀ ਵਿੱਚ ਸਾਮਿਲ ਹੋਣਗੇ ਅਤੇ ਪੰਜਾਬ ਦਾ ਹਰ ਪਿੰਡ ਹਰ ਕਸਬਾ ਬੰਦ ਕੀਤਾ ਜਾਵੇਗਾ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਲਗਾਤਾਰ ਮੁਲਾਜਮ ਅਤੇ ਪੈਨਸ਼ਨਰ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ ਜਿੱਥੇ ਮੁਲਾਜਮਾਂ ਦੇ ਬੁਢਾਪੇ ਦੀ ਡੰਗੋਰੀ ਪੈਨਸ਼ਨ ਖੋਹੀ ਹੈ, ਉਥੇ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਸਬੰਧੀ ਕੋਈ ਨੀਤੀ ਨਹੀਂ ਬਣੀ ਹੈ। ਦੇਸ਼ ਵਿੱਚ ਬੇਰੁਜਗਾਰ ਨੌਜਵਾਨਾਂ ਦੀ ਸੰਖਿਆ ਵੱਡੀ ਗਿਣਤੀ ਵਿੱਚ ਵੱਧ ਰਹੀ ਹੈ ਪਰ ਦੇਸ ਵਿੱਚ 60 ਲੱਖ ਤੋਂ ਵੱਧ ਪੋਸਟਾਂ ਖਾਲੀ ਪਈਆਂ ਹਨ ਮੁਲਾਜਮ ਮੰਗ ਕਰਦੇ ਹਨ ਕਿ ਪੀ.ਐਫ.ਆਰ.ਡੀ.ਏ ਐਕਟ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ , ਬੇਰੁਜਗਾਰ ਨੌਜਵਾਨਾਂ ਨੂੰ ਖਾਲੀ ਪਈਆਂ ਪੋਸਟਾਂ ਉੱਤੇ ਰੈਗੂਲਰ ਤੌਰ 'ਤੇ ਭਰਤੀ ਕੀਤਾ ਜਾਵੇ। ਠੇਕਾ ਆਊਟਸੋਰਸਿੰਗ ਦਿਹਾੜੀ ਦੇ ਆਧਾਰ 'ਤੇ ਨਿਯੁਕਤੀਆਂ ਕਰਨੀਆਂ ਬੰਦ ਕੀਤੀਆਂ ਜਾਣ ।ਹਰ ਤਰ੍ਹਾਂ ਦੇ ਕੱਚੇ ਮੁਲਾਜਮ ਨੂੰ ਪੱਕਾ ਕੀਤਾ ਜਾਵੇ। ਸਾਰੇ ਰਾਜਾਂ ਅੰਦਰ ਸਰਕਾਰੀ



ਵਿਭਾਗਾਂ ਅਤੇ ਜਨਤਕ ਖੇਤਰਾਂ ਦੇ ਅਦਾਰਿਆਂ ਅੰਦਰ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਹੀ ਤੁਰੰਤ ਭਰੀਆਂ ਜਾਣ ।ਮਾਣਭੱਤਾ ਮੁਲਾਜਮਾਂ 'ਤੇ ਘੱਟੋ ਘੱਟ ਤਨਖਾਹ ਸਕੇਲ ਲਾਗੂ ਕੀਤੇ ਜਾਣ । ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਨ ਅਤੇ ਸਰਕਾਰੀ ਵਿਭਾਗਾਂ ਦੀ ਅਕਾਰ ਘਟਾਈ ਬੰਦ ਕੀਤੀ ਜਾਵੇ।ਨਵੀਂ ਸਿੱਖਿਆ ਨੀਤੀ 2020 ਅਤੇ ਬਿਜਲੀ ਬਿਲ 2020 ਵਾਪਸ ਲਿਆ ਜਾਵੇ। ਸੰਵਿਧਾਨ ਦੀ ਧਾਰਾ 310,311(ਏ),(ਬੀ),(ਸੀ) ਨੂੰ ਰੱਦ ਕੀਤਾ ਜਾਵੇ ਅਤੇ ਸਭ ਤਰ੍ਹਾਂ ਦੇ ਮੁਲਾਜਮ ਵਿਰੋਧੀ ਸਰਕੁਲਰ ਦੇ ਆਦੇਸ਼ ਵਾਪਸ ਲਏ ਜਾਣ । ਹਰ ਪੰਜ ਸਾਲ ਬਾਅਦ ਇਕ ਵਾਰ ਤਨਖਾਹ ਪੈਨਸ਼ਨ ਸੁਧਾਈ ਕਰਨ ਦੀ ਪ੍ਰਵਾਣਤ ਪਹੁੰਚ ਉਪਰ ਅਮਲ ਕੀਤਾ ਜਾਵੇ । 18 ਮਹੀਨੇ ਦੇ ਜਬਤ ਕੀਤੇ ਡੀ.ਏ ./ਡੀ.ਆਰ ਦੀ ਸਭ ਬਕਾਇਆ ਕਿਸ਼ਤਾਂ ਜਾਰੀ ਕੀਤੀਆਂ ਜਾਣ। ਮਹਿੰਗਾਈ 'ਤੇ ਰੋਕ ਲਗਾਈ ਜਾਵੇ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕੀਤਾ ਜਾਵੇ ।ਪੰਜਾਬ ਦੇ ਪੈਨਸ਼ਨਰਾਂ ਤੇ ਤਨਖਾਹ ਕਮਿਸ਼ਨ ਦੀ ਸਿਫਾਰਸ਼ਾਂ ਅਨੁਸਾਰ ਪੈਨਸ਼ਨ ਦੋਹਰਾਈ 2.59 ਗੁਣਾਂਕ ਨਾਲ ਕੀਤੀ ਜਾਵੇ।ਪੰਜਵੇਂ ਤਨਖਾਹ ਕਮਿਸਨ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ ਅਤੇ ਇਸਦੀਆਂ ਸਿਫਾਰਸ਼ਾਂ ਦੂਜਾ ਹਿੱਸਾ ਵੀ ਜਾਰੀ ਕੀਤਾ ਜਾਵੇ । ਪੰਜਾਬ ਸਰਕਾਰ ਵੱਲੋਂ ਸੋਧ/ਦੁਹਰਾਉਣ ਦੇ ਨਾਂਅ ਹੇਠ ਬੰਦ ਕੀਤੇ ਭੱਤੇ ਬਹਾਲ ਕੀਤੇ ਜਾਣ ।ਪਰਖ ਕਾਲ ਦਾ ਸਮਾਂ ਇੱਕ ਸਾਲ ਦਾ ਕੀਤਾ ਜਾਵੇ ਅਤੇ ਇਸ ਸਮੇਂ ਦੌਰਾਨ ਤਨਖਾਹ ਪੂਰੀ ਅਤੇ ਭੱਤਿਆਂ ਸਮੇਤ ਦਿੱਤੀ ਜਾਵੇ । ਪੰਜਾਬ ਦੇ ਨਵੇਂ ਭਰਤੀ ਕੀਤੇ ਜਾ ਰਹੇ ਮੁਲਾਜਮਾਂ ਤੇ ਜਬਰੀ ਥੋਪੇ ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕੀਤੇ ਜਾਣ। ਪੰਜਾਬ ਦੇ ਮੁਲਾਜਮ ਪੈਨਸ਼ਨਾਂ 'ਤੇ ਲਗਾਇਆ 200 ਰੁਪਏ ਮਹੀਨਾ ਵਿਕਾਸ ਦੇ ਨਾਂਅ 'ਤੇ ਜਜੀਆ ਟੈਕਸ ਵਾਪਸ ਲਿਆ ਜਾਵੇ। ਪੰਜਾਬ ਅੰਦਰ ਐਡਹਾਕ ਤੋਂ ਰੈਗੂਲਰ ਕੀਤੇ ਮੁਲਾਜਮਾਂ ਨੂੰ ਪਿਛਲੀ ਕੀਤੀ ਸੇਵਾ ਦਾ ਪੂਰਾ ਲਾਭ ਦਿੱਤਾ ਜਾਵੇ ਅਤੇ ਇਹਨਾਂ ਮੁਲਾਜਮਾਂ ਤੇ ਪਰਖਕਾਲ ਸਮੇਂ ਦੀ ਸ਼ਰਤ ਖਤਮ ਕੀਤੀ ਜਾਵੇ । ਇਹਨਾਂ ਮੰਗਾਂ ਦੇ ਆਧਾਰ 'ਤੇ ਪੂਰੇ ਦੇਸ਼ ਵਿੱਚ ਕੀਤੀ ਜਾ ਰਹੀ 16 ਫਰਵਰੀ ਦੀ ਹੜਤਾਲ ਵਿੱਚ ਸਾਂਝੇ ਫਰੰਟ ਵੱਲੋਂ ਸਮੂਹ ਮੁਲਾਜਮਾਂ ਤੇ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿੱਚ ਹੜਤਾਲ ਵਿੱਚ ਸ਼ਾਮਿਲ ਹੋਣ ਦੀ ਅਪੀਲ ਵੀ ਕੀਤੀ ਗਈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਰਾਣਾ, ਤੀਰਥ ਸਿੰਘ ਬਾਸੀ, ਭਾਰਤ ਭੂਸ਼ਣ ਲਾਡਾ, ਅਸ਼ਵਨੀ ਕੁਮਾਰ, ਨਿਰਮੋਲਕ ਸਿੰਘ ਹੀਰਾ, ਕੁਲਦੀਪ ਸਿੰਘ ਕੌੜਾ, ਬਲਰਾਜ ਸਿੰਘ, ਰਮੇਸ਼ ਚੰਦਰ, ਵੇਦ ਰਾਜ ਚਮਨਜੀਤ ਸਿੰਘ, ਮੰਗਤ ਸਿੰਘ, ਵਿਜੇ ਕੁਮਾਰ, ਪ੍ਰੇਮ ਲਾਲ ਤਰਸੇਮ ਮਾਧੋਪੁਰੀ, ਰਕੇਸ਼ ਕੁਮਾਰ ਪੰਕਜ ਕੁਮਾਰ, ਜਗੀਰ ਸਿੰਘ, ਪ੍ਰਦੀਪ ਚੰਦ ਆਦਿ ਆਗੂ ਹਾਜਰ ਸਨ।

## ਸਿੰਗੜੀਵਾਲ ਵੱਲੋਂ ਪਾਰਟੀ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਭਗਵੰਤ ਮਾਨ ਸਰਕਾਰ ਵੱਲੋਂ ਸਮਾਜ ਸੇਵੀ ਆਗੂ ਭਾਨਾ ਸਿੱਧੂ ਖਿਲਾਫ ਝੂਠੇ ਅਤੇ ਮਨ ਘੜਤਾ ਪਰਚੇ ਦਰਜ ਕਰਨ ਅਤੇ ਗ੍ਰਿਫਤਾਰੀ ਦੇ ਵਿਰੋਧ ਵਿੱਚ ਅਮਨ ਪਸੰਦ ਤਰੀਕੇ ਨਾਲ ਧੂਰੀ ਵਿਖੇ ਰੱਖੇ ਵਿਰੋਧ ਪ੍ਰਦਰਸ਼ਨ ਨੂੰ ਪੁਲਸ ਜਬਰ ਨਾਲ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਅਤੇ ਪਾਰਟੀ ਆਗੂਆਂ ਨੂੰ ਹਾਊਸ ਅਰੈਸਟ ਅਤੇ ਗ੍ਰਿਫਤਾਰ ਕਰਨ ਦੀ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਪ੍ਰੈਸ ਨੋਟ ਰਾਹੀਂ ਸਖਤ ਨਖੇਧੀ ਕੀਤੀ। ਉਨਾਂ ਇਸ ਸਮੇਂ ਕਿਹਾ ਕਿ ਪਿਛਲੇ ਦਿਨੀ ਚੰਡੀਗੜ੍ਹ ਵਿਖੇ ਭਾਜਪਾ ਵੱਲੋਂ ਧੱਕੇਸ਼ਾਹੀ ਅਤੇ ਗੁੰਡਾਗਰਦੀ ਕਰਦੇ ਹੋਏ ਮੇਅਰ ਦੇ ਅਹੁਦੇ ਨੂੰ ਜਬਰੀ ਹਥਿਆ ਲਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨਾਂ ਦੇ ਪਾਰਟੀ ਆਗੂਆਂ ਨੇ ਇਸ ਨੂੰ ਲੋਕਤੰਤਰ ਦਾ ਘਾਣ ਦੱਸਿਆ ਸੀ ਪਰ ਹੁਣ ਆਪ ਲੋਕਤੰਤਰ ਤਰੀਕੇ ਨਾਲ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ ਪੁਲਸ ਜਬਰ ਨਾਲ ਕੁਚਲ ਰਹੇ ਹਨ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਲੱਕ ਤੋੜਵੀ ਹਾਰ ਦੇ ਕੇ ਸਬਕ ਸਿਖਾਉਣਗੇ।

## ਪਾਵਰਕਾਮ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਰਕਾਰ ਤੇ ਮੈਨੇਜਮੈਂਟ ਦਾ ਕੀਤਾ ਪਿੱਟ-ਸਿਆਪਾ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**:- ਪਾਵਰਕਾਮ ਮੰਡਲ ਦਫਤਰ ਭੋਗਪੁਰ ਦੇ ਗੇਟ ਦੇ ਬਾਹਰ ਸਮੂਹ ਪਾਵਰਕਾਮ ਮੁਲਾਜ਼ਮ ਜਥੇਬੰਦੀਆਂ, ਅਤੇ ਪੈਨਸ਼ਨਰਜ ਯੂਨੀਅਨਾਂ ਦੇ ਆਗੂਆਂ ਨੇ ਮਿਲ ਕੇ ਦਫਤਰ ਬਾਹਰ ਪੰਜਾਬ ਸਰਕਾਰ ਮੁਰਦਾਬਾਦ, ਪਾਵਰਕਾਮ ਮੈਨੇਜਮੈਂਟ ਮੁਰਦਾਬਾਦ, ਦੇ ਨਾਅਰੇ ਲਗਾਏ .ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੇ ਤਾਨਾਸ਼ਾਹ ਅਤੇ ਹੱਥੀ ਵਤੀਰੇ ਦੀ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕੀਤੀ .ਮੁਲਾਜ਼ਮ ਆਗੂਆਂ ਨੇ ਤਨਖਾਹਾਂ ਅਤੇ ਪੈਨਸ਼ਨਾਂ ਜੋ ਕਿ ਅੱਧੀਆਂ ਜਾਰੀ ਕੀਤੀਆਂ ਹਨ ਉਸ ਫੈਸਲੇ ਵਿਰੁੱਧ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਆਗੂਆਂ ਕਿਹਾ ਕਿ ਜਿੰਨੀ ਦੇਰ ਪੂਰੀਆਂ ਤਨਖਾਹਾਂ ਅਤੇ ਪੈਨਸ਼ਨਾਂ ਖਾਤੇ ਵਿੱਚ ਨਹੀਂ ਪੈਂਦੀ ਉਨੀ ਦੇਰ ਕੰਮ ਨਹੀਂ ਕੀਤਾ ਜਾਵੇਗਾ ਸਰਕਾਰ ਦਾ ਰੋਜ ਪਿੱਟ ਸਿਆਪਾ ਕੀਤਾ ਜਾਵੇਗਾ ਤੇ ਪਾਵਰਕਾਮ ਦਾ ਕੰਮ ਠੱਪ ਰੱਖਿਆ ਜਾਵੇਗਾ। ਰੈਲੀ ਨੂੰ ਬਾਬਾ ਬਲਵਿੰਦਰ ਸਿੰਘ, ਸੁੱਚਾ ਮਸੀਹ,ਧਰਮਪਾਲ, ਕਸਮੀਰ ਸਿੰਘ, ਅਮਿਤ ਚਾਵਲਾ, ਗੁਰਦੇਵ ਸਿੰਘ ਪ੍ਰਧਾਨ ਜੇਈਕੌਂਸਲ, ਗੁਰਦੀਪ ਸਿੰਘ ਖੁੱਡਾ, ਪ੍ਰਤੀਮ ਸਿੰਘ ਜੇਈ,ਗੁਰਮੇਲ ਸਿੰਘ ਆਦਿ ਨੇ ਸੰਬੋਧਨ 'ਚ ਸਰਕਾਰ ਅਤੇ ਮੈਨੇਜਮੈਂਟ ਦੀ ਸਖਤ ਸ਼ਬਦਾਂ ਦੀ ਨਿਖੇਧੀ ਕੀਤੀ ਅਤੇ ਮੁਲਾਜ਼ਮ ਮਾਰੂ ਫੈਸਲੇ ਤੁਰੰਤ ਵਾਪਸ ਲੈਣ ਲਈ ਕਿਹਾ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਫੈਸਲਾ ਨਾ ਵਾਪਸ ਲਿਆ ਗਿਆ ਤਾਂ ਮੁਲਾਜ਼ਮ ਸ਼ਹਿਰ ਵਿਚ ਰੋਸ ਮਾਰਚ ਕਰਨਗੇ। ਇਸ ਸਮੇਂ ਕੁਲਵਿੰਦਰ ਸਿੰਘ, ਪਰਮਜੀਤ ਸਿੰਘ,ਗੁਰਦੀਪ ਸਿੰਘ,ਵਿਸ਼ਵਾ ਮਿੱਤਰ ਸਾਰੇ ਜੇਈ,ਸਤਨਾਮ ਸਿੰਘ ਪ੍ਰਧਾਨ,ਨਗਮਾ ਲੇਖਾਕਾਰ, ਸੁਖਵਿੰਦਰ ਕੌਰ, ਬਲਵਿੰਦਰ ਕੌਰ,ਜਤਿੰਦਰ ਕੁਮਾਰ ਫੋਰਮੈਨ,ਸੁਧੀਰ ਨਾਥ,ਅਜੀਤ ਸਿੰਘ ਮਣਕੂ, ਰੀਨਾ ਰਾਏ,ਮਨਪ੍ਰੀਤ ਕੌਰ, ਮਨਵਿੰਦਰ ਸਿੰਘ ਸਕੱਤਰ ਆਦਿ ਸਮੇਤ ਸੈਕੜੇ ਮੁਲਾਜ਼ਮ ਸ਼ਾਮਲ ਸਨ।

# ਕਿਸਾਨਾਂ ਨੂੰ ਫਲਾਂ ਤੇ ਸਬਜ਼ੀਆਂ ਦਾ ਸਹੀ ਮੁੱਲ ਦਿਵਾਉਣ ਲਈ ਆਨਲਾਈਨ ਪਲੇਟਫਾਰਮ ਲਾਂਚ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ )** : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਯੋਗ ਅਗਵਾਈ ਹੇਠ ਮੰਡੀ ਬੋਰਡ ਆਧੁਨਿਕਤਾ ਦੇ ਰਾਹ ਵੱਲ ਤੇਜੀ ਨਾਲ ਵੱਧ ਰਿਹਾ ਹੈ। ਇਸ ਦੇ ਮੱਦੇਨਜਰ ਪੰਜਾਬ ਮੰਡੀ ਬੋਰਡ ਦੇ ਮੁੱਖ ਦਫਤਰ ਵਿਖੇ ਆਪਣੀ ਮੰਡੀ ਸਕੀਮ ਤਹਿਤ ਆਨਲਾਈਨ ਰਜਿਸਟ੍ਰੇਸ਼ਨ ਅਤੇ ਪਹਿਚਾਣ ਪੱਤਰ ਬਣਾਉਣ ਲਈ ਵੈਬ-ਪੋਰਟਲ ਲਾਂਚ ਕਰਨ ਲਈ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜੋਂ ਹਰਚੰਦ ਸਿੰਘ ਬਰਸਟ, ਚੇਅਰਮੈਨ, ਪੰਜਾਬ ਮੰਡੀ ਬੋਰਡ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਲੋਂ ਉਕਤ ਵੈਬ-ਪੋਰਟਲ ਨੂੰ ਲਾਂਚ ਕੀਤਾ ਗਿਆ। ਸਮਾਗਮ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਇਹ ਵੈਬ ਪੋਰਟਲ ਟ੍ਰਾਇਲ ਬੇਸਿਜ 'ਤੇ ਪੰਜਾਬ ਅਤੇ ਚੰਡੀਗੜ੍ਹ ਦੀਆਂ ਆਪਣੀ ਮੰਡੀਆਂ ਅਤੇ ਕਿਸਾਨ ਮੰਡੀਆਂ ਵਿਖੇ ਚਲਾਇਆ ਗਿਆ ਹੈ। ਇਸ ਵੈਬ-ਪੋਰਟਲ ਰਾਹੀਂ ਆਪਣੀ ਮੰਡੀ ਤੇ ਕਿਸਾਨ ਮੰਡੀ ਵਿੱਚ ਆਉਣ ਵਾਲੇ ਕਿਸਾਨਾਂ ਅਤੇ ਰਿਟੇਲਰਾਂ ਦੀ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਇੱਕ ਪਹਿਚਾਣ ਪੱਤਰ (ਆਈ.ਡੀ. ਕਾਰਡ) ਮੁਹੱਈਆ ਕਰਵਾਇਆ ਜਾਵੇਗਾ, ਤਾਂ ਜੋ ਉਹ ਬਿਨਾਂ ਕਿਸੇ ਸਮੱਸਿਆ ਤੋਂ ਮੰਡੀ ਵਿੱਚ ਆ ਕੇ ਆਪਣਾ ਕਾਰੋਬਾਰ ਕਰ ਸਕਣ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਰਿਟੇਲਰਾਂ ਦੀ ਰਜਿਸਟ੍ਰੇਸ਼ਨ ਮਗਰੋਂ ਮੰਡੀਆਂ ਵਿੱਚ ਕੰਮਾਂ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਣਾ ਹੋਰ ਵੀ ਸੌਖਾ ਹੋ ਜਾਵੇਗਾ ਅਤੇ ਬੋਰਡ ਕੋਲ ਵੀ ਮੰਡੀ ਵਿੱਚ ਕਾਰੋਬਾਰ ਕਰਨ ਵਾਲਿਆਂ ਦੀ ਪੂਰੀ ਜਾਣਕਾਰੀ ਹੋਵੇਗੀ। ਇਸ ਨਾਲ ਜਿੱਥੇ ਮੰਡੀਆਂ ਵਿੱਚ ਪ੍ਰਬੰਧ ਕਰਨ ਵਿੱਚ ਆਸਾਨੀ ਹੋਵੇਗੀ, ਉੱਥੇ ਹੀ ਕਿਸਾਨਾਂ ਅਤੇ ਲੋਕਾਂ ਦੀ ਸਮੱਸਿਆਵਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇਗਾ। ਬਰਸਟ ਨੇ ਦੱਸਿਆ ਕਿ ਇਸ ਆਨਲਾਈਨ ਪ੍ਰਕਿਰਿਆ ਨੂੰ ਸ਼ੁਰੂ ਕਰਨ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਕਿਸਾਨਾਂ ਅਤੇ ਲੋਕਾਂ ਨੂੰ ਸਿੱਧਾ ਲਾਭ ਦੇਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਨਾਲ



ਖੜੀ ਹੈ ਅਤੇ ਉਨ੍ਹਾਂ ਦੀ ਬਿਹਤਰੀ ਲਈ ਲਗਾਤਾਰ ਕਾਰਜ ਕਰ ਰਹੀ ਹੈ। ਇਸ ਮੌਕੇ ਗੁਰਿੰਦਰ ਸਿੰਘ ਚੀਮਾ, ਮੁੱਖ ਇੰਜੀਨਿਅਰ, ਮਨਜੀਤ ਸਿੰਘ ਸੰਧੂ, ਜੀ.ਐਮ. ਅਸਟੇਟ ਅਤੇ ਇੰਨਫੋਰਸਮੈਂਟ, ਸਵਰਨ ਸਿੰਘ, ਡੀ.ਜੀ.ਐਮ. (ਮਾਰਕਿਟਿੰਗ) ਸਮੇਤ ਸਮੂਹ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

## ਅਭਿਸ਼ਿਆ ਨੇ ਜਿੱਤੇ ਅੰਤਰਰਾਸ਼ਟਰੀ ਪੱਧਰ 'ਤੇ ਦੋ ਗੋਲਡ ਮੈਡਲ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੇ ਭੋਗਪਰ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਅਭਿਸ਼ਿਆ ਅਰੋੜਾ ਨੇ ਪਿਛਲੇ ਦਿਨੀ ਮਿਤੀ 21, 22 ਜਨਵਰੀ ਨੂੰ ਚੰਡੀਗੜ੍ਹ ਵਿਖੇ ਹੋਈ ਦੂਸਰੀ ਅੰਤਰ ਰਾਸ਼ਟਰੀ ਓਪਨ ਸਵਾਤੇ ਫਰੈਂਚ ਬਾਕਸਿੰਗ ਅਤੇ ਸਾਊਥ ਏਸ਼ੀਅਨ ਸਵਾਤੇ ਫਰੈਂਚ ਬੋਕਸਿੰਗ ਚੈਂਪੀਅਨਸ਼ਿਪ 2024 ਵਿੱਚ 48 ਕਿਲੋ ਗਰਾਮ 'ਚ ਭਾਗ ਲੈ ਕੇ ਵੱਖ-ਵੱਖ ਕੈਟੇਗਰੀ ਚ ਦੋ ਗੋਲਡ ਮੈਡਲ ਜਿੱਤ ਕੇ ਨਵਾਂ ਕੀਰਤੀ ਮਾਨ ਸਥਾਪਿਤ ਕੀਤੀ ਹੈ। ਵਿਦਿਆਰਥੀ ਦਾ ਸਕੂਲ ਪਹੁੰਚਣ ਤੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਵਾਗਤ ਕੀਤਾ ਤੇ ਸਨਮਾਨ ਵੀ ਕੀਤਾ ਗਿਆ।

ਵਿਦਿਆਰਥੀ ਦੇ ਦੋ ਗੋਲਡ ਮੈਡਲ ਜਿੱਤਣ ਸਕੂਲ ਅਤੇ ਸਿੱਖਿਆ ਵਿਭਾਗ ਲਈ ਮਾਣ ਵਾਲੀ ਗੱਲ ਹੈ। ਪੱਤਰਕਾਰਾਂ ਵੱਲੋਂ ਪ੍ਰਿੰਸੀਪਲ ਸੋਮਪਾਲ ਤੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਦੱਸਿਆ ਗਿਆ ਕਿ ਭੋਗਪੁਰ ਸਕੂਲ ਨੂੰ ਜ਼ਿਲ੍ਹਾ ਜਲੰਧਰ 'ਚ ਖੇਡਾਂ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ। ਇਸ ਸਕੂਲ ਵੱਲੋਂ ਹਮੇਸ਼ਾ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਹਨ। ਸਕੂਲ 'ਚ ਐਥਲੈਟਿਕਸ ਕਬੱਡੀ, ਕੁਸ਼ਤੀ, ਵਾਲੀਬਾਲ ਅਤੇ ਮਾਰਸ਼ਲ ਆਰਟ ਦੇ ਖਿਡਾਰੀ ਪੈਦਾ ਕੀਤੇ ਹਨ। ਇਸੇ ਸਾਲ ਸਕੂਲ ਦੀ ਕਬੱਡੀ ਸਰਕਲ ਸਟਾਈਲ ਦੀ ਟੀਮ ਜ਼ਿਲ੍ਹੇ 'ਚ ਪਹਿਲੇ ਸਥਾਨ ਤੇ ਆਈ ਤੇ ਸਕੂਲ ਦੇ ਕਬੱਡੀ ਖਿਡਾਰੀ ਨੇ ਬੈਸਟ ਰੇਡਰ ਬਣ ਕੇ ਮੋਟਰਸਾਈਕਲ ਜਿੱਤਿਆ ਹੈ। ਸਕੂਲ ਦੇ ਪਹਿਲਵਾਨ ਨੇ ਜੂਨ ਮਹੀਨੇ ਹੋਈ ਸਕੂਲ ਨੈਸ਼ਨਲ ਖੇਡਾਂ 'ਚ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਲਈ ਇਹਨਾਂ ਮਾਣਮੱਤੀਆਂ ਖੇਡਾਂ 'ਚ ਪ੍ਰਾਪਤੀਆਂ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਕੇ ਸਮੂਹ ਇਲਾਕਾ ਨਿਵਾਸੀਆਂ ਸਿੱਖਿਆ ਵਿਭਾਗ ਤੇ ਡੀ. ਆਈ. ਓ. ਜਲੰਧਰ ਸੁਰੇਸ਼ ਕੁਮਾਰ ਨੂੰ ਵਧਾਈ ਦਿੱਤੀ ਗਈ।

## ਲੜਕੀ ਦੀ ਟਰੱਕ ਹੇਠਾਂ ਆਉਣ ਕਾਰਨ ਮੌਤ

**ਫਿਲੌਰ, (ਨਿਰਮਲ)**-ਫਿਲੌਰ- ਤਲਵਣ ਰੋਡ 'ਤੇ ਪੈਟਰੋਲ ਪੰਪ ਦੇ ਨਜਦੀਕ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਲੜਕੀ ਦੀ ਟਰੱਕ ਹੇਠਾਂ ਆਉਣ ਕਾਰਨ ਮੌਤ ਹੋ ਗਈ ਅਤੇ ਮੋਟਰਸਾਈਕਲ ਚਾਲਕ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ ਗਿਆ ਹੈ।ਘਟਨਾ ਦੀ ਖਬਰ ਮਿਲਦਿਆਂ ਹੀ ਥਾਣਾ ਮੁਖੀ ਫਿਲੌਰ ਨੀਰਜ ਕੁਮਾਰ ਤੇ ਏ.ਐਸ.ਆਈ. ਸੁਭਾਸ਼ ਚੰਦਰ ਨੇ ਪਹੁੰਚ ਕੇ ਮ੍ਰਿਤਕ ਲੜਕੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਭੇਜ ਦਿੱਤਾ, ਜਿਸ ਦੀ ਪਹਿਚਾਣ ਮਨਦੀਪ ਕੌਰ ਪੁੱਤਰੀ ਮੇਜਰ ਸਿੰਘ ਵਾਸੀ ਪਿੰਡ ਮਾਉ ਸਾਹਿਬ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਲੁਧਿਆਣਾ ਵਿਖੇ ਕੰਮ ਕਾਰ ਕਰਦੀ ਸੀ,ਜੋ ਕਿ ਸ਼ੁੱਕਰਵਾਰ ਨੂੰ ਆਪਣੇ ਜਾਣਕਾਰ ਦੀਪਕ ਪੁੱਤਰ ਤੇਜੂ ਰਿਸੀ ਵਾਸੀ ਪਿੰਡ ਮਾਓ ਸਾਹਿਬ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਫਿਲੌਰ ਤੋਂ ਆਪਣੇ ਪਿੰਡ ਮਾਓ ਸਾਹਿਬ ਵੱਲ ਜਾ ਰਹੇ ਸਨ ਕਿ ਰਸਤੇ ਵਿੱਚ ਅੱਗੇ ਜਾ ਰਹੇ ਇੱਕ ਹੋਰ ਮੋਟਰਸਾਈਕਲ ਨਾਲ ਉਨ੍ਹਾਂ ਦਾ ਮੋਟਰਸਾਈਕਲ ਟਕਰਾ ਗਿਆ,ਜਿਸ ਕਾਰਨ ਮੋਟਰਸਾਈਕਲ ਦਾ ਸੰਤੁਲਨ ਵਿਗੜ ਗਿਆ ਤੇ ਪਿੱਛੇ ਬੈਠੀ ਲੜਕੀ ਟਰੱਕ ਦੀ ਲਪੇਟ ਵਿਚ ਆ ਗਈ।

## ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਰੂਬਰੂ ਸਮਾਗਮ

**ਕਾਲਾ ਸੰਘਿਆਂ (ਮਨਜੀਤ ਮਾਨ)** ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਇੱਕ ਰੂਬਰੂ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਦੇ ਪ੍ਰਸਿੱਧ ਕਵੀ ਜਨਾਬ ਸੰਤ ਸਿੰਘ ਸੰਧੂ ਬੱਚਿਆਂ ਦੇ ਰੂਬਰੂ ਹੋਏ। ਸਭ ਤੋਂ ਪਹਿਲਾਂ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਬਲਜਿੰਦਰ ਕੌਰ ਸੇਖੋਂ ਵੱਲੋਂ ਉਨਾਂ ਨੂੰ ਰਸਮੀ ਜੀ ਆਇਆ ਆਖਿਆ ਗਿਆ, ਉਪਰੰਤ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਰਾਮ ਮੂਰਤੀ ਨੇ ਉਹਨਾਂ ਨੂੰ ਮੰਚ ਉਪਰ ਸੰਬੋਧਨ ਕਰਨ ਲਈ ਸੱਦਾ ਦਿੱਤਾ। ਸੰਤ ਸੰਧੂ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਕਵਿਤਾ ਦੀ ਸਿਰਜਣ ਪ੍ਰਕਿਰਿਆ ਬਾਰੇ ਬੜਾ ਡੂੰਘਾ ਤੇ ਗਹਿਰਾ ਗਿਆਨ ਦਿੱਤਾ। ਉਹਨਾਂ ਨੇ ਆਖਿਆ ਕਿ ਕਵਿਤਾ ਸਾਡੇ ਆਲੇ ਦੁਆਲੇ ਖਿਲਰੀ ਪਈ ਹੈ ਤੇ ਲੋੜ ਇਸ ਗੱਲ ਦੀ ਹੈ ਕਿ ਅਸੀਂ ਜਾਗ੍ਰਿਤ ਅਵਸਥਾ ਵਿੱਚ ਰਹਿ ਕੇ ਇਸ ਸੰਸਾਰ ਨੂੰ ਵੇਖੀਏ ਤੇ ਇਸ ਸੰਸਾਰ ਦੀ ਬਿਹਤਰੀ ਬਾਰੇ ਸਿਰਜਣਾ ਕਰੀਏ। ਇਸ ਤੋਂ ਇਲਾਵਾ ਉਨਾਂ ਨੇ ਵਿਦਿਆਰਥੀਆਂ ਨੂੰ ਅੰਗਰੇਜੀ ਭਾਸ਼ਾ ਦਾ ਵੀ ਕੁਝ ਗਿਆਨ ਦਿੱਤਾ ਜਿਸ ਵਿੱਚ ਉਹਨਾਂ ਨੇ ਅੰਗਰੇਜੀ ਮੁਹਾਵਰਿਆਂ ਬਾਰੇ ਬੜੀ ਮੁੱਲਵਾਨ ਜਾਣਕਾਰੀ ਦਿੱਤੀ। ਉਪਰੰਤ ਉਨਾਂ ਨੇ ਆਪਣੀਆਂ ਰਚਿਤ ਕਵਿਤਾਵਾਂ ਵਿਦਿਆਰਥੀਆਂ ਦੇ ਨਾਲ ਸਾਂਝੀਆਂ ਕੀਤੀਆਂ ਜਿਨਾਂ ਸਬੰਧੀ ਵਿਦਿਆਰਥੀਆਂ ਨੇ ਉਹਨਾਂ ਨੂੰ ਸਵਾਲ ਵੀ ਪੁੱਛੇ ਜਿਨਾਂ ਦਾ ਉੱਤਰ ਉਹਨਾਂ ਨੇ ਬੜੇ ਪੁਰਖ ਖਲੂਸ ਢੰਗ ਨਾਲ ਦਿੱਤਾ। ਇਸ ਤੋਂ ਬਾਅਦ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੇ ਪ੍ਰਧਾਨ ਇੰਜੀਨੀਅਰ ਸੀਤਲ ਸਿੰਘ ਸੰਘਾ ਨੇ ਸੰਤ ਸੰਧੂ ਦਾ ਸੰਸਥਾ ਵਿੱਚ ਪਧਾਰਨ ਅਤੇ ਵਿਦਿਆਰਥੀਆਂ ਨਾਲ ਰੂਬਰੂ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਕੰਵਲਜੀਤ ਸਿੰਘ (ਪੰਜਾਬੀ ਅਧਿਆਪਕ ) ਅਤੇ ਸ੍ਰੀਮਤੀ ਬਲਜਿੰਦਰ ਕੌਰ (ਕਾਮਰਸ ਅਧਿਆਪਕ ) ਵੀ ਹਾਜ਼ਰ ਸਨ

## ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਛੇਵੀਂ ਬਰਸੀ 11 ਨੂੰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਾਰਤੀ ਕਮਿਊਨਿਸਟ ਪਾਰਟੀ ਦੇ ਮਰਹੂਮ ਆਗੂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਛੇਵੀਂ ਬਰਸੀ ਖੱਬੀਆਂ ਪਾਰਟੀਆਂ ਵਲੋਂ 11 ਫਰਵਰੀ ਨੂੰ ਪਿੰਡ ਸੁੱਜੋਂ ਵਿਖੇ ਮਨਾਈ ਜਾਵੇਗੀ। ਇਸ ਸਬੰਧੀ ਖੱਬੀਆਂ ਪਾਰਟੀਆਂ ਦੀ ਮੀਟਿੰਗ ਸਥਾਨਕ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਹੋਈ, ਜਿਸ ਵਿਚ ਮੁਕੰਦ ਲਾਲ, ਨਰਿੰਦਰ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ, ਕੁਲਵਿੰਦਰ ਸਿੰਘ ਵੜੈਚ, ਹਰਪਾਲ ਸਿੰਘ ਜਗਤ ਪੁਰ, ਸਤਨਾਮ ਸਿੰਘ ਗੁਲਾਟੀ, ਬਲਵੀਰ ਸਿੰਘ ਜਾਡਲਾ, ਮਹਾਂ ਸਿੰਘ ਰੌੜੀ,ਜਸਵਿੰਦਰ ਸਿੰਘ ਭੰਗਲ ਆਗੂ ਸ਼ਾਮਲ ਹੋਏ। ਜਾਣਕਾਰੀ ਦਿੰਦਿਆਂ ਮੁਕੰਦ ਲਾਲ ਨੇ ਦੱਸਿਆ ਕਿ ਬਰਸੀ ਮੌਕੇ ਸੀਨੀਅਰ ਪੱਤਰਕਾਰ ਜਤਿੰਦਰ ਪੰਨੂੰ, ਸੀ.ਪੀ.ਆਈ ਦੇ ਆਗੂ ਬੰਤ ਬਰਾੜ, ਕਾਮਰੇਡ ਦੇਵੀ ਕੁਮਾਰੀ, ਸੀ.ਪੀ.ਆਈ (ਐਮ) ਬਲਵੀਰ ਸਿੰਘ ਜਾਡਲਾ, ਮਹਾਂ ਸਿੰਘ ਰੌੜੀ, ਆਰ.ਐਮ.ਪੀ.ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਸੀ.ਪੀ.ਆਈ (ਐਮ.ਐਲ) ਐਨ.ਡੀ ਦੇ ਆਗੂ ਗੁਰਬਖਸ਼ ਕੌਰ ਸੰਘਾ ਸੰਬੋਧਨ ਕਰਨਗੇ।ਡਾਕਟਰ ਸਾਹਿਬ ਸਿੰਘ ਮੁਹਾਲੀ ਇਨਕਲਾਬੀ ਨਾਟਕ ਪੇਸ਼ ਕਰਨਗੇ।

## ਭਾਰਤ ਬੰਦ ਦੀ ਸਫਲਤਾ ਲਈ ਸੰਯੁਕਤ ਕਿਸਾਨ ਮੋਰਚਾ, ਟਰੇਡ ਯੂਨੀਅਨਾਂ ਤੇ ਮੁਲਾਜ਼ਮ ਫੈਡਰੇਸ਼ਨਾਂ ਦੀ ਮੀਟਿੰਗ

**ਮੇਹਟੀਆਣਾ-(ਜਗਤਾਰ ਸਿੰਘ ਭੁੰਗਰਨੀ)** ਇੱਥੇ 16 ਫਰਵਰੀ ਦੇ ਭਾਰਤ ਬੰਦ ਨੂੰ ਸਫਲ ਬਣਾਉਣ ਵਾਸਤੇ ਸਯੁੰਕਤ ਕਿਸਾਨ ਮੋਰਚਾ , ਟ੍ਰੇਡ ਯੂਨੀਅਨੰ ਅਤੇ ਮੁਲਾਜ਼ਮ ਫੈਡਰੇਸ਼ਨਾਂ ਦੀ ਸਾਂਝੀ ਮੀਟਿੰਗ ਕਿਸਾਨ ਆਗੂ ਸ਼ਿੰਗਾਰਾ ਸਿੰਘ ਮੁਕੀਮਪੁਰ , ਮੁਲਾਜ਼ਮ ਆਗੂ ਸਤੀਸ਼ ਰਾਣਾ ਅਤੇ ਟ੍ਰੇਡ ਯੂਨੀਅਨ ਆਗੂ ਉਂਕਾਰ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਮੋਦੀ ਸਰਕਾਰ ਦੀਆਂ ਮਜ਼ਦੂਰ , ਕਿਸਾਨ , ਮੁਲਾਜ਼ਮ ਤੇ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾਵੇਗਾ ਅਤੇ ਜਿਲ੍ਹੇ ਦੇ ਸ਼ਹਿਰ ਅਤੇ ਕਸਬੇ 16 ਫਰਵਰੀ ਨੂੰ ਮੁਕਮਲ ਬੰਦ ਕਰਵਾਏ ਜਾਣਗੇ । ਆਗੂਆਂ ਆਖਿਆ ਕਿ ਇਹ ਹੜਤਾਲ ਵੱਧ ਰਹੀ ਮਹਿਗਾਈ , ਬੇਰੁਜ਼ਗਾਰੀ , ਭਰਿਸ਼ਟਾਚਾਰ, ਮਜ਼ਦੂਰ ਪੱਖੀ ਟ੍ਰੇਡ ਯੂਨੀਅਨ ਕਾਨੂੰਨ ਖਤਮ ਕਰਨ , ਦਿਹਾੜੀ 08 ਘੰਟੇ ਤੋਂ 12 ਘੰਟੇ ਕਰਨ , ਘੱਟੋ ਘੱਟ ਉਜਰਤ 26000 ਰੁਪਏ ਲਾਗੂ ਕਰਨ , ਫਸਲਾਂ ਦੇ ਘੱਟੋ ਘੱਟ ਮੁੱਲ ਸਵਾਮੀ ਨਾਥਨ ਕਮਿਸ਼ਨ ਦੀਆਂ ਸਿਫਾਰਸ਼ਾ ਅਨੁਸਾਰ ਲਾਗੂ ਕਰਨ ਤੇ ਸਰਕਾਰੀ ਖਰੀਦ ਦੀ ਗਰੰਟੀ ਕਰਨ , ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਨ , ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ



ਹਰ ਕਿਸਾਨ ਮਜ਼ਦੂਰ ਨੂੰ 60 ਸਾਲ ਬਾਅਦ 10000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਗੂ ਕਰਨ , ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਣ ਬੰਦ ਕਰਨ , ਬਿਜਲੀ ਬਿਲ ਤੇ ਕੌਮੀ ਸਿਖਿਆ ਨੀਤੀ 2020 ਵਾਪਸ ਕਰਨ , ਅਦਾਰਿਆਂ ਅੰਦਰ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ ਆਦਿ ਮੁੱਦਿਆਂ ਨੂੰ ਲੈ ਕੇ ਕੀਤੀ ਜਾ ਰਹੀ ਹੈ । ਇਸ ਮੌਕੇ ਇੱਕ ਮਤੇ ਰਾਹੀਂ ਇਸ ਗਲ ਦੀ ਮੰਗ ਕੀਤੀ ਗਈ ਕਿ ਧਾਰਾ 295 ਤੇ 295 ਏ ਦੀ ਕੀਤੀ ਜਾ ਰਹੀ ਦੁਰਵਰਤੋ ਬੰਦ ਕੀਤੀ ਜਾਵੇ ਅਤੇ ਇਸ ਧਾਰਾ ਅਧੀਨ ਥਾਣਾ ਗੜ੍ਹਸ਼ੰਕਰ ਅਧੀਨ ਦਵਿੰਦਰ ਕੁਮਾਰ ਰਾਣਾ ਵਾਸੀ ਮਹਿਦਵਾਣੀ ਅਤੇ ਹੋਰ ਸਾਥੀਆਂ ਦੀ ਕੀਤੀ ਗਿਰਫਤਾਰੀ ਦੀ ਸਖਤ ਸ਼ਬਦਾਂ ਵਿੱਚ ਨਿੰਖੇਧੀ ਕੀਤੀ ਤੇ ਮੰਗ ਕੀਤੀ ਕੀਤੀ ਕਿ ਗ੍ਰਿਫਤਾਰ ਸਾਥੀ ਤੁਰੰਤ ਰਿਹਾਆ ਕੀਤੇ ਜਾਣ । ਇਹ ਵੀ ਫੈਸਲਾ ਕੀਤਾ ਗਿਆ ਕਿ 16 ਫਰਵਰੀ ਦੇ ਬੰਦ ਲਈ ਪਿੰਡਾਂ ਤੇ ਕਸਬਿਆਂ ਅੰਦਰ ਮੀਟਿੰਗਾ ਤੇ ਸਪੀਕਰ ਰਾਹੀ ਅਨਾਉਂਸਮੈਂਟ ਕਰਵਾਈ ਜਾਵੇਗੀ ਅਤੇ 05 ਫਰਵਰੀ ਨੂੰ ਤਹਿਸੀਲ ਪੱਧਰੀ ਮੀਟਿੰਗਾ ਕੀਤੀਆਂ ਜਾਣਗੀਆਂ । ਇਸ ਮੌਕੇ ਸਯੁੰਕਤ ਕਿਸਾਨ ਮੋਰਚੇ ਦੇ ਆਗੂ ਹਰਬੰਸ ਸਿੰਘ ਸੰਘਾ , ਦਵਿੰਦਰ ਸਿੰਘ ਕੱਕੋ , ਜਗਤਾਰ ਸਿੰਘ ਭਿੰਡਰ , ਹਰਮੇਸ਼ ਢੇਸੀ , ਸਤਪਾਲ ਸਿੰਘ ਮਿਰਜ਼ਾ ਪੁਰ , ਸਤਪਾਲ ਸਿੰਘ ਡਡਿਆਣਾ , ਅਮਰਜੀਤ ਸਿੰਘ , ਰਜਿੰਦਰ ਸਿੰਘ ਅਜਾਦ , ਡਾਕਟਰ ਸੁਖਦੇਵ ਸਿੰਘ ਢਿੱਲੋਂ , ਗੁਰਬਖ਼ਸ਼ ਸਿੰਘ ਸੂਸ , ਸੰਤੋਖ ਸਿੰਘ ਭੀਲੋਵਾਲ , ਇੰਦਰਪਾਲ ਸਿੰਘ , ਟ੍ਰੇਡ ਯੂਨੀਅਨ ਆਗੂ ਗੰਗਾ ਪ੍ਰਸ਼ਾਦ , ਨੋਵਲ ਗਿੱਲ , ਮੁਲਾਜ਼ਮ ਤੇ ਪੈਨਸ਼ਨਰਜ਼ ਆਗੂ ਗੁਰਚਰਨ ਸਿੰਘ , ਪ੍ਰਮੋਦ ਗਿਲ , ਬਲਵੀਰ ਸਿੰਘ ਸੈਣੀ , ਬਲਦੇਵ ਸਿੰਘ , ਹੰਸ ਰਾਜ ,ਪ੍ਰੀਤਮ ਸਿੰਘ ਆਦਿ ਆਗੂ ਹਾਜ਼ਰ ਸਨ।

## ਹਰਿਆਣਾ ਦੇ ਮੁੱਖ ਮੰਤਰੀ ਵੱਲੋਂ 6 ਨਵੀਂਆਂ ਪਰਿਯੋਜਨਾਵਾਂ ਨੂੰ ਮਨਜ਼ੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਸਰਕਾਰ ਨੇ 2 ਜ਼ਿਲ੍ਹਿਆਂ ਅਤੇ ਚਰਖੀ ਦਾਦਰੀ ਅਤੇ ਭਿਵਾਨੀ ਵਿਚ ਗ੍ਰਾਮੀਣ ਸੰਵਰਧਨ ਅਤੇ ਮਹਾਗ੍ਰਾਮ ਯੋਜਨਾ ਤਹਿਤ 98 ਕਰੋੜ ਰੁਪਏ ਤੋਂ ਵੱਧ ਦੀ 6 ਨਵੀਂ ਪਰਿਯੋਜਨਾਵਾਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਮਨੋਹਰ ਲਾਲ ਨੇ ਇੱਥੇ ਜਨ ਸਿਹਤ ਇੰਨਜੀਨੀਅਰਿੰਗ ਵਿਭਾਗ ਵੱਲੋਂ ਲਾਗੂ ਕੀਤੀ ਜਾਣ ਵਾਲੀ ਇੰਨ੍ਹਾਂ ਪਰਿਯੋਜਨਾਵਾਂ ਨੂੰ ਪ੍ਰਸਾਸ਼ਨਿਕ ਮੰਜੂਰੀ ਪ੍ਰਦਾਨ ਕੀਤੀ।ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਇਕ ਸਰਕਾਰ ਬੁਲਾਰੇ ਨੇ ਦਸਿਆ ਕਿ ਮਹਾਗ੍ਰਾਮ ਯੋਜਨਾ ਦੇ ਤਹਿਤ ਨਵੇਂ ਕੰਮਾਂ ਵਿਚ ਪਿੰਡ ਬਾਪੋੜਾ, ਜ਼ਿਲ੍ਹਾ ਭਿਵਾਨੀ ਦੀ ਜਲ ਸਪਲਾਈ ਯੋਜਨਾ ਦਾ ਵਿਸਤਾਰ ਸ਼ਾਮਿਲ ਹਨ, ਜਿਸ ਵਿਚ ਮੌਜੂਦਾ ਜਲ ਕੰਮਾਂ ਦੀ ਮੁਰੰਮਤ, 2 ਬੂਸਟਿੰਗ ਸਟੇਸ਼ਨ ਅਤੇ 17.86 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਵਿਚ ਅੰਦਾਜਾ ਵੰਡ ਪਾਇਪਲਾਇਨ ਵਿਛਾਉਣਾ, 27.25 ਕਰੋੜ ਰੁਪਏ ਦੀ ਅੰਦਾਜਾ ਲਾਗਤ 'ਤੇ ਪਿੰਡ ਬਪੋਰਾ ਜ਼ਿਲ੍ਹਾ ਭਿਵਾਨੀ ਵਿਚ ਸੀਵਰੇਜ ਸਹੂਲਤ ਅਤੇ ਸੀਵਰੇਜ ਉਪਚਾਰ ਪਲਾਂਟ ਯਕੀਨੀ ਕਰਨਾ ਸ਼ਾਮਿਲ ਹੈ।ਗ੍ਰਾਮੀਣ ਸੰਵਰਧਨ ਪ੍ਰੋਗ੍ਰਾਮ ਦੇ ਤਹਿਤ 7.86 ਕਰੋੜ ਰੁਪਏ ਦੀ ਅਨੁਮਾਨਿਤ ਲਗਾਤ 'ਤੇ ਪਿੰਡ ਅਲਖਪੁਰਾ, ਜ਼ਿਲ੍ਹਾ ਭਿਵਾਨੀ ਵਿਚ ਜਲ ਸਪਲਾਈ ਯੋਜਨਾ ਦਾ ਨਵੀਨੀਕਰਣ ਅਤੇ ਅਪਗ੍ਰੇਡੇਸ਼ਨ ਅਤੇ ਡੀਆਈ ਪਾਇਪ ਲਾਇਨ ਵਿਛਾਈ ਜਾਵੇਗੀ। ਇਸ ਤੋਂ ਇਲਾਵਾ, ਜਿਲ੍ਹਾ ਚਰਖੀ ਦਾਦਰੀ ਦੇ ਪਿੰਡ ਘਿਰਾਡਾ ਵਿਚ 5.09 ਕਰੋੜ ਰੁਪਏ ਦੀ ਅੰਦਾਜਾ ਲਾਗਤ ਤੋਂ ਆਰਸੀਸੀ ਟੈਂਕ ਅਤੇ ਹੋਰ ਢਾਂਚਿਆਂ ਦਾ ਨਿਰਮਾਣ ਕਰ ਕੇ 2 ਪਿੰਡਾਂ ਦੇ ਸਮੂਹ ਵਿਚ ਜਲ ਸਪਲਾਈ ਯੋਜਨਾ ਦਾ ਨਵੀਨੀਕਰਣ , ਪਿੰਡ ਬਲਾਲੀ ਵਿਚ 1.60 ਕਰੋੜ ਰੁਪਏ ਦੀ ਅੰਦਾਜਾ ਲਾਗਤ ਸੇਜਲ ਕੰਮਾਂ ਵਿਚ ਮੌਜੂਦਾ ਢਾਂਚਿਆਂ ਦਾ ਨਵੀਨਕਰਣ ਅਤੇ ਬਾਕੀ ਪਾਇਪ ਲਾਇਨ ਵਿਛਾਉਣਾ ਅਤੇ 39 ਲੱਖ ਰੁਪਏ ਦੀ ਅੰਦਾਜਾ ਲਾਗਤ 'ਤੇ ਪਿੰਡ ਗੁਡਾਨਾ ਵਿਚ ਜਲਸਪਲਾਈ ਪਾਇਪਲਾਇਨ ਦਾ ਪ੍ਰਤੀਸਥਾਪਨ ਸ਼ਾਮਿਲ ਹੈ।

# ਵਾਤਾਵਰਣ ਸੰਤੁਲਨ 'ਚ ਜਲਗਾਹਾਂ ਦੀ ਅਹਿਮ ਭੂਮਿਕਾ : ਸੰਤ ਸੀਚੇਵਾਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਨਿਰਮਲ ਕੁਟੀਆ ਸੀਚੇਵਾਲ ਵਿਖੇ ਵਿਸ਼ਵ ਜਲਗਾਹ ਦਿਵਸ ਮਨਾਇਆ ਗਿਆ ਤਾਂ ਜੋ ਪਾਣੀਆਂ ਦੇ ਕੁਦਰਤੀ ਸਰੋਤਾਂ ਦੀ ਸੰਭਾਲ ਹੋ ਸਕੇ। ਇਸ ਸਮਾਗਮ ਦੌਰਾਨ ਹੀ ਇਲਾਕੇ ਭਰ ਦੀਆਂ ਸੰਗਤਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਜਨਮ ਦਿਨ ਮੌਕੇ ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਯਾਬੀ ਲਈ ਅਰਦਾਸ ਕੀਤੀ। ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੰਕੈਡਰੀ ਸਕੂਲ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਕੂਲ ਦੇ ਬੱਚਿਆਂ ਵੱਲੋਂ ਕੀਰਤਨ ਕੀਤਾ ਗਿਆ। ਗਤਾਂ ਨੂੰ ਸੰਬੋਧਨ ਹੁੰਦਿਆ ਵਾਤਾਵਰਣ ਪ੍ਰੇਮੀ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ 2 ਫਰਵਰੀ ਦਾ ਦਿਨ ਵਿੱਦਿਅਕ ਅਤੇ ਵਾਤਾਵਰਣ ਪੱਖ ਤੋਂ ਦੁਆਬੇ ਇਲਾਕੇ ਦੇ ਲਈ ਬਹੁਤ ਅਹਿਮ ਦਿਨ ਹੈ। ਇਸ ਦਿਨ ਹੀ ਦੁਆਬੇ ਦੇ ਇਲਾਕੇ ਵਿੱਚ ਸਿੱਖਿਆ ਦੀ ਚਿਣਗ ਜਗਾਈ ਗਈ ਸੀ ਤੇ ਇਸੇ ਦਿਨ ਨੂੰ ਵਿਸ਼ਵ ਜਲਗਾਹ ਦੇ ਦਿਵਸ ਦੇ ਰੂਪ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ। ਇਸ ਸਮਾਗਮ ਦੌਰਾਨ ਸਿੱਖਿਆ ਨੂੰ ਜਿੱਥੇ ਆਮ ਲੋਕਾਂ ਤੱਕ ਪਹੁੰਚਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ ਉੱਥੇ ਹੀ ਕੌਮਾਂਤਰੀ ਪਹਿਚਾਣ ਰੱਖਣ ਵਾਲੀਆਂ ਜਲਗਾਹਾਂ ਨੂੰ ਸੰਭਾਲਣ ਲਈ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਵੀ ਕੀਤੀ। ਸੰਤ ਸੀਚੇਵਾਲ ਨੇ ਕਿਹਾ ਕਿ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਵਿਦਿਅਕ ਅਦਾਰਿਆ ਵਿਚ ਵੱਧ ਚੜ੍ਹ ਕੇ ਸਹਿਯੋਗ ਦੇਣ ਜਿਹਨਾਂ ਦਾ ਮਕਸਦ ਹਰ ਉਸ ਗਰੀਬ ਲੜਕੇ ਤੇ ਲੜਕੀ ਤੱਕ ਸਿੱਖਿਆ ਪਹੁੰਚਾਉਣਾ ਜੋ ਗਰੀਬੀ ਕਾਰਨ ਵਿੱਦਿਆ ਤੋਂ ਵਾਂਝਾ ਰਹਿ



ਜਾਂਦਾ ਹੈ। ਇਸ ਮੌਕੇ ਵੱਖ -ਵੱਖ ਬੁਲਾਰਿਆਂ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਉਹਨਾਂ ਦੇ ਜਨਮ ਦਿਨ ਮੌਕੇ ਵਧਾਈਆਂ ਦਿੱਤੀਆਂ ਗਈਆਂ। ਬੁਲਾਰਿਆਂ ਵੱਲੋਂ ਵਿਸ਼ਵ ਜਲਗਾਹ ਦਿਵਸ ਮੌਕੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਲੋਪ ਹੋ ਰਹੀਆਂ ਜਲਗਾਹਾਂ ਦੇ ਬਚਾਅ ਲਈ ਅੱਗੇ ਆਉਣ ਤਾਂ ਜੋ ਪਾਣੀਆਂ ਦੇ ਕੁਦਰਤੀ ਸੋਮਿਆਂ ਨੂੰ ਬਚਾਇਆ ਜਾ ਸਕੇ। ਵੱਖ ਵੱਖ ਗਤੀਵਿਧੀਆਂ ਵਿੱਚ ਸਕੂਲ ਦਾ ਨਾਮ ਰੋਸ਼ਨ ਕਰਨ ਵਾਲੇ ਸਕੂਲ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੰਤ ਪ੍ਰਗਟ ਨਾਥ, ਸੰਤ ਸੁਖਜੀਤ ਸਿੰਘ ਸੀਚੇਵਾਲ, ਬਾਬਾ ਸੁਖਦੇਵ ਦਾਸ, ਆਸਾ ਸਿੰਘ ਘੁੰਮਣ, ਪ੍ਰੋ. ਰਾਮ ਮੂਰਤੀ, ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ, ਪ੍ਰੋ. ਕੁਲਵਿੰਦਰ ਸਿੰਘ, ਪ੍ਰਿੰਸੀਪਲ ਸਤਪਾਲ ਸਿੰਘ ਗਿੱਲ, ਸਰਪੰਚ ਤਜਿੰਦਰ ਸਿੰਘ ਅਤੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਤੇ ਸਕੂਲ ਦਾ ਸਟਾਫ ਹਾਜ਼ਰ ਸੀ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਜਨਮ ਦਿਨ ਮੌਕੇ ਜਿੱਥੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਆਗੂਆਂ ਨੇ ਵਧਾਈਆਂ ਦਿੱਤੀਆਂ। ਉਥੇ ਹੀ ਦੇਸ਼ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਉਹਨਾਂ ਨੂੰ ਚਿੱਠੀ ਰਾਹੀ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਤੇ ਉਹਨਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ। ਇਸੇ ਤਰ੍ਹਾਂ ਬਜਟ ਇਜਲਾਸ ਦੇ ਚੱਲ ਰਹੇ ਮੌਜੂਦਾ ਸ਼ੈਸ਼ਨ ਦੌਰਾਨ ਭਾਰਤ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਪਾਰਲੀਮੈਂਟ ਦੇ ਸਦਨ ਵਿੱਚ ਸੰਤ ਸੀਚੇਵਾਲ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦਿਆ ਉਹਨਾਂ ਦੇ ਵਾਤਾਵਰਣ ਪ੍ਰੇਮੀ, ਸਰਪੰਚ ਬਣਨ, ਨਿਰਮਲ ਗ੍ਰਾਮ ਪੁਰਸਕਾਰ ਅਤੇ ਪ੍ਰਦਮਸ਼੍ਰੀ ਵਰਗੇ ਸਨਮਾਨਾਂ ਦਾ ਜ਼ਿਕਰ ਕੀਤਾ ਤੇ ਵੇਈਂ ਦੀ ਕਾਰਸੇਵਾ ਦਾ ਜ਼ਿਕਰ ਕੀਤਾ। ਜਿਸਨੂੰ ਸੰਤ ਸੀਚੇਵਾਲ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਮੁੜ ਤੋਂ ਆਪਣੇ ਪਹਿਲੇ ਸਰੂਪ ਵਿੱਚ ਬਦਲਿਆ ਹੈ। ਸੰਤ ਸੀਚੇਵਾਲ ਪੰਜਾਬ ਦੀਆਂ ਜਲਗਾਹਾਂ ਦਾ ਜ਼ਿਕਰ ਕਰਦਿਆ ਕਿਹਾ ਕਿ ਹਰੀਕੇ ਪੱਤਣ, ਕਾਂਜਲੀ ਰੋਪੜ ਦੀਆਂ ਝੀਲਾਂ ਕੌਮਾਂਤਰੀ ਪੱਧਰ ਦੀਆਂ ਪਛਾਣ ਰੱਖਦੀਆਂ ਹਨ ਪਰ ਇੰਨ੍ਹਾਂ ਜਲਗਾਹਾਂ ਦੇ ਵੱਡੇ ਹਿੱਸੇ 'ਤੇ ਨਜ਼ਾਇਜ ਕਬਜ਼ੇ ਹੋ ਚੁੱਕੇ ਹਨ ਜੋ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਪੱਖ ਤੋਂ ਪੰਜਾਬ ਬੜੇ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ ਤੇ ਅਜਿਹੇ ਸਮੇਂ ਦੌਰਾਨ ਇਹਨਾਂ ਪਾਣੀਆਂ ਦੇ ਕੁਦਰਤੀ ਜਲਸਰੋਤਾਂ ਨੂੰ ਬਚਾਉਣ ਦੀ ਸਖਤ ਲੋੜ ਹੈ। ਉਹਨਾਂ ਕਿਹਾ ਕਿ ਇਹਨਾਂ ਜਲਗਾਹਾਂ ਦਾ ਵਾਤਾਵਰਨ ਸੰਤੁਲਨ ਵਿਚ ਅਹਿਮ ਰੋਲ ਹੈ ਤੇ ਸਾਡੇ ਵਾਤਾਵਰਨ ਅਤੇ ਜੀਵਨ ਲਈ ਜਲਗਾਹਾਂ ਦੀ ਵਿਲੱਖਣ ਥਾਂ ਹੈ। ਪ੍ਰਦੂਸ਼ਣ ਤੇ ਨਜ਼ਾਇਜ਼ ਕਬਜ਼ੇ ਕਾਰਨ ਇਹ ਜਲਗਾਹਾਂ ਆਪਣੀਆਂ ਆਖਰੀ ਸਾਹਾਂ 'ਤੇ ਹਨ।

## ਲਘੂ ਉਦਯੋਗ ਵਿਭਾਗ ਤੋਂ ਆਏ 39 ਮੁਲਾਜ਼ਮਾਂ ਦੀ ਤਨਖਾਹ ਤੁਰੰਤ ਜਾਰੀ ਕੀਤੀ ਜਾਵੇ : ਪੁਸ਼ਪਿੰਦਰ ਵਿਰਦੀ

**ਜਲੰਧਰ ( ਰਾਜੇਸ਼ ਥਾਪਾ )** - ਸਾਲ 2023 ਦੇ ਅਗਸਤ ਮਹੀਨੇ ਵਿੱਚ ਪੰਜਾਬ ਸਮਾਲ ਇੰਡਸਟਰੀਜ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਜਲੰਧਰ ਦੇ 39 ਮੁਲਾਜਮਾਂ ਦੀਆਂ ਸੇਵਾਵਾਂ ਨੂੰ ਦਫਤਰ ਕਮਿਸ਼ਨਰ ਨਗਰ ਨਿਗਮ ਜਲੰਧਰ ਵਿਖੇ ਮਰਜ ਕਰਕੇ ਡਿਊਟੀ ਤੇ ਮੁਲਾਜਮਾਂ ਨੂੰ ਹਾਜਰ ਕਰਵਾਇਆ ਗਿਆ ਸੀ। ਉਹਨਾਂ 39 ਮੁਲਾਜਮਾਂ ਨੂੰ ਕਮਿਸ਼ਨਰ ਨਗਰ ਨਿਗਮ ਜਲੰਧਰ ਵਲੋਂ ਅੱਜ ਤੱਕ ਕੋਈ ਵੀ ਤਨਖਾਹ ਨਹੀਂ ਦਿੱਤੀ ਗਈ। ਪਿਛਲੇ ਛੇ ਮਹੀਨਿਆਂ ਦੀ ਤਨਖਾਹ ਲੈਣ ਲਈ ਉਪਰੋਕਤ ਮੁਲਾਜਮ ਕਾਫੀ ਖਜਲ ਖਰਾਬ ਹੋ ਰਹੇ ਹਨ ਅਤੇ ਕੋਈ ਵੀ ਜਿੰਮੇਵਾਰ ਅਧਿਕਾਰੀ ਲੜ ਪੱਲਾ ਨਹੀਂ ਫੜਾ ਰਿਹਾ ਅਤੇ ਨਾ ਹੀ ਕੋਈ ਠੋਸ ਜਵਾਬ ਦੇ ਰਿਹਾ ਹੈ। ਉਪਰੋਕਤ ਮੁਲਾਜਮਾਂ ਦੀਆਂ ਤਨਖਾਹਾਂ ਦੇ ਸੰਬੰਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਅਗਵਾਈ ਵਿੱਚ ਕਮਿਸ਼ਨਰ ਨਗਰ ਨਿਗਮ ਜਲੰਧਰ ਨੂੰ ਮਿਲਣ ਗਿਆ। ਦਫਤਰ ਵਿੱਚ ਕਮਿਸ਼ਨਰ ਸਮੇਤ ਕੋਈ ਵੀ ਜਿੰਮੇਵਾਰ ਅਧਿਕਾਰੀ ਨਹੀਂ ਮਿਲਿਆ ਜੋ ਸਹੀ ਸਹੀ ਜਾਣਕਾਰੀ ਦਿੰਦਾ ਕਿ ਉਪਰੋਕਤ ਮੁਲਾਜਮਾਂ ਨੂੰ ਪਿਛਲੇ ਛੇ ਮਹੀਨਿਆਂ ਦੀ ਤਨਖਾਹ ਅਜੇ ਤੱਕ ਕਿਉਂ ਨਹੀਂ ਦਿੱਤੀ ਗਈ ਜਾਂ ਤਨਖਾਹ ਜਲਦੀ ਤੋਂ ਜਲਦੀ ਦੇਣ ਲਈ ਕਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਪ.ਸ.ਸ.ਫ.ਦੇ ਪ੍ਰਧਾਨ ਵਿਰਦੀ ਵਲੋਂ ਇੱਕ ਲਿਖਤੀ ਬੇਨਤੀ ਪੱਤਰ ਕਮਿਸ਼ਨਰ



ਨਗਰ ਨਿਗਮ ਜਲੰਧਰ ਨੂੰ ਭੇਜ ਕੇ ਲਘੂ ਉਦਯੋਗ ਵਿਭਾਗ ਤੋਂ ਮਿਤੀ 01/08/2023 ਨੂੰ ਨਗਰ ਨਿਗਮ ਜਲੰਧਰ ਵਿੱਚ ਮਰਜ ਹੋਏ 39 ਮੁਲਾਜਮਾਂ ਨੂੰ ਪਿਛਲੇ ਛੇ ਮਹੀਨਿਆਂ ਦੀ ਤਨਖਾਹ ਜਲਦੀ ਤੋਂ ਜਲਦੀ ਦੇਣ ਦੀ ਮੰਗ ਕੀਤੀ ਗਈ ਹੈ ਅਤੇ ਇਹਨਾਂ ਮੁਲਾਜਮਾਂ ਵਿੱਚੋਂ ਸੁਧੀਰ ਕੁਮਾਰ ਅਰੋੜਾ ਪੰਪ ਟੈਕਨੀਸਨ ਮਿਤੀ 20/09/23 ਨੂੰ ਅਤੇ ਸੁਰੇਸ ਕੁਮਾਰ ਸੀਵਰ ਮੈਨ ਦੀ ਮਿਤੀ 25/01/2024 ਨੂੰ ਮੌਤ ਵੀ ਹੋ ਚੁੱਕੀ ਹੈ,ਦੇ ਵਾਰਸਾਂ ਨੂੰ ਵੀ ਸਰਕਾਰੀ ਨਿਯਮਾਂ ਅਨੁਸਾਰ ਬਣਦੇ ਆਰਥਿਕ ਲਾਭ ਤੁਰੰਤ ਦੇਣ ਦੀ ਮੰਗ ਕੀਤੀ ਗਈ ਹੈ। ਬੇਨਤੀ ਪੱਤਰ ਦੇ ਵਿੱਚ ਹੀ ਨੋਟ ਕਰਵਾਇਆ ਗਿਆ ਹੈ ਕਿ ਉਪਰੋਕਤ 39 ਮੁਲਾਜਮਾਂ ਨੂੰ 29 ਫਰਵਰੀ ਤੱਕ ਜੇ ਪਿਛਲੇ ਛੇ ਮਹੀਨਿਆਂ ਦੀ ਤਨਖਾਹ ਨਾ ਮਿਲੀ ਤਾਂ ਮਾਰਚ ਦੇ ਪਹਿਲੇ ਹਫਤੇ ਵਿੱਚ ਕਮਿਸ਼ਨਰ ਨਗਰ ਨਿਗਮ ਜਲੰਧਰ ਦੇ ਦਫਤਰ ਅੱਗੇ ਪੱਕੇ ਤੌਰ 'ਤੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਜਾਵੇਗਾ,ਜੋ ਤਨਖਾਹਾਂ ਦੇ ਮਸਲੇ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਬਣਦੇ ਲਾਭ ਮਿਲਣ ਤੱਕ ਜਾਰੀ ਰਹੇਗਾ। ਇਸ ਸਮੇਂ ਜਗੀਰ ਸਿੰਘ ਸਹੋਤਾ, ਗੋਬਿੰਦ, ਪ੍ਰਦੀਪ ਚੰਦ, ਅਨੰਦ , ਇੰਦਰਜੀਤ ,ਦੇਸ ਰਾਜ , ਸੁੱਚਾ ਰਾਮ, ਕੁਲਦੀਪ ਸਿੰਘ ਕੌੜਾ ਆਦਿ ਸਾਥੀ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਹਾਜਰ ਹੋਏ।

4-Feb-Sunday.qxd 2/3/2024 9:11 PM Page 1



ਹਰਪਾਲ ਸਿੰਘ ਸੰਧਾਵਾਲੀਆ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ
## ਐਤਵਾਰਤਾ


ਚਕਨਾਚੂਰ ਹੋ ਗਿਆ ਉਹ
ਆਪਣੀ ਸਿਖਰ ਤੋਂ ਡਿੱਗ ਕੇ
ਮੋਢਿਆਂ 'ਤੇ ਚੁੱਕ ਖ਼ੁਦ ਨੂੰ
ਕਬਰਾਂ ਵੱਲ ਨੂੰ ਜਾ ਰਿਹਾ

-ਅਵਤਾਰਜੀਤ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 4 ਫਰਵਰੀ 2024 www.nawanzamana.in ਕੀਮਤ 5.00 ਰੁਪਏ

ਸਮਕਾਲੀ ਸਰੋਕਾਰ

ਮੱਖਣ ਕੁਹਾੜ

# ਧਰਮ ਨਿਰਪੱਖਤਾ ਦੇ ਸੰਵਿਧਾਨਕ ਸੰਕਲਪ ਨੂੰ ਵੰਗਾਰਾਂ



ਭਾਰਤੀ ਸੰਵਿਧਾਨ ਦੀ ਰੂਹ ਧਰਮ ਨਿਰਪੱਖਤਾ ਇਸ ਵਕਤ ਘੋਰ ਖ਼ਤਰੇ ਵਿਚ ਹੈ। ਕੀ ਸਾਡੇ ਦੇਸ਼ ਦੀ ਸਰਕਾਰ ਧਰਮ ਨਿਰਪੱਖਤਾ ਮੁਤਾਬਕ ਹੀ ਕੰਮ ਕਰ ਰਹੀ ਹੈ, ਇਸ 'ਤੇ ਸ਼ੰਕਾ ਦੇ ਬੱਦਲ ਹਨ। ਭਾਰਤ ਦੇ ਸੰਵਿਧਾਨ ਦੀ ਭੂਮਿਕਾ ਵਿਚ ਲਿਖਿਆ ਹੋਇਆ ਹੈ, "ਅਸੀਂ ਭਾਰਤ ਦੇ ਲੋਕ ਭਾਰਤ ਨੂੰ ਸੰਪੂਰਨ ਪ੍ਰਭੁਤਵ-ਸੰਪਨ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰ ਗਣਰਾਜ ਬਣਾਉਣ ਲਈ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ, ਵਿਚਾਰ ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਸਵਤੰਤਰਤਾ, ਪ੍ਰਤਿਸ਼ਠਾ ਅਤੇ ਮੌਕਿਆਂ ਦੀ ਬਰਾਬਰਤਾ ਪ੍ਰਾਪਤ ਕਰਾਉਣ ਵਾਸਤੇ ਅਤੇ ਉਨ੍ਹਾਂ ਸਭਨਾਂ ਵਿਚ ਵਿਅਕਤੀ ਦੀ ਗਰਿਮਾ ਅਤੇ (ਰਾਸ਼ਟਰ ਦੀ ਏਕਤਾ ਤੇ ਅਖੰਡਤਾ) ਸੁਨਿਸਚਤ ਕਰਨ ਵਾਲੀ ਪ੍ਰਤੀਬੱਧਤਾ ਵਧਾਉਣ ਦੇ ਲਈ ਦ੍ਰਿੜ੍ਹ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿਚ 26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਅੰਗੀਕ੍ਰਿਤ, ਅਧਿਨਿਯਮਤ ਅਤੇ ਆਤਮ ਅਰਪਿਤ ਕਰਦੇ ਹਾਂ।"

ਸਪੱਸ਼ਟ ਹੈ, ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਦੀ ਭਾਵਨਾ ਭਾਰਤ ਨੂੰ ਇਕ ਧਰਮ ਨਿਰਪੱਖ ਅਤੇ ਹੋਰ ਹਰ ਪੱਖ ਤੋਂ ਸੁਤੰਤਰ ਤੇ ਕਲਿਆਣਕਾਰੀ ਰਾਜ ਬਣਾਉਣ ਦੀ ਸੀ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ, ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਆਂ ਅਤੇ ਵਿਚਾਰ ਪ੍ਰਗਟਾਵੇ, ਵਿਸ਼ਵਾਸ ਤੇ ਧਰਮ ਦੀ ਪੂਜਾ ਕਰਨ ਦੀ ਪੂਰਨ ਸਵਤੰਤਰਤਾ ਦਾ ਸੰਕਲਪ ਕੀਤਾ ਸੀ। ਸੰਵਿਧਾਨ ਬਣਾਉਣ ਵੇਲੇ ਕਈ ਤਰ੍ਹਾਂ ਦੇ ਵਿਚਾਰ ਉੱਭਰੇ ਸਨ। ਇਕ ਵਿਚਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਵੀ ਸੀ, ਜੋ ਮੁੱਢੋਂ ਹੀ ਰੱਦ ਹੋ ਗਿਆ। ਇਹ ਵਿਚਾਰ ਉਦੋਂ ਵੀ ਉਨ੍ਹਾਂ ਲੋਕਾਂ ਵੱਲੋਂ ਆਇਆ ਸੀ, ਜੋ ਆਰ ਐੱਸ ਐੱਸ ਅਤੇ ਹੋਰ ਕੱਟੜ ਹਿੰਦੂ ਸੰਗਠਨਾਂ ਨਾਲ ਜੁੜੇ ਹੋਏ ਸਨ ਅਤੇ ਜਿਨ੍ਹਾਂ ਦੀ ਦੇਸ਼ ਦੀ ਆਜ਼ਾਦੀ ਦੀ ਕਿਸੇ ਜੱਦੋ-ਜਹਿਦ ਵਿਚ ਕੋਈ ਭੂਮਿਕਾ ਨਹੀਂ ਸੀ। ਚੰਗੀ ਤਰ੍ਹਾਂ ਘੋਖ-ਵਿਚਾਰ ਕਰਨ ਉਪਰੰਤ ਹੀ ਦੇਸ਼ ਦੇ ਸੰਵਿਧਾਨ ਨੂੰ ਧਰਮ ਨਿਰਪੱਖਤਾ ਵਾਲਾ ਬਣਾਇਆ ਗਿਆ ਸੀ, ਪਰ ਅਫ਼ਸੋਸ ਕਿ ਅੱਜ ਇਸ ਭਾਵਨਾ ਨੂੰ ਠੇਸ ਪਹੁੰਚ ਰਹੀ ਹੈ। ਧਰਮ ਨਿਰਪੱਖ ਭਾਵਨਾ ਉਪਰ ਤਿੱਖੇ ਹਮਲੇ ਹੋਣ ਲੱਗੇ ਹਨ। ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ।

ਦੇਸ਼ ਵਿਚ ਲਗਾਤਾਰ ਫ਼ਿਰਕਾਪ੍ਰਸਤ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਰੀਆਂ ਹੀ ਘੱਟ ਗਿਣਤੀਆਂ ਖ਼ਾਸ ਕਰਕੇ ਮੁਸਲਿਮ ਘੱਟ ਗਿਣਤੀ ਦੇ ਲੋਕ ਵਧੇਰੇ ਹੀ ਹਮਲੇ ਅਧੀਨ ਹੋਣ ਕਾਰਨ ਸਕਤੇ ਵਿਚ ਹਨ। ਦੇਸ਼ ਵਿਚ ਜਿਸ ਤਰ੍ਹਾਂ ਧਰਮ ਨਿਰਪੱਖਤਾ ਦੀਆਂ ਹਾਮੀ ਕਲਮਾਂ ਉੱਪਰ ਕਾਤਲਾਨਾ ਹਮਲੇ ਹੋ ਰਹੇ ਹਨ, ਗਊ ਹੱਤਿਆਵਾਂ ਦੇ ਨਾਂਅ 'ਤੇ ਕਤਲ ਤੇ ਮਾਰਕੁਟਾਈ ਹੋ ਰਹੀ ਹੈ, ਲਵ ਜੇਹਾਦ, ਰਾਮ ਜਨਮ ਭੂਮੀ ਦਾ ਮੁੱਦਾ ਉੱਭਰਿਆ ਹੈ ਅਤੇ ਭੀੜ ਤੰਤਰੀ ਦਹਿਸ਼ਤ ਹੈ, ਲੱਗਦਾ ਨਹੀਂ ਕਿ ਭਾਰਤ, ਦੇਸ਼ ਦੇ ਸੰਵਿਧਾਨ ਮੁਤਾਬਕ ਧਰਮ ਨਿਰਪੱਖ ਰਹਿ ਸਕੇਗਾ ਤੇ ਲੋਕ ਵੱਖ-ਵੱਖ ਧਰਮਾਂ-ਨਸਲਾਂ-ਜਾਤਾਂ-ਮਜ਼੍ਹਬਾਂ ਦੇ ਹੁੰਦੇ ਹੋਏ ਵੀ ਆਜ਼ਾਦ ਫ਼ਿਜ਼ਾ ਵਿਚ ਸਾਹ ਲੈ ਸਕਣਗੇ। ਜਿਸ ਤਰ੍ਹਾਂ ਮੋਦੀ ਸਰਕਾਰ ਵੱਲੋਂ 22 ਜਨਵਰੀ 2024 ਨੂੰ ਰਾਮ ਮੰਦਰ 'ਪ੍ਰਾਣ ਪ੍ਰਤਿਸ਼ਠਾ' ਕੀਤੀ ਗਈ ਹੈ। ਇਸ ਨੇ ਦੇਸ਼ ਦੇ ਸੰਵਿਧਾਨ ਦੀ ਧਰਮ ਨਿਰਪੱਖਤਾ ਉੱਪਰ ਉੱਕਾ ਹੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਇਸ ਤੋਂ ਸਪੱਸ਼ਟ ਸੰਕੇਤ ਮਿਲ ਰਿਹਾ ਹੈ ਕਿ ਕੇਂਦਰ ਦੀ ਸਰਕਾਰ ਧਰਮ ਨਿਰਪੱਖ ਨਹੀਂ, ਸਨਾਤਨੀ ਹਿੰਦੂਆਂ ਦੀ ਹੀ ਸਰਕਾਰ ਹੈ। ਆਖ਼ਰ ਸਹਿਮ ਦੇ ਸਾਏ ਹੇਠ ਕੋਈ ਕਿਵੇਂ ਆਜ਼ਾਦੀ ਦਾ ਨਿੱਘ ਮਾਣ ਸਕਦਾ ਹੈ। ਏਸ ਬਾਰੇ ਅਨੇਕਾਂ ਘਟਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜੋ ਲਗਾਤਾਰ ਮੋਦੀ ਸਰਕਾਰ ਦੇ ਬਣਨ ਬਾਅਦ ਤੇਜ਼ ਹੋਈਆਂ ਹਨ ਅਤੇ ਜਿਨ੍ਹਾਂ ਨੂੰ ਮੋਦੀ ਰਾਜ ਨੂੰ 800 ਸਾਲ ਬਾਅਦ ਮਿਲਿਆ 'ਹਿੰਦੂ ਰਾਜ' ਕਿਹਾ ਜਾ ਰਿਹਾ ਹੈ। ਬੁਲੰਦ ਸ਼ਹਿਰ ਦੀ ਭੀੜ ਤੰਤਰੀ ਕਤਲ ਦੀ ਘਟਨਾ ਨੇ ਸਾਰੇ ਸੁਹਿਰਦ ਦੇਸ਼ ਵਾਸੀਆਂ ਨੂੰ ਗੰਭੀਰ ਚਿੰਤਾ ਵਿਚ ਪਾ ਦਿੱਤਾ ਸੀ। 3 ਦਸੰਬਰ 2018 ਨੂੰ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬੁਲੰਦ ਸ਼ਹਿਰ, ਤਹਿਸੀਲ ਸਿਧਾਨਾ ਦੇ ਪਿੰਡ ਮਹਾਵ ਦੇ ਖੇਤਾਂ ਵਿਚ ਗਊਆਂ ਦੇ ਕੱਟੇ-ਵੱਢੇ ਅੰਗ ਖਿੱਲਰੇ ਲੱਭਣ 'ਤੇ ਬਜਰੰਗ ਦਲ ਨੇ ਭੀੜ ਇਕੱਤਰ ਕਰਕੇ ਮੌਕੇ 'ਤੇ ਪੁੱਜੇ ਪੁਲਸ ਇੰਸਪੈਕਟਰ ਸੁਬੋਧ ਕੁਮਾਰ ਦਾ ਹੀ ਕਤਲ ਕਰ ਦਿੱਤਾ ਸੀ। ਇਹ ਉਹੀ ਇੰਸਪੈਕਟਰ ਸੀ, ਜਿਸ ਨੇ ਦਾਦਰੀ ਕੇਸ ਦੀ ਪੜਤਾਲ ਕੀਤੀ ਸੀ। ਦਾਦਰੀ ਦੇ ਅਖ਼ਲਾਕ ਅਹਿਮਦ ਨੂੰ ਵੀ ਭੀੜ ਵੱਲੋਂ 28 ਸਤੰਬਰ 2015 ਨੂੰ ਫ਼ਰਿਜ ਵਿਚ ਗਊ ਮਾਸ ਰੱਖਣ ਦਾ ਝੂਠਾ ਦੋਸ਼ ਲਾ ਕੇ ਪਿੰਡ ਦੀ ਹੀ 'ਭੀੜ' ਵੱਲੋਂ ਪੱਥਰ ਮਾਰ-ਮਾਰ ਕੇ ਮਾਰ ਮੁਕਾਇਆ ਸੀ, ਪਰ ਅਫ਼ਸੋਸ ਕਿ ਯੋਗੀ ਸਰਕਾਰ ਨੇ ਗਊ ਹੱਤਿਆ ਦੇ ਦੋਸ਼ੀਆਂ ਨੂੰ ਫੜਨ ਵੱਲ ਵਧੇਰੇ ਅਤੇ ਇੰਸਪੈਕਟਰ ਦੇ ਕਾਤਲਾਂ ਨੂੰ ਫੜਨ ਵੱਲ ਬਹੁਤ ਹੀ ਘੱਟ ਤਵੱਜੋ ਦਿੱਤੀ। ਇਸ ਤੋਂ ਪਹਿਲਾਂ ਵੀ ਅਨੇਕਾਂ ਘਟਨਾਵਾਂ ਹੋ ਚੁੱਕੀਆਂ ਹਨ। ਅਗਸਤ 2016 ਵਿਚ ਹਰਿਆਣੇ ਦੇ ਮੇਵਾਤ ਇਲਾਕੇ ਵਿਚ ਅਖੌਤੀ ਗਊ ਮਾਸ ਖਾਣ ਦੇ ਸ਼ੰਕੇ ਅਧੀਨ ਇਕ ਔਰਤ ਤੇ ਉਸ ਦੀ ਨਾਬਾਲਗ ਰਿਸ਼ਤੇਦਾਰ ਨਾਲ ਸਮੂਹਕ ਬਲਾਤਕਾਰ ਕੀਤਾ ਤੇ ਉਸ ਦੇ ਹੋਰ ਰਿਸ਼ਤੇਦਾਰਾਂ ਦਾ ਕਤਲ ਕਰ ਦਿੱਤਾ। ਪਹਿਲੀ ਅਪ੍ਰੈਲ 2017 ਨੂੰ ਹਰਿਆਣੇ ਦੇ ਇਕ ਪਸ਼ੂ ਪਾਲਕ ਪਹਿਲੂ ਖ਼ਾਨ ਨੂੰ ਰਾਜਸਥਾਨ ਤੋਂ ਟਰੱਕ 'ਤੇ ਦੁਧਾਰੂ ਗਊਆਂ ਖ਼ਰੀਦ ਕੇ ਲਿਜਾਂਦੇ ਨੂੰ ਅਲਵਰ (ਰਾਜਸਥਾਨ) ਕੋਲ ਘੇਰ ਕੇ ਮਾਰ ਦਿੱਤਾ ਸੀ। ਜੂਨ 2017 ਵਿਚ ਤਾਮਿਲਨਾਡੂ ਵਿਚ ਪਸ਼ੂ ਪਾਲਣ ਵਿਭਾਗ ਦੇ ਹੀ ਇਕ ਪਸ਼ੂ ਪਾਲਕ ਕਰਮਚਾਰੀ ਵੱਲੋਂ ਗਊਆਂ ਖ਼ਰੀਦ ਕੇ ਲਿਜਾਂਦੇ ਸਮੇਂ ਗਊ ਰੱਖਿਅਕਾਂ ਨੇ ਹਮਲਾ ਕਰ ਦਿੱਤਾ। ਜੇ ਮੌਕੇ 'ਤੇ ਪੁਲਸ ਨਾ ਪੁੱਜਦੀ ਤਾਂ ਉਸ ਦਾ ਕਤਲ ਲਾਜ਼ਮੀ ਸੀ। ਜੁਲਾਈ 2016 ਨੂੰ ਊਨਾ (ਗੁਜਰਾਤ) ਵਿਚ ਮਰੀ ਹੋਈ ਗਾਂ ਦੀ ਖੱਲ ਲਾਹ ਰਹੇ ਚਾਰ ਦਲਿਤਾਂ ਨੂੰ ਸ਼ਿਵ ਸੈਨਾ ਵਾਲਿਆਂ ਜਿਸ ਤਰ੍ਹਾਂ ਨੰਗੇ ਕਰਕੇ ਗੱਡੀ ਨਾਲ ਬੰਨ੍ਹ ਕੇ ਸ਼ਹਿਰ 'ਚ ਘੁਮਾਇਆ ਤੇ ਹੋਰ ਚੌਂਕ ਵਿਚ ਸ਼ਰੇਆਮ ਕੁੱਟਿਆ ਗਿਆ, ਉਹ ਕਦੇ ਕਿਸੇ ਨੂੰ ਭੁੱਲ ਨਹੀਂ ਸਕਦਾ। ਦਸੰਬਰ 2017 ਨੂੰ ਰਾਜਸਥਾਨ ਦੇ ਮੁਹੰਮਦ ਅਫ਼ਰਾਜ਼ੁਲ ਨੂੰ ਸ਼ੰਭੂ ਨਾਂਅ ਦੇ ਵਿਅਕਤੀ ਨੇ ਜਿਸ ਤਰ੍ਹਾਂ ਸ਼ਰੇਆਮ ਕੁੱਟਿਆ, ਅਧਮੋਇਆ ਕਰਕੇ ਜਿਉਂਦੇ ਨੂੰ ਹੀ ਮਿੱਟੀ ਦਾ ਤੇਲ ਸੁੱਟ ਕੇ ਸਾੜਿਆ ਗਿਆ, ਉਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਏ 'ਤੇ ਪਾਈ ਗਈ, ਉਹਦੀ ਨਿੰਦਾ ਕਿਨ੍ਹਾਂ ਸ਼ਬਦਾਂ ਵਿਚ ਹੋ ਸਕਦੀ ਹੈ? ਬੇਸ਼ਰਮੀ ਦੀ ਹੱਦ ਤਾਂ ਉਦੋਂ ਹੋਈ, ਜਦ ਉਸ ਨੂੰ ਕੇਸ 'ਚੋਂ ਬਚਾਉਣ ਲਈ ਹਿੰਦੂ ਸੰਗਠਨਾਂ ਵੱਲੋਂ ਚੰਦਾ ਇਕੱਠਾ ਕੀਤਾ ਗਿਆ।

ਜਨਵਰੀ 2018 ਨੂੰ ਜੰਮੂ-ਕਸ਼ਮੀਰ ਦੇ ਪਿੰਡ ਰਸਨਾ (ਕਠੂਆ) ਦੀ ਮਾਸੂਮ 8 ਸਾਲਾ ਧੀ ਆਸਿਫ਼ਾ ਨਾਲ ਜਿਸ ਤਰ੍ਹਾਂ ਇਕ ਮੰਦਰ ਵਿਚ ਸਮੂਹਕ ਬਲਾਤਕਾਰ ਕਰਕੇ ਕਤਲ ਕੀਤਾ ਗਿਆ ਤੇ ਦੋਸ਼ੀਆਂ ਨੂੰ ਬਚਾਉਣ ਲਈ ਉਨ੍ਹਾਂ ਦੇ ਹੱਕ ਵਿਚ ਹਿੰਦੂ ਸੰਗਠਨਾਂ ਵੱਲੋਂ ਮੁਜ਼ਾਹਰੇ ਲਾਮਬੰਦ ਕੀਤੇ ਗਏ, ਇਸ ਨਾਲ ਵੀ 'ਧਰਮ ਨਿਰਪੱਖਤਾ' ਨੂੰ ਵੱਡੀ ਢਾਅ ਪੁੱਜੀ। ਉਸ ਮਾਸੂਮ ਦਾ ਕਸੂਰ ਏਨਾ ਹੀ ਸੀ ਕਿ ਉਹ ਭੇਡਾਂ-ਬੱਕਰੀਆਂ ਚਾਰਨ ਵਾਲੀ ਗ਼ਰੀਬ ਮੁਸਲਮਾਨ ਗੁੱਜਰਾਂ ਦੀ ਕੁੜੀ ਸੀ। ਏਥੇ ਹੀ ਬਸ ਨਹੀਂ, ਆਸਿਫ਼ਾ ਦੇ ਦੋਸ਼ੀਆਂ ਦਾ ਕੇਸ ਲੜਨ ਵਾਲੇ ਵਕੀਲ ਅਸੀਮ ਸਾਹਨੀ ਨੂੰ (ਮਹਿਬੂਬਾ ਮੁਫ਼ਤੀ ਦੀ ਸਰਕਾਰ ਤੋੜਨ ਬਾਅਦ) ਜੰਮੂ-ਕਸ਼ਮੀਰ ਦੇ ਤਤਕਾਲੀ ਗਵਰਨਰ ਵੱਲੋਂ ਰਾਜ ਦਾ ਐਡੀਸ਼ਨਲ ਐਡਵੋਕੇਟ ਲਾਉਣਾ ਆਸਿਫ਼ਾ ਦੇ ਬਲਾਤਕਾਰ ਦੇ ਕਾਤਲਾਂ ਨੂੰ ਬਚਾਉਣ ਦਾ ਚਾਰਾ ਹੀ ਸੀ। ਇਵੇਂ ਹੀ ਲਵ ਜੇਹਾਦ ਦੀਆਂ ਅਨੇਕਾਂ ਘਟਨਾਵਾਂ ਹੋ ਚੁੱਕੀਆਂ ਹਨ। ਜੇਕਰ ਕੋਈ ਮੁਸਲਿਮ ਲੜਕਾ ਹਿੰਦੂ ਲੜਕੀ ਨਾਲ ਬੋਲਦਾ-ਚਾਲਦਾ ਹੈ, ਸ਼ਾਦੀ ਜਾਂ ਪਿਆਰ ਕਰਦਾ ਹੈ, ਤਾਂ ਉਸ ਦੀ ਸ਼ਾਮਤ ਆ ਜਾਂਦੀ ਹੈ। ਹਿੰਦੂ ਕੱਟੜਪੰਥੀ ਜੋ ਉਸ ਨਾਲ ਵਿਹਾਰ ਕਰਦੇ ਹਨ, ਉਸ ਦਾ ਵੱਖਰਾ ਹੀ ਇਤਿਹਾਸ ਬਣ ਜਾਂਦਾ ਹੈ। ਮੁਜ਼ੱਫਰ ਨਗਰ (ਉੱਤਰ ਪ੍ਰਦੇਸ਼) ਵਿਚ ਜਿਸ ਤਰ੍ਹਾਂ ਅਗਸਤ-ਸਤੰਬਰ 2013 ਨੂੰ ਕਤਲੋਗਾਰਤ ਹੋਈ, ਉਹ ਬਹੁਤ ਦਰਦਨਾਕ ਘਟਨਾ ਸੀ; ਜਿਸ ਨਾਲ ਮੁਸਲਿਮ ਪਰਵਾਰਾਂ ਨੂੰ ਕਈ ਚਿਰ ਕੈਂਪਾਂ ਵਿਚ ਰਹਿਣਾ ਪਿਆ ਸੀ।

ਉੜੀਸਾ ਵਿਚ ਆਸਟਰੇਲੀਅਨ ਪਾਦਰੀ ਗ੍ਰਾਹਮ ਸਟੇਨਜ਼ ਨੂੰ ਜਿਸ ਤਰ੍ਹਾਂ ਉਸ ਦੀ ਗੱਡੀ ਵਿਚ ਹੀ ਜ਼ਿੰਦਾ ਸਾੜਿਆ ਗਿਆ, ਉਹ ਕੀ ਦਰਸਾਉਂਦਾ ਹੈ? ਉਸ 'ਤੇ ਹਿੰਦੂ ਸੰਗਠਨਾਂ ਵੱਲੋਂ ਦੋਸ਼ ਲਾਇਆ ਗਿਆ ਕਿ ਉਹ ਹਿੰਦੂਆਂ ਨੂੰ ਇਸਾਈ ਬਣਾਉਣ ਦਾ ਕੰਮ ਕਰਦਾ ਸੀ। ਉਹ ਭੁੱਲ ਗਏ ਕਿ ਧਾਰਮਿਕ ਆਜ਼ਾਦੀ ਹਰ ਕਿਸੇ ਦਾ 'ਸੰਵਿਧਾਨਕ' ਹੱਕ ਹੈ ਤੇ ਹਿੰਦੂ ਸੰਗਠਨ ਘਰ ਵਾਪਸੀ ਦੇ ਨਾਂਅ 'ਤੇ ਇਸ ਦੀ ਖ਼ੂਬ 'ਵਰਤੋਂ' ਕਰਦੇ ਹਨ।

ਜਨਵਰੀ 2018 ਨੂੰ ਕੋਰੇਗਾਓਂ ਦੀ ਘਟਨਾ ਨੂੰ ਕੌਣ ਭੁਲਾ ਸਕਦਾ ਹੈ। ਕੀ ਦਲਿਤਾਂ ਨੂੰ ਆਪਣੀ ਜਿੱਤ ਦਾ ਜਸ਼ਨ ਮਨਾਉਣ 'ਤੇ ਸੰਵਿਧਾਨਕ ਪਾਬੰਦੀ ਹੈ? ਜਿਸ ਤਰ੍ਹਾਂ ਉਨ੍ਹਾਂ ਵਿਰੁੱਧ ਠਾਕਰਾਂ ਵੱਲੋਂ ਕਾਰਵਾਈ ਹੋਈ, ਉਸ ਨੇ ਹਰ ਤਰ੍ਹਾਂ ਦੀ ਸੰਵਿਧਾਨਕ ਆਜ਼ਾਦੀ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਉਸ ਮਗਰੋਂ ਕੋਰੇਗਾਓਂ ਘਟਨਾ ਨਾਲ ਜੋੜ ਕੇ ਅਗਾਂਹਵਧੂ ਸੋਚਣੀ ਵਾਲੇ ਲੇਖਕਾਂ, ਵਕੀਲਾਂ ਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਅਰੁਣ ਫਰੇਰਾ, ਸੁਧਾ ਭਾਰਦਵਾਜ, ਗੌਤਮ ਨਵਲੱਖਾ, ਵਰਵਰਾ ਰਾਓ, ਪ੍ਰੋ: ਆਨੰਦ ਤੇਲਤੁੰਬੜੇ, ਪ੍ਰੋ: ਸਾਈਂ ਬਾਬਾ, ਪ੍ਰਸ਼ਾਂਤ ਆਦਿ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਉੱਪਰ ਦਰਜ ਕੀਤੇ ਗਏ ਝੂਠੇ ਕੇਸ ਕੀ ਦਰਸਾਉਂਦੇ ਹਨ? ਉਸ ਦੇਸ਼ ਦਾ ਬਹਾਨਾ ਬਣਾ ਕੇ ਕਿੰਨੇ ਹੀ ਬੁੱਧੀਜੀਵੀ ਜੇਲ੍ਹੀਂ ਡੱਕੇ ਹੋਏ ਹਨ। ਉੱਤਰ ਪ੍ਰਦੇਸ਼ ਦੀ ਨੋਇਡਾ ਸਰਕਾਰ ਨੇ ਨੋਇਡਾ ਦੇ ਸੈਕਟਰ 58 ਦੇ ਇਕ ਪਾਰਕ ਵਿਚ ਹਰ ਸ਼ੁੱਕਰਵਾਰ ਕੁਝ ਮੁਸਲਮਾਨ ਕਾਮੇ ਕੁਝ ਮਿੰਟਾਂ ਲਈ ਨਮਾਜ਼ ਪੜ੍ਹਨੋਂ ਹਟਾਏ ਹਨ, ਉਹ ਕੀ ਦੱਸਦਾ ਹੈ? ਕੀ ਪਾਰਕਾਂ ਵਿੱਚੋਂ ਆਰ ਐੱਸ ਐੱਸ ਪਰੇਡਾਂ ਅਤੇ ਰਾਹਾਂ ਵਿਚ ਚੱਲਦੇ ਜਗਰਾਤਿਆਂ 'ਤੇ ਵੀ ਪਾਬੰਦੀ ਲੱਗੇਗੀ। ਦੂਸਰੇ ਪਾਸੇ ਕਾਂਵੜੀਆਂ ਦੇ ਲੰਬੇ ਮਾਰਚਾਂ ਅਤੇ ਪ੍ਰਯਾਗ ਰਾਜ ਦੇ ਕੁੰਭ ਮੇਲੇ 'ਤੇ ਕਰੋੜਾਂ ਦੀ 'ਪੁਸ਼ਪ ਵਰਖਾ' ਕੀਤੀ ਜਾਂਦੀ ਹੈ, ਉਸ ਦੇ ਕੀ ਮਾਇਨੇ ਨਿਕਲਦੇ ਹਨ? ਫ਼ਿਲਮੀ-ਹਸਤੀ ਨਸੀਰੂਦੀਨ ਸ਼ਾਹ ਦੇ ਇਹ ਕਹਿਣ 'ਤੇ ਕਿ 'ਉਸ ਨੂੰ ਤੇ ਉਸ ਦੇ ਬੱਚਿਆਂ ਨੂੰ ਭਾਰਤ ਵਿਚ ਅਸੁਰੱਖਿਅਤਾ ਦੀ ਭਾਵਨਾ ਮਹਿਸੂਸ ਹੁੰਦੀ ਹੈ', ਬਾਰੇ ਜਿਵੇਂ ਵਾਵੇਲਾ ਖੜ੍ਹਾ ਕੀਤਾ ਗਿਆ, ਕੀ ਉਹ ਕਿਸੇ ਘੱਟ ਗਿਣਤੀ ਸੱਚ ਕਹਿਣ ਵਾਲੇ ਨੂੰ ਅਸੁਰੱਖਿਅਤਾ ਦਾ ਅਹਿਸਾਸ ਨਹੀਂ ਕਰਾਉਂਦੀ। 'ਦੇਸ਼ ਮੇਂ ਜੇਕਰ ਰਹਿਨਾ ਹੈ-ਵੰਦੇ ਮਾਤਰਮ ਕਹਿਨਾ ਹੈ' ਦੇ ਨਾਅਰਿਆਂ ਦੀ ਬੁਲੰਦੀ ਧਰਮ ਨਿਰਪੱਖਤਾ ਬਾਰੇ ਸਵਾਲੀਆ ਨਿਸ਼ਾਨ ਹੀ ਤਾਂ ਹੈ।

ਸੀ ਏ ਏ ਦਾ ਬਣਨਾ ਅਤੇ ਕਾਨੂੰਨ ਦਾ ਵਿਰੋਧ ਕਰਦੀਆਂ ਔਰਤਾਂ ਦਾ ਜਿਸ ਤਰ੍ਹਾਂ ਸ਼ਾਹੀਨ ਬਾਗ਼ ਮੋਰਚਾ ਜਬਰੀ ਉਜਾੜਿਆ ਤੇ ਉਸ ਬਾਅਦ ਦਿੱਲੀ ਦੰਗੇ ਕਰਾਏ ਤੇ ਇਸ ਦੌਰਾਨ 20 ਜਨਵਰੀ 2020 ਨੂੰ ਘੱਟ ਗਿਣਤੀਆਂ ਵਿਰੁੱਧ ਜ਼ਹਿਰ ਉਗਲਦਿਆਂ 'ਦੇਸ਼ ਕੇ ਗ਼ਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ' ਕਹਿਣ ਵਾਲਾ ਭਾਜਪਾ ਆਗੂ ਐੱਮ ਪੀ ਅਨੁਰਾਗ ਠਾਕਰ ਵਿਰੁੱਧ ਐੱਫ਼ ਆਈ ਆਰ ਦਰਜ ਕਰਨ ਵਾਲੇ ਜੱਜ ਨੂੰ ਰਾਤੋ-ਰਾਤ ਦਿੱਲੀ ਤੋਂ ਬਦਲ ਕੇ ਚੰਡੀਗੜ੍ਹ ਬਦਲ ਦਿੱਤਾ ਅਤੇ ਨਾਅਰੇ ਲਾ ਕੇ ਅੱਗ ਭੜਕਾਉਣ ਵਾਲੇ ਨੂੰ ਮੰਤਰੀ ਬਣਾ ਦਿੱਤਾ, ਉਸ ਨੂੰ ਧਰਮ ਨਿਰਪੱਖਤਾ ਕਿਵੇਂ ਕਿਹਾ ਜਾਵੇ? ਇਹ ਉਹ ਘਟਨਾਵਾਂ ਹਨ, ਜੋ ਮੀਡੀਆ ਰਾਹੀਂ ਦੁਨੀਆ ਦੇ ਸਾਹਮਣੇ ਆ ਗਈਆਂ। ਪ੍ਰਾਪਤ ਵੇਰਵਿਆਂ ਅਨੁਸਾਰ ਐਸੀਆਂ ਘਟਨਾਵਾਂ ਵਧੇਰੇ ਭਾਜਪਾ ਰਾਜਾਂ ਵਿਚ ਹੀ ਵਾਪਰੀਆਂ ਹਨ। ਪਿਛਲੇ 10 ਸਾਲਾਂ ਵਿਚ ਜੋ ਘਟਨਾਵਾਂ ਹੋਈਆਂ, ਉਸ 'ਚੋਂ 97 ਫ਼ੀਸਦੀ ਮੋਦੀ ਰਾਜ ਸਮੇਂ ਦੀਆਂ ਹਨ।

ਧਰਮ ਨਿਰਪੱਖਤਾ ਤੋਂ ਭਾਵ ਹੁੰਦਾ ਹੈ ਕਿਸੇ ਵੀ ਧਰਮ ਵਿਚ ਕੋਈ ਦਖਲ ਨਾ ਦੇਣਾ ਤੇ ਸਭ ਨੂੰ ਬਰਾਬਰ ਸਮਝਣਾ। ਸਰਕਾਰ ਵੱਲੋਂ ਕਿਸੇ ਵੀ ਧਰਮ ਨੂੰ ਉਤਸ਼ਾਹਤ ਨਾ ਕਰਨਾ, ਪਰ ਏਥੇ ਭਾਰਤੀ ਜਨਤਾ ਪਾਰਟੀ, ਆਰ.ਐੱਸ.ਐੱਸ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਰੇਆਮ ਹਿੰਦੂ ਧਰਮ ਨੂੰ ਉਤਸ਼ਾਹਤ ਕਰਨ ਦਾ ਕੋਈ ਮੌਕਾ ਅਜਾਈਂ ਨਹੀਂ ਜਾਣ ਦੇਂਦੀ। ਸਾਰੇ ਦਰਿਆਵਾਂ ਦਾ ਪਾਣੀ ਗੰਧਲਾ ਹੋ ਚੁੱਕਾ ਹੈ। ਸਭ ਦੀ ਸਫ਼ਾਈ ਹੋਣੀ ਚਾਹੀਦੀ ਹੈ। ਸਭ ਦੀ 'ਮੈਲ' ਧੁੱਪਣੀ ਚਾਹੀਦੀ ਹੈ, ਪਰ ਮੌਜੂਦਾ ਮੋਦੀ ਸਰਕਾਰ ਵੱਲੋਂ ਕੇਵਲ ਗੰਗਾ ਦੀ ਸਫ਼ਾਈ ਲਈ ਹੀ ਕੰਮ ਆਰੰਭਿਆ ਗਿਆ ਹੈ। ਕੀ ਜਮਨਾ, ਸਤਲੁਜ ਤੇ ਦੇਸ਼ ਦੀਆਂ ਹੋਰ ਨਦੀਆਂ ਘੱਟ ਮੈਲੀਆਂ ਹਨ? ਇਹ ਇਸ ਕਰਕੇ ਹੀ ਹੈ ਕਿ ਗੰਗਾ ਨੂੰ ਹਿੰਦੂ ਧਰਮ ਦੀ ਪਵਿੱਤਰ ਨਦੀ ਮੰਨਿਆ ਜਾਂਦਾ ਹੈ। ਰਾਮ ਮੰਦਰ ਬਣਾਉਣ ਲਈ ਐਨੀ ਕਾਹਲੀ ਕੀਤੀ ਭਾਰਤੀ ਜਨਤਾ ਪਾਰਟੀ ਨੇ ਕਿ ਆਪਣੀ ਬਹੁਗਿਣਤੀ ਦੇ ਬਲਬੂਤੇ ਪਹਿਲਾਂ 6 ਦਸੰਬਰ 1992 ਨੂੰ ਜਬਰੀ ਬਾਬਰੀ ਮਸਜਿਦ ਢਾਹ ਦਿੱਤੀ ਤੇ ਝੱਟ ਹੀ ਸੁਪਰੀਮ ਕੋਰਟ ਦੀ ਮੋਹਰ ਲਵਾ ਕੇ ਉਸੇ ਹੀ ਥਾਂ 'ਤੇ ਰਾਮ ਮੰਦਰ ਦੀ ਉਸਾਰੀ ਕਰ ਦਿੱਤੀ। ਉਂਝ ਜੇ ਸੁਪਰੀਮ ਕੋਰਟ ਮੋਹਰ ਨਾ ਵੀ ਲਾਉਂਦੀ, ਤਦ ਵੀ ਜਬਰੀ ਮਸਜਿਦ ਢਾਹੁਣ ਵਾਂਗ ਰਾਮ ਮੰਦਰ ਵੀ ਜਬਰੀ ਬਣ ਜਾਣਾ ਸੀ। ਭਾਜਪਾ ਆਗੂ ਤੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਬਰੀਮਾਲਾ ਮੰਦਰ (ਕੇਰਲਾ) ਮਸਲੇ 'ਚ ਕਿਹਾ ਸੀ, 'ਸੁਪਰੀਮ ਕੋਰਟ ਨੂੰ ਐਸੇ ਫੈਸਲੇ ਨਹੀਂ ਕਰਨੇ ਚਾਹੀਦੇ, ਜੋ ਲਾਗੂ ਨਾ ਹੋ ਸਕਦੇ ਹੋਣ' ਭਾਵ ਸੁਪਰੀਮ ਕੋਰਟ ਹਿੰਦੂਤਵੀ ਆਸਥਾ ਮੁਤਾਬਕ ਫੈਸਲੇ ਕਰੇ। ਤਿੰਨ ਤਲਾਕ ਦੇ ਖ਼ਾਤਮੇ ਦਾ ਮੁੱਦਾ ਵੀ ਔਰਤਾਂ ਦੀ ਆਜ਼ਾਦੀ ਦਾ ਘੱਟ, ਪਰ ਫਿਰਕੂ ਵਧੇਰੇ ਹੈ। ਜੇ ਐਸਾ ਨਹੀਂ ਸੀ, ਤਦ ਸਬਰੀਮਾਲਾ ਮੰਦਰ ਵਿਚ ਔਰਤ ਦਾ ਮੰਦਰ ਮੱਥਾ ਟੇਕਣ ਜਾਣ ਦੀ ਆਜ਼ਾਦੀ ਮੰਗਣ ਦਾ ਵਿਰੋਧ ਕਿਉਂ ਕਰ ਰਹੀ ਹੈ ਭਾਰਤੀ ਜਨਤਾ ਪਾਰਟੀ, ਜਦ ਕਿ ਸੁਪਰੀਮ ਕੋਰਟ ਨੇ ਔਰਤਾਂ ਦੇ ਹੱਕ 'ਚ ਫੈਸਲਾ ਕੀਤਾ ਹੋਇਆ ਹੈ।

ਦੇਸ਼ ਦੇ ਉਨ੍ਹਾਂ ਸਾਰੇ ਸ਼ਹਿਰਾਂ ਅਤੇ ਰੇਲਵੇ ਸਟੇਸ਼ਨਾਂ ਦੇ ਨਾਂਅ ਬਦਲੇ ਜਾ ਰਹੇ ਹਨ, ਜਿਨ੍ਹਾਂ ਦੇ ਨਾਂਅ ਮੁਸਲਿਮ ਧਰਮ ਨਾਲ ਸੰਬੰਧਤ ਹਨ। ਅਲਾਹਾਬਾਦ ਦਾ ਨਾਂਅ ਬਦਲ ਕੇ ਪ੍ਰਯਾਗਰਾਜ, ਫੈਜ਼ਾਬਾਦ ਦਾ ਅਯੁੱਧਿਆ, ਮੁਗ਼ਲ ਸਰਾਏ ਦਾ ਦੀਨ ਦਿਆਲ ਉਪਾਧਿਆਏ ਆਦਿ-ਆਦਿ ਅਤੇ ਹੁਣ ਆਗਰੇ ਵਰਗੇ ਕਈ ਇਤਿਹਾਸਕ ਸ਼ਹਿਰਾਂ ਦੇ ਨਾਵਾਂ ਦਾ ਹਿੰਦੂਕਰਨ ਕੀਤਾ ਜਾ ਰਿਹਾ। ਨਵੀਂਆਂ ਯੋਜਨਾਵਾਂ ਦਾ ਨਾਂਅ ਹਿੰਦੀ ਭਾਸ਼ਾ ਵਿਚ ਰੱਖਿਆ ਜਾ ਰਿਹਾ ਹੈ। ਅੰਗਰੇਜ਼ੀ ਵਿਚ ਨਹੀਂ, ਜਿਵੇਂ ਪਲਾਨਿੰਗ ਕਮਿਸ਼ਨ ਨੂੰ ਨੀਤੀ ਆਯੋਗ ਕਹਿਣ ਨਾਲ ਲੋਕ ਮਾਰੂ ਨੀਤੀਆਂ 'ਚ ਕੋਈ ਬਦਲਾਅ ਨਹੀਂ ਆਇਆ।

ਦਿੱਲੀ ਤੇ ਗੁਜਰਾਤ ਵਿਚ ਇਕ ਫ਼ਿਰਕੇ 'ਤੇ ਕੀਤੇ ਹਮਲਿਆਂ 'ਤੇ ਵੱਡੀ ਪੱਧਰ 'ਤੇ ਕੀਤੀ ਕਤਲੋਗਾਰਤ ਨੂੰ 'ਦੰਗੇ' ਕਹਿ ਕੇ ਘਟਨਾਵਾਂ ਦੇ ਪਿਛੋਕੜ ਵਿਚ ਲੁਕੀ ਸੱਚਾਈ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। 2002 ਦੇ ਗੁਜਰਾਤ ਵਿਚ ਜੋ ਕਤਲੇਆਮ ਹੋਇਆ ਅਤੇ ਮੁਸਲਿਮ ਫ਼ਿਰਕੇ ਦੇ ਲੋਕਾਂ ਦਾ ਬੇਰਹਿਮੀ ਨਾਲ ਘਾਣ ਹੋਇਆ, ਉਸ ਬਾਰੇ ਕੀ ਕਿਹਾ ਜਾਵੇ? ਬਿਲਕਿਸ ਬਾਨੋ ਦੇ ਪਰਵਾਰ ਨਾਲ ਜੋ ਵਾਪਰਿਆ, ਕਿਵੇਂ ਪਰਵਾਰ ਦੇ ਸਾਰੇ ਜੀਅ ਮਾਰੇ ਤੇ ਉਸ ਦਾ ਸਮੂਹਕ ਬਲਾਤਕਾਰ ਕੀਤਾ ਅਤੇ 2002 ਦੀ ਘਟਨਾ ਬਾਅਦ ਜੇ ਦੋਸ਼ੀਆਂ ਨੂੰ ਸਜ਼ਾ ਮਿਲੀ ਵੀ ਤਾਂ 2023 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਤੇ ਹਿੰਦੂ ਸੰਗਠਨਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ, ਉਹ ਕੀ ਦਰਸਾਉਂਦਾ ਹੈ? ਹੁਣ ਜਨਵਰੀ 2024 ਨੂੰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸਜ਼ਾ ਮੁਆਫ਼ੀ ਰੱਦ ਕਰ ਦਿੱਤੀ, ਤਦ ਮੁੜ ਅੰਦਰ ਗਏ ਹਨ। ਉਂਝ ਰਾਮ ਰਹੀਮ ਵਾਂਗ ਅਜੇ ਫੇਰ ਉਨ੍ਹਾਂ ਨੂੰ ਚੋਣਾਂ ਨੇੜੇ ਪੈਰੋਲ ਦੇਣ ਦੇ ਪੂਰੇ ਸ਼ੰਕੇ ਹਨ।

ਧਰਮ ਨਿਰਪੱਖਤਾ ਤੇ ਸਮਾਜਿਕ ਇਨਸਾਫ਼, ਅੰਧ-ਵਿਸ਼ਵਾਸ, ਅੰਧ ਰਾਸ਼ਟਰਵਾਦ, ਹਿੰਦੂ ਬਹੁਲਵਾਦ ਆਦਿ ਦੇ ਵਿਰੁੱਧ ਅਤੇ ਸਮਾਜਿਕ ਬਰਾਬਰਤਾ ਦੀ ਲੋਕ ਪੱਖੀ ਗੱਲ ਕਰਨ ਵਾਲਿਆਂ ਦੇ ਕਤਲ ਹੋ ਰਹੇ ਹਨ। ਅਗਾਂਹਵਧੂ ਲੇਖਕਾਂ ਗੋਵਿੰਦ ਪਨਸਾਰੇ, ਨਰਿੰਦਰ ਦਭੋਲਕਰ, ਕੁਲਬਰਗੀ, ਗੌਰੀ ਲੰਕੇਸ਼ ਵਰਗੇ ਕਿੰਨੇ ਹੀ ਬੁੱਧੀਜੀਵੀਆਂ, ਚਿੰਤਕਾਂ ਨੂੰ ਉਨ੍ਹਾਂ ਦੇ ਧਰਮ ਨਿਰਪੱਖ, ਤਰਕਸ਼ੀਲ ਤੇ ਅੰਧ-ਵਿਸ਼ਵਾਸਾਂ ਵਿਰੋਧੀ ਵਿਚਾਰਾਂ ਕਾਰਨ ਹੀ ਕਤਲ ਕੀਤਾ ਗਿਆ ਹੈ। ਇਨ੍ਹਾਂ ਪਿੱਛੇ ਹਿੰਦੂ ਕੱਟੜਪੰਥੀ ਜਥੇਬੰਦੀਆਂ ਦੇ ਨਾਂਅ ਉਜਾਗਰ ਹੋਏ ਹਨ। ਪੰਜਾਬ ਦੇ ਬੁੱਧੀਜੀਵੀ ਤੇ ਅਗਾਂਹਵਧੂ ਸੋਚਣੀ ਦੇ ਲੇਖਕਾਂ ਮਰਹੂਮ ਚਮਨ ਲਾਲ ਤੇ ਨਾਟਕਕਾਰ ਮਰਹੂਮ ਆਤਮਜੀਤ ਦਾ ਨਾਂਅ ਵੀ ਸੰਭਾਵੀ ਹਮਲੇ ਦੀ ਸੂਚੀ ਵਿਚ ਸ਼ਾਮਲ ਹੋਣ ਦੀ ਸੂਚਨਾ ਤਫ਼ਤੀਸ਼ੀ ਅਧਿਕਾਰੀ ਨੂੰ ਲੱਗੀ ਸੀ। ਸੱਚ ਕਹਿਣ ਵਾਲੇ ਅਤੇ ਜਮਹੂਰੀ ਹੱਕਾਂ ਦੀ ਵਕਾਲਤ ਕਰਨ ਵਾਲੇ ਤੇ ਧਰਮ ਨਿਰਪੱਖਤਾ ਦੀ ਵਕਾਲਤ ਕਰਨ ਵਾਲੇ ਕਾਰਕੁਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਜਿਹੜਾ ਟੀ ਵੀ ਚੈਨਲ ਧਰਮ ਨਿਰਪੱਖਤਾ ਦੀ ਗੱਲ ਕਰਦਾ ਹੈ, ਉਸ ਦਾ ਗਲ਼ਾ ਘੁੱਟ ਦਿੱਤਾ ਜਾਂਦਾ ਹੈ। ਦੇਸ਼ ਦਾ ਵਧੇਰੇ ਮੀਡੀਆ ਮੋਦੀ ਮੀਡੀਆ ਬਣ ਗਿਆ ਹੈ ਅਤੇ ਹਿੰਦੂਤਵੀ ਏਜੰਡਾ ਲਾਗੂ ਕਰ ਰਹੇ ਮੋਦੀ-ਸ਼ਾਹ ਦੀਆਂ ਨੀਤੀਆਂ ਦੇ ਹਰ ਪਲ ਸੋਹਿਲੇ ਗਾ ਰਿਹਾ ਹੈ। ਦੇਸ਼ ਬੜੇ ਖ਼ਤਰਨਾਕ ਦੌਰ 'ਚੋਂ ਗੁਜ਼ਰ ਰਿਹਾ ਹੈ। ਸਾਰੀਆਂ ਘੱਟ ਗਿਣਤੀਆਂ ਸਕਤੇ ਵਿਚ ਹਨ। ਧਰਮ ਨਿਰਪੱਖਤਾ ਦੀ ਵਕਾਲਤ ਕਰਦੇ ਭਾਰਤੀ ਸੰਵਿਧਾਨ ਦਾ ਜਮਹੂਰੀ ਖਾਸਾ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਖ਼ਤਰੇ ਵਧ ਰਹੇ ਹਨ। ਬਹੁਧਰਮੀ, ਬਹੁਜਾਤੀ, ਬਹੁਭਾਸ਼ਾਈ, ਬਹੁਸੱਭਿਆਚਾਰਾਂ ਵਾਲੇ ਰੰਗ-ਬਰੰਗੇ ਭਾਰਤ ਦੀ ਅਨੇਕਤਾ ਵਿਚ ਏਕਤਾ ਦੇ ਖਾਸੇ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਵੱਡੇ ਹੰਭਲੇ ਦੀ ਜ਼ਰੂਰਤ ਹੈ।

ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਦੇਸ਼ ਲਈ ਬਹੁਤ ਹੀ ਖ਼ਤਰਨਾਕ ਹੈ। ਇਸ ਨੂੰ ਬਿਨਾਂ ਪਾਰਲੀਮੈਂਟ ਦੀ ਮਨਜ਼ੂਰੀ ਲਏ ਕੇਂਦਰ ਦੀ ਮੋਦੀ ਸਰਕਾਰ ਨੇ ਲਾਗੂ ਕਰ ਦਿੱਤਾ ਹੈ। ਇਹ ਸਿੱਖਿਆ ਦੇ ਹਿੰਦੂਤਵੀ ਏਜੰਡੇ, ਸਿੱਖਿਆ ਦੇ ਭਗਵੇਂਕਰਨ ਵੱਲ ਸੇਧਤ ਹੈ। ਇਹ ਘੱਟ-ਗਿਣਤੀ, ਖੇਤਰੀ ਭਾਸ਼ਾਵਾਂ ਦਾ ਗਲ਼ਾ ਘੁੱਟਣ ਵਾਲੀ ਹੈ। ਆਰ ਐੱਸ ਐੱਸ ਦੇ ਪ੍ਰਚਾਰਕਾਂ ਨੂੰ ਬਿਨ ਤਨਖ਼ਾਹੋਂ ਸਕੂਲਾਂ ਵਿਚ ਮੁਫ਼ਤ ਪੜ੍ਹਾਉਣ ਦੇ ਬਹਾਨੇ ਵਿਦਿਆਰਥੀਆਂ ਨੂੰ ਆਰ.ਐੱਸ ਐੱਸ ਨਾਲ ਜੋੜੇਗੀ। ਗ਼ਰੀਬਾਂ-ਦਲਿਤਾਂ ਤੋਂ ਸਿੱਖਿਆ ਖੋਹ ਕੇ ਅਮੀਰਾਂ ਦੀ ਰਖੇਲ ਤਾਂ ਬਣਾਵੇਗੀ ਹੀ, ਵਿੱਦਿਆ ਨੂੰ ਕਿਸਮਤਵਾਦੀ ਬਣਾ ਕੇ ਅੰਧ-ਵਿਸ਼ਵਾਸੀ 'ਜੋਤਿਸ਼' ਨੂੰ ਵਿਗਿਆਨ ਆਖ ਕੇ ਸਕੂਲਾਂ, ਕਾਲਜਾਂ ਦੇ ਲਾਜ਼ਮੀ ਵਿਸ਼ੇ ਵਜੋਂ ਐੱਮ ਏ, ਪੀ ਐੱਚ ਡੀ ਕਰਾਈ ਜਾਵੇਗੀ। ਮਰ ਚੁੱਕੀ ਭਾਸ਼ਾ ਸੰਸਕ੍ਰਿਤ ਨੂੰ ਪੁਨਰ ਜੀਵਤ ਕਰਕੇ ਹਿੰਦੂਤਵੀ ਤੇ ਮਨੂੰਸਿਮਰਤੀ ਏਜੰਡੇ ਨੂੰ ਫੇਰ ਤੋਂ ਲਾਗੂ ਕਰੇਗੀ। ਇਹ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ 'ਤੇ ਵੱਡੀ ਸੱਟ ਮਾਰੇਗੀ।

ਦੁਬਾਰਾ ਜ਼ਿਕਰ ਕਰਨਾ ਬਣਦਾ ਹੈ ਕਿ 22 ਜਨਵਰੀ 2024 ਦੇ ਅਯੁੱਧਿਆ 'ਚ 'ਪ੍ਰਾਣ ਪ੍ਰਤਿਸ਼ਠਾ' ਸਮੇਂ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਵੱਲੋਂ ਹਿੰਦੂਤਵੀ ਏਜੰਡਾ ਲਾਗੂ ਕੀਤਾ ਹੈ, ਉਸ ਨੇ ਦੇਸ਼ ਦੀ ਧਰਮ ਨਿਰਪੱਖਤਾ ਦੇ ਖਾਸੇ ਦੇ ਪਰਖਚੇ ਉਡਾ ਦਿੱਤੇ ਹਨ। ਇਸ ਨਾਲ ਘੱਟ ਗਿਣਤੀ ਭਾਈਚਾਰਾ ਹੋਰ ਵੀ ਡਰ ਗਿਆ ਹੈ। ਦੇਸ਼ ਦੇ ਸਮੁੱਚੇ ਬੁੱਧੀਜੀਵੀ ਤੇ ਧਰਮ ਨਿਰਪੱਖ ਸੋਚ ਦੇ ਹਾਮੀ ਲੋਕਾਂ ਦੀ ਚਿੰਤਾ ਹੋਰ ਵੀ ਵਧ ਗਈ ਹੈ। ਇਸ ਘਟਨਾ ਨੇ ਚਿੱਟੇ ਦਿਨ ਵਾਂਗ ਦਰਸਾਅ ਦਿੱਤਾ ਹੈ ਕਿ ਦੇਸ਼ ਦੀ ਧਰਮ ਨਿਰਪੱਖਤਾ ਸਿਰਫ਼ ਕਹਿਣ ਨੂੰ ਹੈ, ਹਕੀਕੀ ਨਹੀਂ। ਇਹ ਪੱਥਰ 'ਤੇ ਲੀਕ ਵਾਂਗ ਸੱਚ ਹੈ ਕਿ ਜੇਕਰ 2024 ਦੀ ਚੋਣ ਵਿਚ ਫੇਰ ਭਾਜਪਾ ਸਰਕਾਰ ਬਣ ਗਈ ਤਾਂ ਭਾਰਤ ਦੇ ਸੰਵਿਧਾਨ ਦੀ ਭੂਮਿਕਾ ਵਿੱਚੋਂ ਲਾਜ਼ਮੀ ਹੀ 'ਧਰਮ ਨਿਰਪੇਖ' ਅਤੇ 'ਸਮਾਜਵਾਦੀ' ਸ਼ਬਦ ਕੱਢ ਦਿੱਤੇ ਜਾਣਗੇ, ਜੋ ਕਿ ਸੰਵਿਧਾਨ ਦੀ ਰੂਹ ਹਨ। ਜੇ ਸਰਕਾਰ ਨਾ ਵੀ ਬਣੀ, ਤਦ ਵੀ ਆਰ ਐੱਸ ਐੱਸ ਅਤੇ ਭਾਜਪਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਹਰ ਸੰਭਵ ਯਤਨ ਕਰਨਗੇ। ਇਸ ਲਈ ਜ਼ਰੂਰੀ ਹੈ ਕਿ ਦੇਸ਼ ਨੂੰ ਧਰਮ ਨਿਰਪੱਖ ਰੱਖਣਾ ਚਾਹੁਣ ਵਾਲੇ ਲੋਕ ਇੱਕਮੁੱਠ ਹੋਣ।

***ਸੰਪਰਕ 95013-65522***

ਤਰਸੇਮ ਬਸ਼ਰ

# ਯਾਦਗਾਰੀ ਫਿਲਮ 'ਰੂਈ ਕਾ ਬੋਝ'-1997

ਸਧਾਰਨ ਮਨੋਰੰਜਨ ਦੀ ਬਜਾਏ ਸਾਹਿਤਕ ਰਚਨਾਵਾਂ ਅਧਾਰਤ ਫਿਲਮਾਂ ਦੀ ਚਰਚਾ ਕਰਦਿਆਂ ਮੈਂ ਕਈ ਵਾਰ ਹੈਰਾਨ ਹੋਇਆ ਹਾਂ। ਕਈ ਵਾਰ ਅਜਿਹੀਆਂ ਫਿਲਮਾਂ ਅਜਿਹੀਆਂ ਸਾਹਿਤਕ ਕਹਾਣੀਆਂ ਬਣੀਆਂ ਮਿਲੀਆਂ ਹਨ, ਜੋ ਮਹਾਨ ਹਨ, ਪਰ ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਬਹੁਤਾ ਪਤਾ ਨਹੀਂ। ਕਈ ਮਹਾਨ ਲੋਕਾਂ ਨੇ ਚੁਨਿੰਦਾ ਕੰਮ ਕੀਤਾ, ਆਪਣੀ ਛਾਪ ਛੱਡੀ, ਪਰ ਅੱਜ ਉਹ ਕਿਸੇ ਨੂੰ ਯਾਦ ਨਹੀਂ ....।

ਜਿਵੇਂ ਕਿ ਇਸ ਲਿਖਤ 'ਚ ਫਿਲਮ ਦੇ ਨਿਰਦੇਸ਼ਕ ਹਨ। 'ਸੁਭਾਸ਼ ਅੱਗਰਵਾਲ।' ਕਿੰਨੇ ਕੁ ਲੋਕ ਜਾਣਦੇ ਹੋਣਗੇ ਇਸ ਨਾਂਅ ਨੂੰ, ਜਿਸ ਨੇ ਭਾਰਤੀ ਸਿਨੇਮਾ ਨੂੰ ਅਜਿਹੀ ਫਿਲਮ ਦਿੱਤੀ, ਜਿਸ ਤੋਂ ਬਿਨਾਂ ਭਾਰਤੀ ਫਿਲਮ ਇਤਿਹਾਸ ਪੂਰਾ ਨਹੀਂ ਹੁੰਦਾ।

ਅਫਸੋਸ ਕਿ 'ਰੂਈ ਕਾ ਬੋਝ' ਵਰਗੀ ਬਿਹਤਰੀਨ ਫਿਲਮ ਜ਼ਿਆਦਾ ਲੋਕਾਂ ਤੱਕ ਨਹੀਂ ਪਹੁੰਚੀ। ਇਸ ਫਿਲਮ ਦੀ ਸਮਾਜ ਨੂੰ ਸਖ਼ਤ ਜ਼ਰੂਰਤ ਸੀ, ਹੈ ਵੀ। ਉਲਝੇ ਸਮਾਜਿਕ ਤਾਣੇ-ਬਾਣੇ 'ਚ ਦਮ ਤੋੜ ਰਹੀ ਸੰਵੇਦਨਾ ਦੀ ਗਹਿਰੀ ਗੱਲ ਬੜੇ ਸਰਲ ਤੇ ਕਲਾਤਮਿਕ ਢੰਗ ਸਮਝਾਉਂਦੀ ਇਹ ਫਿਲਮ ਅੱਜ ਵੀ ਮਹੱਤਵਪੂਰਨ ਹੈ।

ਹੁਣ ਕੌਣ ਬਣਾਉਂਦਾ ਹੈ ਬੁਢਾਪੇ ਵਿੱਚ ਖਿੰਡਰੀ-ਪੁੰਡਰੀ ਮਾਨਸਿਕਤਾ ਨੂੰ ਦਰਸਾਉਂਦੀ ਕੋਈ ਧਰਾਤਲ਼ 'ਤੇ ਠਹਿਰੀ ਹੋਈ ਫਿਲਮ।

ਪਰਵਾਰ ਦੇ ਸੰਕਲਪ ਨੂੰ ਮੁੜ ਤੋਂ ਪ੍ਰੀਭਾਸ਼ਤ ਕਰਨ ਦਾ ਯਤਨ ਕਰਦੀ, ਉਸ 'ਚ ਬੁਢਾਪੇ ਅਤੇ ਇਕਲਾਪੇ ਦੇ ਦੁਖਾਂਤ ਨੂੰ ਕਹਿੰਦੀ ਇਹ ਕਹਾਣੀ, ਜਿਸ ਵਿਚ ਘਟਨਾਵਾਂ ਦੀ ਤਰਤੀਬ ਇਸ ਤਰ੍ਹਾਂ ਦੀ ਹੈ ਕਿ ਨਿਰੰਤਰਤਾ ਅਤੇ ਜਗਿਆਸਾ ਬਣੀ ਹੀ ਰਹਿੰਦੀ ਹੈ, 'ਚੰਦਰ ਪਰਕਾਸ਼ ਜੈਸਵਾਲ' ਦੇ ਲਿਖੇ ਗਏ ਨਾਵਲ 'ਗਵਾਹ ਗੈਰ ਹਾਜ਼ਰ' ਤੋਂ ਲਈ ਗਈ ਹੈ।

ਸਾਹਿਤਕ ਕਹਾਣੀਆਂ 'ਤੇ ਬਣੀਆਂ ਫਿਲਮਾਂ ਦੀ ਵਿਵੇਚਨਾ ਕਰਨ ਦਾ ਕੰਮ ਕਰਦਿਆਂ ਲੱਗਭੱਗ 27 ਫਿਲਮਾਂ ਦੀ ਵਿਵੇਚਨਾ ਕੀਤੀ ਹੈ। ਦੋ-ਚਾਰ ਹੋਰ ਕਰਨ ਤੋਂ ਬਾਅਦ ਕਿਤਾਬ ਦੇ ਰੂਪ ਵਿੱਚ ਛਾਪਣ ਦਾ ਇਰਾਦਾ ਹੈ, ਪਰ ਇਸ ਫਿਲਮ ਦੀ ਵਿਵੇਚਨਾ ਲਿਖਦਿਆਂ ਕਈ ਵਾਰ ਸੋਚਿਆ ਹੈ ਕਿ ਜੇਕਰ ਇਹ ਫਿਲਮ ਰਹਿ ਜਾਂਦੀ ਤਾਂ ਬੇਸ਼ੱਕ ਉਹ ਕਿਤਾਬ ਵੀ ਅਧੂਰੀ ਹੀ ਹੁੰਦੀ।

'ਰੂਈ ਕਾ ਬੋਝ' ਫਿਲਮ ਸਿੱਧਾ ਤੁਹਾਡੀ ਰੂਹ 'ਤੇ ਅਸਰ ਕਰਦੀ ਹੈ, ਝੰਜੋੜਦੀ ਹੈ। ਕਿਰਦਾਰ ਇਸ ਕਦਰ ਸੁਭਾਵਿਕ ਹਨ ਕਿ ਪਹਿਲੇ ਦ੍ਰਿਸ਼ ਤੋਂ ਤੁਸੀਂ ਉਹਨਾਂ ਨਾਲ ਤੁਰ ਪੈਂਦੇ ਹੋ, ਉਹ ਓਪਰੇ ਨਹੀਂ ਲੱਗਦੇ।

ਕਹਾਣੀ ਆਪਣੇ ਆਪ ਨੂੰ ਘਰ ਵਿਚ ਗੈਰ ਪ੍ਰਸੰਗਿਕ ਹੋ ਚੁੱਕੇ ਦੀ ਹੀਣਭਾਵਨਾ ਨਾਲ ਜੀਅ ਰਹੇ ਕਿਸ਼ਨ ਸ਼ਾਹ (ਪੰਕਜ ਕਪੂਰ) ਦੇ ਆਲੇ-ਦੁਆਲੇ ਘੁੰਮਦੀ ਹੈ। ਇਹ ਪਾਤਰ ਸਾਡੇ ਸਮਾਜ ਦੇ ਹਰ ਘਰ ਵਿੱਚ ਹਨ ਅਤੇ ਹਰ ਘਰ ਵਿੱਚ ਉਹਨਾਂ ਦੇ ਗੈਰ-ਪ੍ਰਸੰਗਿਕ ਹੋ ਜਾਣ ਅਹਿਸਾਸ ਦੀ ਤਰਾਸਦੀ ਵੀ ਮੌਜੂਦ ਹੈ।

ਅਦਿੱਖ ਪਰ ਮਨ ਦੀਆਂ ਅੱਖਾਂ ਨਾਲ ਦੇਖਣ ਤੇ ਨੁਮਾਇਆ ਹੋਣ ਵਾਲੀ ਇਹ ਤਰਾਸਦੀ ਬੜੀ ਪੀੜਾਦਾਇਕ ਹੈ।

ਬੁਢਾਪੇ 'ਚ ਇਕਲਾਪੇ ਦਾ ਸੰਕਟ, ਨਾਲ ਦੇ ਸਾਥੀਆਂ ਦੇ ਤੁਰੇ ਜਾਣ ਦੇ ਦੁੱਖ ਤੇ ਘਰ, ਸਮਾਜ ਵਿੱਚ ਬੇਲੋੜੇ ਹੋਣ ਦਾ ਅਹਿਸਾਸ।

ਕਿਸ਼ਨ ਸ਼ਾਹ ਪਿੰਡ ਦਾ ਇੱਕ ਸਨਮਾਨਿਤ ਬਜ਼ੁਰਗ ਹੈ, ਜਿਸ ਦੇ ਤਿੰਨ ਬੱਚੇ ਹਨ, ਕਿਉਂਕਿ ਉਸ ਦੇ ਹਾਣ ਦੇ ਬਜ਼ੁਰਗਾਂ ਨੇ ਆਪਣੀ ਜਾਇਦਾਦ ਬੱਚਿਆਂ ਵਿੱਚ ਵੰਡ ਕੇ ਆਪਣੇ-ਆਪ ਨੂੰ ਆਖਰੀ ਦਿਨਾਂ ਦੇ ਅੱਗੇ ਸਮਰਪਿਤ ਕਰ ਦਿੱਤਾ ਹੈ ਤਾਂ ਕਿਸ਼ਨ ਸ਼ਾਹ ਵੀ ਇਹੀ ਫੈਸਲਾ ਕਰਦਾ ਹੈ।

ਸਮਾਜਿਕ ਰੀਤ ਬਣੀ ਹੈ ਤਾਂ ਨਿਭਾਉਣੀ ਪਵੇਗੀ, ਭਾਵੇਂ ਕਿ ਉਹ ਦੂਜੇ ਬਜ਼ੁਰਗਾਂ ਤੋਂ ਵੱਧ ਸਿਆਣਾ ਹੈ, ਦੂਰ ਤੱਕ ਸੋਚਦਾ ਹੈ।

ਉਸ ਦਾ ਆਪਣਾ ਹੀ ਮੰਨਣਾ ਹੈ, ਦੋਸਤਾਂ 'ਚ ਗੱਲਾਂ ਕਰਦਿਆਂ ਅਕਸਰ ਕਹਿੰਦਾ ਵੀ ਹੈ ਕਿ 'ਬਜ਼ੁਰਗ ਘਰ ਵਿੱਚ ਉਹ ਜਾਇਦਾਦ ਹੁੰਦੇ ਹਨ, ਜਿਸ ਨੂੰ ਕੋਈ ਰੱਖਣਾ ਨਹੀਂ ਚਾਹੁੰਦਾ....... ਸਰਸਰੀ ਤੌਰ 'ਤੇ ਕੀਤੀਆਂ ਗੱਲਾਂ ਵਿੱਚ ਉਹ ਇਹ ਵੀ ਅਕਸਰ ਕਹਿੰਦਾ ਹੈ 'ਬਜ਼ੁਰਗ' ਰੂੰ ਦੀ ਗਠੜੀ ਵਾਂਗ ਹੁੰਦੇ ਹਨ, ਪਹਿਲਾਂ-ਪਹਿਲਾਂ ਇਹ ਭਾਰੇ ਨਹੀਂ ਲੱਗਦੇ ਪਰ ਜਿਵੇਂ-ਜਿਵੇਂ ਬੁਢਾਪੇ ਦਾ ਹਨੇਰਾ ਗਹਿਰਾਉਂਦਾ ਜਾਂਦਾ ਹੈ, ਇਹ ਗਿੱਲੀ ਰੂੰ ਵਾਂਗ ਭਾਰੇ ਲੱਗਣ ਲੱਗਦੇ ਹਨ'

ਪਰ ਜਦੋਂ ਸਮਾਜ ਵਿੱਚ ਸਾਰੇ ਬਜ਼ੁਰਗ ਜਾਇਦਾਦ ਵੰਡ ਕੇ ਬੇਫਿਕਰ ਹੋ ਗਏ ਹਨ ਤਾਂ ਉਹ ਵੀ ਇੱਕ ਸ਼ਾਮ ਆਪਣੇ ਤਿੰਨਾਂ ਬੇਟਿਆਂ ਨੂੰ ਬਿਠਾ ਕੇ ਜਾਇਦਾਦ ਦਾ ਬਟਵਾਰਾ ਕਰ ਦਿੰਦਾ ਹੈ, ਭਾਵੇਂ ਕਿ ਉਪਰੋਕਤ ਅਨੁਸਾਰ ਅਸ਼ੰਕਾਵਾਂ ਵੀ ਉਸ ਦੇ ਮਨ ਵਿੱਚ ਹਨ।

ਦੋਵੇਂ ਵੱਡੇ ਭਰਾ ਚਤੁਰਾਈ ਨਾਲ ਫੈਸਲਾ ਕਰਦੇ ਹਨ ਕਿ ਕਿਸ਼ਨ ਸ਼ਾਹ ਬਟਵਾਰੇ ਤੋਂ ਬਾਅਦ ਛੋਟੇ ਬੇਟੇ ਰਾਮ ਕ੍ਰਿਸ਼ਨ (ਰਘੁਵੀਰ ਯਾਦਵ) ਕੋਲ ਰਹੇਗਾ। ਰਾਮ ਕ੍ਰਿਸ਼ਨ ਕਾਰੋਬਾਰੀ ਬੰਦਾ ਹੈ, ਪਰ ਹੈ ਭਲਾ। ਉਸ ਦੀ ਪਤਨੀ (ਰੀਮਾ ਲਾਗੂ) ਵੀ ਸਧਾਰਨ ਗ੍ਰਹਿਣੀ ਹੈ। ਉਹ ਇਹ ਫੈਸਲਾ ਮਨਜ਼ੂਰ ਕਰਦੇ ਹਨ, ਇਸ ਪੜਾਅ ਤੱਕ ਉਨ੍ਹਾਂ ਨੂੰ ਕੋਈ ਗਿਲਾ ਨਹੀਂ ਕਿ ਬਜ਼ੁਰਗ ਨੂੰ ਉਹਨਾਂ ਕੋਲ ਛੱਡ ਦਿੱਤਾ ਗਿਆ ਹੈ।

ਕਹਾਣੀ ਦੇ ਇਸ ਪੜਾਅ 'ਤੇ ਇਹ ਗੱਲ ਕਰਨੀ ਵਾਜਿਬ ਹੈ ਕਿ ਕਹਾਣੀ ਦੇ ਲੇਖਕ ਨੇ ਕਿਰਦਾਰਾਂ ਦੀ ਬਣਤਰ ਰਵਾਇਤੀ ਉਸ ਢੰਗ ਤੋਂ ਅਲਹਿਦਾ ਕੀਤੀ ਹੈ, ਜਿਸ ਵਿੱਚ ਇੱਕ ਪਾਤਰ ਨੂੰ ਵਿਚਾਰਾ ਬਣਾ ਕੇ ਦੂਜਿਆਂ ਨੂੰ ਦੋਸ਼ੀ ਬਣਾ ਦਿੱਤਾ ਜਾਂਦਾ ਹੈ, ਲੇਖਕ ਯਥਾਰਥ ਦੇ ਨੇੜੇ ਰਹਿੰਦਿਆਂ ਪਾਤਰ ਉਸਾਰੀ ਕਰਦਾ ਹੈ। ਲੇਖਕ ਨੇ ਕਿਰਦਾਰਾਂ ਦੀ ਮੌਲਿਕਤਾ ਅਤੇ ਸੁਭਾਵਿਕਤਾ ਨੂੰ ਬਰਕਰਾਰ ਰੱਖਦਿਆਂ ਸੰਤੁਲਿਤ ਰਹਿੰਦਿਆਂ ਕਹਾਣੀ ਨੂੰ ਅੱਗੇ ਤੋਰਿਆ ਹੈ।

ਕਿਸ਼ਨ ਸ਼ਾਹ ਦਾ ਮੰਜਾ ਦਲਾਨ, (ਘਰ ਵਿਚ ਵੜਦਿਆਂ ਸਾਰ ਬਰਾਂਡੇ ਵਾਲਾ ਕਮਰਾ) ਵਿੱਚ ਡਾਹ ਦਿੱਤਾ ਗਿਆ ਹੈ, ਪਰ ਹੁਣ ਕਿਸ਼ਨ ਸ਼ਾਹ ਦੀ ਉਹ ਪੁੱਛ-ਪ੍ਰਤੀਤ ਨਹੀਂ ਰਹੀ, ਜੋ ਉਸ ਸਮੇਂ ਸੀ, ਜਦੋਂ ਉਹ ਸਾਰੀ ਸੰਪਤੀ ਦਾ ਮਾਲਕ ਖੁਦ ਸੀ। ਖ਼ੈਰ ਹੁਣ ਵੀ, ਉਹ ਘਰ 'ਚ ਬੱਚਿਆਂ ਨੂੰ ਕੰਮ ਕਹਿੰਦਾ ਹੈ ਤਾਂ ਬੱਚੇ ਉਸ ਦਾ ਕਿਹਾ ਮੰਨਦੇ ਹਨ। ਰਾਮ ਕ੍ਰਿਸ਼ਨ ਦੇ ਮਨ ਵਿੱਚ ਪਿਤਾ ਲਈ ਸਤਿਕਾਰ ਤਾਂ ਹੈ, ਪਰ ਵਕਤ ਨਹੀਂ। ਨੂੰਹ ਵੀ ਬਜ਼ੁਰਗ ਦਾ ਸਤਿਕਾਰ ਕਰਦੀ ਹੈ, ਸਮਾਜ ਕੀ ਕਹੇਗਾ ਇਸ ਗੱਲ ਦਾ ਵੀ ਖਿਆਲ ਹੈ, ਸਭ ਕੁਝ ਠੀਕ ਹੈ, ਪਰ ਫਿਰ ਵੀ ਹਾਲਾਤ ਵਿਗੜਦੇ-ਵਿਗੜਦੇ ਵਿਗੜ ਜਾਂਦੇ ਹਨ।

ਲੇਖਕ ਅਤੇ ਫਿਲਮ ਦੇ ਨਿਰਦੇਸ਼ਕ ਆਪਣੇ ਇਸ ਸੁਨੇਹੇ ਦੇਣ ਦੇ ਪ੍ਰਯੋਜਨ ਵਿੱਚ ਸਫਲ ਹਨ ਕਿ ਕਸੂਰ ਵਿਅਕਤੀਆਂ ਦਾ ਨਹੀਂ, ਬਹੁਤ ਵਾਰੀ ਪ੍ਰਸਥਿਤੀਆਂ ਦਾ ਵੀ ਹੁੰਦਾ ਹੈ, ਜੋ ਅਕਸਰ ਵਿਅਕਤੀਆਂ 'ਤੇ ਮੜ੍ਹ ਦਿੱਤਾ ਜਾਂਦਾ ਹੈ। ਬਜ਼ੁਰਗ ਅਵਸਥਾ ਵਿੱਚ ਅਕਸਰ ਇਨਸਾਨ ਦੀ ਮਾਨਸਿਕ ਅਵਸਥਾ ਖੰਡਿਤ ਹੋ ਜਾਂਦੀ ਹੈ, ਉਹ ਕਈ ਤਰ੍ਹਾਂ ਦੇ ਵਹਿਮਾਂ ਦਾ ਸ਼ਿਕਾਰ ਹੋ ਜਾਂਦਾ ਹੈ, ਉਸ ਦੇ ਅੰਦਰ ਕਈ ਡਰ ਘਰ ਕਰ ਜਾਂਦੇ ਹਨ ਅਤੇ ਘਰ ਦੇ ਲੋਕ ਇਸ ਅਵਸਥਾ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ ਤਾਂ.. ਉਹੀ ਹੁੰਦਾ ਹੈ, ਜੋ ਅਕਸਰ ਬਹੁਤ ਸਾਰੇ ਘਰਾਂ ਵਿੱਚ ਹੁੰਦਾ ਹੈ .... ਫਿਰ ਉਹੀ ਰਾਮ ਕ੍ਰਿਸ਼ਨ ਦੇ ਘਰ ਵੀ ਘਟਦਾ ਹੈ।

ਨੂੰਹ ਹਇਆ ਦਇਆ ਵਾਲੀ ਹੈ, ਪਰ ਕਿਸ਼ਨ ਸ਼ਾਹ ਨੇ ਆਪਣੇ ਬਜ਼ੁਰਗ ਦੋਸਤਾਂ ਤੋਂ ਸੁਣਿਆ ਹੈ ਕਿ ਨੂੰਹਾਂ ਬਜ਼ੁਰਗਾਂ ਨਾਲ ਘੱਟ ਨਹੀਂ ਕਰਦੀਆਂ, ਉਹ ਜ਼ੁਲਮ ਕਰਦੀਆਂ ਹਨ, ਬੜੀਆਂ ਜ਼ਾਲਮ ਹੁੰਦੀਆਂ ਹਨ। ਉਹ ਇਸ ਮਿੱਥ 'ਤੇ ਪੱਕਾ ਵੀ ਹੈ।

ਹੁਣ ਉਸ ਨੂੰ ਇਹ ਵੀ ਲੱਗਦਾ ਹੈ ਕਿ ਘਰ ਵਿੱਚ ਉਸ ਤੋਂ ਕਿਸੇ ਤਰ੍ਹਾਂ ਦੀ ਕੋਈ ਰਾਏ ਨਹੀਂ ਲਈ ਜਾਂਦੀ। ਉਸ ਨੂੰ ਇਹ ਵੀ ਲੱਗਦਾ ਹੈ ਕਿ ਰਾਮ ਕ੍ਰਿਸ਼ਨ ਪੂਰੀ ਤਰ੍ਹਾਂ ਆਪਣੀ ਬੀਵੀ ਦੇ ਦਬਾਅ ਥੱਲੇ ਹੈ।

ਕਿਉਂਕਿ ਕਿਸ਼ਨ ਸ਼ਾਹ ਦਾ ਮੰਜਾ ਘਰ ਦੇ ਅੰਦਰ ਵੜਦਿਆਂ ਸਾਰ ਸਾਹਮਣੇ ਹੈ, ਪਰ ਨੂੰਹ ਉਥੇ ਸਾਫ-ਸਫਾਈ ਦਾ ਖਿਆਲ ਰੱਖਦੀ ਹੈ। ਕਿਸ਼ਨ ਸ਼ਾਹ ਅਕਸਰ ਥੁੱਕਦਾ ਰਹਿੰਦਾ ਹੈ, ਬਜ਼ੁਰਗੀ ਵਿੱਚ ਇਸ ਤਰ੍ਹਾਂ ਆਮ ਹੁੰਦਾ ਹੈ। ਇੱਕ ਦਿਨ ਉਹ ਫਰਸ਼ ਸਾਫ ਕਰਨ ਲੱਗਦੀ ਹੈ ਤਾਂ ਕਿਸ਼ਨ ਸ਼ਾਹ ਨੂੰ ਗੁੱਸਾ ਆ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਇਹ ਮੈਨੂੰ ਨਫਰਤ ਕਰਦੀ ਹੈ, ਮੈਨੂੰ ਚਿੜਾਉਣ ਲਈ ਸਫਾਈ ਕਰ ਰਹੀ ਹੈ। ਉਹ ਉਸੇ ਥਾਂ 'ਤੇ ਕਈ ਵਾਰ ਥੁੱਕਦਾ ਹੈ ਅਤੇ ਨੂੰਹ ਨੂੰ ਬੁਰਾ-ਭਲਾ ਕਹਿੰਦਾ ਹੈ।

ਇਸ ਝਗੜੇ ਦਾ ਪਤਾ ਰਾਮ ਕਿਸ਼ਨ ਨੂੰ ਲਗਦਾ ਹੈ। ਉਹ ਆਪਣੀ ਪਤਨੀ ਨੂੰ ਬੁਰਾ-ਭਲਾ ਕਹਿੰਦਾ ਹੈ ਤਾਂ ਉਸ ਦੀ ਪਤਨੀ ਦੱਸਦੀ ਹੈ ਕਿ ਉਹ ਸਿਰਫ ਸਫਾਈ ਕਰ ਰਹੀ ਸੀ, ਇਹ ਬਜ਼ੁਰਗ ਹਰ ਸਮੇਂ ਚਿੜੇ ਰਹਿੰਦੇ ਹਨ, ਪਤਾ ਨਹੀਂ ਕਿਸ ਗੱਲ ਤੋਂ ਮੇਰੇ ਨਾਲ ਲੜ ਪਏ।

ਉਹ ਦੋਵੇਂ ਜੀ ਬਜ਼ੁਰਗਾਂ ਦੀ ਮਾਨਸਿਕ ਅਵਸਥਾ ਨੂੰ ਸਮਝਣ ਵਿੱਚ ਅਸਫਲ ਹਨ, ਉਧਰ ਕਿਸ਼ਨ ਸ਼ਾਹ ਇੱਕਲਾਪੇ ਅਤੇ ਹੀਣਭਾਵਨਾਵਾਂ ਦੇ ਚੱਲਦਿਆਂ ਚਿੜਚਿੜਾ ਹੋ ਚੁੱਕਿਆ ਹੈ।

ਇਸ ਤੋਂ ਬਾਅਦ ਕਿਸ਼ਨ ਸ਼ਾਹ ਦਾ ਬੇਟਾ ਰਾਮ ਕ੍ਰਿਸ਼ਨ ਫੈਸਲਾ ਕਰਦਾ ਹੈ ਕਿ ਉਹ ਬਜ਼ੁਰਗਾਂ ਦਾ ਮੰਜਾ ਘਰ ਦੇ ਪਿਛਵਾੜੇ ਵਿੱਚ ਡਾਹ ਦੇਵੇਗਾ... ਇਹ ਚੰਗਾ ਨਹੀਂ ਲੱਗਦਾ ਕਿ ਬਾਹਰਲੇ ਬਰਾਂਡੇ ਵਿੱਚ ਅਵਾ-ਤਵਾ ਬੋਲ ਰਹੇ ਕਿਸ਼ਨ ਸ਼ਾਹ ਨੂੰ ਸਾਰੇ ਪਿੰਡ ਵਾਲੇ ਵੀ ਸੁਣਨ।

ਬਜ਼ੁਰਗ ਕਿਸ਼ਨ ਸ਼ਾਹ ਜੋ ਕਿ ਪਹਿਲਾਂ ਹੀ ਇਕਲਾਪੇ ਤੋਂ ਡਰਿਆ ਹੋਇਆ ਹੈ, ਬੁਢਾਪੇ ਨੂੰ ਸਰਾਪ ਸਮਝਦਾ ਹੈ। ਉਹ ਬੇਟੇ ਦੇ ਇਸ ਫੈਸਲੇ ਨਾਲ ਅੰਦਰੋਂ ਹੋਰ ਟੁੱਟ ਜਾਂਦਾ ਹੈ। ਦਰਅਸਲ ਡਰ ਜਾਂਦਾ ਹੈ।

ਰਾਮ ਕ੍ਰਿਸ਼ਨ ਜਦੋਂ ਉਸ ਦਾ ਮੰਜਾ ਪਿਛਲੇ ਪਾਸੇ ਡਾਹੁਣ ਬਾਰੇ ਫੈਸਲੇ 'ਤੇ ਅਮਲ ਕਰਨ ਲੱਗਦਾ ਹੈ ਤਾਂ ਕਿਸ਼ਨ ਸ਼ਾਹ ਉਸ ਦਾ ਵਿਰੋਧ ਕਰਦਾ ਹੈ। ਬੁਰਾ-ਭਲਾ ਕਹਿੰਦਾ ਹੈ। ਉਸ 'ਤੇ ਥੁੱਕਦਾ ਵੀ ਹੈ।

ਰੌਲਾ ਸੁਣ ਕੇ ਪਿੰਡ ਦੇ ਲੋਕ ਇਕੱਠੇ ਹੋ ਜਾਂਦੇ ਹਨ। ਰਾਮ ਕ੍ਰਿਸ਼ਨ ਨੂੰ ਲੱਗਦਾ ਹੈ ਕਿ ਪਿੰਡ ਵਿੱਚ ਉਸ ਦੀ ਬੇਇੱਜ਼ਤੀ ਹੋ ਗਈ ਹੈ, ਉਸ ਦੇ ਪਿਤਾ ਨੇ ਹੀ ਪਿੰਡ ਵਿੱਚ ਉਸ ਦੇ ਘਰ ਦੀ ਹੇਠੀ ਕਰਵਾ ਦਿੱਤੀ ਹੈ। ਪਿੰਡ ਵਾਲਿਆਂ ਸਾਹਮਣੇ ਦੋਹਾਂ ਪਿਉ-ਪੁੱਤਾਂ ਦਾ ਝਗੜਾ ਹੁੰਦਾ ਹੈ ਤਾਂ ਝਗੜੇ ਵਿੱਚ ਰਾਮ ਕ੍ਰਿਸ਼ਨ ਜ਼ਮੀਨ 'ਤੇ ਡਿੱਗ ਪੈਂਦਾ ਹੈ।

ਪਿੰਡ ਵਾਲਿਆਂ ਨੂੰ ਸਿਰਫ ਉਹਨਾਂ ਦੇ ਝਗੜੇ ਵਿੱਚ ਦਿਲਚਸਪੀ ਸੀ। ਉਹ ਕਿਸ਼ਨ ਸ਼ਾਹ ਨੂੰ ਧਰਤੀ 'ਤੇ ਪਏ ਨੂੰ ਛੱਡ ਕੇ ਚਲੇ ਜਾਂਦੇ ਹਨ ਅਤੇ ਬਜ਼ੁਰਗਾਂ ਦੀ ਨਾਦਾਨੀ ਤੋਂ ਤਪਿਆ ਹੋਇਆ ਰਾਮ ਕ੍ਰਿਸ਼ਨ ਉਨ੍ਹਾਂ ਦਾ ਮੰਜਾ ਪਿਛਲੇ ਕਮਰੇ ਵਿੱਚ ਲਾ ਦਿੰਦਾ ਹੈ।

ਪਿੰਡ ਵਾਲਿਆਂ ਦੇ ਸਾਹਮਣੇ ਹੋਏ ਇਸ ਝਗੜੇ ਕਾਰਨ ਜਿੱਥੇ ਕਿਸ਼ਨ ਸ਼ਾਹ ਅੰਦਰੋਂ ਟੁੱਟ ਚੁੱਕਿਆ ਹੈ, ਉੱਥੇ ਹੀ ਪਰਵਾਰ ਵਾਲੇ ਵੀ ਅਤੀ ਨਿਰਾਸ਼ਾ ਵਿੱਚ ਹਨ।

ਪਹਿਲਾਂ ਹੀ ਆਪਣੇ-ਆਪ ਨੂੰ ਘਰ ਵਿੱਚ ਬੇਲੋੜੀ ਵਸਤੂ ਸਮਝ ਰਹੇ ਕਿਸ਼ਨ ਸ਼ਾਹ ਨੇ ਹੁਣ ਫੈਸਲਾ ਕਰ ਲਿਆ ਹੈ ਕਿ ਉਹ ਇਸ ਘਰ ਵਿੱਚ ਨਹੀਂ ਰਹੇਗਾ, ਬਲਕਿ ਇਸ ਸਮਾਜ ਵਿੱਚ ਹੀ ਨਹੀਂ ਰਹੇਗਾ, ਉਹ ਜੰਗਲ ਜਾ ਕੇ ਆਪਣੇ ਗੁਰੂ ਦੀ ਪੂਜਾ ਕਰੇਗਾ, ਆਪਣੇ ਆਖਰੀ ਦਿਨ ਜੰਗਲ ਦੇ ਆਸ਼ਰਮ ਵਿੱਚ ਹੀ ਕੱਢੇਗਾ।

ਲੇਖਕ ਬਹੁਤ ਸੰਤੁਲਿਤ ਢੰਗ ਨਾਲ ਸਾਰੇ ਹਾਲਾਤ ਨਿੱਕੀ-ਨਿੱਕੀ ਚੀਜ਼ ਪਾਠਕਾਂ ਅੱਗੇ ਰੱਖ ਦਿੰਦਾ ਹੈ, ਸੂਖਮ ਵਰਤਾਰਿਆਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਭ ਕੁਝ ਵਿਗਾੜਨ ਪਿੱਛੋਂ ਵੀ ਵਿਰੋਧੀ ਧਿਰਾਂ ਦੇ ਆਗੂ ਸਮਝਦਾਰੀ ਦਾ ਸੰਕੇਤ ਨਹੀਂ ਦੇ ਰਹੇ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤ ਦੇਸ਼ ਦੀ ਪਾਰਲੀਮੈਂਟ ਲਈ ਇੱਕ ਹੋਰ ਚੋਣ ਵਾਸਤੇ ਸਿਆਸੀ ਮਾਹੌਲ ਬਣਿਆ ਪਿਆ ਹੈ। ਇਹ ਚੋਣ ਅਸਲੋਂ ਨਵੇਂ ਮਾਹੌਲ ਵਿੱਚ ਹੋਣ ਵਾਲੀ ਅਤੇ ਕਈ ਤਰ੍ਹਾਂ ਦੀਆਂ ਚਿੰਤਾਵਾਂ ਪੈਦਾ ਕਰਨ ਵਾਲੀ ਸਮਝੀ ਜਾਂਦੀ ਹੈ। ਕਈ ਵਿਚਾਰਵਾਨਾਂ ਅਤੇ ਕਈ ਰਾਜਸੀ ਆਗੂਆਂ ਦਾ ਇਹ ਕਹਿਣਾ ਹੈ ਕਿ ਭਾਰਤ ਨੇ ਇਸ ਵਾਰੀ ਸਿਰਫ ਲੋਕ ਸਭਾ ਦੇ ਮੈਂਬਰਾਂ ਦੀ ਚੋਣ ਨਹੀਂ ਕਰਨੀ, ਇਸ ਪਾਰਲੀਮੈਂਟ ਚੋਣ ਵਿੱਚ ਇਹ ਗੱਲ ਵੀ ਤੈਅ ਹੋਣੀ ਜਾਪਦੀ ਹੈ ਕਿ ਇਸ ਦੇ ਬਾਅਦ ਅਗਲੀ ਕੋਈ ਚੋਣ ਕਰਵਾਈ ਜਾਵੇਗੀ ਕਿ ਨਹੀਂ। ਉਨ੍ਹਾਂ ਦੀ ਰਾਏ ਠੀਕ ਵੀ ਹੋ ਸਕਦੀ ਹੈ ਤੇ ਨਹੀਂ ਵੀ, ਦੋਵਾਂ ਵਿੱਚ ਕੋਈ ਗੱਲ ਵੀ ਪੱਕੀ ਨਹੀਂ, ਕਿਉਂਕਿ ਕੌਮਾਂ ਤੇ ਦੇਸ਼ਾਂ ਦੇ ਭਵਿੱਖ ਦੇ ਪੈਂਡੇ ਲਈ ਕੋਈ ਰਾਹ ਵੀ ਕਾਗਜ਼ ਉੱਤੇ ਝਰੀਟਾਂ ਮਾਰ ਕੇ ਅਗੇਤਾ ਨਹੀਂ ਉਲੀਕਿਆ ਜਾ ਸਕਦਾ। ਹਾਲਾਤ ਦਾ ਵਹਿਣ ਕਿਸ ਪਾਸੇ ਲੈ ਜਾਵੇਗਾ, ਕੋਈ ਵੀ ਗਾਰੰਟੀ ਨਾਲ ਦੱਸਣ ਵਾਲਾ ਨਹੀਂ ਲੱਭਦਾ, ਸਿਰਫ ਅੱਜ ਦੀ ਘੜੀ ਉੱਠਦੇ ਸਿਆਸੀ ਉਬਾਲਿਆਂ ਤੋਂ ਅੰਦਾਜ਼ੇ ਲਾਏ ਜਾ ਸਕਦੇ ਹਨ ਅਤੇ ਕਈ ਲੋਕ ਇਹ ਅੰਦਾਜ਼ੇ ਲਾਈ ਜਾ ਰਹੇ ਹਨ। ਅਮਲ ਵਿੱਚ ਕੀ ਹੋ ਸਕਦਾ ਹੈ, ਇਹ ਭਾਰਤੀ ਲੋਕਾਂ ਦੀ ਸੋਚ ਦਾ ਕੋਈ ਵਕਤੀ ਵਹਿਣ ਵੀ ਤੈਅ ਕਰ ਸਕਦਾ ਹੈ ਅਤੇ ਵਗਦੇ ਵਹਿਣ ਨੂੰ ਰੋਕਣ ਵਾਲਾ ਕੋਈ ਜਵਾਬੀ ਵਹਿਣ ਉੱਠ ਪਵੇ ਤਾਂ ਹਾਲਾਤ ਇਹੋ ਜਿਹੀ ਦਿਸ਼ਾ ਵੱਲ ਮੋੜਾ ਕੱਟ ਸਕਦੇ ਹਨ, ਜਿਸ ਬਾਰੇ ਹਾਲੇ ਤੱਕ ਕਿਸੇ ਨੇ ਸੋਚਿਆ ਤੱਕ ਨਾ ਹੋਵੇ। ਉਂਜ ਹਵਾਵਾਂ ਦਾ ਰੁਖ ਇਸ ਵਕਤ ਭਾਰਤ ਦੇ ਲੋਕਤੰਤਰੀ ਸੋਚ ਵਾਲਿਆਂ ਲਈ ਫਿਕਰਮੰਦੀ ਵਾਲਾ ਹੀ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਰਾਜਸੀ ਜਾਂ ਸਮਾਜੀ ਹਾਲਾਤ ਦੇ ਅੰਦਰ ਉੱਠਣ ਵਾਲੇ ਉਬਾਲੇ ਹਮੇਸ਼ਾ ਅਣਕਿਆਸੇ ਹੁੰਦੇ ਹਨ। ਕਦੇ ਕੋਈ ਉਬਾਲਾ ਕਿਸੇ ਹੋਰ ਦੇਸ਼ ਵਿੱਚ ਉੱਠ ਚੁੱਕੇ ਏਹੋ ਜਿਹੇ ਉਬਾਲੇ ਦੀ ਇੰਨ-ਬਿੰਨ ਨਕਲ ਨਹੀਂ ਹੋਇਆ ਕਰਦਾ। ਕਈਆਂ ਦੇਸ਼ਾਂ ਵਿੱਚ ਹਾਲਾਤ ਦਾ ਵਹਿਣ ਸਮਾਂ ਪਾ ਕੇ ਮੋੜਾ ਕੱਟਣ ਵਾਲਾ ਵੀ ਸਾਬਤ ਹੁੰਦਾ ਰਿਹਾ ਹੈ, ਪਰ ਕਈ ਹੋਰ ਦੇਸ਼ਾਂ ਵਿੱਚ ਜਦੋਂ ਕਿਸੇ ਪੁਰਾਤਨੀ ਸੋਚ ਦਾ ਉਬਾਲਾ ਇੱਕ ਵਾਰੀ ਉੱਠ ਪਿਆ ਤਾਂ ਓਥੇ ਫਿਰ ਮੋੜਾ ਨਹੀਂ ਕੱਟਿਆ ਗਿਆ ਅਤੇ ਹਾਲਾਤ ਹਰ ਨਵੇਂ ਦਿਨ ਹੋਰ ਤੋਂ ਹੋਰ ਵਿਗਾੜ ਵਾਲੀ ਪੱਟੀ ਉੱਤੇ ਅੱਗੇ ਤੋਂ ਅੱਗੇ ਵਧਦੇ ਗਏ ਸਨ। ਜਿਸ ਮੋੜ ਉੱਤੇ ਭਾਰਤ ਅਗਲੀ ਪਾਰਲੀਮੈਂਟ ਚੋਣ ਦੇ ਗੇੜ ਵਿੱਚੋਂ ਲੰਘਣ ਦੀ ਤਿਆਰੀ ਕਰ ਰਿਹਾ ਹੈ, ਉਸ ਤੋਂ ਜੇ ਕੁਝ ਲੋਕਾਂ ਨੂੰ ਚਿੰਤਾ ਹੋ ਰਹੀ ਹੈ ਤਾਂ ਉਹ ਆਪਣੀ ਥਾਂ ਗਲਤ ਨਹੀਂ ਹੋਣਗੇ, ਪਰ ਗਲਤੀ ਇਹ ਹੋਈ ਹੈ ਕਿ ਉਹ ਵਕਤ ਰਹਿੰਦਿਆਂ ਨਹੀਂ ਸਨ ਜਾਗ ਸਕੇ, ਬੜੀ ਦੇਰ ਨਾਲ ਅੱਖਾਂ ਖੁੱਲ੍ਹਣ ਲੱਗੀਆਂ ਹਨ।

ਅੱਜਕੱਲ੍ਹ ਭਾਰਤ ਦੀ ਰਾਜਨੀਤੀ ਵਿੱਚ ਬਹੁਤ ਸਾਰੀਆਂ ਧਿਰਾਂ ਇਹੋ ਜਿਹੀਆਂ ਵੀ ਹਨ, ਜਿਹੜੀਆਂ ਭਾਰਤੀ ਜਨਤਾ ਪਾਰਟੀ ਵਿਰੁੱਧ ਲੜਨ ਦਾ ਦਾਅਵਾ ਕਰਦੀਆਂ ਹਨ ਤੇ ਚੋਣ ਮੈਦਾਨ ਵਿੱਚ ਉਸ ਅੱਗੇ ਡਟ ਸਕਦੀਆਂ ਹਨ, ਪਰ ਜੇ ਉਨ੍ਹਾਂ ਦੀ ਗੱਲ ਨਾ ਬਣੀ ਤਾਂ ਉਨ੍ਹਾਂ ਦੇ ਬਹੁਤ ਸਾਰੇ ਲੀਡਰ ਓਸੇ ਭਾਜਪਾ ਵਿੱਚ ਜਾਣ ਨੂੰ ਤਿਆਰ ਹੋ ਜਾਣਗੇ। ਸਿਆਸੀ ਸੱਤਾ ਦਾ ਸੁੱਖ ਮਾਣਨ ਵਾਲੇ ਬਹੁਤ ਸਾਰੇ ਪੁਰਾਣੇ ਕਾਂਗਰਸੀ ਆਗੂ ਵੀ ਤੇ ਹੋਰ ਪਾਰਟੀਆਂ ਵਾਲੇ ਵੀ ਦੋ ਹਫਤੇ ਪਹਿਲਾਂ ਜਿਸ ਭਾਜਪਾ ਨੂੰ ਜਨਤਕ ਤੌਰ ਉੱਤੇ ਭੰਡਦੇ ਸੁਣਦੇ ਸਨ, ਅਚਾਨਕ ਉਸ ਵਿੱਚ ਸ਼ਾਮਲ ਜਾ ਹੋਏ ਸਨ। ਰਾਜਨੀਤੀ ਦੀਆਂ ਦੋ ਧਿਰਾਂ ਇਹੋ ਜਿਹੀਆਂ ਹਨ, ਜਿਹੜੀਆਂ ਇਸ ਵਕਤ ਵੱਡੇ ਹਮਲੇ ਦੇ ਨਿਸ਼ਾਨੇ ਉੱਤੇ ਹਨ। ਪਹਿਲੀ ਤਾਂ ਇਸ ਦੇਸ਼ ਵਿੱਚ ਅਜੇ ਤੱਕ ਮੁੱਖ ਵਿਰੋਧੀ ਧਿਰ ਦਾ ਦਰਜਾ ਰੱਖਦੀ ਕਾਂਗਰਸ ਪਾਰਟੀ ਹੈ, ਜਿਸ ਨੂੰ ਅੱਜਕੱਲ੍ਹ ਭਾਜਪਾ ਆਗੂ ਮੂਲੋਂ ਹੀ ਖਤਮ ਕਰ ਕੇ ਭਵਿੱਖ ਵਿੱਚ 'ਕਾਂਗਰਸ ਮੁਕਤ ਭਾਰਤ' ਬਣਾ ਦੇਣ ਦੇ ਖੁੱਲ੍ਹੇ ਐਲਾਨ ਕਰਦੇ ਹਨ। ਦੂਸਰੀ ਧਿਰ ਕਮਿਊਨਿਸਟਾਂ ਦੀ ਹੈ, ਜਿਹੜੇ ਕਦੀ ਭਾਰਤ ਦੀ ਰਾਜਨੀਤੀ ਨੂੰ ਆਪਣੀ ਮਰਜ਼ੀ ਦਾ ਮੋੜਾ ਦੇਣ ਦੇ ਸਮਰੱਥ ਹੁੰਦੇ ਸਨ, ਪਰ ਅੱਜਕੱਲ੍ਹ ਉਹ ਆਪਣੀ ਹੋਂਦ ਕਾਇਮ ਰੱਖਣ ਦਾ ਸੰਘਰਸ਼ ਕਰਦੇ ਸਮਝੇ ਜਾਣ ਲੱਗ ਪਏ ਹਨ। ਉਨ੍ਹਾਂ ਦੀ ਹੋਂਦ ਦੁਨੀਆ ਭਰ ਵਿੱਚ ਬਹੁਤ ਅਣਸੁਖਾਵੇਂ ਮਾਹੌਲ ਵਿੱਚ ਵੀ ਕਈ ਦੇਸ਼ਾਂ ਵਿੱਚ ਉਨ੍ਹਾਂ ਦੇ ਸਿਰੜ ਕਾਰਨ ਬਚੀ ਰਹਿਣ ਦਾ ਇਤਿਹਾਸ ਮੌਜੂਦ ਹੈ, ਪਰ ਜਿਸ ਕਿਸਮ ਦੇ ਹਾਲਾਤ ਦਾ ਸਾਹਮਣਾ ਭਾਰਤ ਵਿੱਚ ਕਰਨਾ ਪੈ ਰਿਹਾ ਹੈ, ਉਹ ਕੀ ਸਿੱਟਾ ਕੱਢਣਗੇ, ਕਹਿ ਸਕਣਾ ਔਖਾ ਹੈ।

ਇੱਕ ਸਿਆਸੀ ਚਿੰਤਕ ਨੇ ਪਿਛਲੇ ਦਿਨੀਂ ਇੱਕ ਪ੍ਰੋਗਰਾਮ ਵਿੱਚ ਕਿਹਾ ਕਿ ਜੇ ਬ੍ਰਿਟੇਨ ਦੀ ਲੇਬਰ ਪਾਰਟੀ ਨੇ ਕਈ ਸਾਲ ਰਾਜ-ਸੱਤਾ ਤੋਂ ਬਾਹਰ ਖੂੰਜੇ ਲੱਗੀ ਰਹਿਣ ਦੇ ਬਾਅਦ ਅੱਗੇ ਆਣ ਕੇ ਆਪਣੇ ਦੇਸ਼ ਦੀ ਅਗਵਾਈ ਸਾਂਭ ਲਈ ਸੀ ਤਾਂ ਕਿਸੇ ਦਿਨ ਭਾਰਤ ਵਿੱਚ ਵੀ ਇਹ ਕੁਝ ਵਾਪਰ ਸਕਦਾ ਹੈ। ਹੋ ਸਕਦਾ ਹੈ ਕਿ ਉਹ ਠੀਕ ਕਹਿੰਦਾ ਹੋਵੇ, ਪਰ ਇਸ ਦੇਸ਼ ਵਿੱਚ ਹਾਲਾਤ ਉਸ ਦੇਸ਼ ਵਰਗੇ ਨਹੀਂ ਤੇ ਹਾਲਾਤ ਦੇ ਵਹਿਣ ਦਾ ਸਾਹਮਣਾ ਕਰਨ ਲਈ ਲੀਡਰਸ਼ਿਪ ਜਿਹੋ ਜਿਹੀ ਚਾਹੀਦੀ ਹੈ, ਉਸ ਦੇ ਲਈ ਗੰਭੀਰ ਯਤਨ ਹੁੰਦੇ ਵੀ ਇਸ ਵਕਤ ਦਿਖਾਈ ਨਹੀਂ ਦੇ ਰਹੇ। ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਏਨੀਆਂ ਸੱਟਾਂ ਖਾਣ ਦੇ ਬਾਅਦ ਵੀ ਰਾਹੁਲ ਗਾਂਧੀ ਤੋਂ ਵੱਡਾ ਆਗੂ ਹੋਰ ਕੋਈ ਨਜ਼ਰ ਨਹੀਂ ਆਉਂਦਾ ਤੇ ਰਾਹੁਲ ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਲਗਭਗ ਹਰ ਮੋਰਚੇ ਉੱਤੇ ਫੇਲ੍ਹ ਹੁੰਦਾ ਰਿਹਾ ਹੈ, ਉਸ ਦਾ ਜ਼ਿਕਰ ਉਹ ਨਹੀਂ ਸੁਣਨਾ ਚਾਹੁੰਦੇ। ਦੇਸ਼ ਦੇ ਉਨ੍ਹਾਂ ਦਿਨਾਂ ਦਾ ਚੇਤਾ ਕਾਂਗਰਸ ਪਾਰਟੀ ਦੇ ਨੇਤਾ ਨਹੀਂ ਕਰਨਾ ਚਾਹੁੰਦੇ, ਜਦੋਂ ਉਨ੍ਹਾਂ ਦੀ ਚੜ੍ਹਤ ਦਾ ਦੌਰ ਹੁੰਦਾ ਸੀ ਤੇ ਉਨ੍ਹਾਂ ਦੀ ਲੀਡਰਸ਼ਿਪ ਨੇ ਲੋਕਾਂ ਨੂੰ ਟਿੱਚ ਜਾਣਨਾ ਸ਼ੁਰੂ ਕੀਤਾ ਹੋਇਆ ਸੀ ਤੇ ਲੋਕਤੰਤਰ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਵਾਲਾ ਕੰਮ ਵੀ ਕਰਨ ਤੋਂ ਨਹੀਂ ਸਨ ਝਿਜਕਦੇ ਹੁੰਦੇ। ਬੰਗਲਾਦੇਸ਼ ਬਣਨ ਮੌਕੇ ਭਾਰਤ ਵਿੱਚ ਇਸ ਪਾਰਟੀ ਦੀ ਜਿਹੜੀ ਚੜ੍ਹਾਈ ਹਰ ਕਿਸੇ ਨੂੰ ਦਿਖਾਈ ਦੇਂਦੀ ਸੀ, ਉਹ ਅਗਲੇ ਦੋ ਸਾਲ ਵੀ ਕਾਇਮ ਨਹੀਂ ਸੀ ਰਹੀ ਤੇ ਉਸ ਵੇਲੇ ਚੜ੍ਹਤ ਦੀ ਅਗਵਾਈ ਕਰਨ ਵਾਲੀ ਇੰਦਰਾ ਗਾਂਧੀ ਦੇ ਆਪਣੇ ਪੁੱਤਰ-ਮੋਹ ਨੇ ਪਾਰਟੀ ਅਤੇ ਲੋਕਤੰਤਰ ਦੋਵਾਂ ਦਾ ਭੱਠਾ ਬਿਠਾ ਛੱਡਿਆ ਸੀ। ਸੰਜੇ ਗਾਂਧੀ ਤੇ ਉਸ ਦੀ ਜੁੰਡੀ ਵੱਲੋਂ ਕੀਤੀਆਂ ਖੁਨਾਮੀਆਂ ਨਾਲ ਜਿਹੜੀ ਮਾਰ ਇਸ ਪਾਰਟੀ ਤੇ ਦੇਸ਼ ਨੂੰ ਪਈ, ਦੋਬਾਰਾ ਮੌਕਾ ਮਿਲਣ ਪਿੱਛੋਂ ਉਨ੍ਹਾਂ ਗਲਤੀਆਂ ਤੋਂ ਸਿੱਖਿਆ ਜਾਣਾ ਚਾਹੀਦਾ ਸੀ, ਪਰ ਸਿੱਖਣ ਦੀ ਥਾਂ ਇਸ ਪਾਰਟੀ ਦੀ ਲੀਡਰਸ਼ਿਪ ਸੱਤਾ ਸੰਭਾਲ ਰੱਖਣ ਲਈ ਅਗਲੀਆਂ ਗਲਤੀਆਂ ਕਰਨ ਦੇ ਰਾਹ ਪੈ ਗਈ ਸੀ। ਓਦੋਂ ਤੱਕ ਇਸ ਦੇਸ਼ ਦੇ ਲੋਕਾਂ ਨੂੰ ਭਰਮ ਹੁੰਦਾ ਸੀ ਕਿ ਇੰਦਰਾ ਗਾਂਧੀ ਦਾ ਛੋਟਾ ਪੁੱਤਰ ਪੁਆੜਿਆਂ ਦੀ ਜੜ੍ਹ ਬਣਿਆ ਰਹਿੰਦਾ ਹੈ, ਵੱਡਾ ਪੁੱਤ ਰਾਜੀਵ ਗਾਂਧੀ ਸਮਝਦਾਰ ਹੈ, ਪਰ ਜਦੋਂ ਰਾਜੀਵ ਗਾਂਧੀ ਨੂੰ ਮੌਕਾ ਮਿਲਿਆ, ਉਸ ਨਾਲ ਜੁੜੀ ਹੋਈ ਜੁੰਡੀ ਨੇ ਉਸ ਕੋਲੋਂ ਵੀ ਏਦਾਂ ਦੀਆਂ ਗਲਤੀਆਂ ਕਰਵਾ ਦਿੱਤੀਆਂ ਸਨ, ਜਿਨ੍ਹਾਂ ਦੀ ਮਾਰ ਦਾ ਅਸਰ ਉਸ ਦੀ ਪਾਰਟੀ ਅਤੇ ਪਰਵਾਰ ਨੂੰ ਅੱਜ ਤੱਕ ਭੁਗਤਣਾ ਪੈ ਰਿਹਾ ਹੈ।

ਪੰਜਾਹ ਕੁ ਸਾਲ ਪਹਿਲਾਂ ਭਾਰਤ ਦੇ ਕਮਿਊਨਿਸਟ ਖੇਤਰ ਵਿੱਚ 'ਸਾਂਝਾ ਮੋਰਚਾ' ਬਣਾਉਣ ਤੇ ਚਲਾਉਣ ਦੇ ਮੁੱਦੇ ਉੱਤੇ ਭਖਵੀਂ ਬਹਿਸ ਛਿੜੀ ਸੀ। ਸੰਸਾਰ ਪੱਧਰ ਦੇ ਕਮਿਊਨਿਸਟ ਆਗੂ ਜਾਰਜੀ ਦਮਿਤਰੋਵ ਵੱਲੋਂ ਦੂਜੀ ਸੰਸਾਰ ਜੰਗ ਦੇ ਵਕਤ ਦਿੱਤਾ 'ਸਾਂਝਾ ਮੋਰਚਾ' ਬਣਾਉਣ ਦਾ ਵਿਚਾਰ ਭਾਰਤ ਵਿੱਚ ਸਿਆਸੀ ਸੱਭਿਆਚਾਰ ਦਾ ਅੰਗ ਬਣਾਉਣ ਲਈ ਲੰਮੀ ਬਹਿਸ ਚਲਦੀ ਰਹੀ ਸੀ, ਜਿਸ ਵਿੱਚ ਕੱਟੜ ਖੱਬੇ-ਪੱਖੀ ਤੇ ਉਨ੍ਹਾਂ ਦੀ ਅੱਖ ਵਿੱਚ ਰੜਕਦੇ ਨਰਮ ਸੁਰ ਵਾਲੇ ਖੱਬੇ-ਪੱਖੀ ਆਪੋ ਵਿੱਚ ਭਿੜਨ ਪਿੱਛੋਂ ਸ਼ਾਂਤ ਹੋ ਕੇ ਹਾਲਾਤ ਦੇ ਵਗਦੇ ਵਹਿਣ ਨਾਲ ਚੱਲ ਪਏ ਸਨ। ਪੱਛਮੀ ਬੰਗਾਲ ਵਿੱਚ ਖੱਬੇ ਪੱਖੀ ਧਿਰਾਂ ਦੇ ਹੱਥ ਸੱਤਾ ਆਉਣ ਅਤੇ ਫਿਰ ਲੰਮਾ ਸਮਾਂ ਕਾਇਮ ਰਹਿਣ ਨੇ ਉਨ੍ਹਾਂ ਨੂੰ ਸੱਤਾ ਕਾਇਮ ਰੱਖਣ ਲਈ ਸਿਆਸਤ ਦੇ ਖੇਤਰ ਦੀਆਂ ਸਾਰੀਆਂ ਤਿਕੜਮਾਂ ਵਰਤਣ ਦੇ ਰਾਹ ਪਾ ਦਿੱਤਾ ਅਤੇ ਨਤੀਜੇ ਵਜੋਂ ਅੱਜ ਉਹ ਦੇਸ਼ ਦੀ ਰਾਜਨੀਤੀ ਦੀ ਕਿਸੇ ਨੁੱਕਰ ਵਿੱਚ ਖੜੋਤੇ ਦਿਖਾਈ ਦੇਣ ਲੱਗ ਪਏ ਹਨ। ਜਿਸ ਲੋਕ ਸਭਾ ਵਿੱਚ ਕਦੀ ਖੱਬੇ-ਪੱਖੀਆਂ ਦੇ ਕੁੱਲ ਮਿਲਾ ਕੇ ਸੱਠ ਤੋਂ ਵੱਧ ਮੈਂਬਰ ਜਿੱਤ ਕੇ ਪਹੁੰਚ ਗਏ ਸਨ, ਅੱਜ ਅੱਧੀ ਦਰਜਨ ਵੀ ਨਹੀਂ ਦਿੱਸਦੇ ਤੇ ਫਿਰਕੂ ਉਬਾਲਿਆਂ ਵਾਲੀ ਅਗਲੀ ਚੋਣ ਵਿੱਚ ਕਿੰਨੇ ਜਿੱਤ ਸਕਣਗੇ, ਉਸ ਦਾ ਕਿਆਫਾ ਲਾਉਣ ਵਾਲਾ ਨਜੂਮੀ ਕੋਈ ਨਹੀਂ ਲੱਭ ਰਿਹਾ। ਇੱਕ ਵੇਲੇ ਪੱਛਮੀ ਬੰਗਾਲ ਵਿੱਚ ਸੱਤਾ ਬਚਾਉਣ ਲਈ ਕਾਂਗਰਸ ਨਾਲ ਸਾਂਝ ਪਾਉਣ ਦਾ ਵਿਚਾਰ ਪੇਸ਼ ਹੋਇਆ ਸੀ, ਪਰ ਉਸ ਨੂੰ ਕਿਸੇ ਬਿਮਾਰੀ ਦਾ ਲੱਛਣ ਮੰਨ ਕੇ ਉਨ੍ਹਾਂ ਸੱਜਣਾਂ ਨੇ ਨਕਾਰ ਦਿੱਤਾ ਸੀ, ਜਿਹੜੇ ਅੱਜ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਕਾਂਗਰਸ ਦੇ ਲੀਡਰਾਂ ਨਾਲ ਸਲਾਹ ਕਰਨ ਲਈ ਉਨ੍ਹਾਂ ਦੇ ਫੋਨ ਖੜਕਾਉਣ ਲੱਗਦੇ ਹਨ ਅਤੇ ਬਹੁਤੀ ਵਾਰੀ ਉਨ੍ਹਾਂ ਦੇ ਪਿੱਛੇ ਲੱਗ ਤੁਰਦੇ ਹਨ।

ਭਾਰਤ ਦੀ ਰਾਜਨੀਤੀ ਨੇ ਉਹ ਵੀ ਮੌਕਾ ਡਿੱਠਾ ਸੀ, ਜਦੋਂ ਸਾਰੀਆਂ ਗੈਰ-ਕਾਂਗਰਸੀ ਤੇ ਗੈਰ-ਭਾਜਪਾਈ ਧਿਰਾਂ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜਿਉਤੀ ਬਾਸੂ ਨੂੰ ਇਸ ਦੇਸ਼ ਦੀ ਅਗਵਾਈ ਸੌਂਪਣ ਦਾ ਫੈਸਲਾ ਕਰ ਲਿਆ ਸੀ, ਪਰ ਬਾਸੂ ਦੀ ਆਪਣੀ ਪਾਰਟੀ ਵਿੱਚ ਇੱਕਸੁਰਤਾ ਨਹੀਂ ਸੀ ਬਣੀ ਤੇ ਮੌਕਾ ਗੁਆ ਬੈਠੇ ਸਨ। ਬਾਅਦ ਵਿੱਚ ਓਦੋਂ ਵਾਲਾ ਇਹ ਪੈਂਤੜਾ ਕਈ ਵਾਰ ਚਰਚਾ ਵਿੱਚ ਆਇਆ, ਪਰ ਉਸ ਨੂੰ ਭੁੱਲ ਮੰਨਣ ਜਾਂ ਠੀਕ ਕਰਾਰ ਦੇਣ ਬਾਰੇ ਇੱਕ ਰਾਏ ਫਿਰ ਕਦੀ ਨਹੀਂ ਬਣ ਸਕੀ, ਕਿਉਂਕਿ ਇੱਕ ਵਾਰੀ ਲੈ ਲਿਆ ਪੈਂਤੜਾ ਛੱਡਣ ਵਿੱਚ ਬੇਇੱਜ਼ਤੀ ਮੰਨੀ ਜਾਂਦੀ ਹੈ। ਇਹ ਗੱਲ ਅੱਜ ਕੋਈ ਮੰਨ ਵੀ ਲਵੇ ਤਾਂ ਹਾਲਾਤ ਦੇ ਵਹਿਣ ਨੂੰ ਕੋਈ ਫਰਕ ਨਹੀਂ ਪੈਣਾ ਤੇ ਇਸ ਮੌਕੇ ਕੋਈ ਉਨ੍ਹਾਂ ਤੋਂ ਏਦਾਂ ਦਾ ਬਿਆਨ ਦਿਵਾਉਣਾ ਵੀ ਨਹੀਂ ਚਾਹੇਗਾ, ਉਨ੍ਹਾਂ ਨੂੰ ਅੱਜ ਦੇ ਹਾਲਾਤ ਮੁਤਾਬਕ ਸੋਚਣਾ ਬਣਦਾ ਹੈ। ਅਗਲੀ ਲੋਕ ਸਭਾ ਚੋਣ ਲਈ ਇਸ ਵਕਤ ਦੇਸ਼ ਦੀ ਕਮਾਨ ਸੰਭਾਲ ਰਹੀ ਧਿਰ ਜਿੰਦਾਂ ਪੱਕੇ ਪੈਰੀਂ ਆਪਣੀ ਰਾਜਨੀਤੀ ਚਲਾ ਰਹੀ ਹੈ ਅਤੇ ਇਸ ਰਾਜਨੀਤੀ ਦਾ ਮੁੱਖ ਧੁਰਾ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਬਣਾਇਆ ਪਿਆ ਹੈ, ਉਸ ਹਾਲਤ ਵਿੱਚ ਕਾਂਗਰਸ ਹੋਵੇ ਜਾਂ ਖੱਬੇ-ਪੱਖੀ ਧਿਰਾਂ ਹੋਣ, ਉਨ੍ਹਾਂ ਨੂੰ ਆਪਣੇ ਨਾਲ ਖੜੇ ਨਿਤੀਸ਼ ਕੁਮਾਰ ਵਰਗਿਆਂ ਨੂੰ ਪਛਾਨਣ ਦੀ ਲੋੜ ਸਮਝਣੀ ਚਾਹੀਦੀ ਹੈ। ਨਿਤੀਸ਼ ਕੁਮਾਰ ਜਦੋਂ ਭਾਜਪਾ ਨੂੰ ਛੱਡ ਕੇ ਉਸ ਦੀਆਂ ਵਿਰੋਧੀ ਧਿਰਾਂ ਨਾਲ ਜੁੜਿਆ ਸੀ ਤਾਂ ਇਨ੍ਹਾਂ ਸਾਰੀਆਂ ਧਿਰਾਂ ਨੇ ਖੁਸ਼ੀ ਨਾਲ ਸਵਾਗਤ ਕੀਤਾ ਤੇ ਕੱਛਾਂ ਵਜਾਈਆਂ ਸਨ। ਅਸੀਂ ਉਸ ਵੇਲੇ ਇਹ ਕਿਹਾ ਸੀ ਕਿ ਏਦਾਂ ਦੇ ਬੰਦੇ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ, ਜਿਹੜਾ ਥਾਲੀ ਦੇ ਬਤਾਊਂ ਵਾਂਗ ਕਿਸੇ ਵੀ ਪਾਸੇ ਨੂੰ ਰਿੜ੍ਹ ਸਕਦਾ ਹੈ। ਦੇਸ਼ ਦੀ ਕੌਮੀ ਰਾਜਨੀਤੀ ਬਾਰੇ ਲਿਖਦੇ ਰਹਿਣ ਵਾਲੇ ਕੁਝ ਚਿੰਤਕਾਂ ਦੀ ਇਹ ਰਾਏ ਹੈ ਕਿ ਨਿਤੀਸ਼ ਵਿਰੋਧ ਦੀਆਂ ਧਿਰਾਂ ਦੇ 'ਇੰਡੀਆ' ਗੱਠਜੋੜ ਦਾ ਆਗੂ ਬਣਨ ਦੀ ਗੱਲ ਚੱਲਣ ਤੋਂ ਪਹਿਲਾਂ ਭਾਜਪਾ ਦੇ ਸੰਪਰਕ ਵਿੱਚ ਆ ਚੁੱਕਾ ਸੀ। ਇਨ੍ਹਾਂ ਚਿੰਤਕਾਂ ਦੀ ਰਾਏ ਹੈ ਕਿ ਉਹ ਇਸ ਦਾਅ ਵਿੱਚ ਉਨ੍ਹਾਂ ਨਾਲ ਖੜਾ ਸੀ ਕਿ ਪਹਿਲਾਂ ਵਿਰੋਧੀ ਧਿਰਾਂ ਦੇ ਗੱਠਜੋੜ ਵੱਲੋਂ ਪ੍ਰਧਾਨ ਮੰਤਰੀ ਲਈ ਉਮੀਦਵਾਰ ਬਣ ਜਾਵੇ ਤੇ ਫਿਰ ਭਾਜਪਾ ਦੇ ਗੱਠਜੋੜ ਨਾਲ ਸਾਂਝ ਪਾ ਲਵੇ, ਤਾਂ ਕਿ ਸਾਰੇ ਦੇਸ਼ ਵਿੱਚ ਇਹ ਕਹਿ ਕੇ ਚੋਣ-ਚੱਕਾ ਜਮਾ ਲਿਆ ਜਾਵੇ ਕਿ ਵਿਰੋਧੀ ਧਿਰਾਂ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਖੁਦ ਭਾਜਪਾ ਵਿੱਚ ਆ ਗਿਆ ਹੈ। ਇਸ ਵਿੱਚ ਸੱਚ ਕਿੰਨਾ ਹੈ ਅਤੇ ਫੋਕੀ ਕਿਆਫੇਬਾਜ਼ੀ ਕਿੰਨੀ ਹੈ, ਕਹਿ ਸਕਣਾ ਔਖਾ ਹੈ, ਪਰ ਏਦਾਂ ਹੋ ਵੀ ਸਕਦਾ ਸੀ।

ਹਾਲਾਤ ਦਾ ਅਜੋਕਾ ਵਹਿਣ ਜਿਸ ਪਾਸੇ ਵੱਲ ਜਾਂਦਾ ਦਿੱਸਦਾ ਹੈ, ਉਸ ਨੂੰ ਸਮਝ ਕੇ ਪੈਂਤੜੇ ਤੈਅ ਕਰਨੇ ਵਿਰੋਧੀ ਧਿਰ ਦੇ ਆਗੂਆਂ ਲਈ ਇਸ ਵਕਤ ਸਿਰੇ ਦੀ ਸਮਝਦਾਰੀ ਦਾ ਕੰਮ ਹੋਣਾ ਚਾਹੀਦਾ ਹੈ, ਪਰ ਜਿਹੜੀ ਵਿਰੋਧੀ ਧਿਰ ਆਪਣੇ ਅੰਦਰ ਵਾਲੇ ਮੱਤਭੇਦਾਂ ਵਿੱਚੋਂ ਨਹੀਂ ਨਿਕਲ ਰਹੀ, ਉਹ ਅਗਲਾ ਪੈਂਤੜਾ ਕਦੋਂ ਤੈਅ ਕਰੇਗੀ! ਕਾਂਗਰਸ ਪਾਰਟੀ ਇਕਲੌਤੇ ਆਗੂ ਰਾਹੁਲ ਗਾਂਧੀ ਤੋਂ ਸਿਵਾ ਕਿਸੇ ਨੂੰ ਯੋਗ ਨਾ ਸਮਝਣ ਦੀ ਮਾਨਸਿਕ ਅਵਸਥਾ ਤੋਂ ਬਾਹਰ ਨਹੀਂ ਆ ਰਹੀ ਅਤੇ ਉਸ ਨਾਲ ਜੁੜੀਆਂ ਧਿਰਾਂ ਵਿੱਚੋਂ ਕੋਈ ਇਹ ਕਹਿਣ ਜੋਗੀ ਨਹੀਂ ਲੱਗਦੀ ਕਿ ਬੁਰਜੀਆਂ ਪੂਜਣ ਨਾਲ ਬੇੜੀਆਂ ਪਾਰ ਨਹੀਂ ਲੱਗਦੀਆਂ ਹੁੰਦੀਆਂ। ਮਮਤਾ ਬੈਨਰਜੀ ਕਿਸੇ ਮੁਸ਼ਕਲ ਵਿੱਚ ਫਸਦੀ ਹੈ ਤਾਂ ਉਸ ਦੀ ਮਦਦ ਕਰਨ ਦੀ ਥਾਂ ਉਸ ਨਾਲ ਚੋਣ ਲਈ ਸੀਟਾਂ ਦੀ ਵੰਡ ਦਾ ਆਢਾ ਲਾਉਣ ਲਈ ਕਾਂਗਰਸ ਪਾਰਟੀ ਕਿਸੇ ਅਧੀਰ ਰੰਜਨ ਨੂੰ ਅੱਗੇ ਲਾ ਕੇ ਬਣੀ ਖੇਡ ਵਿਗਾੜ ਲੈਂਦੀ ਹੈ। ਕਰਨਾਟਕ ਵਿੱਚ ਐੱਚ ਡੀ ਦੇਵਗੌੜਾ ਅਤੇ ਉਸ ਦੇ ਪੁੱਤਰ ਕੁਮਾਰਸਵਾਮੀ ਨੂੰ ਕਾਂਗਰਸੀ ਲੀਡਰਾਂ ਦੀ ਉਸ ਰਾਜ ਵਿੱਚ ਸੱਤਾ ਦੀ ਭੁੱਖ ਨੇ ਏਨਾ ਦੂਰ ਕਰ ਦਿੱਤਾ ਹੈ ਕਿ ਜਿਸ ਭਾਜਪਾ ਵਿਰੁੱਧ ਉਹ ਉਸ ਰਾਜ ਵਿੱਚ ਅਗਵਾਈ ਕਰਨ ਵਾਲੇ ਮੰਨੇ ਜਾਂਦੇ ਸਨ, ਉਸ ਰਾਜ ਵਿੱਚ ਅੱਜ ਉਹ ਦੋਵੇਂ ਭਾਜਪਾ ਦੇ ਕਰਿੰਦੇ ਬਣੇ ਨਜ਼ਰ ਪੈਂਦੇ ਹਨ। ਪਿਛਲੇ ਸਾਲ ਦੇ ਅੰਤਲੇ ਦਿਨਾਂ ਵਿੱਚ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸੀ ਆਗੂਆਂ ਦਾ ਅਜੇ ਵੀ ਵੱਡੀ ਪਾਰਟੀ ਹੋਣ ਦਾ ਵਹਿਮ ਤੇ ਬਾਕੀ ਪਾਰਟੀਆਂ ਦਾ ਕਾਂਗਰਸ ਦੀ ਪਰ ਕੁਤਰਨ ਦੀ ਸੋਚ ਦੋਵਾਂ ਧਿਰਾਂ ਲਈ ਘਾਟੇ ਦਾ ਸੌਦਾ ਬਣੀ ਸੀ ਅਤੇ ਭਾਜਪਾ ਹਾਰਦੀ ਸੁਣੀ ਜਾਂਦੀ ਫਿਰ ਜਿੱਤ ਗਈ ਸੀ। ਜਿਹੜੇ ਕੇਂਦਰੀ ਕਾਂਗਰਸੀ ਲੀਡਰਾਂ ਨੇ ਉਸ ਵਕਤ ਭੱਠਾ ਬਿਠਾਇਆ ਸੀ, ਉਹ ਅੱਜ ਵੀ ਵਿਰੋਧੀ ਪਾਰਟੀਆਂ ਦੇ ਗੱਠਜੋੜ ਦੇ ਅਗਵਾਨੂੰ ਬਣਨ ਦੀਆਂ ਡੀਂਗਾਂ ਮਾਰਦੇ ਦਿਖਾਈ ਦੇਂਦੇ ਹਨ।

ਇਸ ਤਰ੍ਹਾਂ ਦੇ ਹਾਲਾਤ ਵਿੱਚ ਭਾਰਤੀ ਰਾਜਨੀਤੀ ਦਾ ਭਵਿੱਖ ਕਿੱਦਾਂ ਦਾ ਹੈ, ਇਸ ਬਾਰੇ ਕੁਝ ਕਹਿ ਦੇਣਾ ਵਕਤ ਤੋਂ ਪਹਿਲਾਂ ਦੀ ਗੱਲ ਹੋਵੇਗੀ, ਪਰ ਇਹ ਕਹਿਣ ਤੋਂ ਕਈ ਲੇਖਕ ਝਿਜਕ ਨਹੀਂ ਰਹੇ ਕਿ ਜੇ ਵਿਰੋਧੀ ਧਿਰ ਇਸ ਵਾਰ ਹੋਰ ਵੀ ਸੱਟ ਖਾ ਗਈ ਤਾਂ ਦੇਸ਼ ਦੇ ਲੋਕਾਂ ਨੂੰ ਜੋ ਭੁਗਤਣਾ ਪਿਆ, ਉਸ ਦੀ ਜ਼ਿਮੇਵਾਰੀ ਇਨ੍ਹਾਂ ਦੀ ਹੋਵੇਗੀ। ਸਿਆਸਤ ਜਿਸ ਮੋੜ ਉੱਤੇ ਆਣ ਪਹੁੰਚੀ ਹੈ, ਵਿਰੋਧੀ ਧਿਰਾਂ ਦੇ ਆਗੂਆਂ ਦੇ ਹਰ ਪੈਂਤੜੇ ਵੱਲ ਦੇਸ਼ ਦੇ ਲੋਕ ਨੀਝ ਨਾਲ ਵੇਖ ਰਹੇ ਹਨ।

# ਬਘਿਆੜਾਂ 'ਚ ਘਿਰੀ ਲੂੰਬੜੀ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕਦੇ ਹਰਿਆਣੇ 'ਚ ਮੁੱਖ ਮੰਤਰੀ ਭਜਨ ਲਾਲ ਕਰਕੇ "ਆਇਆ ਰਾਮ ਅਤੇ ਗਿਆ ਰਾਮ" ਦਾ ਨਾਅਰਾ ਸੰਬੰਧਤ ਮੁੱਖ ਮੰਤਰੀ ਦੀਆਂ ਟਪੂਸੀਆਂ ਮਾਰਨ ਖਾਤਰ ਏਨਾ ਮਸ਼ਹੂਰ ਹੋਇਆ ਸੀ ਕਿ ਆਮ ਜਨਤਾ ਦੀ ਜ਼ੁਬਾਨ ਤੇ ਆ ਗਿਆ ਸੀ। ਪੰਚਾਇਤਾਂ ਸੁਸਾਇਟੀਆਂ ਮਿਊਂਸਪਲ ਕਮੇਟੀਆਂ ਅਤੇ ਨਗਰ ਨਿਗਮਾਂ 'ਚ ਖਾਸਾ ਬਦਲਣ ਵਾਲਿਆਂ ਨੂੰ ਆਮ ਕਰਕੇ ਇਸ ਨਾਅਰੇ ਨਾਲ ਵੇਲੇ ਕੁਵੇਲੇ ਸੰਬੋਧਨ ਕੀਤਾ ਜਾਂਦਾ ਸੀ। ਸਮਾਂ ਪਾ ਕੇ ਅਜਿਹੇ ਟਪੂਸੀਆਂ ਮਾਰਨ ਵਾਲਿਆਂ ਨੂੰ ਅਜੋਕੀ ਜਨਤਾ ਨੇ ਪਲਟੂ ਏਨਾ ਸਸਤਾ ਨਾਮ ਵੀ ਨਹੀਂ ਸੀ ਕਿ ਕਿਸੇ ਨੂੰ ਇੱਕ ਵਾਰ ਹੀ ਟਪੂਸੀ ਮਾਰਨ 'ਤੇ ਦਿੱਤਾ ਜਾਵੇ। ਖੈਰ, ਗੱਲ ਨੂੰ ਨੇੜੇ ਕਰਦਿਆਂ ਇਸ ਵਿਸ਼ਲੇਸ਼ਣ ਦਾ ਅਸਲੀ ਹੱਕਦਾਰ ਬਿਹਾਰੀ ਬਾਬੂ ਬਣਿਆ ਜੋ ਆਪ ਅਤੇ ਉਸ ਦੇ ਚੇਲਿਆਂ ਰਾਹੀਂ ਸਿਆਸਤ ਵਿੱਚ ਵੱਧ ਇਮਾਨਦਾਰ ਕਰਕੇ ਪ੍ਰਚਾਰਿਆ ਜਾਂਦਾ ਹੈ। ਜਿਸ ਨੇ ਹਰ ਟਪੂਸੀ ਵੇਲੇ ਨਵੇਂ ਤੋਂ ਨਵਾਂ ਬਹਾਨਾ ਘੜਿਆ। ਅੱਗੇ ਤੋਂ ਅਜਿਹਾ ਨਾ ਕਰਨ ਦੀਆਂ ਕਸਮਾਂ ਖਾ ਕੇ ਸਮੇਂ ਸਮੇਂ ਸਿਰ ਜਨਤਾ ਨੂੰ ਮੂਰਖ ਬਣਾਉਂਦਾ ਰਿਹਾ। ਪਰ ਹੱਦ ਤਾਂ ਉਦੋਂ ਹੋ ਗਈ ਜਦੋਂ ਆਖ਼ਰੀ ਵਾਰ ਟਪੂਸੀ ਮਾਰਨ ਤੋਂ ਪਹਿਲਾਂ ਇਹ ਕਹਿ ਕੇ ਜਨਤਾ ਨੂੰ ਮੂਰਖ ਬਣਾਇਆ ਗਿਆ ਕਿ "ਹਮ ਮਰ ਜਾਏਗੇ ਮਗਰ ਫਿਰ ਕਦੇ ਭਾਜਪਾ ਕੇ ਸਾਥ ਨਹੀਂ ਜਾਏਗੇ" ਦੁਬਾਰਾ ਨਾ ਜਾਣ ਦੀਆਂ ਕਸਮਾ ਕੈਮਰੇ ਸਾਹਮਣੇ ਖਾਧੀਆਂ। ਪਲਟੂ ਰਾਮ ਵੱਲੋਂ ਜੋ ਇਸ ਸਮੇਂ ਤੱਕ ਆਖਰੀ ਟਪੂਸੀ ਮਾਰੀ ਗਈ। ਜਿਸ ਨੇ ਸਭ ਨੂੰ ਇਸ ਕਰਕੇ ਵੱਧ ਹੈਰਾਨ ਕਰ ਦਿੱਤਾ ਕਿ ਜਿਸ ਬੀ ਜੇ ਪੀ ਕੋਲੋਂ ਉਹ ਵੱਧ ਦੁਖੀ ਜਾਪਦਾ ਸੀ। ਜਿਸ ਨੂੰ ਹਰਾਉਣ ਲਈ ਸਭ ਤੋਂ ਪਹਿਲਾਂ ਕੱਪੜੇ ਲਾਹ ਕੇ ਜੋ ਮੈਦਾਨ ਵਿੱਚ ਭਾਜਪਾ ਵਿਰੋਧੀਆਂ ਨੂੰ ਇਕੱਠਾ ਕੀਤਾ। ਉਸ ਮਹਾਂ-ਗਠਜੋੜ ਦਾ ਨਾਮਕਰਨ ਤਕ ਕਰਾਇਆ। ਜਿਸ ਮਹਾਂ-ਗਠਜੋੜ ਦੀ ਪਲੇਠੀ ਮੀਟਿੰਗ ਆਪਣੇ ਸੂਬੇ ਦੇ ਵਿਹੜੇ 'ਚ ਕਰਾਈ। ਵਾਹ ਵਾਹ ਖੱਟੀ ਅਤੇ ਇਸ ਗੱਲ ਦਾ ਢੰਡੋਰਾ ਪਿੱਟਿਆ ਕਿ ਮੈਨੂੰ ਕੁਝ ਨਹੀਂ ਚਾਹੀਦਾ। ਬਸ ਮੈਂ ਤਾਂ ਸਿਰਫ਼ ਸੇਵਾਦਾਰ ਹੀ ਹਾਂ। ਜਦ ਦੋ-ਚਾਰ ਮੀਟਿੰਗਾਂ ਤੋਂ ਬਾਅਦ ਮੌਸਮ ਵਿਗਿਆਨੀਆਂ ਵਾਂਗ ਉਸ ਨੇ ਸੁੰਘ ਲਿਆ ਕਿ ਸੱਚ-ਮੁੱਚ ਮੈਨੂੰ ਕੋਈ ਅਹੁਦਾ ਮਿਲਣ ਵਾਲਾ ਨਹੀਂ ਹੈ ਤਾਂ ਉਸ ਨੇ ਆਪਣੇ ਪੁਰਾਣੇ ਸੁਭਾਅ ਮੁਤਾਬਕ ਆਪਣਾ ਤਾਣਾ-ਬਾਣਾ ਬੁਣਨਾ ਸ਼ੁਰੂ ਕਰ ਦਿੱਤਾ। ਜਿਉਂ ਹੀ ਆਪਣੀ ਪਾਰਟੀ ਤੇ ਮੁੜ ਆਪਣਾ ਕੰਟਰੋਲ ਸੰਪੂਰਨ ਕੀਤਾ ਤਾਂ ਫਿਰ ਪੰਜਾਬੀ ਅਖਾਣ ਮੁਤਾਬਕ 'ਖਸਮ ਨਾਲ ਰੁੱਸੀ ਤੇ ਸਹੁਰੇ ਨਾਲ ਜਾ ਪਈ' ਵਾਂਗ ਮੁੜ ਉਨ੍ਹਾਂ ਪਾਸ ਜਾ ਖਾਤਾ ਖੋਲ੍ਹਿਆ, ਜਿਨ੍ਹਾਂ ਤੋਂ ਘੁੰਡ ਕੱਢਿਆ ਹੋਇਆ ਸੀ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸੂਬੇ ਵਿੱਚ ਤੀਜੇ ਨੰਬਰ ਦੀ ਪਾਰਟੀ ਹੋਣ ਕਰਕੇ, ਜਿਥੇ ਛੇਵੀਂ ਵਾਰ ਟਪੂਸੀ ਮਾਰਨ ਦਾ ਰਿਕਾਰਡ ਕਾਇਮ ਕੀਤਾ, ਉਥੇ ਮੁੜ ਮੁੜ ਮੁੱਖ ਮੰਤਰੀ ਬਣਨ ਦਾ ਰਿਕਾਰਡ ਵੀ ਨੌਂ ਵਾਰ ਬਣਨ ਦਾ ਪਲਟੂ ਰਾਮ ਨੇ ਆਪਣੇ ਨਾਮ ਕਰ ਲਿਆ ਅਗਰ ਡੂੰਘਾਈ ਨਾਲ ਨਜ਼ਰ ਮਾਰੀ ਜਾਵੇ ਤਾਂ ਸਿਆਸਤ ਦੇ ਵੀ ਕੁਝ ਪਵਿੱਤਰ ਰੂਲ (ਨਿਯਮ) ਹਨ। ਪਰ ਸਿਆਸਤ ਵਿੱਚ ਹਰ ਕੋਈ ਆਪਣਾ ਮੁਫ਼ਾਦ ਅੱਗੇ ਰੱਖ ਕੇ ਸਾਰੀਆਂ ਮਿੱਥੀਆਂ ਰੇਖਾਵਾਂ ਟੱਪ ਜਾਂਦਾ ਹੈ। ਜਿਸ ਕਰਕੇ ਅਜੋਕੀ ਸਿਆਸਤ ਵਿੱਚ ਨਿਘਾਰ ਦੇਖਿਆ ਜਾਂਦਾ ਹੈ।

ਬਿਹਾਰੀ ਬਾਬੂ ਨੇ ਜੋ ਟਪੂਸੀ ਮਾਰ ਕੇ ਸਿਆਸਤ ਦੇ ਨਿਘਾਰ ਵਿੱਚ ਵਾਧਾ ਕੀਤਾ ਹੈ, ਉਸ ਵਿੱਚ ਪਲਟੂ ਰਾਮ ਇਕੱਲਾ ਨਹੀਂ। ਦੂਜੇ ਪਾਸੇ ਵੀ ਅਜਿਹੀਆਂ ਸਹੁੰਆਂ ਖਾਧੀਆਂ ਅਤੇ ਪ੍ਰਚਾਰੀਆਂ ਗਈਆਂ ਕਿ "ਅਸੀਂ ਮਰ ਤਾਂ ਜਾਵਾਂਗੇ ਪਰ ਟਪੂਸੀਬਾਜ਼ ਨਾਲ ਮੁੜ ਕਦੇ ਸਾਂਝ ਨਹੀਂ ਪਾਵਾਂਗੇ।" ਪਰ ਉਨ੍ਹਾਂ ਵੀ ਪਲਟੂ ਰਾਮ ਵਾਂਗ ਆਪਣਾ ਥੁੱਕਿਆ ਆਪ ਹੀ ਚੱਟਿਆ ਹੈ। ਪਿਛਲੇ ਰਿਕਾਰਡ ਕੱਢ ਵੇਖੋ ਜਿਨ੍ਹਾਂ ਦੋ ਉਪ ਮੁੱਖ ਮੰਤਰੀਆਂ ਵਿਚਾਲੇ ਮੌਜੂਦਾ ਮੁੱਖ ਮੰਤਰੀ (ਪਲਟੂ ਰਾਮ) ਘਿਰਿਆ ਪਿਆ ਹੈ, ਉਨ੍ਹਾਂ ਵੀ ਬਿਹਾਰੀ ਬਾਬੂ ਨੂੰ ਸਿਆਸੀ ਤੌਰ 'ਤੇ ਖ਼ਤਮ ਹੋਣ ਤੱਕ ਪਗੜੀ ਨਾ ਉਤਾਰਨ ਤਕ ਦਾ ਪ੍ਰਣ ਕੀਤਾ ਹੋਇਆ ਸੀ। ਉਨ੍ਹਾਂ ਦੋਹਾਂ ਨੇ ਵੀ ਲਾਲਚ ਵੱਸ ਉਸੇ ਤਨਖ਼ਾਹ 'ਤੇ ਕੰਮ ਕਰਨਾ ਮਨਜ਼ੂਰ ਕਰ ਲਿਆ ਹੈ। ਕਿਥੇ ਗਈਆ ਸਹੁੰਆਂ ਖਾਧੀਆਂ ਤੇ ਬਾਕੀ ਸਮਾਜੀ ਕਦਰਾਂ ਕੀਮਤਾਂ? ਹੋਰ ਦੇਖੋ ਇੱਕ ਵੀ ਉਪ ਮੁੱਖ ਮੰਤਰੀ ਪਲਟੂ ਰਾਮ ਦੇ ਕਹਿਣ 'ਤੇ ਨਹੀਂ ਲਾਇਆ ਗਿਆ। ਸਾਫ਼ ਕਰ ਦਿੱਤਾ ਗਿਆ ਹੈ ਕਿ ਵੱਡੇ ਭਾਈ ਦੇ ਰੋਲ 'ਚ ਭਾਜਪਾ ਰਹੇਗੀ। ਬਿਹਾਰੀ ਪਲਟੂ ਰਾਮ ਦੀਆਂ ਕੀ ਮਜਬੂਰੀਆਂ ਰਹੀਆਂ ਹੋਣਗੀਆਂ ਜਿਸ ਨੇ ਭਾਜਪਾ ਵਾਲਿਆਂ ਦੀਆਂ ਸਾਰੀਆਂ ਸ਼ਰਤਾਂ ਮਨਜ਼ੂਰ ਕਰਦਿਆਂ ਸੀ ਨਹੀਂ ਕੀਤੀ ਬਲਕਿ ਜੀ ਕਹਿ ਕੇ ਮਨਜ਼ੂਰ ਕੀਤੀਆਂ।

ਮੁੱਕਦੀ ਗੱਲ ਜੋ ਬਿਹਾਰੀ ਬਾਬੂ ਨੇ ਮਹਾਂ-ਗਠਜੋੜ (ਇੰਡੀਆ ਗਠਜੋੜ) ਨੂੰ ਕੋਠੇ ਚੜ੍ਹਾ ਕੇ ਜੋ ਪੌੜੀ ਖਿੱਚੀ ਹੈ ਉਸ ਦੀ ਸਜ਼ਾ ਬਿਹਾਰੀ ਬਾਬੂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਮਿਲਣੀ ਸੰਭਵ ਹੈ। ਇੰਡੀਆ ਗਠਜੋੜ ਨੂੰ ਤਾਂ ਬਿਹਾਰੀ ਬਾਬੂ ਨੇ ਆਪਣੀ ਆਦਤ ਮੁਤਾਬਕ ਮੰਝਧਾਰ ਵਿੱਚ ਛੱਡਿਆ ਹੈ। ਪਰ ਆਪ ਜਿਨ੍ਹਾਂ ਵਿਚਕਾਰ ਫਸ ਗਿਆ ਹੈ, ਦੇਖਣਾ ਹੈ ਕਿ ਸਬੂਤਾ ਬਚਦਾ ਹੈ ਕਿ ਨਹੀਂ। ਦੋਵਾਂ ਉਪ-ਮੁੱਖ ਮੰਤਰੀਆਂ ਨੇ ਵੀ ਇਸ ਗੱਲ ਦੀ ਸਹੁੰ ਖਾਧੀ ਹੋਈ ਹੈ ਕਿ ਹੋਰ ਕੁਝ ਹੋਵੇ ਜਾਂ ਨਹੀਂ ਪਰ ਪਲਟੂ ਰਾਮ ਨੂੰ ਮੁੜ ਟਪੂਸੀ ਮਾਰਨ ਯੋਗਾ ਨਹੀਂ ਰਹਿਣ ਦੇਣਾ। ਆਰ ਜੇ ਡੀ ਤਾਂ ਉਨ੍ਹਾਂ ਤੋਂ ਟੁਟਣੀ ਨਹੀਂ ਪਰ ਲਗਦਾ ਪਲਟੂਰਾਮ ਦੀ ਪਾਰਟੀ ਬਹੁਤੀ ਉਨ੍ਹਾਂ ਨਿਗਲ ਜਾਣੀ ਹੈ। ਕਿਸੇ ਦੇ ਪੱਲੇ ਕੀ ਪੈਂਦਾ ਹੈ ਅਤੇ ਕੀ ਨਹੀਂ, ਇਹ ਤਾਂ ਚੋਣਾਂ ਤੋਂ ਬਾਅਦ ਹੀ ਪਤਾ ਲੱਗੇਗਾ। ਪਰ ਪਲਟੂ ਰਾਮ ਰਾਮ ਦਾ ਭਵਿੱਖ ਜ਼ਰੂਰ ਖਤਰੇ ਵਿੱਚ ਲਗਦਾ ਹੈ। ਸਭ ਜਾਣੂ ਹਨ ਜੋ ਮੌਜੂਦਾ ਸਰਕਾਰ ਬਿਹਾਰ ਵਿੱਚ ਹੋਂਦ 'ਚ ਆਈ ਹੈ ਉਹ ਸਭ ਭਾਜਪਾ ਦੀਆਂ ਸ਼ਰਤਾਂ ਮੁਤਾਬਕ ਹੀ ਆਈ ਹੈ। ਪਲਟੂ ਰਾਮ ਦੀ ਪਲਟੀ ਨੇ ਸਭ ਧਿਰਾਂ ਨੂੰ ਵੀਹ ਸੌ ਚੌਵੀ ਦੀਆਂ ਚੋਣਾਂ ਲਈ ਚੌਕੰਨਾ ਜ਼ਰੂਰ ਕਰ ਦਿੱਤਾ ਹੈ। ਚੋਣਾਂ ਨੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਜ਼ਰੂਰ ਕਰ ਦੇਣਾ ਹੈ।

# ਸੰਪਰਕ : 98721-65741

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-6

## ਲੋਕਾਂ ਦੀ ਗੱਲ

### ਹਰਜਿੰਦਰ ਸਿੰਘ ਅਟਵਾਲ (ਡਾ.)

ਆਪਣੇ ਹੱਕਾਂ ਲਈ ਲੜਨ ਵਾਲੇ ਲੋਕਾਂ ਵਿੱਚ ਖੇਤ-ਮਜ਼ਦੂਰਾਂ ਦਾ ਇਹ ਵਰਗ ਬਹੁਤ ਹੀ ਲੰਮੇ ਸਮੇਂ ਤੋਂ ਸੰਘਰਸ਼ ਕਰਦਾ ਆ ਰਿਹਾ ਹੈ। ਪੰਜਾਬ ਮੁੱਖ ਤੌਰ 'ਤੇ ਖੇਤੀ ਅਰਥਚਾਰੇ 'ਤੇ ਨਿਰਭਰ ਕਰਨ ਵਾਲਾ ਸੂਬਾ ਹੋਣ ਕਰਕੇ ਇੱਥੇ ਇਸ ਮਜ਼ਦੂਰ ਵਰਗ ਦੀ ਗਿਣਤੀ ਤਾਂ ਵਧੇਰੇ ਹੈ, ਪਰ ਇਹ ਕੇਵਲ ਇੱਕ ਪਿੰਡ-ਇੱਕ ਇਕਾਈ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ, ਕਈ ਵਾਰ ਤਾਂ ਸਥਿਤੀ ਇਸ ਤੋਂ ਵੀ ਬਦਤਰ ਉਦੋਂ ਹੋ ਜਾਂਦੀ ਹੈ, ਜਦੋਂ ਇੱਕ ਪਿੰਡ ਵਿੱਚ ਖੇਤ ਮਜ਼ਦੂਰਾਂ ਵਿੱਚੋਂ ਇੱਕ ਧਿਰ ਕਿਸਾਨੀ ਵਿਚਲੀ ਜ਼ਮੀਨ ਮਾਲਕੀ ਦੀ ਵੱਡੀ ਧਿਰ ਦੇ ਆਰਥਿਕ ਅਤੇ ਸਮਾਜਿਕ ਦਾਬੇ ਹੇਠ ਆ ਕੇ ਆਪਣੇ ਹੀ ਵਰਗ ਦਾ ਸਾਥ ਦੇਣ ਤੋਂ ਇਨਕਾਰੀ ਹੀ ਨਹੀਂ ਹੁੰਦੀ, ਸਗੋਂ ਸੰਘਰਸ਼ ਕਰਦੀ ਉਸ ਧਿਰ ਦੇ ਵਿਰੋਧ ਵਿੱਚ ਖੜ ਜਾਂਦੀ ਹੈ। ਪੰਜਾਬ ਦੇ ਵੱਡੇ ਖਿੱਤੇ ਮਾਲਵੇ ਵਿੱਚ ਇਹ ਕਿਸਾਨ ਨਾਲ ਸਾਂਝ-ਭਿਆਲੀ (ਸੀਰੀ) ਦੇ ਰੂਪ ਵਿੱਚ ਕੰਮ ਕਰਦੀ ਆ ਰਹੀ ਹੈ। ਕਿਸਾਨ ਦੀ ਸਾਰੇ ਸਾਲ ਵਿੱਚ ਹੋਣ ਵਾਲੀ ਫਸਲ ਦਾ ਬਹੁਤ ਹੀ ਛੋਟਾ ਜਿਹਾ ਹਿੱਸਾ ਸੀਰੀ ਦੇ ਹਿੱਸੇ ਆਉਂਦਾ ਹੈ, ਜਿਸ ਨਾਲ ਉਹ ਆਪਣੇ ਘਰ ਦਾ ਚੁੱਲ੍ਹਾ ਸਾਰਾ ਸਾਲ ਮਘਦਾ ਰੱਖਣ ਲਈ ਵੀ ਕਰਜ਼ੇ ਦੀ ਦਲਦਲ ਵਿੱਚ ਫਸ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਉਸ ਦੇ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਬਾਰੇ ਕੁਝ ਵੀ ਨਹੀਂ ਬਚਦਾ, ਜੇਕਰ ਸਿਹਤ ਸੰਬੰਧੀ ਕੋਈ ਬਿਪਤਾ ਆ ਜਾਵੇ ਤਾਂ ਉਸ ਦੇ ਕਰਜ਼ੇ ਦੀ ਪੰਡ ਹੋਰ ਭਾਰੀ ਹੁੰਦੀ ਰਹਿੰਦੀ ਹੈ। ਇਹ ਕਰਜ਼ਾ ਮੁੱਖ ਤੌਰ 'ਤੇ ਸ਼ਾਹੂਕਾਰ ਜਾਂ ਉਸ ਜ਼ਿਮੀਦਾਰ ਤੋਂ ਹੀ ਲੈਣਾ ਪੈਂਦਾ ਹੈ, ਜਿਨ੍ਹਾਂ ਦੇ ਘਰੀਂ ਅਤੇ ਖੇਤਾਂ ਵਿੱਚ ਉਹ ਕੰਮ ਕਰਦਾ ਹੈ, ਅਸਲ ਵਿੱਚ ਇਹ ਕੰਮ ਇੱਕ ਵੰਗਾਰ ਬਣ ਕੇ ਹੀ ਰਹਿ ਜਾਂਦਾ ਹੈ। ਪੰਜਾਬ ਦੇ ਦੂਜੇ ਖਿੱਤਿਆਂ ਵਿੱਚ ਖੇਤ ਮਜ਼ਦੂਰ ਭਾਵੇਂ ਪੈਸੇ ਦੇ ਰੂਪ ਵਿੱਚ ਆਪਣੀ ਉਜਰਤ ਲੈਂਦਾ ਆ ਰਿਹਾ ਹੈ, ਪਰ ਉਸ ਦੀ ਆਰਥਿਕ-ਸਮਾਜਿਕ ਸਥਿਤੀ ਨਹੀਂ ਬਦਲਦੀ।

ਜ਼ਮੀਨ ਮਾਲਕੀ ਵਾਲੀ ਧਿਰ ਅਤੇ ਬੇਜ਼ਮੀਨੀ ਧਿਰ ਦੀ ਇਹ ਕਸ਼ਮਕਸ਼ ਸਦੀਆਂ ਤੋਂ ਚਲਦੀ ਆ ਰਹੀ ਹੈ। ਜ਼ਮੀਨ ਮਾਲਕੀ ਵਾਲੀ ਧਿਰ ਕੋਲ ਆਰਥਿਕ ਵਸੀਲੇ ਹਨ, ਸਮਾਜਿਕ ਰੁਤਬਾ ਵਧਾਉਣ ਵਿੱਚ ਇਹ ਜ਼ਮੀਨ ਮਾਲਕੀ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਪੰਜਾਬ ਦੇ ਪਿੰਡਾਂ ਦੀਆਂ ਅਜਿਹੀਆਂ ਖ਼ਬਰਾਂ ਸਾਨੂੰ ਅਕਸਰ ਪੜ੍ਹਨ-ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਕਿ ਕਿਸੇ ਪਿੰਡ ਵਿੱਚ ਦਿਹਾੜੀ ਦੇ ਪੈਸੇ ਵਧਾਉਣ ਲਈ ਇਕੱਠੇ ਹੋਏ ਖੇਤ ਮਜ਼ਦੂਰਾਂ ਖਿਲਾਫ਼ ਘੱਟ ਜਾਂ ਵੱਧ ਜ਼ਮੀਨ ਮਾਲਕੀ ਵਾਲੇ ਜੱਟ (ਕਿਸਾਨ) ਵੀ ਇਕੱਠੇ ਹੋ ਕੇ ਦੋ ਤਰ੍ਹਾਂ ਦੇ ਤੁਗਲਕੀ ਫੈਸਲੇ ਕਰਦੇ ਆ ਰਹੇ ਹਨ, ਇੱਕ ਤਾਂ ਉਹ ਸੰਘਰਸ਼ ਕਰਦੇ ਮਜ਼ਦੂਰਾਂ ਨੂੰ ਕੁਦਰਤੀ ਹਾਜਤ (ਜੰਗਲ ਪਾਣੀ) ਕਰਨ ਲਈ ਆਪਣੀ ਮਾਲਕੀ ਵਾਲੀ ਜ਼ਮੀਨ 'ਤੇ ਆਉਣੋਂ ਰੋਕਦੇ ਹਨ, ਦੂਜਾ ਮਜ਼ਦੂਰ ਵਰਗ ਵੱਲੋਂ ਆਪਣੇ ਘਰਾਂ 'ਚ ਪਾਲੇ ਪਸ਼ੂਆਂ ਦੇ ਚਾਰੇ ਲਈ ਜ਼ਮੀਨ ਮਾਲਕੀ ਵਾਲੇ ਵਰਗ ਨੂੰ ਆਪਣੇ ਖੇਤ ਬੰਨੇ ਤੋਂ ਆਉਣੋਂ ਸਾਫ ਮਨ੍ਹਾ ਕਰ ਦਿੰਦੇ ਹਨ। ਕਈ ਪਿੰਡਾਂ ਵਿੱਚ ਇਸ ਮਸਲੇ 'ਤੇ ਖੂਨੀ ਝੜਪਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇੱਥੇ ਮਜ਼ਦੂਰ ਵਰਗ ਪਿੰਡ ਪੱਧਰ 'ਤੇ ਪਨਪ ਰਹੀ ਹਿਟਲਰਸ਼ਾਹੀ ਦਾ ਸ਼ਿਕਾਰ ਬਣਦੇ ਹਨ। ਆਰਥਿਕ-ਸਮਾਜਿਕ ਤੌਰ 'ਤੇ ਅਤਿ ਹੀਣੇ ਲੋਕ, ਜੱਟਾਂ ਦੀ ਧੌਂਸ ਦਾ ਸ਼ਿਕਾਰ ਹੋ ਕੇ ਏਕੇ ਨੂੰ ਮਜ਼ਬੂਤ ਰੱਖਣ ਦੀ ਸਥਿਤੀ ਵਿੱਚ ਨਹੀਂ ਹੁੰਦੇ ਜਾਂ ਨਹੀਂ ਰਹਿੰਦੇ, ਸਿੱਟੇ ਵਜੋਂ ਸੰਘਰਸ਼ ਕਰਦੀ ਇਹ ਧਿਰ ਪਾਟੋਧਾੜ ਦਾ ਸ਼ਿਕਾਰ ਹੋ ਜਾਂਦੀ ਰਹੀ ਹੈ। ਇਸ ਸਥਿਤੀ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਆਰਥਿਕ-ਸਮਾਜਿਕ ਥੁੜਾਂ ਮਾਰੀ ਇਹ ਧਿਰ ਇਕੱਠੇ ਹੋ ਕੇ ਸੰਘਰਸ਼ ਕਰਨਾ ਚਾਹੁੰਦੀ ਹੋਈ ਵੀ ਇਸ ਦੇ ਸਮਰੱਥ ਨਹੀਂ ਰਹਿੰਦੀ। ਖੇਤ ਮਜ਼ਦੂਰਾਂ ਦੀ ਇਹ ਮਜਬੂਰੀ ਅੱਜ ਤੱਕ ਵੀ ਹਾਜ਼ਰ ਹੈ। ਭਾਵੇਂ ਪੰਜਾਬ ਵਿਚਲੇ ਹਰੇ ਇਨਕਲਾਬ ਨਾਲ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਸਥਾਨਕ ਮਜ਼ਦੂਰਾਂ ਦੀ ਇਸ ਵਿੱਚ ਹਿੱਸੇਦਾਰੀ ਘਟਦੀ ਜਾ ਰਹੀ ਹੈ। ਪੂਰਬੀ ਮਜ਼ਦੂਰਾਂ ਦੇ ਆਉਣ ਨਾਲ ਇਹ ਸਥਿਤੀ ਕਾਫ਼ੀ ਭਿੰਨ ਹੋ ਰਹੀ ਹੈ। ਅਸਲ ਵਿੱਚ ਕਿਸਾਨੀ ਵਿਚਲੇ ਵਿਕਾਸ ਦੇ ਅਸਾਵੇਂਪਣ ਦੀ ਮਾਰ ਕਿਸਾਨ ਅਤੇ ਮਜ਼ਦੂਰ ਝੱਲ ਰਹੇ ਹਨ, ਹਰ ਪਾਸੇ ਚੇਤਨਾ ਦੀ ਘਾਟ ਦੋਨੋਂ ਧਿਰਾਂ ਦਾ ਹੀ ਨੁਕਸਾਨ ਕਰਦੀ ਆ ਰਹੀ ਹੈ।

ਸਮਾਜ ਵਿੱਚ ਆਪਣੇ ਹੱਕਾਂ ਅਤੇ ਹੋਰ ਸਮਾਜਿਕ ਵਰਤਾਰਿਆਂ ਪ੍ਰਤੀ ਲੋਕ ਚੇਤਨਾ ਪੈਦਾ ਕਰਨ ਦਾ ਜ਼ਿੰਮਾ ਮੁੱਖ ਤੌਰ 'ਤੇ ਉਨ੍ਹਾਂ ਧਿਰਾਂ ਦਾ ਹੋਇਆ ਕਰਦਾ ਹੈ, ਜੋ ਮੂਲ ਰੂਪ ਵਿੱਚ ਸਮਾਜਿਕ ਬਰਾਬਰੀ ਦੇ ਸਿਧਾਂਤ ਨਾਲ ਜੁੜੀ ਹੋਈ ਵਿਚਾਰਧਾਰਾ ਦੀ ਹਾਮੀ ਭਰਦੀਆਂ ਹੋਣ। ਪੰਜਾਬ ਵਿੱਚ ਇਸ ਪਾਸੇ ਥੋੜ੍ਹਾ ਕੰਮ ਹੋਇਆ ਵੀ ਹੈ। ਖੱਬੇ ਪੱਖੀ ਰਾਜਨੀਤਕ ਪਾਰਟੀਆਂ ਦੇ ਮਜ਼ਦੂਰ ਵਿੰਗ ਕੁਝ ਥਾਵਾਂ 'ਤੇ ਠੀਕ ਕੰਮ ਕਰ ਵੀ ਰਹੇ ਹਨ, ਪਰ ਕਈ ਵਾਰ ਅਜਿਹਾ ਵੀ ਵਾਪਰਿਆ ਹੈ ਕਿ ਮਜ਼ਦੂਰਾਂ ਨੂੰ ਲੰਮੇ ਅਤੇ ਤਿੱਖੇ ਸੰਘਰਸ਼ ਵਿੱਚ ਪਾ ਕੇ, ਸਿਖਰ 'ਤੇ ਪੁਚਾ ਕੇ ਕੁਝ ਮਜ਼ਦੂਰ ਆਗੂ ਕਿਸੇ ਲਾਲਚ ਜਾਂ ਦਬਾਅ ਹੇਠ ਆ ਕੇ ਅਜਿਹਾ ਸਮਝੌਤਾ ਕਰ ਲੈਂਦੇ ਹਨ, ਜਿਸ ਨਾਲ ਮਜ਼ਦੂਰਾਂ ਦੇ ਚੱਲ ਰਹੇ ਸੰਘਰਸ਼ ਨੂੰ ਅਜਿਹਾ ਖੋਰਾ ਲਗਦਾ ਹੈ ਕਿ ਸੰਘਰਸ਼ ਕਰਦੀਆਂ ਧਿਰਾਂ ਨੂੰ ਆਪਣੇ ਆਗੂਆਂ ਵਿੱਚ ਯਕੀਨ ਹੀ ਨਹੀਂ ਰਹਿੰਦਾ, ਅਜਿਹੇ ਹਾਲਾਤ ਦੀ ਤਾਕ ਵਿੱਚ ਬੈਠੀਆਂ ਧਿਰਾਂ ਆਪਣਾ ਅਜਿਹਾ ਦਾਅ ਲਾ ਜਾਂਦੀਆਂ ਹਨ, ਜਿਸ ਨਾਲ ਮਜ਼ਦੂਰ ਵਰਗ ਦਾ ਹੋਰ ਨੁਕਸਾਨ ਹੋ ਜਾਂਦਾ ਹੈ।

ਜਿੰਨੀ ਦੇਰ ਇਸ ਵਰਗ ਵਿੱਚ ਅਜਿਹੀ ਚੇਤਨਾ ਪੈਦਾ ਨਹੀਂ ਹੁੰਦੀ, ਜਿਸ ਨਾਲ ਇਹ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਨਾਲ-ਨਾਲ ਉਨ੍ਹਾਂ ਸਮਾਜਿਕ ਸਥਿਤੀਆਂ ਬਾਰੇ ਵੀ ਜਾਗਰੂਕ ਹੋਣ, ਜਿਨ੍ਹਾਂ ਵਿੱਚ ਇਹ ਆਪਣੇ ਹਾਲਾਤ ਅਤੇ ਸੰਘਰਸ਼ ਬਾਰੇ ਆਪ ਵੀ ਫੈਸਲਾ ਕਰਨ ਦੇ ਕਾਬਲ ਹੋ ਸਕਣ, ਦੀ ਆਪਣੇ-ਆਪ ਵਿੱਚ ਸਮਰੱਥਾ ਪੈਦਾ ਕਰ ਸਕਣ, ਓਨੀ ਦੇਰ ਤੱਕ ਇਹ ਸੰਘਰਸ਼ ਅਤੇ ਏਕਾ ਸਫ਼ਲਤਾ ਵੱਲ ਨਹੀਂ ਵਧ ਸਕਦਾ। ਇੱਕ ਗੱਲ ਪੱਕੀ ਹੈ ਕਿ ਇਨ੍ਹਾਂ ਦੇ ਏਕੇ ਵਿੱਚ ਰੁਕਾਵਟ, ਆਰਥਿਕ-ਸਮਾਜਿਕ ਤੌਰ 'ਤੇ ਇਨ੍ਹਾਂ ਦੀ ਸਥਿਤੀ ਹੀ ਬਣਦੀ ਆ ਰਹੀ ਹੈ। ਆਰਥਿਕ ਤੌਰ 'ਤੇ ਸਾਧਨ ਸੰਪੰਨ ਹੋਣ ਦੇ ਨਾਲ ਸਮਾਜਿਕ ਬਰਾਬਰੀ ਵੀ ਜ਼ਰੂਰੀ ਹੈ।

(ਚਲਦਾ)

ਸੰਪਰਕ : 98721-73475

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ: ਸ਼ਿਆਮ ਸੁੰਦਰ ਦੀਪਤੀ

# ਸਾਹਿਤ ਕੋਲ ਸੱਚ ਤਾਂ ਹੋਵੇ ਹੀ, ਸ਼ਿਵ ਵੀ ਹੋਵੇ, ਸੁੰਦਰਮ ਵੀ ਹੋਵੇ

ਜਦੋਂ ਲਿਖਣ ਵਾਲੇ ਪਾਸੇ ਪਿਆ, ਜੇ ਕੋਈ ਪੱਕੇ ਤੌਰ 'ਤੇ ਨਹੀਂ ਦੱਸ ਸਕਦਾ, ਪਰ ਪੂਰੀ ਤਰ੍ਹਾਂ ਲਿਖਣ ਅਤੇ ਛਪਣ ਦੀ ਗੱਲ ਮੈਨੂੰ ਯਾਦ ਹੈ, ਸਾਲ 1979 ਵਿਚ ਜਦੋਂ ਮੈਂ ਆਪਣਾ ਕੋਰਸ ਮੁਕਾ ਕੇ ਇਨਟਰਨਸ਼ਿਪ ਕਰਦਾ ਸੀ, ਉਹ ਵੀ ਬਠਿੰਡੇ ਜੋ ਮੇਰੇ ਘਰ ਤੋਂ 80 ਕਿਲੋਮੀਟਰ ਦੂਰ ਸੀ ਤੇ ਮੈਂ ਅਸਾਨੀ ਨਾਲ ਅਬੋਹਰ ਆ-ਜਾ ਸਕਦਾ ਸੀ। ਉਥੇ ਸੀ ਸਾਹਿਤ ਸੰਗਮ ਲੇਖਕ ਸਭਾ ਦੇ ਪ੍ਰਧਾਨ ਸਨ ਫੂਲ ਚੰਦ ਮਾਨਵ ਤੇ ਜਨਰਲ ਸਕੱਤਰ ਹਰਭਜਨ ਖੇਮਕਰਨੀ।

ਮਾਨਵ ਸਾਹਿਬ ਨੇ ਕਈ ਅਜਿਹੇ ਅਦਾਰਿਆਂ ਅਤੇ ਲੇਖਕਾਂ ਨਾਲ ਮਿਲਵਾਇਆ, ਜੋ ਰਚਨਾਵਾਂ ਨੂੰ ਛਪਵਾਉਣ ਵਿਚ ਮਦਦਗਾਰ ਹੋਏ ਜਾਂ ਅੱਗੋਂ ਵੀ ਹੋ ਸਕਦੇ ਸਨ। ਜਿਵੇਂ ਦੂਰਦਰਸ਼ਨ ਤੇ ਅਕਾਸ਼ਵਾਣੀ ਜਲੰਧਰ ਅਤੇ ਪੰਜਾਬ ਸਰਕਾਰ ਦਾ ਲੋਕ ਸੰਪਰਕ ਵਿਭਾਗ ਜੋ ਇਕ ਮੈਗਜ਼ੀਨ ਹਿੰਦੀ ਤੇ ਪੰਜਾਬੀ ਵਿਚ 'ਜਾਗ੍ਰਤੀ' ਨਾਂਅ ਨਾਲ ਕੱਢਦਾ ਸੀ, ਇਸ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਦੇ ਪਟਿਆਲੇ ਵਿਚ ਹੈ ਤੇ ਉਥੇ ਹੀ ਮੈਂ ਪੜ੍ਹਾਈ ਮੁਕੰਮਲ ਕੀਤੀ ਸੀ ਤੇ ਟ੍ਰੇਨਿੰਗ ਤੋਂ ਬਾਅਦ ਇਕ ਵਾਰੀ ਫਿਰ ਉਥੇ ਹਾਊਸ ਜਾੱਬ ਕਰਨ ਵੀ ਜਾਣਾ ਸੀ।

ਮਾਨਵ ਸਾਹਿਬ ਖੁਦ ਲੋਕ ਸੰਪਰਕ ਵਿਭਾਗ ਵਿਚ ਅਫਸਰ ਸਨ ਤੇ ਫਿਰ ਨੌਕਰੀ ਛੱਡ ਕੇ ਅਧਿਆਪਨ ਵੱਲ ਆ ਗਏ। ਇਕ ਦਿਨ ਉਹ ਲੋਕ ਸੰਪਰਕ ਅਧਿਕਾਰੀ ਦੇ ਦਫਤਰ ਮੈਨੂੰ ਲੈ ਕੇ ਗਏ ਤੇ ਮੇਰੀਆਂ ਲਿਖੀਆਂ ਕਵਿਤਾਵਾਂ ਉਸ ਨੂੰ ਦਿੱਤੀਆਂ। ਜਦੋਂ ਮੇਰੇ ਬਾਰੇ ਦੱਸਿਆ ਕਿ ਮੈਂ ਪਟਿਆਲੇ ਡਾਕਟਰ ਹਾਂ ਤਾਂ ਉਹ ਹੈਰਾਨ ਹੋ ਕੇ ਬੋਲਿਆ, 'ਛੱਡੋ ਇਹ ਕਵਿਤਾ ਕੁਵਿਤਾ, ਇਹ ਤਾਂ ਜਣਾ-ਖਣਾ ਲਿਖੀ ਜਾਂਦਾ ਹੈ। ਤੁਸੀਂ ਡਾਕਟਰ ਹੋ, ਤੁਸੀਂ ਸਿਹਤ ਬਾਰੇ ਲਿਖੋ।' ਮੈਨੂੰ ਜਦੋਂ ਪ੍ਰੇਰਿਆ ਤਾਂ ਮੈਂ ਆਪਣਾ ਇਕ ਲੇਖ ਲਿਖ ਕੇ ਭੇਜਿਆ। ਮੈਨੂੰ ਯਾਦ ਹੈ-'ਉਦਾਸੀ ਰੋਗ'। ਕਿਉਂ ਜੋ ਉਨ੍ਹੀਂ ਦਿਨੀਂ ਮੈਂ ਮਨੋਰੋਗ ਵਿਭਾਗ ਵਿਚ ਹਾਊਸ ਜਾੱਬ ਕਰਦਾ ਹੁੰਦਾ ਸੀ।

ਖੈਰ! ਲੇਖ ਛਪਿਆ, ਪਰ ਮੈਨੂੰ ਤਸੱਲੀ ਨਾ ਹੋਈ, ਜੋ ਕਵਿਤਾ ਲਿਖ ਕੇ ਹੁੰਦੀ ਸੀ। ਇੰਜ ਜਾਪਿਆ ਕਿ ਆਪਣੀ ਕਿਤਾਬ ਦੇ ਉਦਾਸੀ ਰੋਗ ਵਾਲੇ ਪਾਠ ਨੂੰ ਅੰਗਰੇਜ਼ੀ ਤੋਂ ਹਿੰਦੀ ਜਾਂ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਮੈਂ ਇਸ ਵਿੱਚੋਂ ਗਾਇਬ ਹਾਂ।

ਇਸ ਭਾਵਨਾ ਨੇ ਵੱਖਰੇ ਤਰੀਕੇ ਨਾਲ ਪ੍ਰੇਰਿਆ। ਉਸ ਤੋਂ ਬਾਅਦ ਮੈਂ ਐੱਮ.ਏ. ਸਮਾਜ ਵਿਗਿਆਨ ਕਰ ਲਈ ਤੇ ਉਸ ਤੋਂ ਬਾਅਦ ਮੈਨੂੰ ਐੱਮ.ਡੀ. ਵਿਚ ਦਾਖਲਾ ਮਿਲ ਗਿਆ ਤੇ ਉਹ ਵੀ, 'ਸਮਾਜ ਤੇ ਮੈਡੀਸਨ' ਵਿਸ਼ੇ ਵਿਚ । ਇਸ ਵਿਸ਼ੇ ਵਿਚ ਸੀ ਕਿ ਬਿਮਾਰੀ ਵਿਚ ਲੱਛਣਾਂ ਦੇ ਇਲਾਜ ਤੱਕ ਸੀਮਤ ਰਹਿਣਾ, ਸਿਹਤ ਦਾ ਮਾਮੂਲੀ ਪੱਖ ਹੈ, ਉਂਜ ਸਿਹਤ ਬਾਰੇ ਸਮਝ ਵਿਸ਼ਾਲ ਹੈ। ਮੇਰਾ ਨਜ਼ਰੀਆ ਸਮਾਜਿਕ ਤੌਰ 'ਤੇ ਸਿਹਤ ਤੇ ਬਿਮਾਰੀ ਨੂੰ ਸਮਝਣ ਦਾ ਵਿਕਸਿਤ ਹੋਇਆ। ਪਹਿਲਾਂ ਮੈਂ ਮਾਨਸਿਕ ਰੋਗਾਂ ਨੂੰ ਲੈ ਕੇ, ਉਨ੍ਹਾਂ ਦੀ ਵਿਆਖਿਆ ਕੀਤੀ ਤੇ ਮੇਰੇ ਲੇਖ ਗੁਰਸ਼ਰਨ ਸਿੰਘ ਦੀ ਮੈਗਜ਼ੀਨ 'ਸਮਤਾ' ਵਿਚ ਛਪੇ।

ਇਸ ਤਰ੍ਹਾਂ ਸਿਹਤ ਦਾ ਵਿਆਪਕ ਰਿਸ਼ਤਾ, ਵੱਡੇ ਪਰਿਪੇਖ ਵਿਚ ਸਮਾਜਿਕ ਅਤੇ ਆਰਥਿਕ ਹਾਲਤ ਨਾਲ ਜੁੜਿਆ, ਜਿਸ ਨੂੰ ਸਮਾਜ ਵਿਗਿਆਨੀ, ਵਰਚੋਂ ਨੇ ਸਮਾਜਿਕ ਮੈਡੀਸਨ ਦੇ ਨਾਂਅ ਹੇਠ ਪ੍ਰਚਾਰਿਆ ਤੇ ਉਭਾਰਿਆ।

ਇਸ ਵਿਸ਼ੇ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਦਾ ਇਕ ਉਦਾਹਰਣ ਉਦੋਂ ਦਾ ਹੈ, ਜਦੋਂ ਕੋਰੋਨਾ ਵਰਗੀ ਬਿਮਾਰੀ, ਜੋ ਕਿ ਵਾਇਰਲ ਬੁਖਾਰ ਦੀ ਕਿਸਮ ਸੀ, ਨੇ ਕੁਝ ਦਿਨਾਂ ਵਿਚ ਹੀ ਪੂਰੀ ਦੁਨੀਆ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ। ਉਦੋਂ ਵੀ ਤੇ ਬਾਅਦ ਵਿਚ ਕਈ ਖੋਜਾਂ ਨੇ ਇਸ ਪਾਸੇ ਇਸ਼ਾਰਾ ਕੀਤਾ ਹੈ ਕਿ ਉਹ ਇਕ ਸਾਜ਼ਿਸ਼ ਸੀ। 'ਨਿਊਂ ਵਰਲਡ ਆਡਰ,' ਤਹਿਤ ਦੁਨੀਆ ਭਰ ਨੂੰ ਇਕ ਸੁਨੇਹਾ ਦੇਣਾ ਸੀ, ਜਿਸ ਵਿਚ ਉਹ ਕਾਮਯਾਬ ਰਹੇ।

ਪਿੰਡ ਦੇ ਇਕ ਕੋਨੇ ਵਿਚ ਇਕ ਬਿਮਾਰੀ ਫੈਲ ਜਾਵੇ ਜਾਂ ਪੂਰੇ ਰਾਜ ਦੇ ਇਕ ਸ਼ਹਿਰ ਵਿਚ, ਕਈ-ਕਈ ਦਿਨ ਪਤਾ ਨਹੀਂ ਚੱਲਦਾ, ਪਰ 'ਕਹਿਰ', 'ਕਹਿਰ' ਦੀ ਗੂੰਜ ਨੇ ਸਾਰੀ ਦੁਨੀਆ ਦੀ ਜ਼ੁਬਾਨ ਇਕੋ ਜਿਹੀ ਕਰ ਦਿੱਤੀ। ਦਹਿਸ਼ਤ ਦਾ ਮਾਹੌਲ ਸੀ। ਮੈਡੀਕਲ ਦੀ ਬਿਮਾਰੀ ਸੀ ਤੇ ਉਸ ਨੂੰ ਕਾਬੂ ਕਰਨ ਲਈ ਪੁਲਸ ਤੇ ਪ੍ਰਸ਼ਾਸਨ ਲਾਇਆ ਹੋਇਆ ਸੀ। ਪੂਰੇ ਦੇਸ਼ ਵਿਚ ਤਾਲਾਬੰਦੀ ਸੀ।

ਤਾਲਾਬੰਦੀ ਦਾ ਸਿਹਤ ਸਮੱਸਿਆ ਨੂੰ ਸਮਝਣ ਵਿਚ ਕੀ ਭੂਮਿਕਾ ਹੈ, ਅੱਜ ਵੀ ਸਮਝ ਤੋਂ ਬਾਹਰ ਹੈ, ਪਰ ਇਕ ਮਨੁੱਖੀ ਮਾਨਸਿਕਤਾ, ਭੇਡ-ਚਾਲ, ਪਿਛਲੱਗ ਮਾਨਸਿਕਤਾ ਬਾਰੇ ਸਮਝ ਜਲਦ ਪਤਾ ਲੱਗ ਗਈ। ਇਕ ਸਾਂਝੀ ਸਮਝ, ਇਕ ਵਿਵੇਕਪੂਰਨ ਸੋਚ ਤੋਂ ਸਾਰੀ ਦੁਨੀਆ ਕੋਰੀ ਜਾਪੀ। ਇਹ ਦੁਨੀਆ ਭਰ ਦੀ, ਸਰਮਾਏਦਾਰੀ ਵਿਵਸਥਾ ਨੇ ਸਮਝ ਲਈ। ਨਵੀਂ ਦੁਨੀਆ ਨੂੰ ਬਣਾਉਣ, ਆਪਣੇ ਢੰਗ ਨਾਲ ਤੋਰਨ ਦਾ ਰਾਹ ਪੱਧਰਾ ਹੋ ਗਿਆ। 'ਮੌਤ-ਮੌਤ', 'ਕਹਿਰ-ਕਹਿਰ' ਦੀ ਮਾਨਸਿਕਤਾ ਦਾ ਪੂਰੀ ਤਰ੍ਹਾਂ ਲੈਬਾਰਟਰੀ ਟੈਸਟ ਕੀਤਾ ਗਿਆ ਤੇ ਉਹ ਵੀ ਸਫਲਤਾ ਨਾਲ।

ਜਦੋਂ ਇਹ ਹਾਲਤ ਬਣੀ ਤਾਂ ਹਾਲੇ ਦੇਸ਼ ਵਿਚ ਸੌ ਕੇਸ ਵੀ ਨਹੀਂ ਸੀ ਹੋਏ ਕਿ ਟੀ.ਵੀ. 'ਤੇ ਮੌਤਾਂ, ਲਾਸ਼ਾਂ ਦੀ ਗੱਲ ਹੋਣ ਲੱਗੀ। ਮੈਂ ਇਕ ਆਰਟੀਕਲ ਲਿਖਿਆ, ਉਦੋਂ ਤੱਕ ਆਏ ਆਂਕੜਿਆਂ ਦੇ ਸਮੇਤ।

ਮੇਰਾ ਮਕਸਦ ਸੀ ਕਿ ਇਹ ਕੋਈ ਡਰਨ ਵਾਲੀ ਬਿਮਾਰੀ ਨਹੀਂ ਹੈ, ਜਿਵੇਂ ਡਰਾਇਆ ਜਾ ਰਿਹਾ ਹੈ। ਮਤਲਬ ਸੁਚੇਤ ਰਹੋ, ਡਰਨ ਵਾਲੀ ਕੋਈ ਗੱਲ ਨਹੀਂ ਹੈ।

ਲੇਖ 'ਪੰਜਾਬੀ ਟ੍ਰਿਬਿਊਨ' ਕੋਲ ਭੇਜਿਆ, ਦੋ ਦਿਨਾਂ ਵਿਚ ਹੀ ਛਪ ਗਿਆ ਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਡਾ. ਸਵਰਾਜਬੀਰ ਦਾ ਫੋਨ ਆਇਆ। ਹਾਲਾਤ ਦਿਨ-ਬ-ਦਿਨ ਵਿਗੜ ਰਹੇ ਸੀ। ਕਹਿਣ ਲੱਗੇ, ਤੁਸੀਂ ਜਾਂ ਕੋਈ ਹੋਰ ਮਾਹਿਰ ਵੱਲੋਂ ਇਸ ਤਰ੍ਹਾਂ ਦੇ ਲੇਖ ਛਾਪਣ ਦੀ ਵਿਉਂਤ ਹੈ। ਉਨ੍ਹਾਂ ਨੇ ਇਕ ਥਾਂ ਰਾਖਵੀਂ ਰੱਖ ਕੇ, 'ਸੁਚੇਤ ਰਹੋ' ਤਹਿਤ ਇਕ ਕਾਲਮ ਸ਼ੁਰੂ ਕਰ ਦਿੱਤਾ। ਮੈਂ ਦੋ ਕੁ ਦਿਨਾਂ ਦਾ ਮੈਟਰ ਭੇਜ ਦਿੱਤਾ ਦੋ ਦਿਨ ਲਗਾਤਾਰ ਮੇਰਾ ਭੇਜਿਆ ਮੈਟਰ ਹੀ ਛਪਿਆ। ਮੈਂ ਮਨ ਵਿਚ ਧਾਰ ਲਿਆ ਕਿ ਇਹ ਥਾਂ ਮੇਰੇ ਵਾਸਤੇ ਰਾਖਵੀਂ ਹੋ ਗਈ ਹੈ ਤੇ ਹੈਰਾਨੀ ਦੀ ਗੱਲ ਕਿ ਤਾਲਾਬੰਦੀ ਤੋਂ ਬਾਅਦ ਵੀ ਉਹ ਕਾਲਮ ਲਗਾਤਾਰ ਛਪਦਾ ਰਿਹਾ। ਅਖਬਾਰ ਛਪਣ ਦੀ ਗਿਣਤੀ ਵੀ ਭਾਵੇਂ ਘੱਟ ਰਹੀ ਸੀ, ਫਿਰ ਵੀ ਜੋ ਪੜ੍ਹਦੇ ਸੀ, ਸਭ ਨੂੰ ਉਸ ਤੋਂ ਹੌਸਲਾ ਮਿਲਿਆ। ਜਿਸ ਨਾਲ ਮੈਨੂੰ ਤਸੱਲੀ ਮਿਲੀ। ਰੋਜ਼ ਲਿਖਣਾ, ਉਹ ਵੀ ਤੱਥਾਂ ਨਾਲ ਲਿਖਦਾ, ਤੈਅ ਹੋਇਆ ਕਿ ਟਾਇਪ ਮੈਨੂੰ ਕਰਨੀ ਨਹੀਂ ਆਉਂਦੀ। ਹੱਥ ਨਾਲ ਸਾਫ਼-ਸਾਫ਼ ਲਿਖ ਕੇ, ਫੋਟੋ ਖਿੱਚ ਭੇਜ ਦੇਵਾਂਗਾ। ਉਹੀ ਹੋਇਆ ਤੇ ਇਹ ਕਾੱਲਮ, ਤਕਰੀਬਨ ਸੱਤਰ ਦਿਨ ਲਗਾਤਾਰ ਛਪਿਆ।

ਇਕ ਬਿਮਾਰੀ ਤੇ ਸੱਤਰ ਦਿਨ ਤੇ ਨਾਲੇ ਕਈ ਹੈਰਾਨ ਸਨ, ਮੇਰੇ ਇਕ ਮਿੱਤਰ ਸਰਕਾਰੀ ਕੁੜੀਆਂ ਦੇ ਕਾਲਜ ਅੰਮ੍ਰਿਤਸਰ ਤੋਂ ਲਖਵਿੰਦਰ ਸਿੰਘ ਨੇ ਕਿਹਾ, 'ਹੈਰਾਨ ਹਾਂ, ਹਰ ਰੋਜ਼ ਹੀ ਇਕੋ ਬਿਮਾਰੀ ਤੇ, ਕਦੇ ਦੁਹਰਾਅ ਨਹੀਂ।'

ਮੈਂ ਕਿਹਾ ਕਿ ਇਹ ਸਿਰਫ਼ 'ਮੇਰੀ ਵਿਧੀਵਤ ਡਾਕਟਰੀ ਦੀ ਪੜ੍ਹਾਈ ਦੀ ਬਦੌਲਤ ਨਹੀਂ ਹੈ, ਇਹ ਸਮਾਜ ਮਨੋਵਿਗਿਆਨ ਦੀ ਸਮਝ ਹੈ ਜਿਸ ਨੇ ਇਹ ਕੰਮ ਕਰਵਾਇਆ ਹੈ। ਮੈਂ ਤਾਲਾਬੰਦੀ, ਸਮਾਜ, ਰਿਸ਼ਤਿਆਂ ਦੇ ਪੇਤਲੇਪਨ, ਮਜ਼ਦੂਰਾਂ ਦਾ ਘਰਾਂ ਨੂੰ ਪਰਤਣਾ ਆਦਿ, ਅਜਿਹੇ ਅਨੇਕ ਪੱਖ ਛੋਹੇ, ਜਿਸ ਨਾਲ ਬਿਮਾਰੀ ਤੋਂ ਇਲਾਵਾ ਸਾਡੇ ਸਮਾਜਿਕ ਪਰਿਪੇਖ ਦੀ ਤਸਵੀਰ ਵੀ ਉੱਭਰਦੀ ਸੀ। ਜਿਵੇਂ ਇਨ੍ਹਾਂ ਦਿਨਾਂ ਵਿਚ ਮਜ਼ਦੂਰ ਦਿਵਸ ਆਇਆ ਤੇ ਧਰਤੀ ਦਿਹਾੜਾ ਵੀ। ਕੁਦਰਤ ਨੇ ਕੀ ਰੂਪ ਧਾਰਿਆ, ਉਸ ਦਿਨ ਸਿਰਲੇਖ ਸੀ, 'ਅੱਜ ਧਰਤੀ ਬਹੁਤ ਖੁਸ਼ ਹੈ।'

ਇਨ੍ਹਾਂ ਸਾਰੇ ਲੇਖਾਂ ਨੂੰ 'ਕੋਰੋਨਾ-ਕਾਲ ਦੀਆਂ' ਪੈੜਾਂ ਤਹਿਤ ਛਾਪਿਆ। ਇਸੇ ਦੌਰਾਨ ਹੀ ਕਿਸਾਨੀ ਅੰਦੋਲਨ ਤਹਿਤ, ਕਿਸਾਨ ਦਿੱਲੀ ਦੇ ਬਾਰਡਰ 'ਤੇ ਲੱਖਾਂ ਦੀ ਗਿਣਤੀ ਵਿਚ ਬੈਠੇ। ਬਹੁਤ ਡਰਾਇਆ, ਪਰ ਡਰੇ ਨਹੀਂ। ਕੋਰੋਨਾ ਦਾ ਵਾਇਰਸ ਡਰਿਆ। ਇਸ ਹਾਲਤ ਨੇ ਵੀ ਕਈ ਤੱਥ ਸਾਹਮਣੇ ਲਿਆਂਦੇ ਕਿ ਇਹ ਮਹਿਜ਼ ਸਾਜ਼ਿਸ਼ ਵੱਧ ਹੈ।

ਤੁਸੀਂ ਸੋਚੋ, ਕੋਰੋਨਾ ਮਰੀਜ਼ਾਂ ਦਾ ਕਲਾਕ, ਮਿੰਟ-ਮਿੰਟ ਬਾਅਦ ਮੌਤਾਂ ਦੀ ਗਿਣਤੀ ਕਰ ਰਿਹਾ ਹੈ। ਇਹ ਕੌਣ ਕਰ ਰਿਹਾ ਸੀ, ਕੌਣ ਪੇਸ਼ ਕਰ ਕਰਵਾ ਸੀ। ਪ੍ਰੈੱਸ ਕਾਨਫਰੰਸ ਵਿਚ ਕੋਈ ਮੈਡੀਕਲ ਦਾ ਮਾਹਿਰ ਨਹੀਂ, ਕੋਈ ਬਿਮਾਰੀ ਬਾਰੇ ਸਮਝ ਦਾ ਵੇਰਵਾ ਨਹੀਂ। ਡਰ ਹੈ। ਡਰ। ਇਸ ਨੇ ਮਾਹੌਲ ਨੂੰ ਕਿਸ ਦੇ ਹੱਕ ਵਿਚ ਕੀਤਾ ਤੇ ਕਿਸ ਨੇ ਕਰਵਾਇਆ? ਇਹ ਕੋਈ ਇੱਕਾ-ਦੁੱਕਾ ਦੇਸ਼ ਦੀ ਗੱਲ ਵੀ ਨਹੀਂ ਸੀ।

ਕਹਿਣ ਤੋਂ ਭਾਵ ਇਕ ਇਸ ਸਮੇਂ ਦੌਰਾਨ 'ਸੁਚੇਤ ਰਹੋ' ਕਾਲਮ ਨੇ ਸੁਚੇਤ ਕੀਤਾ, ਜੋ ਮੈਂ ਜ਼ਿੰਮੇਵਾਰੀ ਸਮਝਦਾ ਹਾਂ, ਜੋ ਮੈਂ 'ਦਵਾਈਆਂ ਨੂੰ ਹਾਰ' ਕਿਤਾਬ ਦੀ ਸਮਝ ਤਹਿਤ ਪ੍ਰਚਾਰਿਆ ਅਤੇ ਇਸ ਨਤੀਜੇ 'ਤੇ ਪਹੁੰਚਿਆ ਸੀ।

ਦੂਜੀ ਲਹਿਰ ਵੀ ਕਈ ਨਵੇਂ ਪੱਖ ਲੈ ਕੇ ਆਈ, ਫਿਰ ਤਕਰੀਬਨ ਹਫ਼ਤੇ ਵਿਚ ਇਕ ਲੇਖ ਛਪਦਾ, ਜਿਸ ਦੀ ਪੁਸਤਕ ਬਣੀ, 'ਕੋਰੋਨਾ ਨੇ ਕੀਤਾ ਬੇਨਕਾਬ', ਟੀ.ਵੀ. ਤੇ ਸੋਸ਼ਲ ਮੀਡੀਆ ਚੈਨਲਾਂ 'ਤੇ ਬਹਿਸਾਂ ਨੇ ਨਵੇਂ ਰਾਹ ਖੋਲ੍ਹੇ।

ਮੈਂ ਕੋਰੋਨਾ ਬਿਮਾਰੀ ਦੇ ਮਾਹਿਰ ਵਜੋਂ ਪ੍ਰਚੱਲਤ ਹੋਇਆ। ਪੂਰੀ ਮੋਹਰ ਲੱਗ ਗਈ ਕਿ ਮੈਂ ਸਿਹਤ ਦੇ ਵਿਸ਼ਿਆਂ ਦਾ ਮਾਹਿਰ ਹਾਂ, ਜਿਸ ਤੋਂ ਮੈਂ ਗੁਰੇਜ਼ ਕਰਦਾ ਰਿਹਾ ਸੀ ਤੇ ਕਵੀ ਬਣੇ ਰਹਿਣ ਨੂੰ ਤਰਜੀਹ ਦਿੱਤੀ। ਉਂਜ ਇਹ ਕੋਈ ਔਖਾ ਕੰਮ ਨਹੀਂ ਹ, ਕਿ ਇਹ ਲੇਖ ਲਿਖਣ ਵਾਲਾ ਕੰਮ ਵੀ ਕਰੀ ਜਾਂਦਾ ਤੇ ਕਵਿਤਾ ਵੀ। ਕੀਤਾ ਵੀ ਇਹੀ, ਪਰ ਸ਼ਾਇਦ ਸਾਡੇ ਲੋਕਾਂ ਨੂੰ ਇਹ ਸੰਬੰਧ ਪਸੰਦ ਨਹੀਂ। ਜਿਵੇਂ ਮੈਂ ਡਾਕਟਰ ਹੋ ਕੇ ਲਿਖਦਾ ਹਾਂ, ਉਹ ਵੀ ਹੈਰਾਨ ਕਰਦਾ ਹੈ। ਜਿਵੇਂ ਇਹ ਦੋਵੇਂ ਨਿਰੇ ਬਿਲਕੁਲ ਵੱਖਰੇ ਕਾਰਜ ਹੁੰਦੇ ਨੇ, ਜੋ ਮੈਂ ਕਰ ਰਿਹਾ ਹੁੰਦਾ ਹਾਂ।

ਉਂਜ ਸਿਹਤ-ਸਾਹਿਤ ਕੋਈ ਵੱਖਰੇ ਉਦੇਸ਼ ਵਾਲਾ ਨਹੀਂ ਹੈ। ਉਸ ਤੋਂ ਸਤਯਮ, ਸ਼ਿਵਮ ਅਤੇ ਸੁੰਦਰਮ ਵਾਲੇ ਪੱਖ ਦੀ ਆਸ ਕੀਤੀ ਜਾਂਦੀ ਹੈ, ਪਰ ਲੋਕ ਸਿਰਫ਼ ਜਾਣਕਾਰੀ ਦੀ ਆਸ ਕਰਦੇ ਹਨ, ਜਦੋਂ ਕਿ ਜਾਣਕਾਰੀ ਹੀ ਗਿਆਨ ਬਣਦੀ ਹੈ, ਸਮਾਜਿਕ ਤਬਦੀਲੀ ਦਾ ਸੰਦ। ਸਿਹਤ ਦਾ ਵਿਸ਼ਾ ਨਿਰੋਲ, ਬਿਮਾਰੀ ਦੇ ਲੱਛਣ ਅਤੇ ਦਵਾਈਆਂ ਤੱਕ ਸੀਮਿਤ ਨਹੀਂ ਹੈ। ਵੱਡੇ ਪਰਿਪੇਖ ਵਿਚ ਇਹ ਸਮਾਜ ਅਤੇ ਆਰਥਿਕਤਾ ਨਾਲ ਵੀ ਜੁੜਦਾ ਹੈ, ਸਰਕਾਰਾਂ ਦੀਆਂ ਨੀਤੀਆਂ ਨਾਲ ਵੀ। ਨਿੱਜੀ ਪੱਧਰ 'ਤੇ ਜੇ ਉਹ ਜਾਣਕਾਰੀ ਵੀ ਹੈ ਤਾਂ ਉਹ ਸੱਚ ਤਾਂ ਹੈ ਹੀ, ਕਲਿਆਣਕਾਰੀ ਵੀ ਹੈ। ਜੇ ਉਹ ਪੇਸ਼ਕਾਰੀ ਵਿਚ ਦਿਲਕਸ਼ ਹੋ ਜਾਵੇ, ਭਾਵ ਸੁੰਦਰਮ ਵਾਲੀ, ਤਾਂ ਉਸ ਦਾ ਅਸਰ ਜ਼ਰੂਰ ਵਧ ਜਾਵੇਗਾ। ਮੇਰੀ ਤਾਂ ਕੋਸ਼ਿਸ਼ ਹਮੇਸ਼ਾ ਇਸ ਤਰ੍ਹਾਂ ਦੀ ਰਹੀ ਹੈ, ਮੈਂ ਸਾਹਿਤ ਤੇ ਸਿਹਤ ਨੂੰ ਕਦੇ ਵੱਖਰਾ ਨਹੀਂ ਸਮਝਿਆ।

ਕੁਝ ਦਿਨ ਪਹਿਲਾਂ ਐੱਮ ਡੀ ਦੇ ਮੇਰੇ ਵਿਦਿਆਰਥੀ ਡਾ. ਗਗਨਦੀਪ ਨੇ ਸਿਹਤ ਸੰਬੰਧੀ ਇਕ ਪ੍ਰੋਗਰਾਮ ਤਹਿਤ ਮੈਨੂੰ ਬੋਲਣ ਨੂੰ ਬੁਲਾਇਆ। ਵਿਸ਼ਾ ਸੀ 'ਹੋਲਿਸਟਿਕ ਹੈਲਥ', ਨਾਲ ਹੀ ਕਿਹਾ ਫਲਾਂ- ਫਲਾਂ ਡਾਕਟਰ ਵੀ ਗੱਲ ਕਰਕੇ ਗਏ ਹਨ। ਸਾਰੇ ਹੀ ਹੋਲਿਸਟਿਕ ਹੈਲਥ ਬਾਰੇ। ਕੋਈ ਦਿਲ ਦੇ ਰੋਗਾਂ ਦਾ ਮਾਹਿਰ ਸੀ ਤੇ ਕੋਈ ਹੋਰ। ਮੈਂ ਕਿਹਾ, ਹੋਲੀਸਟਿਕ ਹੈਲਥ ਦਾ ਮਤਲਬ ਹੈ, ਸੰਪੂਰਨ ਸਿਹਤ, ਦਿਲ ਦੇ ਰੋਗਾਂ ਦਾ ਮਾਹਿਰ, ਉਹ ਦਿਲ ਦੀ ਗੱਲ ਕਰੇਗਾ। ਇਹ ਕਿਵੇਂ ਕਰੇਗਾ ਸੰਪੂਰਨ ਸਿਹਤ ਬਾਰੇ।

ਮੈਂ ਕਿਹਾ, ਸੰਪੂਰਨ ਸਿਹਤ ਦੌਰਾਨ, ਦਾ ਸਰੀਰ ਤੇ ਮਨ ਦੋਹਾਂ ਦੀ ਗੱਲ ਕਹੀਦੀ ਹੈ। ਸਰੀਰ ਨੂੰ ਲੋੜ ਹਵਾ, ਪਾਣੀ ਤੇ ਖੁਰਾਕ ਦੀ ਹੈ। ਖੁਰਾਕ ਵਿਚ ਔਰਤਾਂ ਦੀ ਹੋਰ, ਬੁਢਾਪੇ ਦੀ ਹੋਰ ਤੇ ਬੱਚਿਆਂ ਦੀ ਵੱਖ।

ਕੁਦਰਤ ਹੀ ਸੰਪੂਰਨ ਹੈ ਤੇ ਅਸੀਂ ਕੁਦਰਤ ਦਾ ਹਿੱਸਾ ਹਾਂ, ਅਸੀਂ-ਤੁਸੀਂ ਸਾਰੇ ਤਾਂ ਹੀ ਸੰਪੂਰਨ ਹੁੰਦੇ ਹਾਂ। ਇਕ-ਇਕ, ਟੁਕੜੇ-ਟੁਕੜੇ ਨਾਲ ਨਹੀਂ, ਹੋਲੀਸਟਿਕ ਤਾਂ ਉਹੀ ਹੈ। ਇਸ ਨੂੰ ਸਮਝੋ ਕਿ ਕਿਵੇਂ ਅਸੀਂ ਕੁਦਰਤ ਤੋਂ ਟੁੱਟ ਰਹੇ ਹਾਂ ਅਤੇ ਆਪਣੀ ਹੋਂਦ ਤੋਂ ਵੀ।

ਮੋਬਾ : 98158-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


4-Feb-Sunday.qxd 2/3/2024 9:13 PM Page 4



# ਇਨਕਲਾਬੀ ਲੋਕ ਨਾਇਕ ਦੀ ਗਾਥਾ

## ਪੇਰੀਆਰ ਰਚਨਾਵਲੀ

**(ਨਵੇਂ ਯੁੱਗ ਦਾ ਸੁਕਰਾਤ)**
**ਸੰਪਾਦਕ : ਕੇ ਵੀਰਾਮਨੀ**
**ਅਨੁਵਾਦ : ਡਾ: ਜਸਵੰਤ ਰਾਏ**
**ਪੰਨੇ : 506, ਮੁੱਲ 650 ਰੁਪਏ**
**ਆਟਮ ਆਰਟ, ਪਟਿਆਲਾ**






ਕਿਤਾਬ ਦੀ ਪਰਖ ਪੜਚੋਲ

**ਹਰਜਿੰਦਰ ਸਿੰਘ ਅਟਵਾਲ (ਡਾ.)**

ਪੰਜਾਬੀ ਭਾਸ਼ਾ ਵਿਚ ਅਜਿਹੀ ਵੱਡ ਆਕਾਰੀ ਪੁਸਤਕ ਅਨੁਵਾਦ ਹੋ ਕੇ ਇਕ ਅਜਿਹੇ ਇਨਕਲਾਬੀ ਲੋਕ ਨਾਇਕ ਬਾਰੇ ਹੈ, ਜਿਸ ਦੀ ਕਰਮ ਭੂਮੀ ਭਾਵੇਂ ਦੱਖਣੀ ਭਾਰਤ ਵਿਚ ਰਹੀ ਪਰ ਉਹ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿਚ ਵੀ ਭ੍ਰਮਣ ਕਰਦਾ ਰਿਹਾ, ਜਿਸ ਨਾਲ ਉਸ ਦੇ ਜੀਵਨ ਫਲਸਫੇ ਉੱਪਰ ਆਪਣੇ ਤੋਂ ਪਹਿਲਾਂ ਦੇ ਸਮਾਜ ਸੁਧਾਰਕ, ਸਮਾਜਿਕ ਬਰਾਬਰੀ ਵਾਲੇ ਸੰਕਲਪ ਨੂੰ ਪ੍ਰਣਾਏ ਵਿਦਵਾਨਾਂ, ਸੰਤਾਂ, ਗੁਰੂਆਂ ਵੱਲੋਂ ਅਪਣਾਏ ਅਤੇ ਪ੍ਰਚਾਰੇ ਸਮਾਜਿਕ ਸਿਧਾਂਤਾਂ ਦਾ ਅਸਰ ਵੀ ਦੇਖਿਆ ਜਾ ਸਕਦਾ ਹੈ। ਕੁਝ ਦੇਰ ਪਹਿਲਾਂ ਤਾਮਿਲ ਵਿਦਮਾਨ ਅਤੇ ਵਿਚਾਰਕ ਕੇ. ਵੀਰਾਮਨੀ ਨੇ ਪੇਰੀਆਰ ਦੇ ਵਿਚਾਰਾਂ, ਰਚਨਾਵਲੀ ਅਤੇ ਪੇਰੀਆਰ ਬਾਰੇ ਲੋਕਾਂ ਵੱਲੋਂ ਲਿਖੇ ਨੂੰ ਇਕ ਥਾਂ ਇਕੱਤਰ ਕਰਕੇ ਇਕ ਮੁੱਲਵਾਨ ਦਸਤਾਵੇਜ਼ ਤਿਆਰ ਕੀਤਾ ਸੀ, ਜਿਸ ਨੂੰ ਪੰਜਾਬੀ ਭਾਸ਼ਾ ਨਾਲ ਅੰਤਾਂ ਦੀ ਮੁਹੱਬਤ ਵਾਲੇ, ਇਤਿਹਾਸ ਦੇ ਖੋਜੀ, ਸ਼ਬਦ ਸਾਧਕ ਡਾ. ਜਸਵੰਤ ਰਾਏ ਨੇ ਪੰਜਾਬੀ ਰੂਪ ਦੇ ਕੇ ਪੰਜਾਬੀ ਭਾਸ਼ਾ ਲਈ ਵੱਡਮੁੱਲਾ ਕਾਰਜ ਨਿਭਾਇਆ ਹੈ। ਅਜਿਹੇ ਇਨਕਲਾਬੀ ਲੋਕ-ਨਾਇਕ ਨੂੰ ਦੱਖਣ ਵਿਚ ਤਾਂ ਲੋਕ ਜਾਣਦੇ ਹੀ ਸਨ, ਉੱਤਰੀ ਭਾਰਤ ਵਿਚ ਪੇਰੀਆਰ ਨਾਂਅ ਦਾ ਭਾਵੇਂ ਪਹਿਲਾਂ ਵੀ ਜ਼ਿਕਰ ਹੁੰਦਾ ਰਿਹਾ, ਪਰ ਇਸ ਦਸਤਾਵੇਜ਼ੀ ਕਿਤਾਬ ਦੇ ਆਉਣ ਨਾਲ ਪੰਜਾਬੀ ਪਾਠਕ ਵੀ ਉਸ ਲੋਕ ਨਾਇਕ ਦੀ ਇਨਕਲਾਬੀ ਸੋਚ, ਜੀਵਨ ਸ਼ੈਲੀ ਅਤੇ ਫਲਸਫੇ ਤੋਂ ਭਲੀ-ਭਾਂਤ ਜਾਣੂੰ ਹੋ ਸਕਣਗੇ ਅਤੇ ਜੋ ਲੋਕ ਆਪਣੇ ਜੀਵਨ ਵਿਚ ਅਜਿਹੇ ਫਲਸਫੇ ਨੂੰ ਅੱਗੇ ਤੋਰਨ ਅਤੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸੰਘਰਸ਼ਸ਼ੀਲ ਹਨ, ਉਨ੍ਹਾਂ ਲਈ ਇਹ ਕਿਤਾਬ ਇਕ ਮਾਰਗ ਦਰਸ਼ਕ ਦੇ ਰੂਪ ਵਿਚ ਵੀ ਕਾਰਜ ਕਰੇਗੀ। ਸਾਡੇ ਬਾਬਿਆਂ ਦਾ ਕਥਨ ਹੈ ਕਿ

'ਬਾਬਾਣੀਆਂ ਕਹਾਣੀਆਂ ਪੁੱਤ ਸੁਪਤ ਕਰੇਨਿ।'

ਪੇਰੀਆਰ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਉਨ੍ਹਾਂ ਸੰਘਰਸ਼ ਦੇ ਰਾਹ ਪਏ ਲੋਕਾਂ ਲਈ ਅਜਿਹਾ ਹੀ ਕੰਮ ਕਰਨਗੀਆਂ। ਇਹ ਕਿਤਾਬ ਮੁੱਖ ਰੂਪ ਵਿਚ ਪੇਰੀਆਰ ਦੇ ਉਸ ਦ੍ਰਿਸ਼ਟੀਕੋਨ ਦੀ ਹੀ ਗੱਲ ਕਰਦੀ ਹੈ, ਜੋ ਉਸ ਨੇ ਮਨੁੱਖ ਦੀ ਬਿਹਤਰੀ ਲਈ ਤਰਾਸ਼ੀ ਸੀ। ਇਹ ਵੱਡ-ਆਕਾਰੀ ਕਿਤਾਬ ਪੇਰੀਆਰ ਦੇ ਜੀਵਨ ਵੇਰਵੇ ਵੀ ਹਨ ਅਤੇ ਉਸ ਦਾ ਜੀਵਨ ਫਲਸਫ਼ਾ ਵੀ, ਜਿਸਨੂੰ ਸੰਪਾਦਕ ਵੱਲੋਂ ਤਰਤੀਬਵਾਰ ਪੇਸ਼ ਕੀਤਾ ਹੈ ਅਤੇ ਅਨੁਵਾਦਕ ਵੱਲੋਂ ਵੀ ਇਸੇ ਤਰਤੀਬ ਵਿਚ ਹੀ ਪੇਸ਼ਕਾਰੀ ਹੋਈ ਹੈ। ਜਦੋਂ ਪਾਠਕ ਇਸ ਕਿਤਾਬ ਵਿਚੋਂ ਪੇਰੀਆਰ ਦੀ ਜ਼ਿੰਦਗੀ ਦੇ ਵੇਰਵੇ ਅਤੇ ਵਿਚਾਰ ਪੜ੍ਹਦਾ ਹੈ ਤਾਂ ਉਸ ਨੂੰ ਇਹ ਇਨਕਲਾਬੀ ਲੋਕ ਨਾਇਕ ਆਪਣਾ ਆਦਰਸ਼ ਜਾਪਦਾ ਹੈ।

ਈ ਵੀ ਰਾਮਾ ਸਾਮੀ (1879-1973) ਨੂੰ ਪੇਰੀਆਰ ਦਾ ਖਿਤਾਬ 13 ਨਵੰਬਰ 1938 ਨੂੰ ਮਦਰਾਸ (ਚੇਨਈ) ਵਿਖੇ ਹੋਈ ਇਸਤਰੀਆਂ ਦੀ ਕਾਨਫਰੰਸ ਵਿਚ ਦਿੱਤਾ ਗਿਆ ਸੀ, ਜਿਸ ਦਾ ਅਰਥ ਇਹ ਬਣਦਾ ਸੀ ਕਿ ਰਾਮਾ ਸਾਮੀ ਦੀ ਵਿਸ਼ਾਲਤਾ ਅਤੇ ਹੋਰ ਗੁਣ ਕੇਰਲ ਵਿਚ ਵਗਣ ਵਾਲੇ ਦਰਿਆ ਪੇਰੀਆਰ ਨਾਲ ਮਿਲਦੇ-ਜੁਲਦੇ ਹਨ। ਰਾਮਾ ਸਾਮੀ ਨੇ ਵੀ ਪੇਰੀਆਰ ਦਰਿਆ ਵਾਂਗ ਲੰਮਾ ਸਮਾਂ ਮਨੁੱਖੀ ਅਧਿਕਾਰਾਂ, ਔਰਤਾਂ ਦੀ ਆਜ਼ਾਦੀ, ਸਵੈਮਾਣ ਵਾਲੀ ਜ਼ਿੰਦਗੀ, ਤਰਕਸ਼ੀਲਤਾ ਅਤੇ ਹੋਰ ਮਾਨਵੀ ਗੁਣਾਂ ਵਾਲੀ ਜੀਵਨ-ਜਾਚ ਦੀ ਵਕਾਲਤ ਕੀਤੀ। ਸੋਵੀਅਤ ਯੂਨੀਅਨ ਦੀ ਫੇਰੀ ਉਪਰੰਤ ਉਸ ਨੇ ਸਾਰੀ ਉਮਰ ਸਮਾਜਵਾਦੀ ਸਿਧਾਂਤਾਂ 'ਤੇ ਪਹਿਰਾ ਦਿੱਤਾ। ਔਰਤਾਂ ਲਈ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਲਈ ਉਹ ਸਾਰੀ ਉਮਰ ਯਤਨਸ਼ੀਲ ਰਹੇ, ਇਸੇ ਲਈ ਹੀ ਉਹ ਵਿਆਹ ਸੰਸਥਾ ਨੂੰ ਆਤਮ ਸਨਮਾਨ ਅਨੁਸਾਰ ਢਾਲਣ ਦੀ ਗੱਲ ਕਰਦੇ ਰਹੇ। ਘਰ ਵਿਚ ਰਹਿ ਕੇ ਬਾਪ ਦੀ ਕੱਟੜਤਾ ਹੀ ਉਸ ਨੂੰ ਸਾਰੀ ਉਮਰ ਪਿਤਰ ਸੱਤਾ, ਬ੍ਰਾਹਮਣੀ ਰਹਿਤ ਮਰਿਆਦਾ ਦਾ ਵਿਰੋਧ ਕਰਨ ਲਈ ਪ੍ਰੇਰਦੀ ਰਹੀ। ਘਰੋਂ ਬਾਹਰ ਆਉਂਦਿਆਂ 'ਵਾਰਾਨਸੀ' ਵਿਚ ਪੰਡਤਾਂ ਵੱਲੋਂ ਕੀਤੇ ਅਮਾਨਵੀ ਵਿਹਾਰ ਨੇ ਇਸ ਵਿਰੋਧ ਨੂੰ ਹੋਰ ਤਿੱਖਾ ਕੀਤਾ। ਵਾਰਾਨਸੀ ਆ ਕੇ ਭੁੱਖੇ ਰਾਮਾ ਸਾਮੀ ਨੂੰ ਉਹ ਜੂਠੀਆਂ ਪੱਤਲਾਂ ਚੱਟਣ ਲਈ ਮਜਬੂਰ ਹੋਣਾ ਪਿਆ, ਜੋ ਉਸ ਦੇ ਨਾਲ ਕੁੱਤੇ ਚੱਟ ਰਹੇ ਸਨ, ਕਿਉਂਕਿ ਜੋ 'ਪੰਡਤਾਂ' ਵੱਲੋਂ ਘੜੇ ਕਾਨੂੰਨ ਅਨੁਸਾਰ ਕੇਵਲ 'ਬ੍ਰਾਹਮਣ' ਵਰਗ ਨੂੰ ਹੀ ਮੁਫ਼ਤ ਭੋਜਨ ਖੁਆਇਆ ਜਾ ਸਕਦਾ ਹੈ। ਪੰਡਤਾਂ ਵੱਲੋਂ ਆਪਣੇ ਬ੍ਰਾਹਮਣਵਾਦੀ ਕਾਨੂੰਨ ਦੀ ਪਾਲਣਾ ਕਰਦਿਆਂ ਕੀਤਾ ਅਜਿਹਾ ਵਿਵਹਾਰ ਪੇਰੀਆਰ ਦੇ ਮਨ ਵਿਚ ਬ੍ਰਾਹਮਣੀ ਸੋਚ ਪ੍ਰਤੀ ਹੋਰ ਘਿਰਣਾ ਪੈਦਾ ਕਰਦਾ ਹੈ। ਪੇਰੀਆਰ ਦੀ ਜ਼ਿੰਦਗੀ ਵਿਚ ਵਾਪਰੇ ਅਜਿਹੇ ਬਿਰਤਾਂਤ ਉਸ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਰਹੇ ਕਿ ਕੀ ਅਸੀਂ ਸੱਚ-ਮੁੱਚ ਹੀ ਮਨੁੱਖ ਕਹਾਉਣ ਦੇ ਯੋਗ ਹਾਂ?

ਈ. ਵੀ. ਰਾਮਾਸਾਮੀ ਕੇਵਲ 5 ਸਾਲ ਹੀ ਵਿੱਦਿਆ ਪ੍ਰਾਪਤ ਕਰ ਸਕੇ। ਵਪਾਰੀ ਬਾਪ ਦੀ ਇੱਛਾ ਅਨੁਸਾਰ ਉਸ ਦੇ ਕਾਰੋਬਾਰ ਵਿਚ ਸਹਾਇਤਾ ਕਰਨ ਲਈ ਪੜ੍ਹਾਈ ਛੱਡਣੀ ਪਈ, ਪਰ ਵਪਾਰੀ ਬਾਪ ਦੀ ਮਹਾਜਨੀ ਅਤੇ ਬ੍ਰਾਹਮਣੀ ਸੋਚਣ ਨਾਲ ਲੰਮਾ ਸਮਾਂ ਚੱਲ ਨਾ ਸਕੇ। ਛੇਤੀ ਹੀ ਘਰ ਛੱਡ ਕੇ ਪਹਿਲਾਂ ਵਿਜੇਵਾੜਾ, ਫਿਰ ਹੈਦਰਾਬਾਦ, ਬਾਅਦ ਵਿਚ ਵਾਰਾਨਸੀ ਗਏ, ਜਿੱਥੇ ਜ਼ਿੰਦਗੀ ਨੂੰ ਸਮਝਣ ਅਤੇ ਵਿਉਂਤਣ ਲਈ ਅਜਿਹੀਆਂ ਤਲਖ-ਹਕੀਕਤਾਂ ਨਾਲ ਵਾਹ ਪਿਆ, ਜੋ ਕਿ ਇਨ੍ਹਾਂ ਦੇ ਜੀਵਨ ਵਿਚ ਨਵੀਂ ਸੋਚ ਤੇ ਸੇਧ ਲੈ ਕੇ ਆਈ। ਇਸ ਸਾਰੇ ਵਰਤਾਰੇ ਤੋਂ ਬਾਅਦ ਪੇਰੀਆਰ ਇਨ੍ਹਾਂ ਤੱਥਾਂ ਵੱਲ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਹੋਏ।

- ਤੁਹਾਨੂੰ ਆਪਣਾ ਗਿਆਨ ਵਧਾਉਣ ਲਈ ਤਰਕ ਦੀ ਵਰਤੋਂ ਕਰਨੀ ਚਾਹੀਦੀ ਹੈ।
- ਜੋ ਪੱਥਰ ਨੂੰ ਦੇਵਤਾ ਮੰਨ ਕੇ ਡੰਡਾਉਤ ਕਰਦੇ ਹਨ, ਉਹ ਕਿੰਨਾ ਕੁ ਠੀਕ ਹੈ।
- ਸਾਇੰਸ ਵਿਚ ਮੁਹਾਰਤ ਰੱਖਣ ਵਾਲੇ ਲੋਕ ਪਾਪ/ਪੁੰਨ ਦੇ ਚੱਕਰ ਵਿਚ ਗੰਦੇ ਪਾਣੀ ਨਾਲ ਕਿਉਂ ਨਹਾਉਂਦੇ ਹਨ।
- ਇਹ ਸਾਰਾ ਵਰਤਾਰਾ ਗੈਰ ਤਾਰਕਿਕ ਹੈ ਕਿ ਜੋ ਸਾਨੂੰ ਇਸ ਪਾਸੇ ਖੋਜ ਕਰਨ ਅਤੇ ਵਿਚਾਰ ਚਰਚਾ ਕਰਨ ਤੋਂ ਰੋਕਦਾ ਹੈ।
- ਜੇ ਕੋਈ ਜਾਗਰੂਕ ਆਦਮੀ ਸੱਤਾ ਨੂੰ ਸਵਾਲ ਕਰਦਾ ਹੈ ਤਾਂ ਉਸ ਨੂੰ ਦੇਸ਼ ਧਰੋਹੀ ਕਹਿ ਕੇ ਡਰਾਇਆ ਜਾ ਰਿਹਾ ਹੈ।

ਪੇਰੀਆਰ ਦਾ ਮੰਨਣਾ ਸੀ ਕਿ ਹੋਏ-ਬੀਤੇ ਅਤੇ ਵਰਤਮਾਨ ਨੂੰ ਸਵਾਲ ਕਰਨ ਦਾ ਅਧਿਕਾਰ ਹਰ ਬਸ਼ਰ ਨੂੰ ਹੈ। ਅਸਲ ਵਿਚ ਵਿਗਿਆਨਕ ਸੋਚ ਅਤੇ ਦਲੀਲ ਦੀ ਜੁਗਤ ਹੀ ਆਦਮੀ ਨੂੰ ਵਰਤਮਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਜਿਊਣ ਦਾ ਢੰਗ ਸਿਖਾਉਂਦੀ ਹੈ। ਇਹ ਸੋਚ ਇਤਿਹਾਸ ਨੂੰ ਵੀ ਇਸੇ ਨਜ਼ਰੀਏ ਤੋਂ ਦੇਖਣ ਦਾ ਯਤਨ ਕਰਦੀ ਹੈ, ਪਰ ਹਰ ਯੁੱਗ ਵਿਚ ਅਜਿਹੀ ਸੋਚ ਅਤੇ ਵਰਤਾਰੇ ਨੂੰ ਸੱਤਾਧਾਰੀਆਂ ਵੱਲੋਂ ਰੋਕਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਸਾਹਿਤ ਵਿਚ ਸੱਤਾ ਨੂੰ ਸਵਾਲ ਕਰਨ ਦੀ ਅਜਿਹੀ ਸ਼ਕਤੀਸ਼ਾਲੀ ਪਰੰਪਰਾ ਰਹੀ, ਜਿਸ ਨੂੰ ਸੰਤ ਕਬੀਰ, ਗੁਰੂ ਰਵਿਦਾਸ, ਗੁਰੂ ਨਾਨਕ ਅਤੇ ਹੋਰ ਸ਼ਬਦ ਸਾਧਨਾ ਨੇ ਬਹੁਤ ਹੀ ਖ਼ੂਬੀ ਨਾਲ ਵਰਤਿਆ ਹੈ। ਪੇਰੀਆਰ ਜਿਸ ਜੀਵਨ-ਜਾਂਚ ਜਾਂ ਸਮਾਜਿਕ ਪ੍ਰਬੰਧ ਨੂੰ ਅਪਣਾਉਣ ਦੀ ਵਕਾਲਤ ਕਰਦਾ ਹੈ, ਉਹ ਗੁਰੂ ਰਵਿਦਾਸ ਦੇ ਬੇਗਮਪੁਰੇ ਵਰਗਾ ਜਾਪਦਾ ਹੈ। ਪੇਰੀਆਰ ਅਨੁਸਾਰ ਅੰਧ-ਵਿਸ਼ਵਾਸ ਇਸ ਕਰਕੇ ਹੈ ਕਿਉਂ ਜੋ ਲੋਕਾਂ ਤੋਂ ਸਵਾਲ ਕਰਨ ਦਾ ਅਧਿਕਾਰ ਹੀ ਖੋਹ ਲਿਆ ਹੈ। ਉਸ ਦਾ ਮੰਨਣਾ ਸੀ ਕਿ ਪਰੰਪਰਾ ਅਤੇ ਇਤਿਹਾਸ ਨੂੰ ਸਵਾਲ ਕਰਨ (ਸੰਵਾਦ ਕਰਨ) ਨਾਲ ਹੀ ਆਤਮ ਸਨਮਾਨ ਅਤੇ ਤਰਕਸ਼ੀਲਤਾ ਵੱਲ ਅੱਗੇ ਵਧਿਆ ਜਾ ਸਕਦਾ ਹੈ। ਅਸਲ ਵਿਚ ਤਰਕਸ਼ੀਲਤਾ ਹੀ ਹੈ, ਜੋ ਮਨੁੱਖ ਨੂੰ ਜਾਨਵਰ ਤੋਂ ਇਨਸਾਨ ਬਣਾਉਂਦੀ ਹੈ। ਉਸ ਦਾ ਮੰਨਣਾ ਸੀ ਕਿ ਸਿਰਫ ਉਹੀ ਸਵੀਕਾਰ ਕਰੋ ਜੋ ਤੁਹਾਡੇ ਵਿਵੇਕ ਨੂੰ ਸਹੀ ਲੱਗੇ। ਇਸੇ ਕਰਕੇ ਹੀ ਉਸ ਨੇ ਕਿਸਮਤਵਾਦ ਅਤੇ ਜੋਤਿਸ਼ ਨੂੰ ਰੱਦ ਕੀਤਾ। ਇਸ ਦੇ ਮੁਕਾਬਲੇ ਉਹ 'ਵਿਗਿਆਨ' ਨੂੰ ਇਸ ਕਰਕੇ ਵਡੇਰਾ ਮੰਨਦੇ ਸਨ, ਕਿਉਂ ਜੋ ਇਹ ਤਰਕਸ਼ੀਲਤਾ 'ਤੇ ਆਧਾਰਿਤ ਹੁੰਦਾ ਹੈ। ਪੇਰੀਆਰ ਇਸ ਤੱਥ ਨੂੰ ਦੇਖਦਿਆਂ ਹੈਰਾਨ ਅਤੇ ਪ੍ਰੇਸ਼ਾਨ ਹੁੰਦੇ ਸਨ ਕਿ ਵਿਦੇਸ਼ੀ ਲੋਕ ਗ੍ਰਹਿਆਂ ਉੱਤੇ ਸੰਦੇਸ਼ ਭੇਜ ਰਹੇ ਹਨ ਅਸੀਂ ਅੱਜ ਤੱਕ ਵੀ ਬ੍ਰਾਹਮਣਾਂ ਰਾਹੀਂ ਪਿੱਤਰਾਂ ਨੂੰ ਦਾਲ-ਚੌਲ ਭੇਜੀ ਜਾ ਰਹੇ ਹਾਂ। ਅੱਜ ਜੇ ਅਸੀਂ ਬ੍ਰਹਿਮੰਡ ਵਿਚ ਉਪ-ਗ੍ਰਹਿ ਵੀ ਭੇਜ ਰਹੇ ਹਾਂ ਤਾਂ ਜੋ ਉਸ ਦੀ ਸ਼ੁਰੂਆਤ ਨਾਰੀਅਲ ਤੋੜ ਕੇ ਜਾਂ ਅਜਿਹੇ ਹੋਰ ਕਰਮ ਕਾਂਡਾਂ ਨਾਲ ਲੋਕ ਜੋੜ ਕੇ ਹੀ ਕਰਦੇ ਜਾ ਰਹੇ ਹਾਂ। ਪੇਰੀਆਰ ਦੀ ਇੱਛਾ ਇਹ ਸੀ ਕਿ ਮਨੁੱਖ ਜਦੋਂ ਤੱਕ ਵਿਗਿਆਨਕ ਸੋਚ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਅਤੇ ਆਪਣੇ ਵਿਹਾਰ ਦਾ ਹਿੱਸਾ ਨਹੀਂ ਬਣਾਉਂਦਾ, ਉਦੋਂ ਤੱਕ ਉਸ ਦੇ ਸਰਬਪੱਖੀ ਵਿਕਾਸ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਪੇਰੀਆਰ ਨੇ 17 ਸਾਲ ਦੀ ਉਮਰ ਵਿਚ ਹੀ ਅਜਿਹੀਆਂ ਧਾਰਨਾਵਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ, ਜੋ ਉਹ ਤਾਅ ਜ਼ਿੰਦਗੀ ਕਰਦਾ ਰਿਹਾ। ਉਸ ਦਾ ਇਹ ਵੀ ਮੰਨਣਾ ਸੀ ਕਿ ਤਰਕਹੀਣਤਾ ਵਿਚੋਂ ਹੀ ਗੁਲਾਮੀ, ਗਰੀਬੀ, ਸ਼ੋਸ਼ਣ ਆਦਿ ਬੁਰਾਈਆਂ ਜਨਮਦੀਆਂ ਹਨ।

ਪੇਰੀਆਰ ਨੇ ਪਿੱਤਰ ਸੱਤਾ ਦਾ ਵਿਰੋਧ ਕਰਦਿਆਂ ਔਰਤਾਂ ਨੂੰ ਇਕ ਆਜ਼ਾਦ ਹਸਤੀ ਵਾਲੇ ਜੀਵਨ ਵਜੋਂ ਸਵੀਕਾਰ ਕਰਦਿਆਂ ਕਿਸੇ ਵੀ ਤਰ੍ਹਾਂ ਦੀ ਅਧੀਨਗੀ ਤੋਂ ਮੁਕਤ ਹੋਣ ਦੀ ਗੱਲ ਵੀ ਜ਼ੋਰ-ਸ਼ੋਰ ਨਾਲ ਉਠਾਈ ਸੀ। ਅਸਲ ਵਿਚ ਪੇਰੀਆਰ ਤੋਂ 40 ਸਾਲ ਪਹਿਲਾਂ ਇਹ ਮਸਲਾ ਜਯੋਤੀਬਾ ਫੂਲੇ ਵੱਲੋਂ 'ਸਤਸੋਧਕ ਵਿਆਹ ਸੰਸਕਾਰ' ਦੇ ਰੂਪ ਵਿਚ ਉਠਾਇਆ ਸੀ, ਇਸ ਵਿਆਹ ਪਰੰਪਰਾ ਵਿਚ ਪੰਡਤ ਦੀ ਕੋਈ ਭੂਮਿਕਾ ਨਹੀਂ ਹੁੰਦੀ, ਸਗੋਂ ਵਿਆਹ ਵਾਲੇ ਕੁੜੀ-ਮੁੰਡਾ ਹੀ ਖੁਦ ਨਿਰਧਾਰਿਤ ਮੰਤਰਾਂ ਦਾ ਜਾਪ ਕਰਦੇ ਸਨ। ਇਥੇ ਪੇਰੀਆਰ ਫੂਲੇ ਜੋੜੀ ਦੇ ਕਾਰਜ ਨੂੰ ਹੀ ਅੱਗੇ ਤੋਰਦਾ ਹੈ।

'ਜਤ ਸਤ' ਦੇ ਨੇਮ ਅਤੇ ਮਿਆਰ ਬਾਰੇ ਪੇਰੀਆਰ ਦਾ ਮੰਨਣਾ ਹੈ ਕਿ ਜਾਂ ਤਾਂ ਇਹ ਪਤੀ-ਪਤਨੀ ਦੋਨਾਂ ਧਿਰਾਂ ਉਪਰ ਲਾਗੂ ਹੋਣ ਜਾਂ ਫਿਰ ਕਿਸੇ 'ਤੇ ਵੀ ਨਹੀਂ। ਪੇਰੀਆਰ ਦੀ ਇਹ ਸੋਚ ਅਸਲ ਵਿਚ ਔਰਤ ਦੀ ਆਜ਼ਾਦੀ ਅਤੇ ਆਜ਼ਾਦ ਹਸਤੀ ਦੀ ਕਾਇਮੀ ਵੱਲ ਇਕ ਨਿੱਗਰ ਕਦਮ ਸੀ। ਇਸ ਸੋਚ ਅਧੀਨ ਹੀ ਉਸ ਨੇ ਆਪਣੀ ਪਤਨੀ 'ਨਰਾ ਮੱਲ' ਨੂੰ ਮੰਗਲ ਸੂਤਰ ਦਾ ਤਿਆਗ ਕਰਨ ਲਈ ਰਾਜ਼ੀ ਕੀਤਾ ਸੀ। ਪੇਰੀਆਰ ਦੀ ਸੋਚ ਅਤੇ ਨੀਅਤ ਅਸਲ ਵਿਚ ਆਪਣੇ ਸਮਿਆਂ ਤੋਂ ਅੱਗੇ ਜਾ ਕੇ ਦੇਖਣ ਦੀ ਸੀ, ਉਹ ਸਮਾਜ ਨੂੰ ਮਾਨਵ ਹਿਤੈਸ਼ੀ ਬਣਾਉਣਾ ਸੋਚਦਾ ਸੀ, ਇਸੇ ਦਿਸ਼ਾ ਵਿਚ ਉਹ ਲਗਾਤਾਰ ਕੰਮ ਕਰਦਾ ਰਿਹਾ।

ਪੇਰੀਆਰ ਇਸ ਗੱਲ ਦਾ ਹਮਾਇਤੀ ਸੀ ਕਿ ਸਿੱਖਿਆ ਦਾ ਮਾਧਿਅਮ 'ਮਾਤ ਭਾਸ਼ਾ' ਹੀ ਹੋਣਾ ਚਾਹੀਦਾ ਹੈ। ਇਸੇ ਲੜੀ ਵਿਚ ਉਸ ਨੇ 1935 ਈਸਵੀ ਵਿਚ ਤਾਮਿਲ ਭਾਸ਼ਾ ਦੀ ਵਰਣ ਮਾਲਾ ਵਿਚ ਕੁਝ ਸੁਧਾਰ ਪੇਸ਼ ਕੀਤੇ, ਜੋ ਸਵੀਕਾਰੇ ਗਏ। 'ਹਿੰਦੀ' ਭਾਸ਼ਾ ਦੇ ਮੁਕਾਬਲੇ ਤਾਮਿਲ (ਮਾਤ ਭਾਸ਼ਾ) ਨੂੰ ਅੱਗੇ ਰੱਖਣ ਲਈ ਸੰਘਰਸ਼ ਕੀਤਾ। ਇਸੇ ਲੜੀ ਵਿਚ ਉਸ ਨੇ 'ਕਮਿਊਨਿਸਟ ਮੈਨੀਫੈਸਟੋ' ਦਾ ਤਾਮਿਲ ਵਿਚ ਅਨੁਵਾਦ ਕੀਤਾ। ਹਿੰਦੀ ਭਾਸ਼ਾ ਦੀ ਧੌਂਸ ਅਤੇ ਸਰਦਾਰੀ ਨੂੰ ਖ਼ਤਮ ਕਰਨ ਲਈ ਉਸ ਨੇ ਭਾਸ਼ਾ ਨੂੰ ਇਕ ਇਕਾਈ ਮੰਨ ਕੇ ਸੂਬਿਆਂ ਦੇ ਪੁਨਰ ਗਠਨ ਦੀ ਗੱਲ ਕੀਤੀ ਅਤੇ ਮਨਵਾਈ ਵੀ। ਉਸ ਦਾ ਮੰਨਣਾ ਸੀ ਕਿ ਭਾਸ਼ਾ ਨੂੰ ਇਕ ਇਕਾਈ ਮੰਨ ਕੇ ਬਣਾਏ ਸੂਬੇ ਦਾ ਵਿਕਾਸ ਠੀਕ ਦਿਸ਼ਾ ਵਿਚ ਹੋ ਸਕੇਗਾ।

ਬਾਲ ਵਿਧਵਾ ਦੇ ਪੁਨਰ ਵਿਆਹ ਦੀ ਸ਼ੁਰੂਆਤ ਉਸ ਨੇ ਘਰ ਤੋਂ ਹੀ ਕੀਤੀ। ਆਪਣੀ ਭਾਣਜੀ ਜੋ ਕੇਵਲ 9 ਸਾਲ ਦੀ ਬਾਲੜੀ ਉੱਪਰ ਵਿਚ ਹੀ ਵਿਧਵਾ ਹੋ ਗਈ ਸੀ, ਦਾ ਪੁਨਰ ਵਿਆਹ ਕਰਵਾਇਆ।

ਸਮਾਜਵਾਦ ਬਾਰੇ ਉਸ ਦੀ ਸੋਚ ਇਹ ਸੀ ਕਿ ਤਰਕ ਦੇ ਆਧਾਰ 'ਤੇ ਸੋਚੀਏ ਤਾਂ ਸਮਾਜਵਾਦ ਰੂਸ ਨਾਲੋਂ ਪਹਿਲਾਂ ਭਾਰਤ ਵਿਚ ਆਉਣਾ ਚਾਹੀਦਾ ਸੀ, ਪਰ ਇਥੇ ਇਸ ਨੂੰ ਰੋਕਣ ਲਈ ਅਨੇਕ ਤਰ੍ਹਾਂ ਦੇ ਛੜਯੰਤਰ ਰਚੇ ਗਏ, ਜੋ ਕਿਸੇ ਅਦਿੱਖ 'ਰੱਬੀ ਇੱਛਾ' ਦੇ ਅਧੀਨ ਹੁੰਦੇ ਅਤੇ ਸਵੀਕਾਰੇ ਜਾਂਦੇ ਰਹੇ। ਪੇਰੀਆਰ ਦੀ ਇੱਛਾ ਸੀ ਕਿ ਰਾਜ ਭਾਗ (ਸਟੇਟ) ਉਪਰ ਮਜ਼ਦੂਰਾਂ ਅਤੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੰਸਾਰਕ ਤੇ ਅਧਿਆਤਮਕ ਖੇਤਰ ਦੇ ਦਵੰਦਾਤਮਕ ਸੰਬੰਧਾਂ ਵਿੱਚੋਂ ਨਵੇਂ ਜੀਵਨ ਦਰਸ਼ਨ ਨੂੰ ਰੂਪਮਾਨ ਕਰਦਾ ਨਾਵਲ

## ਚਿਤ੍ਰਲੇਖਾ

**ਭਗਵਤੀਚਰਣ ਵਰਮਾ**
**ਪੰਜਾਬੀ ਅਨੁਵਾਦ-ਦੀਪ ਜਗਦੀਪ ਸਿੰਘ**
**ਪੰਨੇ-168, ਮੁੱਲ-300 ਰੁਪਏ**
**ਮਾਨ ਬੁੱਕ ਸਟੋਰ ਪਬਲੀਕੇਸ਼ਨ, ਤੁੰਗਵਾਲੀ (ਬਠਿੰਡਾ)**




'ਚਿਤ੍ਰਲੇਖਾ' ਭਾਰਤ ਸਰਕਾਰ ਪਾਸੋਂ ਪਦਮ ਭੂਸ਼ਣ ਪ੍ਰਾਪਤ ਕਰਨ ਵਾਲੇ ਹਿੰਦੀ ਭਾਸ਼ਾ ਦੇ ਉੱਘੇ ਨਾਵਲਕਾਰ ਭਗਵਤੀਚਰਨ ਵਰਮਾ ਦਾ ਬਹੁ-ਪ੍ਰਸਿੱਧੀ ਪ੍ਰਾਪਤ ਨਾਵਲ ਹੈ, ਜਿਹੜਾ ਜੀਵਨ ਦੇ ਸੰਸਾਰਕ ਤੇ ਅਧਿਆਤਮਕ (ਭੋਗੀ ਤੇ ਯੋਗੀ) ਖੇਤਰਾਂ ਵਿਚਲੇ ਦਵੰਦਾਤਮਕ ਸੰਬੰਧਾਂ ਦੀਆਂ ਸੂਖਮ ਤੰਦਾਂ ਰਾਹੀਂ ਇੱਕ ਵੱਖਰੇ ਤਰ੍ਹਾਂ ਦੇ ਜੀਵਨ ਦਰਸ਼ਨ ਦੀ ਬੁਣਤੀ ਬੁਣਦਾ ਹੈ। ਇਹ ਦੋਵੇਂ ਖੇਤਰ ਆਪਣੀ ਸ੍ਰੇਸ਼ਠਤਾ ਸਿੱਧ ਕਰਨ ਲਈ ਆਪਸੀ ਤਣਾਵਾਂ ਤੇ ਟਕਰਾਵਾਂ ਵਿੱਚੋਂ ਵੀ ਲੰਘਦੇ ਹਨ ਤੇ ਇੱਕ-ਦੂਜੇ ਦੇ ਪੂਰਕ ਵੀ ਬਣੇ ਰਹਿੰਦੇ ਹਨ। ਮਨੁੱਖੀ ਮਨ ਜਿੱਥੇ ਕੁਦਰਤੀ ਤੌਰ 'ਤੇ ਹੀ ਬਦਲਾਓ ਵੱਲ ਆਕ੍ਰਸ਼ਿਤ ਰਹਿੰਦਾ ਹੈ, ਉੱਥੇ ਇਹ ਯੋਗੀ ਨੂੰ ਭੋਗੀ ਤੇ ਭੋਗੀ ਨੂੰ ਯੋਗੀ ਬਣਾਉਣ ਦੀ ਸਮਰੱਥਾ ਵੀ ਰੱਖਦਾ ਹੈ। ਇਸ ਤਰ੍ਹਾਂ ਦੋਵੇਂ ਖੇਤਰਾਂ ਵਿਚਲਾ ਵਿਚਾਰਧਾਰਕ ਫਲਸਫਾ ਵੀ ਸਮੇਂ ਤੇ ਸਥਿਤੀਆਂ ਅਨੁਸਾਰ ਬਦਲਦਾ ਰਹਿੰਦਾ ਹੈ। ਨਾਵਲ ਪਾਠ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਹਰ ਸਮਾਜਿਕ ਤੇ ਅਧਿਆਤਮਕ ਵਿਵਸਥਾ ਦਾ ਆਪਣਾ ਵੱਖਰਾ ਸੱਚ ਹੁੰਦਾ ਤੇ ਇਹ ਸੱਚ ਅੰਤਿਮ ਨਾ ਹੋ ਕੇ ਜ਼ਿੰਦਗੀ ਵਿੱਚ ਆਉਣ ਵਾਲੇ ਨਿਰੰਤਰ ਬਦਲਾਵਾਂ ਦਾ ਵੀ ਸੂਚਕ ਬਣਦਾ ਹੈ।

ਇਹ ਨਾਵਲ ਪਿਆਰ-ਮੁਹੱਬਤ ਨੂੰ ਅਜਿਹੇ ਪਾਕ-ਪਵਿੱਤਰ ਮਨੁੱਖੀ ਜਜ਼ਬੇ ਵਜੋਂ ਮਾਨਤਾ ਦਿੰਦਾ ਹੈ, ਜੋ ਦੁਨਿਆਵੀ ਤੇ ਅਧਿਆਤਮਕ ਜ਼ਾਬਤਿਆਂ ਤੋਂ ਪਾਰ ਜਾਣ ਦੀ ਤਾਕਤ ਰੱਖਦਾ ਹੈ। ਨਾਵਲ ਦੀ ਮੁੱਖ ਪਾਤਰ ਨਾਚੀ ਚਿਤ੍ਰਲੇਖਾ ਅਤੇ ਸ਼ਾਮੰਤ ਬੀਜਗੁਪਤ ਦੀ ਪਿਆਰ ਕਹਾਣੀ ਨੂੰ ਵੀ ਪਰਮ ਆਨੰਦ ਦੀ ਅਵਸਥਾ ਤੱਕ ਪਹੁੰਚਣ ਲਈ ਬਹੁਤ ਸਾਰੇ ਸੰਸਾਰਕ ਤੇ ਅਧਿਆਤਮਕ ਪੜਾਅ ਪਾਰ ਕਰਨੇ ਪੈਂਦੇ ਹਨ। ਭਾਵੇਂ ਚਿਤ੍ਰਲੇਖਾ ਸਾਮੰਤ ਬੀਜਗੁਪਤ ਨੂੰ ਦਿਲ-ਜਾਨ ਤੋਂ ਪਿਆਰ ਕਰਦੀ ਹੈ, ਪਰ ਸੰਸਾਰਕ ਤੇ ਪਦਾਰਥਕ ਸੁੱਖ ਅਰਾਮ ਦੀ ਬਹੁਤਾਤ ਤੋਂ ਪੈਦਾ ਹੋਇਆ ਅਕੇਵਾਂ ਉਸ ਨੂੰ ਤਿਆਗ ਤੇ ਵੈਰਾਗ ਦੇ ਪਰਾਭੌਤਿਕ ਸੰਸਾਰ ਵੱਲ ਵੀ ਖਿੱਚਦਾ ਰਹਿੰਦਾ ਹੈ। ਇੱਕ ਪੜਾਅ 'ਤੇ ਇਹ ਖਿੱਚ ਏਨੀ ਵਧ ਜਾਂਦੀ ਹੈ ਕਿ ਭੋਗ ਦੀ ਬਜਾਇ ਯੋਗ ਉਸ ਦੀ ਪਹਿਲੀ ਪਸੰਦ ਬਣ ਜਾਂਦਾ ਹੈ। ਜਦੋਂ ਆਰੀਆ ਸ੍ਰੇਸ਼ਠ ਮਿਤ੍ਰਿਯੁੰਜਯ ਵੱਲੋਂ ਆਪਣੀ ਧੀ ਯਸ਼ੋਧਰਾ ਦਾ ਵਿਆਹ ਬੀਜਗੁਪਤ ਨਾਲ ਕਰਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਚਿਤ੍ਰਲੇਖਾ ਦੇ ਪਿਆਰ ਬੰਧਨ ਵਿਚ ਬੱਝਾ ਬੀਜਗੁਪਤ ਇਹ ਪੇਸ਼ਕਸ਼ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੰਦਾ ਹੈ, ਪਰ ਚਿਤ੍ਰਲੇਖਾ ਅੰਦਰ ਪੈਦਾ ਹੋਏ ਵੈਰਾਗ ਦੇ ਭਾਵ ਉਸ ਨੂੰ ਬੀਜਗੁਪਤ ਦੇ ਜੀਵਨ ਵਿਚ ਨਿਕਲਣ ਲਈ ਉਕਸਾਉਂਦੇ ਰਹਿੰਦੇ ਹਨ। ਸੰਸਾਰਕ ਵਾਸਨਾਵਾਂ 'ਤੇ ਜਿੱਤ ਪ੍ਰਾਪਤ ਕਰਨ ਦਾ ਦਾਅਵਾ ਵਾਲੇ ਯੋਗੀ ਕੁਮਾਰਗਿਰੀ ਵੱਲ ਉਸ ਦੀ ਵਧ ਰਹੀ ਖਿੱਚ ਵੀ ਉਸ ਨੂੰ ਬੀਜਗੁਪਤ ਨੂੰ ਛੱਡਣ ਲਈ ਪ੍ਰੇਰਿਤ ਕਰਦੀ ਹੈ। ਇਸ ਅਵਸਥਾ ਵਿਚ ਉਹ ਉਸ ਨੂੰ ਆਪਣੇ ਪਿਆਰ ਬੰਧਨ ਤੋਂ ਮੁਕਤ ਕਰਨ ਦੀ ਗੱਲ ਕਰਦਿਆਂ ਉਸ ਤੇ ਯਸ਼ੋਧਰਾ ਦੇ ਵਿਆਹ ਨੂੰ ਵੀ ਇਸ ਦਲੀਲ ਨਾਲ ਵਾਜਬ ਠਹਿਰਾਉਂਦੀ ਹੈ ਕਿ ਨਾਚੀ ਦੀ ਬਜਾਇ ਉੱਚ ਖਾਨਦਾਨੀ ਪਰਵਾਰ ਦੀ ਕੰਨਿਆ ਨਾਲ ਵਿਆਹ ਕਰਵਾ ਕੇ ਉਹ ਆਪਣੇ ਸਮਾਜਿਕ ਸਨਮਾਨ ਵਿੱਚ ਵੀ ਹੋਰ ਵਾਧਾ ਕਰ ਸਕਦਾ ਹੈ। ਇੱਥੇ ਨਾਵਲਕਾਰ ਉਸ ਸਮੇਂ ਦੀਆਂ ਸਾਮੰਤੀ ਕਦਰਾਂ-ਕੀਮਤਾਂ ਨੂੰ ਆਪਣੇ ਕਟਾਖਸ਼ ਦਾ ਨਿਸ਼ਾਨਾ ਬਣਾਉਣ ਵਿਚ ਵੀ ਸਫਲ ਹੁੰਦਾ ਦਿੰਦਾ ਹੈ ਕਿ ਉਸ ਵੇਲੇ ਮਨੁੱਖ ਦੀ ਉੱਚਤਾ ਤੇ ਸਮਾਜਿਕ ਪ੍ਰਤਿਸ਼ਠਾ ਦਾ ਮਾਪਦੰਡ ਉਸ ਅੰਦਰਲੀ ਕਲਾ ਜਾਂ ਹੁਨਰ ਨਹੀਂ, ਸਗੋਂ ਪੈਸਾ ਹੀ ਰਿਹਾ ਹੈ। ਭਾਵੇਂ ਬੀਜਗੁਪਤ ਉਸ ਨੂੰ ਅੰਦਰਲੇ ਮਨੋਂ ਪਿਆਰ ਕਰਦਾ ਹੈ, ਪਰ ਸਮੇਂ ਦੀਆਂ ਕਦਰਾਂ-ਕੀਮਤਾਂ ਮੁਤਾਬਿਕ ਉਹ ਉਸ ਨਾਲ ਵਿਧੀਵੱਤ ਰੂਪ ਵਿਚ ਵਿਆਹ ਨਹੀਂ ਕਰਾਉਂਦਾ ਤੇ ਨਾਚੀ ਹੋਣ ਕਾਰਨ ਉਸ ਦੀ ਸਮਾਜਿਕ ਸਥਿਤੀ ਇਕ ਰਖੇਲ ਵਜੋਂ ਹੀ ਬਣੀ ਰਹਿੰਦੀ ਹੈ।

ਭਾਵੇਂ ਉਹ ਸੰਸਾਰਕ ਸੁੱਖ ਤਿਆਗ ਕਰਨ ਦਾ ਮਨ ਬਣਾ ਬਣਾ ਕੇ ਯੋਗੀ ਕੁਮਾਰਗਿਰੀ ਦੇ ਆਸ਼ਰਮ ਵਿਚ ਪਹੁੰਚਦੀ ਹੈ, ਪਰ ਉਸ ਦੇ ਮਨ ਦੇ ਕਿਸੇ ਕੋਨੇ ਵਿਚ ਯੋਗੀ ਦੀ ਜਿਸਮਾਨੀ ਨੇੜਤਾ ਦਾ ਸੁੱਖ ਮਾਨਣ ਦੀ ਇੱਛਾ ਵੀ ਪਈ ਹੈ। ਉਸ ਦੇ ਆਸ਼ਰਮ ਉੱਥੇ ਪਹੁੰਚਣ 'ਤੇ ਯੋਗੀ ਦੇ ਮਨ ਵਿਚ ਇਹ ਡਰ ਬੈਠ ਜਾਂਦਾ ਹੈ ਕਿ ਇਕ ਸੁੰਦਰ ਔਰਤ ਦੀ ਨੇੜਤਾ ਉਸ ਦੀ ਤਪੱਸਿਆ ਨੂੰ ਭੰਗ ਕਰਕੇ ਉਸ ਨੂੰ ਯੋਗੀ ਤੋਂ ਭੋਗੀ ਵੀ ਬਣਾ ਸਕਦੀ। ਇਸ ਡਰ ਕਾਰਨ ਪਹਿਲਾਂ ਉਹ ਉਸ ਨੂੰ ਦੀਖਿਆ ਦੇਣ ਤੋਂ ਇਨਕਾਰ ਕਰਦਾ ਹੈ ਤੇ ਫਿਰ ਆਪਣੇ ਹੱਠ-ਯੋਗ 'ਤੇ ਵਿਸ਼ਵਾਸ ਕਰਦਿਆਂ ਇਹ ਚੁਨੌਤੀ ਸਵੀਕਾਰ ਵੀ ਲੈਂਦਾ ਹੈ। ਦੋਵੇਂ ਕੁਝ ਸਮੇਂ ਲਈ ਆਪਣੇ-ਆਪਣੇ ਪੱਧਰ 'ਤੇ ਜ਼ਾਬਤਾ ਬਣਾਈ ਰੱਖਦੇ ਹਨ, ਪਰ ਸਮਾਂ ਪਾ ਕੇ ਬਦਲਵੇਂ ਵਾਤਾਵਰਣ

**ਨਿਰੰਜਣ ਬੋਹਾ**

ਵਿੱਚ ਦੋਵਾਂ ਦੀਆਂ ਮਨੋ-ਸਥਿਤੀਆਂ ਵਿੱਚ ਵੀ ਨਵਾਂ ਬਦਲਾਓ ਆਉਣ ਲੱਗਦਾ ਹੈ। ਇਕ ਪਾਸੇ ਆਸ਼ਰਮ ਦੇ ਇਕਾਂਤਵਾਸੀ ਅਧਿਆਤਮਕ ਵਾਤਾਵਰਣ ਵਿਚ ਬਦਲੀ ਮਾਨਸਿਕਤਾ ਅਨੁਸਾਰ ਚਿਤ੍ਰਲੇਖਾ ਅੰਦਰ ਭੋਗ ਵਿਲਾਸ ਪ੍ਰਤੀ ਉਦਾਸੀਨਤਾ ਪੈਦਾ ਹੋਣ ਲੱਗਦੀ ਹੈ ਤਾਂ ਦੂਜੇ ਪਾਸੇ ਯੋਗੀ ਅੰਦਰ ਅਜਿਹੀਆਂ ਭਾਵਨਾਵਾਂ ਹੋਰ ਵੀ ਪ੍ਰਬਲ ਹੋਣ ਲੱਗਦੀਆਂ ਹਨ। ਇੱਥੇ ਨਾਵਲਕਾਰ ਸਮੇਂ ਨੂੰ ਮਨੁੱਖ ਦੇ ਅਧੀਨ ਵਿਖਾਉਣ ਦੀ ਬਜਾਇ ਮਨੁੱਖ ਨੂੰ ਸਮੇਂ ਦੇ ਅਧੀਨ ਵਿਖਾਉਣ ਵਾਲੀ ਵਿਵਹਾਰਕ ਧਾਰਨਾ ਦੀ ਪੁਸ਼ਟੀ ਤੇ ਪ੍ਰੋੜ੍ਹਤਾ ਵੀ ਕਰਦਾ ਹੈ।

ਦੂਜੇ ਪਾਸੇ ਬੀਜਗੁਪਤ ਵੀ ਚਿਤ੍ਰਲੇਖਾ ਦੇ ਪਿਆਰ ਦੀਆਂ ਯਾਦਾਂ ਸਹਾਰੇ ਆਪਣਾ ਜੀਵਨ ਬਤੀਤ ਕਰਨ ਜਾਂ ਨਵੇਂ ਸਿਰੇ ਤੋਂ ਗ੍ਰਹਿਸਥੀ ਜੀਵਨ ਸ਼ੁਰੂ ਕਰਨ ਨੂੰ ਲੈ ਕੇ ਤਿੱਖੇ ਮਾਨਸਿਕ ਦਵੰਦ ਵਿਚੋਂ ਲੰਘਦਾ ਹੈ। ਕਾਸ਼ੀ (ਬਨਾਰਸ) ਦੀ ਯਾਤਰਾ ਦੌਰਾਨ ਯਸ਼ੋਧਰਾ ਦੀ ਸੁੰਦਰਤਾ ਤੇ ਸੁਹਜ ਸਲੀਕੇ ਕਾਰਨ ਪੈਦਾ ਹੋਈ ਨੇੜਤਾ ਉਸ ਨੂੰ ਯਸ਼ੋਧਰਾ ਦੇ ਪਿਤਾ ਵੱਲੋਂ ਦਿੱਤੀ ਪੇਸ਼ਕਸ਼ ਸਵੀਕਾਰ ਕਰਨ ਲਈ ਪ੍ਰੇਰਿਤ ਤਾਂ ਕਰਦੀ ਹੈ, ਪਰ ਉਹ ਆਪਣੇ ਅੰਦਰੋਂ ਚਿਤ੍ਰਲੇਖਾ ਦਾ ਪਿਆਰ ਕੱਢ ਸਕਣ ਤੋਂ ਅਸਮਰੱਥ ਹੈ। ਜਦੋਂ ਉਸ ਦੇ ਗੁਰੂ ਭਾਈ ਤੋਂ ਸੇਵਕ ਬਣਿਆ ਸ਼ਵੇਤਾਂਕ ਵੀ ਉਸ ਕੋਲ ਯਸ਼ੋਧਰਾ ਨਾਲ ਵਿਆਹ ਕਰਾਉਣ ਦੀ ਇੱਛਾ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸ ਨੂੰ ਫਿਰ 'ਹਾਂ ਜਾਂ ਨਾਂਹ' ਦੇ ਤਿੱਖੇ ਦਵੰਦ ਵਿੱਚੋਂ ਲੰਘਣਾ ਪੈਂਦਾ ਹੈ। ਆਖਿਰ ਆਪਣੇ ਪਹਿਲੇ ਪਿਆਰ ਨੂੰ ਸਦੀਵੀ ਤੇ ਸੱਚਾ ਬਣਾਉਣ ਦੀ ਦ੍ਰਿੜ੍ਹਤਾ ਧਾਰਨ ਕਰਕੇ ਉਹ ਫਕੀਰੀ ਰੂਪ ਵਿਚ ਸੰਸਾਰ ਯਾਤਰਾ ਕਰਨ ਦਾ ਮਨ ਬਣਾ ਲੈਂਦਾ ਹੈ। ਨਵੀਂ ਵੈਰਾਗੀ ਬਿਰਤੀ ਅਧੀਨ ਉਹ ਆਪਣੇ ਸੇਵਕ ਨੂੰ ਆਪਣੀ ਜਾਇਦਾਦ ਤੇ ਰਾਜਸੀ ਰੁਤਬਾ ਸੌਂਪ ਕੇ ਉਸ ਨੂੰ ਯਸ਼ੋਧਰਾ ਨਾਲ ਵਿਆਹ ਕਰਨ ਦੇ ਯੋਗ ਵੀ ਬਣਾਉਂਦਾ ਹੈ ਤੇ ਖੁਦ ਇਸ ਰਿਸ਼ਤੇ ਦੀ ਪੇਸ਼ਕਸ਼ ਲੈ ਕੇ ਆਰੀਆ ਸ੍ਰੇਸ਼ਠ ਮਿਤ੍ਰਿਯੁੰਜਯ ਕੋਲ ਵੀ ਜਾਂਦਾ ਹੈ। ਸੰਸਾਰ ਯਾਤਰਾ 'ਤੇ ਨਿਕਲਣ ਵੇਲੇ ਉਸ ਦਾ ਫਕੀਰ ਬਣਿਆ ਮਨ ਪਹਿਲਾਂ ਚਿਤ੍ਰਲੇਖਾ ਨਾਲ ਕੋਈ ਸੰਬੰਧ ਰੱਖਣ ਲਈ ਇਨਕਾਰੀ ਹੁੰਦਾ ਹੈ, ਪਰ ਜਦੋਂ ਚਿਤ੍ਰਲੇਖਾ ਵੀ ਉਸ ਵਾਂਗ ਹੀ ਆਪਣੀ ਧੰਨ-ਦੌਲਤ ਤਿਆਗ ਤੇ ਮਾਣ ਸਨਮਾਨ ਨੂੰ ਤਿਆਗਣ ਦਾ ਐਲਾਣ ਕਰ ਦਿੰਦੀ ਹੈ ਤਾਂ ਵਿੱਛੜੀਆਂ ਪਿਆਰ ਰੂਹਾਂ ਫਿਰ ਤੋਂ ਇੱਕ-ਮਿੱਕ ਹੋ ਜਾਂਦੀਆਂ ਹਨ। ਇਸ ਤਰ੍ਹਾਂ ਸਾਮੰਤ ਤੋਂ ਫਕੀਰ ਬਣੇ ਬੀਜਗੁਪਤ ਵੱਲੋਂ ਉਸ ਨੂੰ ਚੁੰਮਦੇ ਹੋਏ ਬੋਲੇ ਇਹ ਬੋਲ ਅਸੀਂ ਦੋਵੇਂ ਕਿੰਨੇ ਸੁਖੀ ਹਾਂ, ਨਾਵਲ ਦਾ ਉੱਚਤਮ ਕਲਾਤਮਿਕ ਸਿਖ਼ਰ ਸਿਰਜਣ ਵਿੱਚ ਸਫਲ ਹੋ ਜਾਂਦੇ ਹਨ।

ਨਾਵਲ ਦੀ ਸ਼ੁਰੂਆਤ ਚੰਦਰਗੁਪਤ ਮੋਰੀਆ ਕਾਲ ਦੇ ਅਧਿਆਤਮਕ ਗੁਰੂ ਮਹਾਂਪ੍ਰਭੂ ਰਤਨਾਂਬਰ ਦੇ ਚੇਲੇ ਸ਼ਵੇਤਾਂਕ ਤੇ ਵਿਸ਼ਾਲਦੇਵ ਵੱਲੋਂ ਉਸ ਤੋਂ ਪੁੱਛੇ ਸਵਾਲ 'ਪਾਪ ਕੀ ਹੈ' ਨਾਲ ਸ਼ੁਰੂ ਹੁੰਦੀ ਹੈ ਤੇ ਇਸ ਦਾ ਅੰਤ ਚਿੱਤ੍ਰਲੇਖਾ ਦੀ ਪਿਆਰ ਕਹਾਣੀ ਦੇ ਹਵਾਲੇ ਨਾਲ ਮਹਾਂਪ੍ਰਭੂ ਵੱਲੋਂ ਦਿੱਤੇ ਇਸ ਜਵਾਬ ਨਾਲ ਹੁੰਦਾ ਹੈ ਕਿ ਸੰਸਾਰ ਵਿੱਚ ਪਾਪ ਜਾਂ ਪੁੰਨ ਦੀ ਕੋਈ ਨਿਸ਼ਚਿਤ ਪ੍ਰੀਭਾਸ਼ਾ ਹੀ ਨਹੀਂ ਹੈ। ਇਸ ਤਰ੍ਹਾਂ ਨਾਵਲ ਵੱਖ-ਵੱਖ ਤਰ੍ਹਾਂ ਦੇ

ਵਾਤਾਵਰਣ ਵਿਚ ਰਹਿ ਰਹੇ ਲੋਕਾਂ ਅੰਦਰਲੀਆਂ ਸੋਚਾਂ ਦੀ ਵੱਖਰਤਾ ਨੂੰ ਸਵੀਕਾਰਨ ਤੇ ਇਸ ਦਾ ਸਨਮਾਨ ਕਰਨ ਦੀ ਲੋੜ ਨੂੰ ਵੀ ਉਭਾਰਦਾ ਹੈ।

ਭੋਗੀ ਬਿਰਤੀ ਦੇ ਪ੍ਰਤੀਕ ਵਜੋਂ ਜਾਣੇ ਜਾਂਦੇ ਬੀਜਗੁਪਤ ਦੇ ਸੇਵਾਦਾਰ ਰਹੇ ਸ਼ਵੇਤਾਂਕ ਦੀ ਨਜ਼ਰ ਵਿੱਚ ਉਹ ਪੁੰਨ ਆਤਮਾ ਤੇ ਯੋਗੀ ਕੁਮਾਰਗਿਰੀ ਪਾਪੀ ਹੈ, ਤਾਂ ਯੋਗੀ ਕੁਮਾਰਗਿਰੀ ਦੀ ਸ਼ਾਗਿਰਦੀ ਹਾਸਲ ਕਰਨ ਵਾਲੇ ਵਿਸ਼ਾਲਦੇਵ ਦੀ ਧਾਰਨਾ ਇਸ ਤੋਂ ਬਿਲਕੁਲ ਉਲਟ ਹੈ। ਆਪਣੇ ਦੋਵਾਂ ਚੇਲਿਆਂ ਦੇ ਮਨਾਂ ਵਿਚ ਵੱਖ-ਵੱਖ ਤਰ੍ਹਾਂ ਦੇ ਮਾਹੌਲ ਵਿਚ ਪੈਦਾ ਹੋਈਆਂ ਇਹਨਾਂ ਸੋਚਾਂ ਵਿੱਚ ਵਿਵਹਾਰਕ ਦ੍ਰਿਸ਼ਟੀ ਤੋਂ ਸੰਤੁਲਨ ਕਾਇਮ ਦੀ ਇੱਛਾ

ਰੱਖਦੇ ਗੁਰੂ ਰਤਨਾਂਬਰ ਦਾ ਮੱਤ ਇਹ ਹੈ ਕਿ ਅਸੀਂ ਨਾ ਪੁੰਨ ਕਰਦੇ ਹਾਂ ਤੇ ਨਾ ਪਾਪ ਕਰਦੇ ਹਾਂ, ਅਸੀਂ ਬਸ ਉਹ ਕਰਦੇ ਹਾਂ, ਜੋ ਸਾਨੂੰ ਕਰਨਾ ਪੈਂਦਾ ਹੈ।


ਇਸ ਨਾਵਲ ਨੂੰ ਇਸ ਦੇ ਰਚਨੇਤਾ ਸਮੇਂ ਦੇ ਚਿੰਤਨੀ ਮਾਪਦੰਡ ਅਨੁਸਾਰ ਵੇਖਣਾ-ਪਰਖਣਾ ਵੀ ਵਾਜਿਬ ਹੈ। ਅੱਜ ਦੇ ਸਮੇਂ ਵਿਚ ਨਾਵਲ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਬਾਲ ਸਾਹਿਤ

## ਬੈੱਡ ਟਾਈਮ ਸਬਕ-1


**ਜਗਰੂਪ ਸਿੰਘ ਗਿੱਲ**
**ਪੰਨੇ : 56, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਅਤੇ ਕਾਜ਼ੀ ਨੇ ਜਦੋਂ ਗੁਰੂ ਜੀ ਦੀ ਇਹ ਗੱਲ ਸੁਣੀ ਤਾਂ ਉਹ ਕਹਿਣ ਲੱਗੇ, "ਜੇ ਤੁਹਾਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਇੱਕੋ ਰੱਬ ਦਿਸਦਾ ਹੈ ਤਾਂ ਤੁਸੀਂ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ।" ਗੁਰੂ ਜੀ ਨਵਾਬ ਤੇ ਕਾਜ਼ੀ ਨਾਲ ਤੁਰ ਪਏ। ਮਸਜਿਦ ਵਿੱਚ ਸੈਂਕੜੇ ਮੁਸਲਮਾਨ ਇਕੱਠੇ ਹੋਏ ਸਨ। ਸਭ ਦੇ ਅੱਗੇ ਖਲੋ ਕੇ, ਕਾਜ਼ੀ ਨੇ ਨਮਾਜ਼ ਪੜ੍ਹਣੀ ਸ਼ੁਰੂ ਕੀਤੀ। ਗੁਰੂ ਜੀ ਵੀ ਉਸ ਦੇ ਕੋਲ ਖੜ੍ਹੇ ਹੋ ਗਏ। ਗੁਰੂ ਜੀ ਨੇ ਕਾਜ਼ੀ ਵੱਲ ਤੱਕਿਆ ਤੇ ਹੱਸ ਪਏ। ਉਨ੍ਹਾਂ ਨੂੰ ਸਾਫ਼ ਦਿਸ ਰਿਹਾ ਸੀ ਕਿ ਕਾਜ਼ੀ ਦਾ ਮਨ ਉੱਥੇ ਹਾਜ਼ਰ ਨਹੀਂ ਸੀ, ਕਿਤੇ ਹੋਰ ਸੀ।

## ਬੈੱਡ ਟਾਈਮ ਸਬਕ-2


**ਜਗਰੂਪ ਸਿੰਘ ਗਿੱਲ**
**ਪੰਨੇ : 72,**
**ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




"ਇਹ ਸ਼ਬਦ ਸੁਣ ਕੇ, ਹਮਾਯੂੰ ਬਹੁਤ ਸ਼ਰਮਿੰਦਾ ਹੋਇਆ ਅਤੇ ਉਸ ਨੇ ਆਪਣੀ ਤਲਵਾਰ ਮਿਆਨ ਵਿੱਚ ਵਾਪਸ ਪਾ ਲਈ। ਉਸ ਨੇ ਗੁਰੂ ਜੀ ਮੂਹਰੇ ਝੁਕ ਕੇ ਆਪਣੀ ਭੁੱਲ ਬਖ਼ਸ਼ਾਈ। ਉਸ ਨੇ ਆਪਣੇ ਮੂਰਖਤਾ ਭਰੇ ਕੰਮ ਲਈ ਬਹੁਤ ਸ਼ਰਮ ਮਹਿਸੂਸ ਕੀਤੀ।

## ਬੈੱਡ ਟਾਈਮ ਸਬਕ-3

**ਜਗਰੂਪ ਸਿੰਘ ਗਿੱਲ**
**ਪੰਨੇ : 60, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**




ਇਹ ਇੱਕ ਪ੍ਰਤੱਖ ਸੱਚਾਈ ਹੈ ਕਿ ਹਰ ਬੱਚੇ ਦਾ ਡੂੰਘਾ ਸੰਬੰਧ ਸਭ ਤੋਂ ਜ਼ਿਆਦਾ ਆਪਣੀ ਮਾਂ ਨਾਲ ਹੀ ਹੁੰਦਾ ਹੈ। ਇਹ ਮਾਂ ਹੀ ਹੁੰਦੀ ਹੈ ਜਿਸ ਦੇ ਨਾਲ ਹਰ ਬੱਚੇ ਦਾ ਸੰਬੰਧ, ਇੱਕ ਅਟੁੱਟ ਰਿਸ਼ਤਾ ਗਰਭ ਧਾਰਣ ਦੇ ਸਮੇਂ ਤੋਂ ਹੀ ਜੁੜ ਜਾਂਦਾ ਹੈ। ਗਰਭ ਅਵਸਥਾ ਵਿੱਚ ਲੱਗਭੱਗ ਨੌਂ ਮਹੀਨੇ ਦੇ ਸਮੇਂ ਦੌਰਾਨ ਹੋਰ ਲੋੜਾਂ ਦੇ ਨਾਲ-ਨਾਲ ਬੱਚੇ ਦੇ ਭੋਜਨ, ਆਹਾਰ ਸਮੇਤ ਸਾਹ ਪ੍ਰਣਾਲੀ ਦੇ ਭਾਵ ਸਾਰੀਆਂ ਹੀ ਲੋੜਾਂ ਹਰ ਮਾਂ ਆਪਣੇ ਸਰੀਰ ਰਾਹੀਂ ਹੀ ਪੂਰਾ ਕਰਦੀ ਹੈ। ਮਾਂ ਦੇ ਕੀਤੇ ਨੇਕ ਕੰਮਾਂ ਦਾ ਨਤੀਜਾ ਚੰਗੇ ਸੰਸਕਾਰਾਂ ਦੇ ਰੂਪ ਵਿੱਚ ਹਰ ਬੱਚੇ ਦੇ ਮਨ ਉੱਤੇ ਉੱਘੜਦਾ ਹੈ।

## ਆ ਜਾ ਚਿੜੀਏ

**ਮਨਜੀਤ ਕੌਰ ਅੰਬਾਲਵੀ**
**ਪੰਨੇ : 60, ਮੁੱਲ : 200 ਰੁਪਏ**
**ਗੋਸਲ ਪ੍ਰਕਾਸ਼ਨ, ਲੁਧਿਆਣਾ**




ਬੱਚਿਆਂ ਵਿੱਚ ਵਿਚਰਦਿਆਂ, ਬੱਚਿਆਂ ਵਿੱਚ ਰਹਿੰਦਿਆਂ ਬੱਚਿਆਂ ਲਈ ਲਿਖਣਾ ਸਹਿਜੇ ਹੀ ਮੇਰੀ ਕਲਮ ਦੇ ਹਿੱਸੇ ਆਇਆ। ਬੱਚਿਆਂ ਦੀਆਂ ਸਮੱਸਿਆਵਾਂ, ਉਨ੍ਹਾਂ ਦੀਆਂ ਜ਼ਰੂਰਤਾਂ, ਉਨ੍ਹਾਂ ਦੇ ਅਹਿਸਾਸਾਂ ਨੂੰ ਕਵਿਤਾਵਾਂ, ਕਹਾਣੀਆਂ ਵਿੱਚ ਲਿਖਣਾ ਮੇਰਾ ਕਾਰਜ ਬਣ ਗਿਆ। ਇਹ ਮੇਰੀ ਨਵੀਂ ਕਿਤਾਬ ਵੀ ਬਾਲ ਕਹਾਣੀ ਦੀ ਆ ਰਹੀ ਹੈ। ਜਿਸ ਦਾ ਨਾਂਅ 'ਆ ਜਾ ਚਿੜੀਏ' ਰੱਖਿਆ ਗਿਆ।

## ਵਾਇਰਸ

**ਪਾਲੀ ਖ਼ਾਦਿਮ**
**(ਬਾਲ ਨਾਵਲ)**
**ਪੰਨੇ : 56, ਮੁੱਲ : 120 ਰੁਪਏ**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**




"ਹਾਂ ਹੁਣ ਆਪਣੀ ਕੰਪਿਊਟਰ ਲੈਬ ਬਿਲਕੁੱਲ ਠੀਕ ਹੈ। ਤੁਸੀਂ ਸਾਰੇ ਕੰਪਿਊਟਰ ਚਲਾ ਸਕਦੇ ਹੋ। ਚਲੋ ਹੁਣ ਤੁਸੀਂ ਕੰਪਿਊਟਰ ਸਟਾਰਟ ਕਰ ਲਓ..." ਯਾਦਵਿੰਦਰ ਸਰ ਦੇ ਇਨ੍ਹਾਂ ਬੋਲਾਂ ਨਾਲ ਹੀ ਸਾਰੇ ਵਿਦਿਆਰਥੀ ਆਪਣੇ-ਆਪਣੇ ਕੰਪਿਊਟਰ ਮੱਲ ਕੇ ਬੈਠ ਗਏ। ਜੋਤ ਵਾਸਤੇ ਕੋਈ ਕੰਪਿਊਟਰ ਨਾ ਬਚਿਆ। ਇਹ ਵੇਖ ਕੇ ਯਾਦਵਿੰਦਰ ਸਰ ਜੀ ਨੇ ਉਸ ਨੂੰ ਰਹਿਮਾਨ ਨਾਲ ਬੈਠਣ ਲਈ ਕਿਹਾ। ਜੋਤ ਤੇ ਰਹਿਮਾਨ ਦੋਵੇਂ ਪੇਂਟ ਖੋਲ੍ਹ ਕੇ ਪੇਂਟਿੰਗ ਬਣਾਉਣ ਵਿੱਚ ਰੁੱਝ ਗਏ।

# ਪੁਸਤਕ ਰੀਵਿਊ

## ਗਹਿਰੀ ਚੁੱਪ

**(ਨਾਵਲ)**
**ਸਤਪ੍ਰੀਤ ਸਿੰਘ**
**ਕੀਮਤ : 150 ਰੁਪਏ, ਪੰਨੇ : 72**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਗਹਿਰੀ ਚੁੱਪ' ਸਤਪ੍ਰੀਤ ਸਿੰਘ ਦੀ ਪਲੇਠੀ ਰਚਨਾ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਦੁਆਰਾ ਪ੍ਰਕਾਸ਼ਤ ਇਸ ਪੁਸਤਕ ਨੂੰ ਲੇਖਕ ਨੇ ਆਪਣੇ ਅਜ਼ੀਜ਼ ਮਿੱਤਰ ਸਤਨਾਮ ਸਿੰਘ ਸੰਧੂ ਨੂੰ ਸਮਰਪਿਤ ਕੀਤਾ ਹੈ। 14 ਕਾਂਡਾਂ ਵਿੱਚ ਫੈਲੀ ਇਹ ਪ੍ਰੇਮ ਕਹਾਣੀ ਇਕ ਲਕੀਰੀ ਕਹਾਣੀ ਹੈ। ਸਮਾਜ ਹਮੇਸ਼ਾ ਇਸ਼ਕ ਦਾ ਵਿਰੋਧੀ ਰਿਹਾ ਹੈ, ਪਰ ਇਸ ਕਹਾਣੀ ਵਿੱਚ ਇਸ਼ਕ ਦੇ ਰਾਹ ਵਿੱਚ ਸਮਾਜ ਜਾਂ ਘਰ-ਪਰਵਾਰ ਕੋਈ ਰੋੜਾ ਨਹੀਂ ਅਟਕਾਉਂਦੇ, ਬਲਕਿ ਸਹਾਇਕ ਬਣਦੇ ਹਨ। ਜਿੰਦ ਕੌਰ ਤੇ ਗੁਰਬੀਰ ਦਾ ਪ੍ਰੇਮ ਪ੍ਰਵਾਨ ਚੜ੍ਹਦਾ ਹੈ, ਪਰ ਇਕ ਮਾੜੀ ਸੰਗਤ ਕਾਰਨ ਇਸ ਪਰਵਾਰ ਵਿੱਚ ਇਕ ਤੂਫਾਨ ਆ ਜਾਂਦਾ ਹੈ, ਜਿਸ ਕਰ ਕੇ ਪਿਆਰ ਨਾਲ ਬਣਾਇਆ ਇਹ ਆਲ੍ਹਣਾ ਤਹਿਸ-ਨਹਿਸ ਹੋ ਜਾਂਦਾ ਹੈ। ਸ਼ੀਰੀ ਵਰਗੀ ਵੇਸਵਾ ਤੋਂ ਧੋਖਾ ਖਾ ਕੇ ਮੁੱਖ ਪਾਤਰ ਆਪਣੇ ਹੀ ਘਰ ਦੇ ਨੇੜੇ ਗਲੀਆਂ ਵਿੱਚ ਰੁਲਦਾ ਨਜ਼ਰ ਆਉਂਦਾ ਹੈ ਤੇ ਉਸ ਸਮੇਂ ਵੀ ਉਸ ਦੀ ਪਤਨੀ ਤੇ ਮਾਂ ਹੀ ਸਹਾਰਾ ਦਿੰਦੀਆਂ ਹਨ।

ਇਨਸਾਨ ਜਿੰਨਾ ਮਰਜ਼ੀ ਮਾੜੀ ਸੰਗਤ 'ਚ ਰਹਿ ਕੇ ਆਪਣੇ ਆਪ ਨੂੰ ਬਚਾਈ ਰੱਖੇ, ਪਰ ਇਕ ਨਾ ਇਕ ਦਿਨ ਮਾੜੀ ਸੰਗਤ ਦਾ ਸੱਪ ਇਨਸਾਨ ਨੂੰ ਡੰਗ ਹੀ ਲੈਂਦਾ ਹੈ। ਥੀਮ 'ਤੇ ਆਧਾਰਤ ਕਹਾਣੀ ਸਿੱਖਿਆ ਦੇ ਜਾਂਦੀ ਹੈ। ਜਿੰਦ ਕੌਰ ਗੋਲ ਪਾਤਰਾਂ ਦੀ ਸ਼੍ਰੇਣੀ ਵਿੱਚ ਆਉਣ ਵਾਲੀ ਪਾਤਰ ਹੈ, ਜੋ ਹਮੇਸ਼ਾ ਇਕੋ ਜਿਹੀ ਰਹਿੰਦੀ ਹੈ, ਪਰ ਗੁਰਬੀਰ ਸਿੰਘ ਨੂੰ ਚਪਟੇ ਪਾਤਰਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ, ਜੋ ਚੰਗੇ ਤੋਂ ਮਾੜਾ ਤੇ ਫਿਰ ਮਾੜੇ ਤੋਂ ਚੰਗਾ ਬਣਦਾ ਹੈ। ਜਿਵੇਂ ਹਨੇਰੀ ਤੋਂ ਬਾਅਦ ਸਭ ਕੁਝ ਸਾਫ ਤੇ ਸਪੱਸ਼ਟ ਹੋਣ ਦੇ ਨਾਲ-ਨਾਲ ਚੁੱਪ ਛਾ ਜਾਂਦੀ ਹੈ, ਇਸੇ ਤਰ੍ਹਾਂ ਕਹਾਣੀ ਦੇ ਅੰਤ ਵਿੱਚ ਛਾਈ ਗਹਿਰੀ ਚੁੱਪ ਸੱਚੇ ਇਸ਼ਕ ਦੀ ਜਿੱਤ ਦਾ ਸੁਨੇਹਾ ਦਿੰਦੀ ਹੈ। ਭਾਸ਼ਾ ਬੜੀ ਸਰਲ, ਸਪੱਸ਼ਟ ਹੋਣ ਦੇ ਨਾਲ-ਨਾਲ ਮੁਹਾਵਰਿਆਂ ਦੀ ਵਰਤੋਂ ਵੀ ਕੀਤੀ ਗਈ ਹੈ। ਕਹਾਣੀ ਕਿਤੇ ਵੀ ਗੁੰਝਲਦਾਰ ਨਹੀਂ ਜਾਪਦੀ।

ਨੌਜਵਾਨ ਲੇਖਕ ਦੀ ਇਹ ਪਹਿਲੀ ਰਚਨਾ ਹੈ, ਉਸ ਦੀ ਲੇਖਣੀ ਨੇ ਹੌਲੀ-ਹੌਲੀ ਵਿਕਾਸ ਕਰਨਾ ਹੈ। ਲੇਖਕ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ। ਰਿਸ਼ਤਿਆਂ ਦੇ ਮੋਹ ਵਿੱਚ ਲੁਕੀ ਗਹਿਰੀ ਚੁੱਪ ਦੀ ਪੇਸ਼ਕਾਰੀ ਕਰਨ ਵਾਲੀ ਇਸ ਪੁਸਤਕ ਨੂੰ ਜੀ ਆਇਆਂ।

**— ਡਾ. ਭੁਪਿੰਦਰ ਕੌਰ**

## ਅਪਣੱਤ ਭਰੇ ਰਿਸ਼ਤੇ

**(ਨਿਬੰਧ ਸੰਗ੍ਰਹਿ)**
**ਹਰਬੀਰ ਸਿੰਘ ਭੰਵਰ**
**ਮੁੱਲ-225, ਪੰਨੇ : ਪੇਪਰ ਬੈਕ 114**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

ਹਰਬੀਰ ਸਿੰਘ ਭੰਵਰ ਲੇਖਕ, ਪੱਤਰਕਾਰ ਸਨ, ਜਿਨ੍ਹਾਂ ਨੇ ਲੱਗਭੱਗ ਇੱਕ ਦਰਜਨ ਪੁਸਤਕਾਂ ਦਾ ਪ੍ਰਕਾਸ਼ਨ ਕਰਵਾਇਆ ਹੈ। ਅਪਣੱਤ ਭਰੇ ਰਿਸ਼ਤੇ, ਆਪ ਦੇ ਸਵਰਗਵਾਸ ਹੋਣ ਤੋਂ ਪਿੱਛੋਂ, ਉਸ ਦੇ ਮਿੱਤਰ ਜਰਨੈਲ ਸਿੰਘ ਸੇਖਾ ਨੇ ਪ੍ਰਕਾਸ਼ਤ ਕਰਵਾਇਆ ਹੈ, ਜਿਸ ਵਿੱਚ ਭੰਵਰ ਸਾਹਿਬ ਦੇ 32 ਲੇਖ ਹਨ। ਹਰਬੀਰ ਸਿੰਘ ਭੰਵਰ ਬੁਨਿਆਦੀ ਤੌਰ 'ਤੇ ਪੱਤਰਕਾਰ ਸੀ, ਪ੍ਰੰਤੂ ਉਸ ਦੀਆਂ ਲਿਖਤਾਂ ਵਿੱਚ ਸਪੱਸ਼ਟਤਾ, ਮੌਲਿਕਤਾ ਅਤੇ ਸਮੇਂ ਮੁਤਾਬਕ ਲੋਕ ਹੇਤੂ ਸਹਿ-ਸੰਕਲਪ ਪੇਸ਼ ਕਰਨ ਦੀ ਦਲੇਰੀ ਸੀ, "ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗ ਰੁਲ ਜਾਓਗੇ" ਕਹਿਣਾ ਉਸ ਦਾ ਹੌਸਲਾ ਸੀ। ਆਪਣੀ ਲਿਖਤ ਦਾ ਸਤਿ ਪੇਸ਼ ਕਰਨ ਲਈ ਦਲੀਲਾਂ ਅਤੇ ਸਤਿ-ਸੰਕਲਪਾਂ ਦੇ ਹਵਾਲੇ ਪੇਸ਼ ਕਰਦੇ ਸਨ। ਇਸ ਪੁਸਤਕ ਵਿੱਚ ਪ੍ਰਕਾਸ਼ਤ ਲੇਖ, ਸਮੇਂ ਦੀ ਲੋੜ ਅਨੁਸਾਰ ਲਿਖੇ ਤੇ ਅਖਬਾਰਾਂ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ, ਜਿੰਨੇ ਵੀ ਇਸ ਪੁਸਤਕ ਦੇ ਲੇਖ ਹਨ, ਉਹ ਸੱਚ, ਹੱਕ ਅਤੇ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ, ਲੋਕਾਂ ਅੰਦਰ ਹੱਕ ਸਤਿ ਦੀ ਹਿੰਮਤ ਜਗਾਉਣ ਵਾਲੇ ਹਨ, ਜਿਵੇਂ ਤੱਤਕਰਾ ਅਨੁਸਾਰ, 'ਦੇਸ਼ ਵੰਡ ਪੰਜਾਬੀਅਤ ਦਾ ਕਤਲ; ਆਪਣੇ ਅਸਤਿਤਵ ਦੀ ਰੱਖਿਆ ਲਈ ਸੰਘਰਸ਼, ਧਰਮ ਲੋਕਾਂ ਨੂੰ ਜੋੜਦਾ ਹੈ, ਕਿ ਤੋੜਦਾ ਹੈ? ਤਲਾਕਸ਼ੁਦਾ ਮਾਪਿਆਂ ਦੇ ਬੱਚੇ, ਅਪਣੱਤ ਭਰੇ ਰਿਸ਼ਤੇ; ਸੁੱਖ ਦੁੱਖ ਦਾ ਸੁਮੇਲ ਹੈ, ਸਾਡੀ ਇਹ ਜ਼ਿੰਦਗੀ, ਕਿਉਂ ਟੁੱਟ ਰਹੇ ਹਨ ਵਿਆਹ, ਪੇਂਡੂ ਜੀਵਨ, ਥੱਕੇ ਹੋਏ ਦਿਲ ਆਰਾਮ ਕਰ।

ਇਨ੍ਹਾਂ ਸਾਹਿਤਕ ਨਿਬੰਧਾਂ ਰਾਹੀਂ ਜਿੱਥੇ ਲੋੜ ਹੈ, ਨਸੀਹਤਾਂ ਵੀ, ਸਲਾਹਾਂ ਵੀ ਤੇ ਹਦਾਇਤਾਂ ਵੀ ਦਿੰਦਾ ਹੈ, ਮਹੱਤਵਪੂਰਨ ਨਿਬੰਧਾਂ ਰਾਹੀਂ ਨਵੀਆਂ ਜਾਣਕਾਰੀਆਂ ਵੀ ਪ੍ਰਦਾਨ ਕਰਦਾ ਹੈ; ਜਿਵੇਂ ਉਂਗਲ ਫੜ ਕੇ, ਪੱਥ ਪ੍ਰਦਰਸ਼ਨ ਕਰਵਾਉਂਦਾ ਹੋਵੇ। ਆਪਣੀਆਂ ਸਲਾਹਾਂ ਵੀ ਦਿੰਦਾ ਹੈ, ਜਿਵੇਂ ਉਸ ਦੇ ਇੱਕ-ਇੱਕ ਪੰਨੇ ਦੇ ਨਿਬੰਧ ਕੇਵਲ ਇੱਕ-ਇੱਕ ਪੰਨੇ ਦੇ ਹਨ, ਪ੍ਰੰਤੂ ਸਾਹਿਤਕ ਨਿਬੰਧ ਕਹੇ ਜਾ ਸਕਦੇ ਹਨ: ਜਿਵੇਂ ਦੋ ਪਰਵਚਨ ਹਨ ਕਿ ਇੱਕ ਵਾਰ ਨਹੀਂ, ਕਈ ਵਾਰ ਉਸ ਨੂੰ ਪੱਤਰਕਾਰੀ ਕਰਦਿਆਂ ਖਾੜਕੂ ਲਹਿਰ ਵਿਚਕਾਰ ਖਤਰਨਾਕ ਪ੍ਰਸਥਿਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਸੀ, ਪਰ ਨਿਡਰ ਪੱਤਰਕਾਰ ਸਦਾ ਹੱਕ-ਸੱਚ ਦੇ ਰਸਤੇ ਚੱਲਦੇ ਹਨ। ਅਜਿਹੇ ਤਜਰਬਿਆਂ ਦਾ ਬਿਆਨ ਕਰਦੀਆਂ ਅਨੇਕਾਂ ਘਟਨਾਵਾਂ ਦੇ ਕੰਡਿਆਲੇ ਮਾਰਗਾਂ ਦੀਆਂ ਇਹ ਦਾਸਤਾਨਾਂ ਦੇ ਕਿੱਸੇ ਅਸੀਂ ਇਨ੍ਹਾਂ ਨਿਬੰਧਾਂ 'ਚੋਂ ਪੜ੍ਹ ਸਕਦੇ ਹਾਂ। ਪੁਸਤਕ ਸਿਰਹਾਣੇ ਰੱਖ ਕੇ ਪੜ੍ਹਨ ਤੇ ਸਾਂਭਣ ਦੀ ਲੋੜ ਹੈ।

**—ਡਾ. ਅਮਰ ਕੋਮਲ**

## ਭੰਗੀ ਮਿਸਲ ਦਾ ਇਤਿਹਾਸ

**ਰਮਨਦੀਪ ਸਿੰਘ ਧਾਰਨੀ**
**ਪੰਨੇ : 56, ਮੁੱਲ : 250 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

ਲੇਖਕ ਰਮਨਦੀਪ ਸਿੰਘ ਧਾਰਨੀ ਆਪਣੀ ਪਲੇਠੀ ਪੁਸਤਕ 'ਭੰਗੀ ਮਿਸਲ ਦਾ ਇਤਿਹਾਸ' ਲੈ ਕੇ ਪੰਜਾਬੀ ਸਾਹਿਤ ਦੇ ਸਨਮੁੱਖ ਹੋਇਆ ਹੈ। ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਇਸ ਰਾਹੀਂ ਹਿੰਦੁਸਤਾਨ ਦੇ ਵੱਖ-ਵੱਖ ਥਾਵਾਂ 'ਤੇ ਜਾਣ ਲਈ ਇਸ ਦੀਆਂ ਸਰਹੱਦਾਂ ਦੀ ਵਰਤੋਂ ਕਰਕੇ ਧਾੜਵੀ ਪ੍ਰਵੇਸ਼ ਕਰਦੇ ਸਨ। ਇਨ੍ਹਾਂ ਧਾੜਵੀਆਂ ਦੁਆਰਾ ਪੰਜਾਬ ਦੀ ਹੋਂਦ ਮਿਟਾਉਣ ਲਈ ਵਿਭਿੰਨ ਹੱਥਕੰਡੇ ਵਰਤੇ ਜਾਂਦੇ ਸਨ। ਲੇਖਕ ਰਮਨਦੀਪ ਸਿੰਘ ਧਾਰਨੀ ਨੇ ਪੁਸਤਕ ਵਿਚ ਮੁਗਲਾਂ ਦੇ ਵਿਰੋਧ ਵਿਚ ਸੰਗਠਿਤ ਕੀਤੀ ਖਾਲਸਾ ਫੌਜ ਦੁਆਰਾ ਨਿਭਾਈ ਸਾਰਥਿਕ ਭੂਮਿਕਾ ਦੀ ਤੱਥਮੂਲਕ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ।

ਲੇਖਕ ਰਮਨਦੀਪ ਸਿੰਘ ਧਾਰਨੀ ਨੇ ਪੁਸਤਕ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ। ਸਿੱਖ ਸੱਤਾ ਦਾ ਉਭਾਰ, ਭੰਗੀ ਮਿਸਲ ਦਾ ਗਠਨ, ਭੰਗੀ ਮਿਸਲ ਦੇ ਸਰਦਾਰ, ਭੰਗੀ ਮਿਸਲ ਦਾ ਰਾਜ ਖੇਤਰ ਅਤੇ ਅੰਤਲੇ ਅਧਿਆਇ ਵਿਚ ਹੋਰ ਮਿਸਲਾਂ ਦੇ ਇਤਿਹਾਸ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ। ਪੰਜਾਬ ਦੀ ਇਸ ਜ਼ਰਖੇਜ਼ ਧਰਤੀ ਉੱਪਰ ਮੁਗਲਾਂ ਅਤੇ ਹੋਰ ਧਾੜਵੀਆਂ ਦੁਆਰਾ ਲੁੱਟ ਦੀ ਨੀਅਤ ਅਤੇ ਰਾਜ ਸਥਾਪਤੀ ਲਈ ਹਮਲਾਵਰ ਨੀਤੀ ਅਪਣਾ ਕੇ ਇੱਥੋਂ ਅੱਗੇ ਵਧਦੇ ਜਾਂਦੇ ਇਹ ਧਾੜਵੀ ਹਿੰਦੋਸਤਾਨ ਦੇ ਦੂਜੇ ਖਿੱਤਿਆਂ ਵਿਚ ਪ੍ਰਵੇਸ਼ ਕਰਦੇ, ਪਰ ਪੰਜਾਬ ਦੀਆਂ ਸਿੱਖ ਮਿਸਲਾਂ ਦੁਆਰਾ ਆਪਣੀ ਲੜਾਕੂ ਅਤੇ ਰਾਜਨੀਤਕ ਸੂਝ ਰਾਹੀਂ ਇਨ੍ਹਾਂ ਧਾੜਵੀਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਂਦਾ ਰਿਹਾ। ਮੁਗਲਾਂ ਦੁਆਰਾ ਆਪਣੀ ਹਾਰ ਦੇ ਡਰ ਤੋਂ ਪਹਿਲਾਂ ਹੀ ਕਈ ਵਾਰ ਸਿੱਖ ਸਲਤਨਤ ਨਾਲ ਸੰਧੀ ਕਰ ਲਈ ਜਾਂਦੀ, ਪਰ ਖ਼ਾਲਸਾ ਸੈਨਾ ਦੀ ਮੁਗਲ ਸਲਤਨਤ ਨਾਲ ਸੰਧੀ ਟੁੱਟਣ ਤੋਂ ਬਾਅਦ ਸਿੱਖ ਮੁੜ ਜਥਿਆਂ ਦੇ ਰੂਪ ਵਿਚ ਵਿਚਰਨ ਲੱਗੇ। ਤਦ ਨਵਾਬ ਕਪੂਰ ਸਿੰਘ ਨੇ ਪੰਥ ਦੇ 30 ਜਥੇ ਬਣਾ ਕੇ ਵੱਖ-ਵੱਖ ਸਰਦਾਰ ਨਿਯੁਕਤ ਕਰ ਦਿੱਤੇ। ਇਨ੍ਹਾਂ ਜਥਿਆਂ ਨੂੰ 100-100 ਘੋੜ ਸਵਾਰ ਦਿੱਤੇ ਗਏ।

ਰਮਨਦੀਪ ਸਿੰਘ ਨੇ ਭੰਗੀ ਮਿਸਲ ਦੇ ਮੋਢੀ ਸਰਦਾਰ ਛੱਜਾ ਸਿੰਘ ਅਤੇ ਇਸ ਮਿਸਲ ਨੂੰ ਸ਼ਕਤੀ ਪੱਖੋਂ ਸਮਰੱਥ ਬਣਾਉਣ ਵਿਚ ਭੰਗੀ ਮਿਸਲ ਦੇ ਦੂਸਰੀਆਂ ਮਿਸਲਾਂ ਨਾਲ ਬਣੇ ਸੰਬੰਧਾਂ ਅਤੇ ਵੱਖ-ਵੱਖ ਸਰਦਾਰਾਂ/ ਜਥੇਦਾਰਾਂ ਦੇ ਯੋਗਦਾਨ ਨੂੰ ਸੰਖੇਪ ਪਰ ਮਹੱਤਵਪੂਰਨ ਤੱਥਾਂ ਸਹਿਤ ਪੁਸਤਕ ਵਿਚ ਪੇਸ਼ ਕੀਤਾ ਹੈ। ਉਸ ਨੇ ਭੰਗੀ ਮਿਸਲ ਦੇ ਸਰਦਾਰਾਂ ਦੁਆਰਾ ਆਪਣੀ ਅਣਥੱਕ ਕੋਸ਼ਿਸ਼ ਨਾਲ ਜਿੱਤੇ ਇਲਾਕੇ ਆਪਣੇ ਦੁਆਰਾ ਲੋਕ ਭਲਾਈ ਲਈ ਕੀਤੇ ਵਿਭਿੰਨ ਕਾਰਜਾਂ, ਭੰਗੀ ਮਿਸਲ ਦੇ ਸਮੇਂ ਦੇ ਸਿੱਕੇ, ਤਲਵਾਰਾਂ ਅਤੇ ਬੰਸਾਵਲੀ ਨੂੰ ਪੁਸਤਕ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ।

ਰਮਨਦੀਪ ਸਿੰਘ ਧਾਰਨੀ ਦੁਆਰਾ ਪੁਸਤਕ ਦੇ ਅੰਤਲੇ ਅਧਿਆਇ ਵਿਚ ਹੋਰ ਮਿਸਲਾਂ ਦਾ ਇਤਿਹਾਸ ਅਤੇ ਇਤਿਹਾਸਕ ਘਟਨਾਕ੍ਰਮ ਵਿਚ ਮਰਾਠਿਆਂ ਦਾ ਪੰਜਾਬ ਵਿਚ ਪ੍ਰਵੇਸ਼ ਕਰਨ ਪਿੱਛੇ ਸਿੱਖਾਂ ਤੋਂ ਮਦਦ ਲੈ ਕੇ ਮੁਗਲਾਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ ਗਿਆ। ਸਿੱਖਾਂ ਅਤੇ ਮੁਗਲਾਂ ਦੀਆਂ ਲੜਾਈਆਂ ਨਾਲ ਸਿੱਖ ਇਕੱਠੇ ਹੋ ਕੇ ਯੁੱਧ ਕਰਨ ਨਾਲ ਸ਼ਕਤੀਸ਼ਾਲੀ ਹੋ ਗਏ। ਆਪਣੀ ਹਾਰ ਦੇ ਭੈਅ ਤੋਂ ਮੁਗਲਾਂ ਦੁਆਰਾ ਇਨ੍ਹਾਂ ਨੂੰ ਨਵਾਬੀਆਂ ਪੇਸ਼ ਕੀਤੀਆਂ ਅਤੇ ਲੱਖਾਂ ਰੁਪਏ ਵੀ ਦਿੱਤੇ ਗਏ। ਉਸ ਨੇ ਪੁਸਤਕ ਵਿਚ ਜਿੱਥੇ ਭੰਗੀ ਮਿਸਲ ਦੇ ਇਤਿਹਾਸ, ਸੰਗਠਨ ਦੀ ਪ੍ਰਮਾਣਕ ਜਾਣਕਾਰੀ ਦਿੱਤੀ ਹੈ, ਉਥੇ ਨਾਲ ਹੀ ਦੂਜੀਆਂ ਸਿੱਖ ਮਿਸਲਾਂ ਦੇ ਰਾਜ ਦੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਮਨਦੀਪ ਸਿੰਘ ਧਾਰਨੀ ਨੂੰ ਪੁਸਤਕ 'ਭੰਗੀ ਮਿਸਲ ਦਾ ਇਤਿਹਾਸ' ਲਿਖਣ ਲਈ ਮੁਬਾਰਕਬਾਦ।

**- ਡਾ. ਬਲਵਿੰਦਰ ਸਿੰਘ**

4-Feb-Sunday.qxd 2/3/2024 9:15 PM Page 6



# ਲੋਕ ਮੰਚ ਪੰਜਾਬ ਵੱਲੋਂ ਜੰਗ ਬਹਾਦਰ ਗੋਇਲ ਤੇ ਅਰਤਿੰਦਰ ਸੰਧੂ ਦਾ ਸਨਮਾਨ



**ਚੰਡੀਗੜ੍ਹ**-ਲੋਕ ਮੰਚ ਪੰਜਾਬ ਵੱਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਵਿਚ ਸਾਲ 2023 ਦੇ ਸਨਮਾਨ ਭੇਟ ਕੀਤੇ ਗਏ। 'ਆਪਣੀ ਅਵਾਜ਼' ਪੁਰਸਕਾਰ 2023 ਜੰਗ ਬਹਾਦਰ ਗੋਇਲ ਹੁਰਾਂ ਨੂੰ ਅਤੇ 'ਕਾਵਿ ਲੋਕ' ਪੁਰਸਕਾਰ 2023 ਅਰਤਿੰਦਰ ਸੰਧੂ ਹੁਰਾਂ ਨੂੰ ਭੇਟ ਕੀਤਾ ਗਿਆ। ਇਹ ਸਨਮਾਨ ਪਦਮਸ੍ਰੀ ਡਾ. ਸੁਰਜੀਤ ਪਾਤਰ, ਵਰਿਆਮ ਸੰਧੂ, ਰਘਬੀਰ ਸਿਰਜਣਾ, ਲਖਵਿੰਦਰ ਜੌਹਲ, ਸੁਰਿੰਦਰ ਸਿੰਘ ਸੁੰਨੜ, ਕੁਲਦੀਪ ਬੇਦੀ, ਹਰਜਿੰਦਰ ਸਿੰਘ ਅਟਵਾਲ ਅਤੇ ਦੀਪਕ ਸ਼ਰਮਾ ਚਨਾਰਥਲ ਹੁਰਾਂ ਵੱਲੋਂ ਭੇਟ ਕੀਤੇ ਗਏ।

ਜੰਗ ਬਹਾਦਰ ਗੋਇਲ ਹੁਰਾਂ ਦੀ ਸ਼ਾਹਕਾਰ ਰਚਨਾ 'ਸਾਹਿਤ ਸੰਜੀਵਨ' ਪੁਸਤਕ ਲਈ ਉਨ੍ਹਾਂ ਨੂੰ 'ਆਪਣੀ ਅਵਾਜ਼' ਪੁਰਸਕਾਰ 2023 ਭੇਟ ਕਰਦਿਆਂ ਇਕ ਸਨਮਾਨ ਪੱਤਰ, ਲੋਕ ਪੰਜਾਬ ਮੰਚ ਦਾ ਝੋਲ਼ਾ, ਫੁਲਕਾਰੀ ਅਤੇ 1 ਲੱਖ ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅਰਤਿੰਦਰ ਕੌਰ ਸੰਧੂ ਹੁਰਾਂ ਦੀ ਕਾਵਿ ਰਚਨਾ 'ਮਨ ਦਾ ਮੌਸਮ' ਲਈ 'ਕਾਵਿ ਲੋਕ' ਪੁਰਸਕਾਰ 2023 ਭੇਟ ਕਰਦਿਆਂ ਇਕ ਸਨਮਾਨ ਪੱਤਰ, ਲੋਕ ਮੰਚ ਪੰਜਾਬ ਦਾ ਝੋਲ਼ਾ, ਫੁਲਕਾਰੀ ਅਤੇ 31 ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ।

ਸਨਮਾਨ ਸਮਾਰੋਹ ਦੀ ਸ਼ੁਰੂਆਤ ਵਿਚ ਸਵਾਗਤੀ ਸ਼ਬਦ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾ. ਲਖਵਿੰਦਰ ਜੌਹਲ ਨੇ ਆਖਦਿਆਂ ਮੰਚ ਦੇ ਹਵਾਲੇ ਨਾਲ ਕੀਤੇ ਜਾ ਰਹੇ ਕਾਰਜਾਂ ਤੋਂ ਸਭਨਾਂ ਨੂੰ ਜਾਣੂ ਕਰਵਾਇਆ। ਬਤੌਰ ਮੁੱਖ ਮਹਿਮਾਨ ਸੰਬੋਧਨ ਕਰਦਿਆਂ ਪਦਮਸ੍ਰੀ ਡਾ. ਸੁਰਜੀਤ ਪਾਤਰ ਨੇ ਆਖਿਆ ਕਿ ਇਹ ਉਪਰਾਲੇ ਸਾਰਥਿਕ ਸਾਬਤ ਹੁੰਦੇ ਹਨ, ਜਦੋਂ ਸਹੀ ਚੋਣ ਕਰਕੇ ਸਹੀ ਹੱਥਾਂ ਵਿਚ ਸਨਮਾਨ ਪਹੁੰਚਦੇ ਹਨ। ਇਸੇ ਤਰ੍ਹਾਂ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਅਜੋਕੇ ਦੌਰ ਦੇ ਵੱਡੇ ਕਹਾਣੀਕਾਰ ਵਰਿਆਮ ਸੰਧੂ ਨੇ ਆਪਣੀਆਂ ਬੇਬਾਕ ਟਿੱਪਣੀਆਂ ਨਾਲ ਜਿੱਥੇ ਹਾਸਿਆਂ ਦੀ ਖ਼ੂਬ ਮਹਿਕ ਬਿਖੇਰੀ, ਉਥੇ ਉਨ੍ਹਾਂ ਸਨਮਾਨ ਹਾਸਲ ਕਰਨ ਵਾਲੀਆਂ ਹਸਤੀਆਂ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਉਹ ਸੱਚਮੁੱਚ ਇਸ ਸਨਮਾਨ ਦੇ ਸਹੀ ਹੱਕਦਾਰ ਹਨ। ਸਮਾਗਮ ਦੌਰਾਨ ਰਘਬੀਰ ਸਿੰਘ ਸਿਰਜਣਾ ਅਤੇ ਕੁਲਦੀਪ ਬੇਦੀ ਹੁਰਾਂ ਨੇ ਵੀ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸਨਮਾਨ ਹਾਸਲ ਕਰਨ ਵਾਲੇ ਜੰਗ ਬਹਾਦਰ ਗੋਇਲ ਹੁਰਾਂ ਨੇ ਆਖਿਆ ਕਿ ਸਾਹਿਤ ਇਕ ਸੰਜੀਵਨ ਹੈ ਅਤੇ ਲੇਖਕ ਇਕ ਡਾਕਟਰ। ਸੋ ਇਸ ਲਈ ਤੁਸੀਂ ਸਾਰੇ ਵਧਾਈ ਦੇ ਹੱਕਦਾਰ ਹੋ ਅਤੇ ਧੰਨਵਾਦ ਲੋਕ ਮੰਚ ਪੰਜਾਬ ਦਾ, ਜਿਸ ਨੇ ਮੈਨੂੰ ਇਸ ਸਨਮਾਨ ਦੇ ਲਾਇਕ ਸਮਝਿਆ। ਇਸੇ ਤਰ੍ਹਾਂ ਸਨਮਾਨਿਤ ਹੋਣ ਵਾਲੀ ਪੰਜਾਬ ਦੀ ਨਾਮਵਰ ਕਵਿੱਤਰ ਅਰਤਿੰਦਰ ਸੰਧੂ ਨੇ ਕਿਹਾ ਕਿ ਲੇਖਕ ਇਕੋ ਜੀਵਨ ਵਿਚ ਕਈ ਜ਼ਿੰਦਗੀਆਂ ਜਿਉਂ ਲੈਂਦੇ ਹਨ ਅਤੇ ਇਹ ਸਨਮਾਨ ਉਸ ਨੂੰ ਹੋਰ ਲੰਬਾ ਪੈਂਡਾ ਤੈਅ ਕਰਨ ਦਾ ਬਲ ਬਖ਼ਸ਼ ਦਿੰਦਾ ਹੈ। ਉਨ੍ਹਾਂ ਵੀ ਲੋਕ ਮੰਚ ਪੰਜਾਬ ਦਾ ਸ਼ੁਕਰਾਨਾ ਕੀਤਾ। ਜ਼ਿਕਰਯੋਗ ਹੈ ਕਿ ਅਰਤਿੰਦਰ ਸੰਧੂ ਦਾ ਸਨਮਾਨ ਪੱਤਰ ਪ੍ਰੀਤਮ ਰੁਪਾਲ ਹੁਰਾਂ ਵੱਲੋਂ ਪੜ੍ਹਿਆ ਗਿਆ, ਜਦਕਿ ਜੰਗ ਬਹਾਦਰ ਗੋਇਲ ਹੁਰਾਂ ਦੇ ਜੀਵਨ ਅਤੇ ਲੇਖਣੀ ਦੇ ਸਫ਼ਰ ਤੋਂ ਭੁਪਿੰਦਰ ਮਲਿਕ ਹੁਰਾਂ ਨੇ ਜਾਣੂ ਕਰਵਾਇਆ ਅਤੇ ਉਨ੍ਹਾਂ ਦਾ ਸਨਮਾਨ ਪੱਤਰ ਨਿਰਮਲ ਜੌੜਾ ਹੁਰਾਂ ਨੇ ਸਾਂਝਾ ਕੀਤਾ।

ਸਮਾਗਮ ਦੇ ਅਖੀਰ ਵਿਚ ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਹੁਰਾਂ ਨੇ ਪ੍ਰਧਾਨਗੀ ਮੰਡਲ ਦਾ ਅਤੇ ਹਾਜ਼ਰ ਵੱਖੋ-ਵੱਖ ਪ੍ਰਮੁੱਖ ਹਸਤੀਆਂ ਦਾ ਸ਼ੁਕਰਾਨਾ ਕਰਦਿਆਂ ਸਨਮਾਨ ਹਾਸਲ ਕਰਨ ਵਾਲੇ ਦੋਵੇਂ ਲੇਖਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੋਇਲ ਸਾਬ ਅਤੇ ਅਰਤਿੰਦਰ ਸੰਧੂ ਨੂੰ ਸਨਮਾਨਿਤ ਕਰਕੇ ਲੋਕ ਮੰਚ ਪੰਜਾਬ ਖੁਦ ਨੂੰ ਸਨਮਾਨਿਤ ਮਹਿਸੂਸ ਕਰਦਾ ਹੈ। ਇਸ ਸਮੁੱਚੇ ਸਮਾਗਮ ਦੀ ਕਾਰਵਾਈ ਚਲਾਉਂਦਿਆਂ ਮੰਚ ਸੰਚਾਲਨ ਦੀ ਭੂਮਿਕਾ ਲੋਕ ਮੰਚ ਪੰਜਾਬ ਦੇ ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਚੰਡੀਗੜ੍ਹ, ਮੋਹਾਲੀ ਸਣੇ ਪੰਜਾਬ ਦੇ ਵੱਖੋ-ਵੱਖ ਖਿੱਤਿਆਂ ਤੋਂ ਆਏ ਨਾਮਵਰ ਲੇਖਕ, ਬੁੱਧੀਜੀਵੀ ਅਤੇ ਸਾਹਿਤਕਾਰ ਵੱਡੀ ਗਿਣਤੀ ਵਿਚ ਮੌਜੂਦ ਸਨ।

# ਨਵਤੇਜ ਗੜ੍ਹਦੀਵਾਲ਼ਾ 'ਚਰਨ ਸਿੰਘ ਸਫ਼ਰੀ ਪੁਰਸਕਾਰ' ਨਾਲ਼ ਸਨਮਾਨਿਤ



**ਦਸੂਹਾ**-ਸ਼ਿਰੋਮਣੀ ਕਵੀ ਜਨਾਬ ਚਰਨ ਸਿੰਘ ਸਫ਼ਰੀ ਦੇ ਪਰਵਾਰਕ ਮੈਂਬਰਾਂ ਵੱਲੋਂ ਇਲਾਕੇ ਦੇ ਸਾਹਿਤਕਾਰਾਂ ਦੇ ਸਹਿਯੋਗ ਨਾਲ਼ ਹਰ ਸਾਲ ਦੀ ਤਰ੍ਹਾਂ ਸਫ਼ਰੀ ਸਾਹਿਬ ਦੇ ਜੱਦੀ ਪਿੰਡ ਬੋਦਲ ਵਿਖੇ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕਹਾਣੀਕਾਰ ਲਾਲ ਸਿੰਘ, ਜਰਨੈਲ ਸਿੰਘ ਘੁੰਮਣ, ਪ੍ਰੋ. ਬਲਦੇਵ ਸਿੰਘ ਬੱਲੀ, ਸੁਰਿੰਦਰ ਸਿੰਘ ਨੇਕੀ, ਸੁਖਜੀਤ ਝਾਂਸਾ ਵਾਲ਼ਾ ਤੇ ਰਾਮ ਲਾਲ ਭਗਤ ਸ਼ਾਮਲ ਹੋਏ।

ਸਮਾਗਮ ਦੇ ਅਰੰਭ ਵਿੱਚ ਸ਼ਮ੍ਹਾ ਰੌਸ਼ਨ ਕਰਨ ਉਪਰੰਤ ਉੱਭਰਦੇ ਗਾਇਕ ਹਰਪ੍ਰੀਤ ਸਫ਼ਰੀ ਨੇ ਆਪਣੇ ਦਾਦਾ ਸਫ਼ਰੀ ਜੀ ਦਾ ਲਿਖਿਆ ਧਾਰਮਿਕ ਗੀਤ ਪੇਸ਼ ਕੀਤਾ। ਸਮਾਗਮ ਦੇ ਮੁੱਖ ਆਯੋਜਕ ਗੁਰਿੰਦਰ ਸਿੰਘ ਸਫ਼ਰੀ ਨੇ ਇਸ ਚੌਥੇ ਸਮਾਗਮ ਮੌਕੇ ਕੜਾਕੇ ਦੀ ਠੰਢ ਵਿੱਚ ਪੁੱਜੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਮਰਹੂਮ ਸਫ਼ਰੀ ਦੀਆਂ ਜੀਵਨ ਘਟਨਾਵਾਂ ਤੇ ਰਚਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਸਾਡੇ ਲਈ ਸਦਾ ਹੀ ਪ੍ਰੇਰਨਾ-ਸ੍ਰੋਤ ਰਹਿਣਗੇ। ਪ੍ਰੋ. ਬੱਲੀ ਨੇ ਸਫ਼ਰੀ ਨਾਲ ਆਪਣੀ ਜੀਵਨ-ਸਾਂਝ ਬਿਆਨ ਕਰਦਿਆਂ ਉਸ ਦੇ ਸ਼ਹਾਦਤਾਂ ਭਰੇ ਸਿੱਖ ਇਤਿਹਾਸ ਨਾਲ਼ ਸੰਬੰਧਤ ਉੱਚ ਪੱਧਰ ਦੇ ਗੀਤਾਂ ਦਾ ਹਵਾਲਾ ਦਿੰਦਿਆਂ ਉਸ ਦੁਆਰਾ ਵੱਖ-ਵੱਖ ਜੀਵਨ-ਵਿਸ਼ਿਆਂ ਬਾਰੇ ਸਿਰਜਤ ਕਵਿਤਾਵਾਂ ਦੀ ਮਹਾਨਤਾ ਨੂੰ ਉਜਾਗਰ ਕੀਤਾ। ਉਸ ਨੇ ਸਨਮਾਨਿਤ ਕੀਤੇ ਜਾ ਰਹੇ ਸਮਕਾਲੀ ਕਵੀ ਨਵਤੇਜ ਗੜ੍ਹਦੀਵਾਲ਼ਾ ਦੀਆਂ ਕਾਵਿ-ਪੁਸਤਕਾਂ 'ਧੁੱਪ ਦੀ ਤਲਾਸ਼, ਸੂਰਜ ਦਾ ਹਲਫ਼ੀਆ ਬਿਆਨ, ਅੰਮ੍ਰਿਤ ਕਾਲ ਤੱਕ' ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨਵਤੇਜ ਦੀ ਕਵਿਤਾ ਪਾਠਕ ਨੂੰ ਹਰ ਕੁਟਿਲ ਸਥਾਪਤੀ ਦਾ ਟਾਕਰਾ ਕਰਨ ਦੀ ਊਰਜਾ ਪ੍ਰਦਾਨ ਕਰਦੀ ਹੈ। ਜਰਨੈਲ ਸਿੰਘ ਘੁੰਮਣ ਨੇ ਸਫ਼ਰੀ ਨਾਲ਼ ਹੰਢਾਏ ਪਲਾਂ ਦੇ ਹਾਸਰਸ ਭਰਪੂਰ ਅਤੇ ਗਹਿਰ ਗੰਭੀਰ ਤਾਜ਼ਗੀ ਭਰੇ ਅਨੁਭਵ ਪੇਸ਼ ਕੀਤੇ। ਸੁਰਿੰਦਰ ਨੇਕੀ ਨੇ ਕਿਹਾ ਕਿ ਨਵਤੇਜ ਦੀ ਸਿਰਜਣਾ ਸਮੇਂ ਦੇ ਹਾਣ ਦੀ ਕਵਿਤਾ ਹੈ। ਲਾਲ ਸਿੰਘ ਨੇ ਕਿਹਾ ਕਿ ਚਰਨ ਸਿੰਘ ਸਫ਼ਰੀ ਨੇ ਆਪਣੇ ਗੀਤਾਂ ਦੁਆਰਾ ਲੋਕ-ਮਨ ਵਿੱਚ ਸਿੱਖ ਇਤਿਹਾਸ ਦੇ ਬੀਜ ਬੀਜੇ ਹਨ। ਸਾਹਿਤਕਾਰਾਂ ਅਤੇ ਪ੍ਰਬੰਧਕਾਂ ਵੱਲੋਂ ਨਵਤੇਜ ਗੜ੍ਹਦੀਵਾਲ਼ਾ ਨੂੰ ਉਸ ਦੀ ਸਮੁੱਚੀ ਸਿਰਜਣਾ ਲਈ 'ਸ਼ਿਰੋਮਣੀ ਕਵੀ ਚਰਨ ਸਿੰਘ ਸਫ਼ਰੀ ਸਾਹਿਤਕ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਗਿਆ। ਉਸ ਨੇ ਕਵੀ ਚਰਨ ਸਿੰਘ ਸਫ਼ਰੀ ਨਾਲ਼ ਬਿਤਾਏ ਸਮੇਂ ਦੀ ਯਾਦ ਤਾਜ਼ਾ ਕਰਦਿਆਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਉਸ ਨੇ ਆਪਣੇ ਨਵੇਂ ਕਾਵਿ-ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਵਿੱਚੋਂ ਭ੍ਰਿਸ਼ਟ ਸਮਕਾਲੀ ਹਾਕਮੀ ਨੀਤ ਤੇ ਨੀਤੀ ਦਾ ਪਾਜ ਉਘਾੜਦਾ ਹੋਇਆ ਤਿੱਖਾ ਗੀਤ 'ਝੋਲ਼ੇ ਵਾਲ਼ਿਆ ਫ਼ਕੀਰਾ' ਵੀ ਸੁਣਾਇਆ।

*—ਪ੍ਰੋ. ਬਲਦੇਵ ਸਿੰਘ ਬੱਲੀ*

# 'ਸੋਚ ਤੋਂ ਸੱਚ ਤੱਕ' ਦਾ ਲੋਕ ਅਰਪਣ



**ਚੰਡੀਗੜ੍ਹ**—ਚੰਡੀਗੜ੍ਹ ਵਿਖੇ ਸੰਸਥਾ ਨਵਾਂ ਪੰਧ ਨਵੀਂ ਸੋਚ ਅਤੇ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਇੱਕ ਵਿਲੱਖਣ ਸਮਾਗਮ ਕਰਵਾ ਕੇ ਬਾਲ ਸਾਹਿਤਕਾਰ ਬੀਬੀ ਬਲਜਿੰਦਰ ਕੌਰ ਸ਼ੇਰਗਿੱਲ ਦੀ ਨਵੀਂ ਬਾਲ ਪੁਸਤਕ "ਸੋਚ ਤੋਂ ਸੱਚ ਤੱਕ" ਲੋਕ ਅਰਪਣ ਕੀਤੀ ਗਈ ਅਤੇ ਸ਼ਾਨਦਾਰ ਬਾਲ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਜਸਪਾਲ ਸਿੰਘ ਦਸੂਹੀ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਗੁਰਪ੍ਰੀਤ ਸਿੰਘ ਨਿਆਮੀਆਂ ਸਨ, ਜਦੋਂ ਕਿ ਪ੍ਰਧਾਨਗੀ ਪ੍ਰਸਿੱਧ ਸਿੱਖ ਸਕਾਲਰ ਡਾ. ਹਨਵੰਤ ਸਿੰਘ ਪਟਿਆਲਾ ਵੱਲੋਂ ਕੀਤੀ ਗਈ।

ਸਮਾਗਮ ਦਾ ਆਰੰਭ ਸੁਰਜੀਤ ਧੀਰ ਵੱਲੋਂ ਇੱਕ ਧਾਰਮਿਕ ਸ਼ਬਦ ਨਾਲ ਕੀਤਾ ਗਿਆ। ਇਸ ਤੋਂ ਬਾਅਦ ਸਮਾਗਮ ਦੇ ਪਹਿਲੇ ਪੜਾਅ ਵਿੱਚ ਬਾਲ ਸਾਹਿਤਕਾਰ ਬਲਜਿੰਦਰ ਕੌਰ ਸ਼ੇਰਗਿੱਲ ਦੀ ਬਾਲ ਪੁਸਤਕ "ਸੋਚ ਤੋਂ ਸੱਚ ਤੱਕ" ਪੂਰੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤੀ ਗਈ। ਇਸ ਪੁਸਤਕ 'ਤੇ ਪਰਚਾ ਸ੍ਰੀ ਕ੍ਰਿਸ਼ਨ ਰਾਹੀ ਨੇ ਪੇਸ਼ ਕੀਤਾ ਅਤੇ ਬੱਚਿਆਂ ਲਈ ਇਸ ਪੁਸਤਕ ਨੂੰ ਬਹੁਤ ਹੀ ਉਪਯੋਗੀ ਦੱਸਿਆ ਅਤੇ ਲੇਖਿਕਾ ਨੂੰ ਵਧਾਈ ਦਿੱਤੀ।

ਲੇਖਿਕਾ ਬਲਜਿੰਦਰ ਕੌਰ ਸ਼ੇਰਗਿੱਲ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਹਿਯੋਗੀ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਹਰਦੀਪ ਵਿਰਕ ਨੇ ਨਵੀਂ ਬਾਲ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਪਿੱਛੋਂ ਇੱਕ ਸ਼ਾਨਦਾਰ ਬਾਲ ਕਵੀ ਦਰਬਾਰ ਕਰਵਾਇਆ ਗਿਆ, ਜਿਸ 'ਚ ਵੱਖ-ਵੱਖ ਸਕੂਲਾਂ ਤੋਂ ਆਏ ਬੱਚਿਆਂ ਨੇ ਆਪਣੀਆਂ ਮਨਭਾਉਂਦੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਅੰਤ ਵਿੱਚ ਅਵਤਾਰ ਸਿੰਘ ਮਹਿਤਪੁਰੀ ਨੇ ਆਏ ਮਹਿਮਾਨਾਂ ਤੇ ਬੱਚਿਆਂ ਦਾ ਧੰਨਵਾਦ ਕੀਤਾ।

# 'ਦਿਲ ਤਰੰਗ' 'ਤੇ ਵਿਚਾਰ-ਚਰਚਾ



**ਲੁਧਿਆਣਾ**—ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕੀਤੀ। ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਮੌਕੇ ਸੁਰਜੀਤ ਸਿੰਘ ਲਾਂਬੜਾ ਦੀ ਕਾਵਿ ਪੁਸਤਕ 'ਦਿਲ ਤਰੰਗ' ਲੋਕ ਅਰਪਣ ਕੀਤੀ। ਪੁਸਤਕ ਦੀਆਂ ਰਚਨਾਵਾਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸੁਰਜੀਤ ਸਿੰਘ ਲਾਂਬੜਾ ਸਰੋਦੀ ਕਵੀ ਹੈ। ਗੀਤ ਉਸ ਦੀ ਰੂਹ ਦੀ ਖ਼ੁਰਾਕ ਹਨ। ਧਾਰਮਿਕ ਰਹਿਤਲ ਤੋਂ ਲੈ ਕੇ ਸਮਾਜਿਕ, ਸੱਭਿਆਚਾਰਕ ਤੇ ਕੁਦਰਤ ਉਸ ਦੀਆਂ ਰਚਨਾਵਾਂ ਵਿਚ ਮਿਲਦੇ ਹਨ। ਇਸ ਦੀ ਰਚਨਾ ਨਿੱਜ ਤੋਂ ਸੰਸਾਰ ਦੀ ਯਾਤਰਾ ਕਰਵਾਉਂਦੀ ਹੈ। ਡਾ. ਗੁਰਇਕਬਾਲ ਸਿੰਘ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਕਿਤਾਬ ਦੀ ਖ਼ੂਬਸੂਰਤੀ ਇਹ ਹੈ ਕਿ ਕਵੀ ਨੇ ਕ੍ਰਿਤ ਤੇ ਮਨੁੱਖਤਾ ਦੇ ਧਰਮ ਦੇ ਸਿਧਾਂਤ ਨੂੰ, ਖਿੱਤੇ ਦੀ ਰਹਿਤਲ, ਸੱਭਿਆਚਾਰ ਅਤੇ ਸਮੇਂ ਦੀਆਂ ਘਟਨਾਵਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਪਰੋਇਆ ਹੈ। ਡਾ. ਸੁਰਜੀਤ ਸਿੰਘ ਦੌਧਰ ਨੇ ਕਿਹਾ ਕਿ ਲੇਖਕ ਨੇ ਕਿਤਾਬ ਲਿਖਦਿਆਂ ਚੰਗੇ ਅਧਿਆਪਕ ਦੀ ਸੋਚ ਨੂੰ ਅੱਗੇ ਰੱਖਦਿਆਂ ਆਪਣੀ ਕਲਮ ਨੂੰ ਹਲ਼ ਵਾਂਗ ਵਰਤ ਕੇ ਸੁੱਚੀ ਤੇ ਉੱਚੀ ਕ੍ਰਿਤ ਦਾ ਸੁਨੇਹਾ ਦਿੰਦਿਆਂ ਵਿਲੱਖਣ ਰੰਗ ਪੇਸ਼ ਕੀਤੇ ਹਨ।


ਪਾਲੀ ਖਾਦਿਮ ਨੇ ਕਿਹਾ ਕਿ ਇਹ ਪੁਸਤਕ ਲੋਕ ਭਾਸ਼ਾ ਵਿੱਚ ਲਿਖੀ ਗੀਤਾਂ ਤੇ ਗਜ਼ਲਾਂ ਦਾ ਖ਼ੂਬਸੂਰਤ ਗੁਲਦਸਤਾ ਹੈ।

ਸੁਰਜੀਤ ਸਿੰਘ ਲਾਂਬੜਾ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਕਾਲਜ ਪੜ੍ਹਦਿਆਂ ਉਹਨਾਂ ਨੂੰ ਲਿਖਣ ਦੀ ਚੇਟਕ ਲੱਗੀ ।ਇਸ ਪੁਸਤਕ ਵਿੱਚ ਉਹਨਾਂ ਨੇ ਸਮਾਜ ਵਿੱਚ ਵਾਪਰਦਾ ਜੋ ਕੁਝ ਮਹਿਸੂਸ ਕੀਤਾ, ਉਸ ਨੂੰ ਸ਼ਬਦਾਂ ਵਿੱਚ ਪਰੋਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਆਪਣੇ ਗੀਤ ਗਾ ਕੇ ਸਾਂਝੇ ਕੀਤੇ, ਜਿਨ੍ਹਾਂ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਮੰਚ ਸੰਚਾਲਨ ਕਰਦਿਆਂ ਕਰਮਜੀਤ ਸਿੰਘ ਗਰੇਵਾਲ ਲਲਤੋਂ ਨੇ ਲਾਂਬੜਾ ਦੀਆਂ ਵਿਲੱਖਣ ਲਿਖਤਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

**—ਤ੍ਰੈਲੋਚਨ ਲੋਚੀ**

# ਸਮਕਾਲ

## ਵਿਰਸਾ : 1857 ਵਿਸ਼ੇਸ਼ ਅੰਕ



ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਇਤਿਹਾਸ ਸਬ ਕਮੇਟੀ ਦੇ ਬੁਲੇਟਿਨ ਦਾ ਇਹ ਅੰਕ 1857 ਦੇ ਗ਼ਦਰ ਨੂੰ ਸਮਰਪਿਤ ਹੈ। ਸੰਪਾਦਕੀ ਵਿਚ 'ਗ਼ਦਰ ਗੂੰਜਾਂ' ਦੇ ਹਵਾਲੇ ਨਾਲ ਗੱਲ ਕਰਦਿਆਂ ਅਗਵਾਈ ਕਰਨ ਵਾਲਿਆਂ ਦਾ ਜ਼ਿਕਰ ਕਰਦਿਆਂ ਹਰ ਬਸ਼ਰ ਦੇ ਮਨ ਵਿਚ ਉੱਠ ਰਹੀ ਆਜ਼ਾਦੀ ਲੈਣ ਦੀ ਤਾਂਘ ਦਾ ਜ਼ਿਕਰ ਹੈ। ਸੰਪਾਦਕ ਦਾ ਮੰਨਣਾ ਹੈ ਕਿ ਗ਼ਦਰ ਪਾਰਟੀ ਦੇ ਅਵਚੇਤਨ ਨੂੰ ਸਮਝਣ ਲਈ 1857 ਵਿਚ ਚਲੀ ਆਜ਼ਾਦੀ ਦੀ ਪਹਿਲੀ ਲਹਿਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਸਾਰੇ ਇਤਿਹਾਸ ਤੋਂ ਜਾਣੂ ਹੋਣਾ ਵੀ ਜ਼ਰੂਰੀ ਹੈ ਅਤੇ ਇਸ ਇਤਿਹਾਸ ਨੂੰ ਸਮਝਦਿਆਂ ਹੋਇਆਂ ਵਰਤਮਾਨ ਵਿਚਲੇ ਦੌਰ ਵਿਚ ਇਸ ਤੋਂ ਸੇਧ ਲੈਣ ਦਾ ਕੰਮ ਵੀ ਕੀਤਾ ਜਾਣਾ ਚਾਹੀਦਾ ਹੈ। ਪਹਿਲਾ ਲੇਖ 1857 ਦਾ ਗ਼ਦਰ (ਹਰਵਿੰਦਰ ਭੰਡਾਲ) ਗ਼ਦਰ ਦੇ ਇਤਿਹਾਸਕ ਪਰਿਪੇਖ ਦੀ ਗੱਲ ਕਰਦਾ ਹੈ। ਈਸਟ ਇੰਡੀਆ ਕੰਪਨੀ ਤੋਂ ਆਰੰਭ ਕਰਕੇ ਭੰਡਾਲ ਰਾਇਲ ਬੰਗਾਲ ਆਰਮੀ, ਪੰਜਾਬ ਦਾ ਗ਼ਦਰ-1857, ਗ਼ਦਰ ਦਾ ਖਾਸਾ, ਤੱਕ ਦੀ ਗੱਲ ਵਿਸਥਾਰ ਸਹਿਤ ਅਤੇ ਤੱਥਾਂ 'ਤੇ ਆਧਾਰਿਤ ਕਰਦਾ ਹੈ। ਭਜਨ ਦਾ ਲੇਖ ਬਾਰ ਦੇ ਢੋਲੇ ਤੇ ਲੋਕ-ਮੁੱਖ ਇਤਿਹਾਸਕਾਰੀ ਗ਼ਦਰ ਦੇ ਸਮੇਂ ਦੌਰਾਨ ਪੰਜਾਬ ਦੇ ਸਮਾਜਿਕ, ਸੱਭਿਆਚਾਰਕ ਮਾਹੌਲ ਦਾ ਜ਼ਿਕਰ ਵੀ ਕਰਦਾ ਹੈ ਅਤੇ ਨਾਲ ਹੀ ਉਹ ਇਸ ਦਾ ਗ਼ਦਰ ਦੇ ਸੰਦਰਭ ਵਿਚ ਬਿਰਤਾਂਤ ਸਿਰਜਦਾ ਹੈ। ਚਰੰਜੀ ਲਾਲ ਕੰਗਣੀਵਾਲ ਦਾ ਲੇਖ 1857 ਦੇ ਗ਼ਦਰ ਵਿਚ ਪੰਜਾਬ ਦੀ ਭੂਮਿਕਾ ਗ਼ਦਰ ਦੇ ਪਿਛੋਕੜ ਵਿਚਲੇ ਪੰਜਾਬ ਦੇ ਇਤਿਹਾਸ ਦੀ ਪੇਸ਼ਕਾਰੀ ਦੇ ਨਾਲ-ਨਾਲ ਗ਼ਦਰ ਦੀ ਭਾਵਨਾ ਪੈਦਾ ਹੋਣ ਦੀ ਗੱਲ ਕਰਦਾ ਹੈ। ਵਿਜੈ ਬੰਬੇਲੀ ਆਪਣੇ ਲੇਖ ਵਿਚ ਗ਼ਦਰ ਵਿਚ ਹਿਮਾਚਲ ਦਾ ਯੋਗਦਾਨ ਬਾਰੇ ਵੇਰਵੇ ਸਹਿਤ ਅਤੇ ਤੱਥਾਂ 'ਤੇ ਆਧਾਰਿਤ ਗੱਲ ਕਰਦਾ ਹੈ। ਸੰਪਾਦਕੀ ਬੋਰਡ ਵੱਲੋਂ ਗ਼ਦਰ 1857, ਫਾਂਸੀ ਦੇ ਤਖ਼ਤੇ ਤੋਂ, ਹਰੇ ਕੱਪੜਿਆਂ ਵਾਲੀ ਔਰਤ ਦੀ ਲੜਾਈ, ਅੰਮ੍ਰਿਤਸਰ ਅਤੇ ਅਜਨਾਲੇ ਦਾ ਸਾਕਾ, ਆਜ਼ਾਦੀ ਦੀ ਖ਼ਬਰ ਮੇਰੀ ਕਬਰ ਨੂੰ ਦੇਣਾ ਅਤੇ ਡਾ: ਪਰਮਿੰਦਰ ਸਿੰਘ ਵੱਲੋਂ ਹਰਜੋਤ ਓਬਰਾਏ ਦੀ ਪੁਸਤਕ 'ਵੈਨ ਡਜ਼ ਹਿਸਟਰੀ ਬੀ ਗਿੱਲ ?' ਦਾ ਰੀਵਿਊ ਵੀ ਇਸ ਅੰਕ ਦਾ ਹਿੱਸਾ ਬਣਿਆ ਹੈ।

**ਪੰਨੇ** : 104, **ਮੁੱਲ** : 50 **ਰੁਪਏ**
**ਸੰਪਾਦਕ : ਹਰਵਿੰਦਰ ਭੰਡਾਲ**
**ਸੰਪਰਕ : ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ (ਇਤਿਹਾਸ ਸਬ ਕਮੇਟੀ)**

# ਪੰਜਾਬ ਉਰਦੂ ਅਕੈਡਮੀ ਵੱਲੋਂ ਜਸ਼ਨ-ਏ-ਜਮਹੂਰੀਅਤ ਦਾ ਆਯੋਜਨ

**ਮਾਲੇਰਕੋਟਲਾ**-ਪੰਜਾਬ ਉਰਦੂ ਅਕੈਡਮੀ ਵੱਲੋਂ ਉਰਦੂ ਭਾਸ਼ਾ ਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਆਏ ਦਿਨ ਕੋਈ ਨਾ ਕੋਈ ਸਾਹਿਤਕ ਸਮਾਗਮ ਦਾ ਆਯੋਜਨ ਹੁੰਦਾ ਰਹਿੰਦਾ ਹੈ। ਇਸੇ ਲੜੀ ਤਹਿਤ ਜਸ਼ਨ-ਏ-ਜਮਹੂਰੀਅਤ (ਗਣਤੰਤਰ ਦਿਵਸ) ਦੇ ਸ਼ੁੱਭ ਅਵਸਰ 'ਤੇ ਅਕੈਡਮੀ ਵੱਲੋਂ ਰਾਸ਼ਟਰੀ ਮੁਸ਼ਾਇਰੇ ਦਾ ਆਯੋਜਨ ਕੀਤਾ ਗਿਆ। ਇਸ ਜਸ਼ਨ-ਏ-ਜਮਹੂਰੀਅਤ ਰਾਸ਼ਟਰੀ ਮੁਸ਼ਾਇਰੇ ਦੀ ਪ੍ਰਧਾਨਗੀ ਲਈ ਵਿਸ਼ਵ ਪੱਧਰ ਦੇ ਉੱਘੇ ਕਵੀ ਤੇ ਸਾਹਿਤਕਾਰ ਡਾ. ਤਾਬਿਸ਼ ਮਹਿਦੀ ਦਿੱਲੀ ਤੋਂ ਤਸ਼ਰੀਫ਼ ਲਿਆਏ ਅਤੇ ਮੁੱਖ ਮਹਿਮਾਨ ਵਜੋਂ ਡਾ. ਮੁਹੰਮਦ ਜਮੀਲ-ਉਰ-ਰਹਿਮਾਨ, ਐੱਮ.ਐੱਲ.ਏ., ਮਾਲੇਰਕੋਟਲਾ ਤੇ ਵਾਈਸ ਚੇਅਰਮੈਨ, ਪੰਜਾਬ ਉਰਦੂ ਅਕੈਡਮੀ, ਮਾਲੇਰਕੋਟਲਾ ਨੇ ਸ਼ਿਰਕਤ ਕੀਤੀ।

ਜਸ਼ਨ-ਏ-ਜਮਹੂਰੀਅਤ ਰਾਸ਼ਟਰੀ ਮੁਸ਼ਾਇਰਾ ਦੇ ਆਰੰਭ ਤੋਂ ਪਹਿਲਾਂ ਅਕੈਡਮੀ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਵਿੱਚ ਰੌਸ਼ਨੀ ਪਾਉਂਦਿਆਂ ਸਮਾਗਮ ਦੇ ਮੁਢਲੇ ਸੰਚਾਲਕ ਜਨਾਬ ਸਾਜਿਦ ਇਸਹਾਕ ਨੇ ਕਿਹਾ ਕਿ ਅਕੈਡਮੀ ਵੱਲੋਂ ਉਰਦੂ ਭਾਸ਼ਾ ਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਸਾਹਿਤਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਰਾਸ਼ਟਰੀ ਮੁਸ਼ਾਇਰੇ ਵਿੱਚ ਦੇਸ਼ ਭਰ 'ਚੋਂ ਦੇਸ਼ ਤੇ ਵਿਸ਼ਵ ਪੱਧਰ ਦੇ ਉੱਘੇ ਕਵੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਡਾ. ਤਾਬਿਸ਼ ਮਹਿਦੀ, ਪ੍ਰੋਫ਼ੈਸਰ ਸ਼ਹਿਪਰ ਰਸੂਲ, ਜਨਾਬ ਇੰਤਜ਼ਾਰ ਨਈਮ, ਜਨਾਬ ਅਜ਼ਮ ਸ਼ਾਕਿਰੀ, ਡਾ. ਸੱਯਦ ਐਜਾਜ਼-ਉਦ-ਦੀਨ ਅਲ-ਮਾਰੂਫ਼ ਪਾਪੂਲਰ ਮੇਰਠੀ, ਡਾ. ਤਾਰਿਕ ਕਮਰ, ਡਾ. ਸਲਮਾ ਸ਼ਾਹੀਨ, ਜਨਾਬ ਮਾਰੂਫ਼ ਰਾਇਬਰੇਲਵੀ, ਡਾ. ਸਾਬਿਰ ਬਹਿਟਵੀ, ਮੋਹਤਰਮਾ ਰੇਸ਼ਮਾ ਜ਼ੈਦੀ ਅਤੇ ਡਾ. ਜ਼ਮੀਰ ਆਜ਼ਮੀ ਦੇ ਨਾਂਅ ਵਰਣਨਯੋਗ ਹਨ। ਮੁਸ਼ਾਇਰੇ ਦੇ ਅਰੰਭ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਅਤੇ ਕਵੀਆਂ ਨੂੰ ਬੁੱਕੇ ਪੇਸ਼ ਕੀਤੇ ਗਏ ਅਤੇ ਸ਼ਮ੍ਹਾ ਰੌਸ਼ਨ ਕਰਕੇ ਬਾਕਾਇਦਾ ਤੌਰ 'ਤੇ ਮੁਸ਼ਾਇਰੇ ਦਾ ਆਗ਼ਾਜ਼ ਕੀਤਾ ਗਿਆ। ਮੁਸ਼ਾਇਰੇ ਦੀ ਨਿਜ਼ਾਮਤ (ਸੰਚਾਲਨ) ਉੱਘੇ ਕਵੀ ਜਨਾਬ ਮਾਰੂਫ਼ ਰਾਇਬਰੇਲਵੀ ਨੇ ਆਪਣੇ ਸੁਚੱਜੇ ਤੇ ਵਿਲੱਖਣ ਅੰਦਾਜ਼ ਵਿੱਚ ਕੀਤੀ। ਇਸ ਮਿਆਰੀ ਸਾਹਿਤਕ ਮੁਸ਼ਾਇਰੇ ਵਿੱਚ ਪਹੁੰਚੇ ਸਾਰੇ ਹੀ ਕਵੀਆਂ ਨੇ ਆਪਣੇ ਕਲਾਮ ਨਾਲ ਸ੍ਰੋਤਿਆਂ ਨੂੰ ਲੀਨ ਕੀਤਾ ਅਤੇ ਖ਼ੂਬ ਦਾਦ ਤੇ ਵਾਹ-ਵਾਹ ਹਾਸਲ ਕੀਤੀ। ਮੁਸ਼ਾਇਰੇ ਦੇ ਅਖ਼ੀਰ ਵਿੱਚ ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਤਾਬਿਸ਼ ਮਹਿਦੀ ਨੇ ਕਿਹਾ ਕਿ ਉਰਦੂ ਭਾਸ਼ਾ ਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਕੈਡਮੀ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਉਰਦੂ ਦੇ ਪ੍ਰਸਾਰ ਲਈ ਅਕੈਡਮੀ ਦੇ ਬਿਹਤਰੀਨ ਪ੍ਰਦਰਸ਼ਨ ਅਤੇ ਅੱਜ ਦੇ ਇਸ ਸਫ਼ਲਤਾ-ਪੂਰਵਕ ਰਾਸ਼ਟਰੀ ਮੁਸ਼ਾਇਰੇ ਦੇ ਆਯੋਜਨ ਲਈ ਅਕੈਡਮੀ ਦੇ ਮੈਂਬਰਾਂ ਅਤੇ ਸਟਾਫ਼ ਨੂੰ ਮੁਬਾਰਕਬਾਦ ਪੇਸ਼ ਕੀਤੀ। ਆਖ਼ਿਰ ਵਿੱਚ ਸਾਰੇ ਹੀ ਕਵੀਆਂ ਨੂੰ ਮੁੱਖ ਮਹਿਮਾਨ ਡਾ. ਮੁਹੰਮਦ ਜਮੀਲ-ਉਰ-ਰਹਿਮਾਨ ਵੱਲੋਂ ਟਰਾਫ਼ੀਆਂ ਤੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਾਹਿਤਕ ਸਮਾਗਮ ਵਿੱਚ ਸ਼ਹਿਰ ਤੇ ਸ਼ਹਿਰ ਦੇ ਬਾਹਰੋਂ ਇੱਕ ਵੱਡੀ ਸੰਖਿਆ ਵਿੱਚ ਪਤਵੰਤੇ ਸੱਜਣਾਂ ਅਤੇ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਤੇ ਕਵੀਆਂ ਦੀਆਂ ਰਚਨਾਵਾਂ ਸੁਣ ਕੇ ਖ਼ੂਬ ਆਨੰਦ ਮਾਣਿਆ।

# 'ਨਿੱਕੀਆਂ ਕਰੂੰਬਲਾਂ' ਦਾ ਨਵਾਂ ਅੰਕ ਰਿਲੀਜ਼



**ਮਾਹਿਲਪੁਰ** : ਬੱਚਿਆਂ ਲਈ ਪ੍ਰੇਰਨਾ ਸਰੋਤ ਨੇ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਇਹ ਵਿਚਾਰ ਕੌਮਾਂਤਰੀ ਲੇਖਕ ਅਤੇ ਪੱਤਰਕਾਰ ਐੱਸ ਅਸ਼ੋਕ ਭੌਰਾ ਨੇ ਕਰੂੰਬਲਾਂ ਭਵਨ ਮਾਹਿਲਪੁਰ ਵਿੱਚ ਨਿੱਕੀਆਂ ਕਰੂੰਬਲਾਂ ਦਾ ਤਾਜ਼ਾ ਅੰਕ ਜਾਰੀ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਅਜੋਕੇ ਸਮੇਂ ਵਿੱਚ ਹਰ ਕੋਈ ਬਿਜ਼ਨੈੱਸ ਦਾ ਕਾਰਜ ਕਰ ਰਿਹਾ ਹੈ, ਪਰ ਬਾਲ ਸਾਹਿਤ ਦਾ ਪ੍ਰਕਾਸ਼ਨ ਨੰਗੇ ਧੜ ਜੰਗ ਲੜਨ ਵਾਲੀ ਗੱਲ ਹੈ। ਅੱਜ ਪੂਰੇ ਪੰਜਾਬ ਵਿੱਚੋਂ ਪਿਛਲੇ 28 ਸਾਲ ਤੋਂ ਨਿਰੰਤਰ ਛਪਣ ਵਾਲਾ ਇੱਕੋ-ਇੱਕ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਹੈ, ਜੋ ਆਪਣੀ ਅਹਿਮੀਅਤ ਕਰਕੇ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਸ਼ਾਮਲ ਹੋ ਚੁੱਕਾ ਹੈ। ਇਸ ਰਸਾਲੇ ਨੇ ਜਿੱਥੇ ਨਵੇਂ ਲੇਖਕਾਂ ਦੀ ਇੱਕ ਪਨੀਰੀ ਤਿਆਰ ਕੀਤੀ ਹੈ, ਉਥੇ ਵੱਡੇ ਲੇਖਕਾਂ ਨੂੰ ਵੀ ਇੱਕ ਮੰਚ ਪ੍ਰਦਾਨ ਕੀਤਾ ਹੈ। ਬਾਲ ਸਾਹਿਤ ਦੇ ਖੋਜੀਆਂ ਲਈ ਇਹ ਬਾਲ ਰਸਾਲਾ ਇੱਕ ਰੈਫਰੈਂਸ ਬੁੱਕ ਦਾ ਦਰਜਾ ਹਾਸਲ ਕਰ ਚੁੱਕਾ ਹੈ।

ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸੁਰ ਸੰਗਮ ਵਿਦਿਅਕ ਟਰੱਸਟ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ 'ਨਿੱਕੀਆਂ ਕਰੂੰਬਲਾਂ' ਪੂਰੇ ਵਿਸ਼ਵ ਵਿੱਚ ਸਤਿਕਾਰਿਆ ਜਾ ਰਿਹਾ ਹੈ। ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਅਤੇ ਕਰੂੰਬਲਾਂ ਪਰਵਾਰ ਵੱਲੋਂ ਵਿਦਿਆਰਥੀਆਂ ਅਤੇ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਬੜੇ ਨਰੋਏ ਯਤਨ ਕੀਤੇ ਜਾ ਰਹੇ ਹਨ। ਉਹਨਾਂ ਸੁਖਮਨ ਸਿੰਘ ਅਤੇ ਕਮਲਜੀਤ ਨੀਲੋਂ ਦੀ ਚਿੱਤਰਕਾਰੀ ਦੀ ਵੀ ਸ਼ਲਾਘਾ ਕੀਤੀ।

# 'ਦਿਨ ਢਲ਼ੇ' ਉਪਰ ਸਾਹਿਤ ਸਭਾ ਵੱਲੋਂ ਗੋਸ਼ਟੀ



**ਬਰਨਾਲਾ**-ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਵਾਸੀ ਲੇਖਕ ਦੇ ਗ਼ਜ਼ਲ ਸੰਗ੍ਰਹਿ ਉਪਰ ਗੋਸ਼ਟੀ ਕਰਵਾਈ ਗਈ ਅਤੇ ਤੇਜਿੰਦਰ ਚੰਡਿਹੋਕ ਦਾ ਸਨਮਾਨ ਕੀਤਾ ਗਿਆ। ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਬਹੁਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕੀਤੀ। ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਜਗਮੀਤ ਹਰਫ਼, ਕੇਸਰ ਕਰਮਜੀਤ, ਤੇਜਾ ਸਿੰਘ ਤਿਲਕ, ਵਿਨੋਦ ਅਨੀਕੇਤ, ਪ੍ਰਿੰ. ਹਰੀਸ਼ ਬਾਂਸਲ ਸੁਸ਼ੋਭਿਤ ਸਨ।

ਸਮਾਗਮ ਵਿੱਚ ਪ੍ਰਵਾਸੀ ਲੇਖਕ ਕੇਸਰ ਕਰਮਜੀਤ (ਆਸਟ੍ਰੇਲੀਆ) ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਦਿਨ ਢਲ਼ੇ' ਉਪਰ ਗੋਸ਼ਟੀ ਕਰਵਾਈ ਗਈ ਅਤੇ ਤੇਜਿੰਦਰ ਚੰਡਿਹੋਕ ਦਾ ਸਨਮਾਨ ਕੀਤਾ ਗਿਆ। ਗ਼ਜ਼ਲ ਸੰਗ੍ਰਹਿ ਉਪਰ ਜਗਮੀਤ ਹਰਫ਼ ਨੇ ਪੇਪਰ ਪੜ੍ਹਦਿਆਂ ਕਿਹਾ ਕਿ ਕੇਸਰ ਕਰਮਜੀਤ ਦੀ ਸਮੁੱਚੀ ਸ਼ਾਇਰੀ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਪੇਸ਼ ਕਰਦੀ ਹੈ। ਹਰਫ਼ ਨੇ ਇਸ ਸੰਗ੍ਰਹਿ ਨੂੰ ਅਸਾਵੇਂ ਤੋਂ ਸਾਵੇਂ ਦਾ ਸਫ਼ਰ ਦੱਸਿਆ। ਪੇਪਰ ਉਪਰ ਬਹਿਸ ਕਰਦਿਆਂ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਇਸ ਸੰਗ੍ਰਹਿ ਨੂੰ ਪੜ੍ਹਦਿਆਂ ਇਹ ਪਲੇਠਾ ਸੰਗ੍ਰਹਿ ਨਹੀਂ ਜਾਪਦਾ। ਡਾ. ਭੁਪਿੰਦਰ ਸਿੰਘ ਬੇਦੀ ਨੇ ਪੁਸਤਕ ਦੇ ਕੁਝ ਸ਼ਿਅਰਾਂ ਦਾ ਹਵਾਲਾ ਦਿੰਦਿਆਂ ਪੁਸਤਕ ਨੂੰ ਸਾਰਥਕ ਸ਼ਾਇਰੀ ਦੱਸਿਆ। ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਪੁਸਤਕ ਦਾ ਮੁਲਾਂਕਣ ਪੇਸ਼ ਕੀਤਾ। ਇਹਨਾਂ ਤੋਂ ਇਲਾਵਾ ਆਲੋਚਕ ਤੇਜਾ ਸਿੰਘ ਤਿਲਕ, ਪ੍ਰਸਿੱਧ ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਮਾਲਵਿੰਦਰ ਸ਼ਾਇਰ, ਵਿਨੋਦ ਅਨੀਕੇਤ, ਰਾਮ ਸਰੂਪ ਸ਼ਰਮਾ, ਰਾਜਿੰਦਰ ਸ਼ੌਂਕੀ, ਹਰੀਸ਼ ਬਾਂਸਲ ਅਤੇ ਪਵਨ ਪਰਿੰਦਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਜਫ਼ਰ ਨੇ ਪੇਪਰ 'ਤੇ ਉੱਠੇ ਨੁਕਤਿਆਂ ਦਾ ਜਵਾਬ ਦਿੱਤਾ ਅਤੇ ਲੇਖਕ ਕੇਸਰ ਕਰਮਜੀਤ ਨੇ ਆਪਣੀ ਆਉਣ ਵਾਲੀ ਅਗਲੀ ਪੁਸਤਕ ਵਿੱਚੋਂ ਕੁਝ ਗ਼ਜ਼ਲਾਂ ਦਾ ਪਾਠ ਕੀਤਾ। ਉਪਰੰਤ ਸਭਾ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ। ਦੂਜੇ ਪੜਾਅ ਵਿੱਚ ਤੇਜਿੰਦਰ ਚੰਡਿਹੋਕ ਦਾ ਪੰਜਾਬੀ ਸਾਹਿਤ ਸਭਾ ਦੇ ਸੰਵਿਧਾਨ ਕਮੇਟੀ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਬਦਲੇ ਸਨਮਾਨ ਕੀਤਾ ਗਿਆ। ਇਸ ਸੰਬੰਧੀ ਬੋਲਦਿਆਂ ਡਾ. ਬੇਦੀ ਨੇ ਕਿਹਾ ਕਿ ਚੰਡਿਹੋਕ ਸਭਾ ਪ੍ਰਤੀ ਪੂਰਨ ਤੌਰ 'ਤੇ ਸਮਰਪਿਤ ਹੈ ਅਤੇ ਪੰਜਾਬੀ ਸਾਹਿਤ ਸਭਾ ਦੀ ਉਨਤੀ ਵਿੱਚ ਬਹੁਤ ਯੋਗਦਾਨ ਪਾਇਆ ਹੈ। ਕਈ-ਕਈ ਜ਼ਿੰਮੇਵਾਰੀਆਂ ਇੱਕੋ ਸਮੇਂ ਨਿਭਾਅ ਰਹੇ ਹਨ। ਸਨਮਾਨ ਪੱਤਰ ਪਾਲ ਸਿੰਘ ਲਹਿਰੀ ਨੇ ਪੜ੍ਹਿਆ। ਬੂਟਾ ਸਿੰਘ ਚੌਹਾਨ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਬਾਖ਼ੂਬੀ ਨਿਭਾਇਆ ਅਤੇ ਮੇਜਰ ਸਿੰਘ ਗਿੱਲ ਨੇ ਆਏ ਮਹਿਮਾਨਾਂ, ਲੇਖਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਹਿਤ ਸਭਾ ਦੇ ਮੈਂਬਰ ਮੇਜਰ ਸਿੰਘ ਰਾਜਗੜ੍ਹ ਦੀ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਦਿੱਤੀ ਗਈ।

**—ਤੇਜਿੰਦਰ ਚੰਡਿਹੋਕ**

# ਪਾਠਕਾਂ ਦੇ ਝਰੋਖੇ 'ਚੋਂ

## ਡਾ. ਗੁਰਿੰਦਰ ਕੌਰ ਦਾ ਲੇਖ

28 ਜਨਵਰੀ ਦੇ 'ਐਤਵਾਰਤਾ' ਵਿਚ ਮੁੱਖ ਪੰਨੇ 'ਤੇ ਡਾ. ਗੁਰਿੰਦਰ ਕੌਰ ਦਾ ਲੇਖ 'ਆਲਮੀ ਸੇਕ-ਕੁਦਰਤੀ ਆਫਤਾਂ ਦਾ ਸੰਕੇਤ' ਬਹੁਤ ਸ਼ਿੱਦਤ ਤੇ ਗਹਿਰਾਈ ਨਾਲ ਦੇਸ਼ ਵਿਚ ਬਦਲਦੇ ਮੌਸਮਾਂ ਬਾਰੇ ਜਾਣਕਾਰੀ ਦਿੰਦਾ ਹੈ। ਗਰਮੀ-ਸਰਦੀ ਹੱਦ ਤੋਂ ਜ਼ਿਆਦਾ ਪੈਣੀ ਜਿਵੇਂ ਹੁਣ ਇਸ ਸਾਲ ਸਰਦੀ ਦਾ ਸਮਾਂ ਕਾਫੀ ਦਿਨ ਚੱਲਿਆ ਹੈ। ਦਸੰਬਰ ਦੇ ਅਖੀਰਲੇ ਹਫਤੇ ਤੋਂ ਸਰਦੀ ਸ਼ੁਰੂ ਹੋ ਕੇ ਹੁਣ ਜਨਵਰੀ ਦੇ ਅਖੀਰ ਵਿਚ ਆ ਕੇ ਬਾਰਿਸ਼ ਪੈਣ ਨਾਲ ਧੁੰਦ ਘਟੀ ਹੈ। ਕਾਂਬੇ ਵਾਲੀ ਠੰਢ ਨੇ ਲੋਕਾਂ ਦੇ ਆਮ ਜੀਵਨ 'ਤੇ ਬਹੁਤ ਪ੍ਰਭਾਵ ਪਾਇਆ ਹੈ। ਅਖਬਾਰਾਂ ਤਾਂ ਇਹ ਵੀ ਲਿਖਦੀਆਂ ਰਹੀਆਂ ਹਨ ਕਿ ਇਸ ਸਾਲ ਦੀ ਠੰਢ ਨੇ ਪਿਛਲੇ ਕਈ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਇਹ ਮੌਸਮੀ ਆਫਤ ਵਰਗੀ ਹਾਲਤ ਹੀ ਹੈ। ਐਨੀ ਧੁੰਦ ਵਿਚ ਬਹੁਤ ਹਾਦਸੇ ਹੋਏ। ਕਈ ਕੀਮਤੀ ਜਾਨਾਂ ਗਈਆਂ। ਇਹ ਮੌਸਮੀ ਅੱਤਵਾਦ ਹੈ। ਇਸੇ ਤਰ੍ਹਾਂ ਗਰਮੀ ਵਿਚ ਹੁੰਦਾ ਹੈ। ਲੇਖਕਾ ਨੇ ਇਸ ਦਾ ਕਾਰਨ ਗਰੀਨ ਹਾਊਸ ਗੈਸਾਂ ਦਾ ਦੱਸਿਆ ਹੈ। ਅਸਲ ਵਿਚ ਸਾਡਾ ਰਹਿਣ-ਸਹਿਣ, ਮਸ਼ੀਨੀਕਰਨ, ਲੋੜ ਤੋਂ ਜ਼ਿਆਦਾ ਉਦਯੋਗ ਝੋਨੇ ਦੀ ਪਰਾਲੀ ਨੂੰ ਸਾੜਨਾ ਆਦਿ ਕੁਝ ਕਾਰਨ ਹਨ। ਮੌਸਮੀ ਤਬਦੀਲੀਆਂ ਬਾਰੇ ਪੈਰਿਸ ਵਿਚ ਦੇਸ਼ਾਂ ਦੇ ਆਪਸੀ ਸਮਝੌਤੇ ਨੂੰ ਲਾਗੂ ਕਰਨ ਵਿਚ ਕੁਝ ਦੇਸ਼ ਅਣਗਹਿਲੀ ਕਰਦੇ ਹਨ, ਜਿਸ ਦਾ ਅਸਰ ਪੂਰੇ ਸੰਸਾਰ ਵਿਚ ਪੈ ਰਿਹਾ ਹੈ। ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਣੀ ਜ਼ਰੂਰੀ ਹੈ। ਗਰਮੀ ਵਿਚ ਏ ਸੀ ਵੀ ਜ਼ਿਆਦਾ ਗਿਣਤੀ ਵਿਚ ਹੋਣ ਕਰਕੇ ਤਪਸ਼ ਵਾਤਾਵਰਣ ਵਿਚ ਜ਼ਿਆਦਾ ਹੋ ਜਾਂਦੀ ਹੈ। ਇਹ ਵੀ ਇਸ ਦਾ ਕਾਰਨ ਹੈ। ਅੱਜ ਤੋਂ 50 ਸਾਲ ਪਹਿਲਾਂ ਬਹੁਤ ਬਾਰਿਸ਼ਾਂ ਪਿਆ ਕਰਦੀਆਂ ਸਨ। ਲੋਕ ਰੁੱਖਾਂ ਹੇਠ ਬੈਠ ਕੇ ਆਰਾਮ ਕਰਦੇ ਸਨ। ਕਈ-ਕਈ ਦਿਨ ਝੜੀ ਨਹੀਂ ਸੀ ਹਟਦੀ। ਹੁਣ ਅਸੀਂ ਮੀਂਹ ਨੂੰ ਉਡੀਕਦੇ ਰਹਿੰਦੇ ਹਾਂ। ਸਮੇਂ ਸਿਰ ਮੀਂਹ ਨਾ ਪੈਣ ਕਰਕੇ ਖੇਤੀ 'ਤੇ ਬਹੁਤ ਅਸਰ ਪੈਂਦਾ ਹੈ। ਲੇਖ ਪੜ੍ਹਨ ਵਾਲਾ ਹੈ। ਨਾਲ ਹੀ ਲੋਕਾਂ ਨੂੰ ਸੰਦੇਸ਼ ਦੇ ਰਿਹਾ ਹੈ ਕਿ ਕੁਦਰਤੀ ਆਫਤਾਂ ਤੋਂ ਕਿਵੇਂ ਬਚਿਆ ਜਾਵੇ। ਦੇਵ ਕੁਰਾਈ ਵਾਲਾ ਨੇ ਯਾਤਰਾ ਪ੍ਰਸੰਗ ਵਿਚ ਪਹਾੜੀ ਥਾਂਵਾਂ ਦੀ ਜਾਣਕਾਰੀ ਦਿੱਤੀ ਹੈ। ਰਸਤੇ ਉਘੜ-ਦੁਘੜੇ ਹਨ, ਜਿਨ੍ਹਾਂ 'ਤੇ ਲੇਖਕ ਚੱਲਿਆ ਤੇ ਸਥਾਨਕ ਗਾਈਡ ਨਾਲ ਲੈ ਕੇ ਰਸਤਾ ਪੂਰਾ ਕੀਤਾ। ਬੜੀ ਔਖੀ ਯਾਤਰਾ ਕੀਤੀ। ਡਾ. ਸ਼ਿਆਮ ਸੁੰਦਰ ਦੀਪਤੀ ਦੀਆਂ ਨਵੀਆਂ ਮਿੰਨੀ ਕਹਾਣੀਆਂ ਪੜ੍ਹ ਕੇ ਆਨੰਦ ਆ ਗਿਆ। ਕਹਾਣੀਆਂ ਵਿਚ ਮਨਮਰਜ਼ੀ ਦੇ ਦਿਨ ਵਿਚ ਬਜ਼ੁਰਗ, ਪੁਰਸ਼ ਤੇ ਔਰਤ ਦਾ ਘਰੇਲੂ ਦ੍ਰਿਸ਼ ਇਕੋ ਜਿਹਾ ਹੈ, ਦੋਵੇਂ ਘਰ ਦੇ ਝਮੇਲਿਆਂ ਤੋਂ ਆਜ਼ਾਦ ਹੋ ਕੇ ਨਿੱਕੇ-ਨਿੱਕੇ ਪਲਾਂ ਦਾ ਆਨੰਦ ਲੈ ਰਹੇ ਹਨ। ਅਸਲ ਵਿਚ ਸਾਡੇ ਪੰਜਾਬੀ ਸਮਾਜ ਵਿਚ ਸਾਂਝੇ ਪਰਵਾਰਾਂ ਦੇ ਝਮੇਲੇ ਐਨੇ ਹਨ ਕਿ ਬਜ਼ੁਰਗ ਆਰਾਮ ਦਾ ਜੀਵਨ ਨਹੀਂ ਜੀ ਸਕਦੇ। ਲੇਖਕ ਨੇ ਬਜ਼ੁਰਗ ਅਵਸਥਾ ਦੀ ਮਾਨਸਿਕਤਾ ਨੂੰ ਚਿਤਰਿਆ ਹੈ। ਸਿਰ ਉਪਰ ਚਿਹਰਾ, ਨਰਸਿੰਗ ਹੋਮ ਦਾ ਦਰਦ ਵਤਨਵਾਸ ਚੰਗੀਆਂ ਰਚਨਾਵਾਂ ਹਨ। ਵਿਦੇਸ਼ਾਂ ਵਿਚ ਜਾ ਕੇ ਵੀ ਬਜ਼ੁਰਗ ਆਪਣੇ ਵਤਨ/ਪਿੰਡ/ਸ਼ਹਿਰ ਨੂੰ ਹੀ ਯਾਦ ਕਰਦੇ ਹਨ। ਬੰਦਾ ਭਾਵੇਂ ਜਿੰਨੀ ਮਰਜ਼ੀ ਦੁਨੀਆ ਗਾਹ ਲਵੇ, ਅਖੀਰ ਉਸ ਨੂੰ ਆਪਣੀ ਧਰਤੀ, ਆਪਣੇ ਘਰ ਵਿਚ ਆ ਕੇ ਹੀ ਸਕੂਨ ਮਿਲਦਾ ਹੈ। ਇਹ ਹੀ ਛੱਜੂ ਦੇ ਚੁਬਾਰੇ ਵਾਲੀ ਗੱਲ ਹੈ। ਲੰਗੇਰੀ ਪਿੰਡ ਦਾ ਪੜ੍ਹ ਕੇ ਚੰਗਾ ਲੱਗਾ ਲੇਖਕ ਖਾਸ ਨੁਕਤੇ ਤੋਂ। ਪਿੰਡਾਂ ਦਾ ਜ਼ਿਕਰ ਕਰ ਰਿਹਾ ਹੈ। ਉਹ ਹੈ ਗਦਰੀ ਬਾਬਿਆਂ ਦੇ ਪਿੰਡ। ਇਹ ਪਿੰਡ ਇਤਿਹਾਸਕ ਹਨ। 'ਲੋਕਾਂ ਦੀ ਗੱਲ' ਵਿਚ ਕਾਲਜ ਅਧਿਆਪਕਾਂ ਦੇ ਮਸਲੇ ਹਨ। ਸਰਕਾਰ ਕਾਲਜ ਅਧਿਆਪਕਾਂ ਵਿਚ ਵੀ ਵੰਡੀਆਂ ਪਾ ਕੇ ਤਾਕਤ ਕਮਜ਼ੋਰ ਕਰ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਕਾਲਜ ਅਧਿਆਪਕਾਂ ਨੂੰ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ। ਮੈਨੂੰ ਯਾਦ ਹੈ ਕਿ ਸਾਹਿਤਕਾਰ ਹਮਦਰਦਵੀਰ ਨੌਸ਼ਹਿਰਵੀ ਵੀ ਕਈ ਵਾਰ ਪੈਨਸ਼ਨ ਨਾ ਮਿਲਣ ਦਾ ਦੁੱਖ ਦੱਸਿਆ ਕਰਦੇ ਸਨ। ਕਿਸੇ ਵੀ ਸਰਕਾਰੀ, ਗੈਰ-ਸਰਕਾਰੀ ਮੁਲਾਜ਼ਮ ਨੂੰ ਪੈਨਸ਼ਨ ਨਾ ਦੇਣੀ ਬਹੁਤ ਵੱਡਾ ਜ਼ੁਲਮ ਹੈ। ਅਨੇਮਨ ਸਿੰਘ ਦੀ ਕਿਤਾਬ 'ਚਿਕਨ ਸ਼ਾਪ' ਦਾ ਜ਼ਿਕਰ ਪੜ੍ਹ ਕੇ ਚੰਗਾ ਲੱਗਾ। ਅਨੇਮਨ ਸਿੰਘ ਨੇ ਬਹੁਤ ਘੱਟ ਸਮੇਂ 'ਚ ਪੰਜਾਬੀ ਕਹਾਣੀ ਵਿਚ ਆਪਣਾ ਨਾਂਅ ਬਣਾਇਆ ਹੈ। ਬਾਕੀ ਮੈਟਰ ਵੀ ਰੀਝ ਨਾਲ ਪੜ੍ਹਿਆ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ'**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਹਰਾ ਇਨਕਲਾਬ ਤੇ ਪੰਜਾਬ ਦੀ ਸਥਿਤੀ : ਆਦਿੱਤਿਆ ਬਹਿਲ**

**'ਆਪਣੇ ਘਰ ਦੀ ਤਾਂਘ' (ਕਹਾਣੀ) : ਲਾਲ ਸਿੰਘ**

**'ਧਰਤੀ ਪੰਜ ਦਰਿਆਈ' ਦੀ ਪਰਖ ਪੜਚੋਲ : ਡਾ. ਪਰਮਜੀਤ ਸਿੰਘ ਮੀਸ਼ਾ**

**ਰਜਿੰਦਰ ਸਿੰਘ ਰਾਜਨ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**



# ਹਰਪਾਲ ਸਿੰਘ ਸੰਧਾਵਾਲੀਆ ਦੀਆਂ ਕਵਿਤਾਵਾਂ

ਹਰਪਾਲ ਸਿੰਘ ਸੰਧਾਵਾਲੀਆ ਦੋਹੇ-ਨੁਮਾ ਕਵਿਤਾਵਾਂ ਵਿਚ ਅਜਿਹਾ ਵਿਅੰਗ ਬਿਰਤਾਂਤ ਸਿਰਜ ਸਕਣ ਦੀ ਸਮਰੱਥਾ ਰੱਖਦਾ ਹੈ ਕਿ ਪਾਠਕ ਉਸ ਦੀਆਂ ਇਹ ਲਘੂ ਆਕਾਰ ਦੀਆਂ ਕਵਿਤਾਵਾਂ ਵਿਚਲੇ ਵਡੇਰੇ ਪਸਾਰਾਂ ਅਤੇ ਅਰਥਾਂ ਨੂੰ ਸਮਝਣ ਲਈ ਆਪਣੀ ਸੋਚ ਅਤੇ ਸੂਝ ਦੀ ਵਰਤੋਂ ਕਰਦਿਆਂ ਅੱਗੇ ਵਧਦਾ ਹੈ। ਕਵਿਤਾ ਦਾ ਇਹ ਸਰੂਪ ਆਦਿ ਕਵੀ ਬਾਬਾ ਫਰੀਦ ਤੋਂ ਹੁੰਦਾ ਹੋਇਆ ਮੱਧਕਾਲੀ ਕਾਵਿ ਦਾ ਮਹੱਤਵਪੂਰਨ ਰੂਪ ਬਣਿਆ ਅਤੇ ਅੱਜ ਵੀ ਬਹੁਤੇ ਕਵੀ ਕਵਿਤਾ ਦੇ ਇਸ ਰੂਪ ਰਾਹੀਂ ਆਪਣੀ ਗੱਲ ਕਹਿਣ ਦਾ ਯਤਨ ਕਰ ਰਹੇ ਹਨ। ਇਹਨਾਂ ਛੋਟੀਆਂ ਕਵਿਤਾਵਾਂ ਰਾਹੀਂ ਹਰਪਾਲ ਵੱਡੀ ਗੱਲ ਕਹਿ ਜਾਂਦਾ ਹੈ।

—ਸੰਪਾਦਕ

### ਦੂਜਾ ਪਾਸਾ

ਕਿਧਰੇ ਦੰਗਾ ਭੜਕਿਆ
ਪਤੀ ਦੇ
ਪੇਟ ਵਿਚ ਛੁਰਾ ਵੱਜਾ
ਉਹ ਲਾਸ਼ ਬਣ ਗਿਆ
ਪਤਨੀ
ਜੋ ਲਾਸ਼ ਉੱਤੇ
ਡਿੱਗ ਪਈ ਸੀ
ਭੀੜ ਦੇ ਪੈਰਾਂ ਹੇਠ
ਮਿੱਧੀ ਗਈ
ਬੱਚੀ
ਜੋ ਕਿਸੇ ਤਰ੍ਹਾਂ
ਬਚ ਗਈ ਸੀ
ਮਾਂ ਦੇ ਪੈਰਾਂ ਵਿੱਚ ਬਹਿ
ਰੋਣ ਲੱਗੀ

ਟੀ ਵੀ 'ਤੇ ਖ਼ਬਰ ਚੱਲਣ ਲੱਗੀ

ਐਂਕਰ ਕੁੜੀ
ਬੜੇ ਜ਼ੋਰ ਨਾਲ
ਬੜੇ ਜੋਸ਼ ਵਿੱਚ
ਖ਼ਬਰ ਸੁਣਾਉਂਦੀ ਰਹੀ

ਬੱਚੀ ਦਾ ਚਿਹਰਾ
ਵਾਰ-ਵਾਰ ਵਿਖਾਉਂਦੀ ਰਹੀ

ਚੈਨਲ ਦੀ
ਟੀ ਆਰ ਪੀ ਵਧਾਉਂਦੀ ਰਹੀ
ਅੱਧੀ ਰਾਤ ਤੋਂ ਬਾਅਦ
ਚੈਨਲ 'ਤੋਂ ਛੁੱਟੀ ਹੋਣ 'ਤੇ
ਐਂਕਰ ਕੁੜੀ ਘਰ ਗਈ
ਮਾਂ ਸੁੱਤੀ ਪਈ ਸੀ
ਉਹ ਮਾਂ ਦੇ
ਪੈਰਾਂ ਵਿੱਚ ਜਾ ਬੈਠੀ
ਤੇ ਪਤਾ ਨਹੀਂ ਕਿਉਂ
ਰੋਣ ਲੱਗ ਪਈ

ਉਸ ਰਾਤ
ਉਹ ਐਂਕਰ ਕੁੜੀ
ਬੜੇ ਜ਼ੋਰ ਨਾਲ ਰੋਈ
ਵਾਰ-ਵਾਰ ਰੋਈ
ਤੇ ਰੱਜ ਕੇ ਰੋਈ

### ਹਾਦਸਾ

ਉਹ
ਜੋ ਸੜਕ 'ਤੇ ਹੋਏ ਹਾਦਸੇ ਕੋਲੋਂ
ਕਾਹਲੀ ਵਿੱਚ
ਅੱਗੇ ਲੰਘ ਗਿਆ ਸੀ
ਉਹਦਾ
ਬੰਦੇ ਦੀ ਜੂਨੇ ਆਉਣਾ ਵੀ
ਇੱਕ ਹਾਦਸੇ ਵਰਗਾ ਹੀ ਹੈ

### ਉਹਦਾ ਪੁੱਤ

ਰੁੱਸ ਕੇ ਰੋਣ ਲੱਗਾ
ਬੜੀ ਉੱਚੀ-ਉੱਚੀ
ਉਹ ਧਿਆਨ ਨਾਲ ਵੇਖਣ ਲੱਗਾ
ਰੋਣਾ ਅਸਲੀ ਹੈ
ਜਾਂ ਕੇਵਲ ਅਦਾਕਾਰੀ ਹੀ
ਉਹਨੂੰ ਲੱਗਾ
ਇਹ ਤਾਂ ਬੱਸ ਅਦਾਕਾਰੀ ਹੈ
ਉਹ ਮੁਸਕੁਰਾਇਆ
ਤੇ ਬੇਫ਼ਿਕਰ ਹੋ ਗਿਆ
ਪੁੱਤ ਦੇ ਭਵਿੱਖ ਵੱਲੋਂ

### ਹਨੇਰਾ

ਜਦੋਂ ਤੋਂ ਹੋਸ਼ ਸੰਭਾਲੀ ਹੈ
ਹਨੇਰੇ ਵਿੱਚ ਜੀ ਰਹੇ ਹਾਂ
ਬਚਪਨ ਵਿੱਚ ਹੀ
ਸਿਖਾ ਦਿੱਤਾ ਗਿਆ ਸੀ
ਕਿ ਚਾਨਣ ਵੱਲ ਜਾਣ ਵਾਲੇ ਬੱਚੇ
ਕੁਰਾਹੇ ਪੈ ਜਾਂਦੇ ਹਨ

### ਜੰਗਲ

ਜੰਗਲ ਦੇ
ਸੜ ਜਾਣ ਤੋਂ ਬਾਅਦ
ਬੋਟਾਂ ਦੇ ਮਰ ਜਾਣ ਤੋਂ ਬਾਅਦ
ਅੱਗ ਅਤੇ ਹਵਾ ਨੇ
'ਸ਼ਾਂਤੀ ਸਮਝੌਤਾ' ਕਰ ਲਿਆ ਹੈ

### ਸਮਝੌਤਾ

ਇਹ ਜੋ
ਕਾਲਜ ਮੈਨੇਜਮੈਂਟ ਦੇ ਪ੍ਰਧਾਨ ਸਾਹਮਣੇ
ਹੱਥ ਜੋੜੀ ਖੜੀ ਹੈ
ਨੌਕਰੀ ਵਾਸਤੇ
ਅਸਲ ਵਿੱਚ
ਇਹਨੇ ਹੁਣੇ-ਹੁਣੇ

'ਪਾਸ਼ ਦੀ ਕਵਿਤਾ ਦਾ ਨਾਬਰੀ ਪੱਖ'

ਵਿਸ਼ੇ 'ਤੇ
ਪੀ ਐੱਚ ਡੀ ਪੂਰੀ ਕੀਤੀ ਹੈ

*ਸੰਪਰਕ 89683-52349*

# ਬਾਹੋ ਬੈਂਸ ਨੇ ਵਸਾਇਆ ਸੀ ਬਾਹੋਵਾਲ

## ਪਿੰਡ ਵਸਿਆ

**ਵਿਜੈ ਬੰਬੇਲੀ**

ਉਹ ਸਿਰਫ ਪੌਣੇ ਤਿੰਨ ਏਕੜ ਭੋਇੰ ਦਾ ਮਾਲਕ ਸੀ। ਪੌਣਾ ਏਕੜ ਖੂਹ 'ਤੇ, ਚਾਹੀ ਅਤੇ ਦੋ ਏਕੜ ਚੋਅ ਬੁਰਦ, ਬਰਾਨੀ-ਬੰਜਰ ਕਦੀਮ। ਗਰੀਬੜਾ ਜੱਟ, ਭਾਰੀ-ਭਰਕਮ ਪਰਵਾਰ। ਖਰੀ ਜ਼ਿੰਦਗੀ ਦੀ ਭਾਲ, ਉਸ ਨੂੰ ਮਲੇਸ਼ੀਆ-ਹਾਂਗਕਾਂਗ ਲੈ ਗਈ, ਜਿੱਥੇ ਉਹ ਚੀਨਿਆ ਦੇ ਧੜਵੈਲ ਕਾਰਖਾਨੇ ਵਿੱਚ ਜਾ ਚੌਕੀਦਾਰ ਭਰਤੀ ਹੋਇਆ। ਇਧਰ, ਉਹ ਫੁੱਟਬਾਲ ਦਾ ਵੀ ਆਹਲਾ ਖਿਡਾਰੀ ਸੀ, ਇਸੇ ਗੁਣ ਨੇ ਉਸ ਨੂੰ ਚੀਨਿਆ ਦੀ ਫੁੱਟਬਾਲ ਟੀਮ ਦਾ ਵੀ ਬੇਹਤਰੀਨ ਖਿਡਾਰੀ ਸਿੱਧ ਕੀਤਾ। ਸਿੱਟਾ; ਉਸ ਨੂੰ ਬਾਕੀਆਂ ਤੋਂ ਕੁੱਝ ਵਧੇਰੇ ਤਨਖਾਹ ਮਿਲਦੀ ਸੀ, ਪਰ ਐਨੀ ਵੱਧ ਨਹੀਂ ਕਿ ਉਹ ਤਾ-ਨੌਕਰੀ ਉਥੇ ਟਿਕਿਆ ਰਹਿੰਦਾ। 'ਮਰੀਕਾ-ਕੈਨੇਡਾ 'ਚ ਵੱਧ ਉਜਰਤ ਅਤੇ "ਸੁੱਖਾਂ-ਲੱਧੀ ਜ਼ਿੰਦੜੀ" ਦੀ ਕਨਸੋਅ ਨੇ ਉਸ ਨੂੰ ਵੀ ਉਧਰ ਜਾਣ ਲਈ ਪ੍ਰੇਰਿਆ। ਬੇਹੱਦ ਔਖੇ ਹੋ ਕੇ ਜੋੜੇ ਧਨ ਨਾਲ ਜਦ 1915 ਵਿੱਚ ਉਹ ਬਹਿਰੀ ਜਹਾਜ਼ ਫੜਨ ਲੱਗਾ, ਤਦ ਘਾਟ ਉੱਤੇ 'ਵਾਜ਼ ਕੰਨੀ ਪਈ, 'ਤੇਰਾ ਚਾਚਾ ਭਾਈ ਵੀਰ ਸਿੰਘ 'ਗਰੇਜ਼ਾਂ ਨੇ ਫਾਹੇ ਟੰਗ ਦਿੱਤਾ ਹੈ।' ਗੈਰਤ, ਗਰੀਬੀ ਦਾ ਭੰਨਿਆ ਇਹ ਕਰਮਯੋਗੀ ਬੜੇ ਤਰੱਦਦ ਨਾਲ ਕੈਨੇਡਾ ਪ੍ਰਸਥਾਨ ਹਿੱਤ ਲਈ ਆ ਗਿਆ ਅਤੇ ਵਿੱਡ ਬੰਨ੍ਹ ਕੇ ਖਰੀਦੀ ਟਿਕਟ ਨੂੰ ਫਾੜ ਵਤਨ ਨੂੰ ਮੁੜ ਪਿਆ, ਉਸ ਮਾਂ-ਮਿੱਟੀ ਨੂੰ ਆਜ਼ਾਦ ਕਰਵਾਉਣ, ਜਿਸ ਲਈ ਉਸ ਦਾ ਗ਼ਦਰੀ ਚਾਚਾ ਕੁਰਬਾਨ ਹੋ ਗਿਆ ਸੀ ਅਤੇ ਉਸ ਦੇ ਪਿੰਡ ਦੇ ਦਰਜਨ ਭਰ ਨਾਇਕ ਜੂਝ ਰਹੇ ਸਨ। ਕੌਣ ਸੀ, ਇਹ ਅਤੇ ਕਿਹੜੇ ਪਿੰਡ ਦਾ ਜਾਇਆ ਸੀ, ਉਹ? ਜਿਸ ਦੀ ਮੈਂ ਤੁਹਾਨੂੰ ਬਾਤ ਸੁਣਾਈ ਹੈ। ਉਹ ਸੀ ਬਹੁਪਰਤੀ ਦੇਸ਼ ਭਗਤ ਕਾਮਰੇਡ-ਜਥੇਦਾਰ ਮੂਲਾ ਸਿੰਘ ਬਾਹੋਵਾਲ, ਉਹ ਬਾਹੋਵਾਲ, ਜਿਸ ਦੀ ਆਬਾਦੀ ਦਾ ਸਬੱਬ ਬਾਹੋ ਬੈਂਸ ਬਣਿਆ ਸੀ।

ਕੰਨ-ਰਸ ਤੁਰੀ ਆਉਂਦੀ ਗਾਥਾ ਅਨੁਸਾਰ ਬਾਹੋਵਾਲ ਦਾ ਨਾਂਅ ਉਹਨਾਂ ਦੇ ਇਕ ਵਡੇਰੇ ਬਾਹੋ ਦੇ ਨਾਂਅ 'ਤੇ ਪਿਆ। ਜੋ ਜਾਤ ਦਾ ਜੱਟ ਸੀ ਤੇ ਗੋਤ ਵਜੋਂ ਬੈਂਸ, ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਪਿੰਡ ਦੀ ਮੋੜ੍ਹੀ ਬਾਹੋ ਨੇ ਹੀ ਗੱਡੀ ਹੋਵੇ। ਬਾਹੋਵਾਲ, ਜਿਸ ਦਾ ਨਾਂਅ ਪਹਿਲਾਂ ਬਾਗਾ ਵਾਲੀ ਸੀ, ਦਾ ਹਦਬਸਤ ਨੰ. 34 ਅਤੇ ਕੁੱਲ ਮਾਲਕੀ 1692 ਏਕੜ ਹੈ, ਲੋਅਰ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿੱਚ ਹੁਸ਼ਿਆਰਪੁਰ ਤੋਂ 19 ਕਿ.ਮੀ. ਦੱਖਣ ਵੱਲ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹਮਾਰਗ ਉੱਤੇ ਮੈਲੀ ਵਾਲੇ ਚੋਅ ਕਿਨਾਰੇ ਘੁੱਗ ਵਸਦਾ ਹੈ। ਮਾਹਿਲਪੁਰ ਇੱਥੋਂ 3 ਕਿ.ਮੀ. ਹੈ। ਇਸੇ ਮਾਹਿਲਪੁਰ ਦੇ ਵਡੇਰਿਆਂ ਦੀ ਜ਼ਮੀਂ ਸੀ, ਇਹ ਕਦੇ। ਬਾਹੋਵਾਲ ਤੋਂ ਪਹਿਲਾਂ ਇਸ ਖਿੱਤੇ ਜਾਂ ਆਰਜ਼ੀ ਵਸੋਂ ਨੂੰ ਉਥੇ ਮੌਜੂਦ ਘਣੇ ਅੰਬ-ਬਾਗਾਂ ਕਾਰਨ ਬਾਗਾਂ ਵਾਲੀ ਕਹਿੰਦੇ ਸਨ। ਮਾਹਿਲਪੁਰ ਬਾਰੇ ਜ਼ਿਕਰ ਮਸ਼ਹੂਰ ਚੀਨੀ ਯਾਤਰੀ 623 ਈਸਵੀ ਵਿੱਚ ਕਰਦਾ ਹੈ, ਜਦੋਂ ਉਹ ਥਾਨੇਸਰ (ਹਰਿਆਣਾ) ਵਿਖੇ ਮਹਾਰਾਜਾ ਹਰਸ਼ ਵਰਧਨ ਦਾ ਮਹਿਮਾਨ ਸੀ। ਇਸੇ ਮਹਾਰਾਜਾ ਦੇ ਪੁਰਖੇ ਵੀ ਮਾਹਿਲਪੁਰ ਦੇ ਜੰਮਪਲ ਸਨ, ਜਿਹਨਾਂ ਦੇ ਇੱਕ ਵੱਡ-ਵਡੇਰੇ ਨੇ 400 ਈਸਵੀ ਵਿੱਚ ਕੁਰੂਕਸ਼ੇਤਰ ਦੀ ਪਾਕ ਜ਼ਮੀਨ ਉੱਤੇ ਸਿਰੀ ਕੰਠ ਉਰਫ ਥਾਨੇਸਰ ਵਸਾਇਆ ਸੀ, ਨਾਂਅ ਸੀ ਉਸ ਦਾ ਬੈਂਸ ਬੰਸ ਪੁਸ਼ਭੂਪੀ।

ਬਾਹੋਵਾਲੀਏ ਬੈਂਸਾਂ ਦੇ ਕੁੱਲ-ਮਰਾਸੀ (ਪ੍ਰੋਹਿਤ) ਮੀਆਂ ਕੂੜਾਂ ਤੱਲ੍ਹਣ ਅਨੁਸਾਰ ਮਾਹਿਲਪੁਰ ਦੀ ਦਾਸੋ ਪੱਤੀ ਦੇ ਬਲੀ ਪੁਰਸ਼ ਬਾਹੋ ਬੈਂਸ, ਜਿਸ ਇਸ ਬਾਗਾਂਵਾਲੀ ਖਿੱਤੇ 'ਚ ਆਪਣੇ ਸਕੇ-ਸੋਧਰਿਆਂ ਅਤੇ ਟੱਬਰ-ਟੀਰ੍ਹ ਸਮੇਤ ਪੱਕੀ ਰਿਹਾਇਸ਼ ਕੀਤੀ ਦੀ ਸ਼ਾਖ ਇਵੇਂ ਤੁਰਦੀ ਹੈ: ਦਾਸੋ-ਵੀਰੋ-ਸੱਗਣ-ਉੱਦਰ-ਮੱਖਣ ਭੁਲਾ-'ਬਾਹੋ' (ਜਿਹੜਾ ਬਾਹੋਵਾਲ ਦਾ ਉਸਰੇਈਆ ਮੰਨਿਆ ਗਿਆ)-ਮਹਿਮਦ-ਸਕਤਾ-ਦੁਰਗਾ-ਕਮਾਲ-ਫਤਿਹ-ਹੀਰਾ-ਭੂਪ ਸਿੰਘ-ਸੁੱਚਾ ਸਿੰਘ-ਖੁਸ਼ਹਾਲ ਸਿੰਘ ਵਗੈਰਾ (ਜਦ ਤੱਕ ਬਾਹੋਵਾਲ ਤਾਅ ਜਾਤਾਂ, ਕਿਰਤੀ-ਸ਼ਿਲਪੀ, ਸ਼ਾਹੂਕਾਰ-ਪ੍ਰੋਹਿਤ ਵੀ ਆ ਵਸੇ ਸਨ)। ਬਾਹੋ ਕਰੀਬ 17ਵੀਂ ਸਦੀ ਦੇ ਨੇੜੇ-ਤੇੜੇ ਹੋਇਆ ਅਤੇ ਖੁਸ਼ਹਾਲ ਸਿੰਘ 19ਵੀਂ ਸਦੀ ਨੇੜੇ। ਕਹਿੰਦੇ ਹਨ ਕਿ ਜਦ ਕਾਂਗੜੇ ਦੇ ਰਾਜਾ ਸੰਸਾਰ ਚੰਦ ਨੇ ਲੋਅਰ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਥੱਲੇ ਬਜਵਾੜੇ-ਜੈਜੋਂ ਤੱਕ ਮੱਲ ਮਾਰ ਲਈ ਤਾਂ ਮਾਹਿਲਪੁਰ ਖਿੱਤੇ ਦੀ ਰੱਖਿਆ ਲਈ ਇਸ ਗਿਰਦ ਤੁਰਤ ਹੋਰ ਮੋਰਚੇ-ਗੜ੍ਹੀਆਂ ਉਸਾਰੀਆਂ ਗਈਆਂ। ਸਮਾਂ ਪਾ ਕੇ ਇਹਨਾਂ ਗੜ੍ਹੀਆਂ ਨੂੰ ਕਿਲ੍ਹੇ ਕਿਹਾ ਜਾਣ ਲੱਗ ਪਿਆ। ਬਾਹੋਵਾਲ ਵੀ ਅਜਿਹਾ ਕਿਲ੍ਹਾ ਸੀ, ਮਗਰੋਂ; ਜਿੱਥੇ ਵਸੇਂਦਿਆਂ ਨੂੰ ਕਿਲ੍ਹੇ ਵਾਲੇ ਸਰਦਾਰ ਕਿਹਾ ਜਾਣ ਲੱਗ ਪਿਆ। ਇਹਨਾਂ ਕਿਲ੍ਹੇ ਵਾਲਿਆਂ ਵਿੱਚੋਂ ਹੀ ਬਾਹੋਵਾਲ ਦੇ ਛੇ ਗ਼ਦਰੀ ਦੇਸ਼ ਭਗਤਾਂ ਸਣੇ ਇੱਕ ਗ਼ਦਰੀ ਹਰਨਾਮ ਸਿੰਘ ਬੈਂਸ ਹੋਇਆ ਹੈ।

ਇਸ ਪਿੰਡ ਦੇ ਹੋਰ ਜਿਹੜੇ ਉੱਘੇ ਦੇਸ਼ ਭਗਤ ਹੋਏ ਹਨ, ਉਹ ਸਨ : ਲਿਖਾਰੀ ਸੰਤੋਖ ਸਿੰਘ ਕੂਕਾ (ਨਾਮਧਾਰੀ ਲਹਿਰ), ਸਰਵਣ ਸਿੰਘ-ਨਰੈਣ ਉਰਫ ਦਲੀਪ ਸਿੰਘ-ਜੀਤਾ ਉਰਫ ਨਰਿੰਦਰ ਸਿੰਘ-ਪਾਲਾ ਸਿੰਘ (ਸਾਰੇ ਗ਼ਦਰ/ਕਿਰਤੀ ਪਾਰਟੀ), ਜ. ਪੂਰਨ ਸਿੰਘ-ਕਰਤਾਰ ਸਿੰਘ-ਚੰਨਣ ਸਿੰਘ-ਬੰਤਾ ਸਿੰਘ (ਸਾਰੇ ਗੁਰਦਵਾਰਾ ਸੁਧਾਰ ਲਹਿਰ) ਤੇ ਦੀਵਾਨ ਸਿੰਘ-ਸੰਤਾ ਸਿੰਘ (ਬੱਬਰ ਅਕਾਲੀ ਲਹਿਰ) ਅਤੇ ਚੌਧਰੀ ਰੁਲੀਆ ਰਾਮ-ਚੌ. ਸ਼ਰਨ ਦਾਸ, ਪੰਡਿਤ ਵਿਦਿਆ ਸਾਗਰ-ਕਿਸ਼ਨ ਸਿੰਘ-ਕਰਤਾਰ ਸਿੰਘ-ਚੈਂਚਲ ਸਿੰਘ-ਮਈਆਂ ਸਿੰਘ-ਕਰਮ ਸਿੰਘ-ਗੁਰਬਖ਼ਸ਼ ਸਿੰਘ ਆਦਿ (ਸਾਰੇ ਕਿਸਾਨ-ਮਜ਼ਦੂਰ ਫਰੰਟ ਤੇ ਕੌਮੀ ਲਹਿਰਾਂ)।

*ਮੋਬਾ. 94634-39075*

# ਆਪਣੀ ਬਣਾ ਲੈ ਮਿੱਤਰਾ...

## ਯਾਦਾਂ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**

ਹੁਸ਼ਿਆਰਪੁਰ ਸ਼ਹਿਰ ਦੇ ਜਿਸ ਕਾਲਜ ਵਿੱਚ ਮੈਂ ਪੜ੍ਹਾਉਣ ਦੀ ਨੌਕਰੀ ਕਰਦਾ ਰਿਹਾ ਹਾਂ, ਮੇਰਾ ਘਰ ਉਸ ਤੋਂ ਢਾਈ ਕਿਲੋਮੀਟਰ ਦੀ ਦੂਰੀ 'ਤੇ ਹੈ। ਕੋਈ ਸਮਾਂ ਸੀ, ਜਦੋਂ ਘਰ ਤੋਂ ਕਾਲਜ ਜਾਣਾ-ਆਉਣਾ ਬਹੁਤ ਆਸਾਨ ਹੁੰਦਾ ਸੀ। ਸੜਕਾਂ 'ਤੇ ਦੋਪਹੀਆ, ਤਿੰਨਪਹੀਆ, ਚੌਪਹੀਆ ਵਾਹਨਾਂ ਤੇ ਹੋਰ ਵੱਡੇ ਵਾਹਨਾਂ ਦੀ ਆਵਾਜਾਈ ਬਹੁਤ ਘੱਟ ਹੁੰਦੀ ਸੀ। ਆਉਣ-ਜਾਣ ਦੇ ਸਾਧਨ ਵਜੋਂ ਮੈਂ ਕਦੇ ਸਾਈਕਲ, ਕਈ ਸਾਲ ਸਕੂਟਰ, ਕਦੇ ਆਟੋ ਤੇ 10 ਕੁ ਸਾਲ ਕਾਰ 'ਤੇ ਕਾਲਜ ਆਉਂਦਾ-ਜਾਂਦਾ ਰਿਹਾ ਹਾਂ। 2003 ਵਿੱਚ ਮੇਰੇ 'ਤੇ ਸਰੀਰਕ ਕਸ਼ਟ ਆ ਜਾਣ ਕਾਰਨ ਮੇਰਾ ਤੁਰਨਾ-ਫਿਰਨਾ ਲਗਭਗ ਬੰਦ ਹੋ ਗਿਆ ਤੇ ਕਿਧਰੇ ਵੀ ਆਉਣ-ਜਾਣ ਲਈ ਮੈਨੂੰ ਕਿਸੇ ਉਪਰ ਨਿਰਭਰ ਹੋਣ ਲਈ ਮਜਬੂਰ ਹੋਣਾ ਪੈ ਗਿਆ। ਸਾਲ ਕੁ ਲਈ ਇਕ ਡਰਾਈਵਰ ਦੀਆਂ ਸੇਵਾਵਾਂ ਹਾਸਲ ਕੀਤੀਆਂ। ਉਹ ਮੈਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਬਲਾਕ ਤੱਕ ਛੱਡ ਆਉਂਦਾ ਤੇ ਵਾਪਸੀ 'ਤੇ ਉਥੋਂ ਹੀ ਲੈ ਆਉਂਦਾ। ਕਈ ਵਾਰ ਉਹ ਬਿਨਾਂ ਦੱਸਿਆਂ ਛੁੱਟੀ ਕਰ ਲੈਂਦਾ ਤੇ ਕਾਲਜ ਜਾਣ ਲਈ ਮੈਨੂੰ ਕੋਈ ਹੋਰ ਬਦਲਵਾਂ ਪ੍ਰਬੰਧ ਕਰਨਾ ਪੈਂਦਾ।

ਇਸੇ ਦੌਰਾਨ ਮੇਰੇ ਸਹਿਕਰਮੀ ਤੇ ਮਿਹਰਬਾਨ ਦੋਸਤ ਡਾ. ਪਰਮਜੀਤ ਸਿੰਘ (ਜੋ ਬਾਅਦ ਵਿੱਚ ਇਸੇ ਕਾਲਜ ਦੇ ਪ੍ਰਿੰਸੀਪਲ ਬਣਦੇ ਹਨ) ਇਕ ਦਿਨ ਕਹਿਣ ਲੱਗੇ, 'ਡਾਕਟਰ ਸਾਹਿਬ, ਇਸ ਤਰ੍ਹਾਂ ਕਰਦੇ ਹਾਂ, ਆਪਾਂ ਹੁਣ ਕਾਲਜ ਇਕੱਠੇ ਆਇਆ-ਜਾਇਆ ਕਰਾਂਗੇ...।' ...ਤੇ ਫਿਰ ਮੈਂ ਉਨ੍ਹਾ ਨਾਲ ਕਾਲਜ ਜਾਂਦਾ ਰਿਹਾ ਤੇ ਇਕੱਠਿਆਂ ਕਾਰ ਰਾਹੀਂ ਕਾਲਜ ਆਉਣ-ਜਾਣ ਦਾ ਸਿਲਸਿਲਾ ਮੇਰੀ ਸੇਵਾ ਨਵ੍ਰਿਤੀ ਤੱਕ ਜਾਰੀ ਰਿਹਾ।

ਸਫ਼ਰ ਕਿਸੇ ਵੀ ਤਰ੍ਹਾਂ ਦਾ ਹੋਵੇ, ਲੰਮਾ ਹੋਵੇ ਜਾਂ ਘੱਟ ਦੂਰੀ ਵਾਲਾ, ਮੁੱਖ ਮਾਰਗਾਂ 'ਤੇ ਕੀਤਾ ਜਾ ਰਿਹਾ ਹੋਵੇ ਜਾਂ ਪਗਡੰਡੀਆਂ 'ਤੇ ਕੀਤਾ ਜਾਣ ਵਾਲਾ ਪੈਂਡਾ ਹੋਵੇ, ਉਸਦੇ ਸੁਖਾਵੇਂ, ਅਣਸੁਖਾਵੇਂ ਕਈ ਤਰ੍ਹਾਂ ਦੇ ਤਜਰਬੇ ਹੁੰਦੇ ਹੀ ਹਨ। ਕਈ ਯਾਦ ਰਹਿਣ ਵਾਲੇ ਤੇ ਕਈ ਦੇਰ ਤੱਕ ਅਨੰਦ ਦੇਣ ਵਾਲੇ ਅਨੁਭਵ ਵੀ ਹੁੰਦੇ ਹਨ। ਮੇਰੇ ਘਰ ਤੋਂ ਕਾਲਜ ਤੱਕ ਜਾਣ ਤੇ ਵਾਪਸ ਆਉਣ ਦੇ ਪੰਜ ਕਿਲੋਮੀਟਰ ਦੇ ਸਫ਼ਰ ਦੌਰਾਨ ਵੀ ਮੈਨੂੰ ਅਜੀਬ ਤਜਰਬੇ ਹੁੰਦੇ ਰਹੇ। ਸ਼ਹਿਰ ਦੀ ਚੰਡੀਗੜ੍ਹ ਰੋਡ 'ਤੇ ਪੈਂਦੇ ਸ਼ਹੀਦ ਭਗਤ ਸਿੰਘ ਚੌਕ, ਜਿਸ ਨੂੰ ਜੇਲ੍ਹ ਚੌਕ ਵੀ ਕਹਿ ਲਿਆ ਜਾਂਦਾ ਹੈ, ਤੋਂ ਗੌਰਮਿੰਟ ਕਾਲਜ ਚੌਕ ਤੱਕ ਦੇ ਰਸਤੇ 'ਤੇ ਕਦੇ ਬਿਨਾਂ ਬਹੁਤੀ ਰੁਕਾਵਟ ਤੋਂ ਪਹੁੰਚ ਜਾਈਦਾ ਸੀ, ਪਰ ਕਦੇ-ਕਦੇ ਥਾਂ-ਥਾਂ ਜਾਮ ਵੀ ਲੱਗਿਆ ਰਹਿੰਦਾ, ਜੋ ਕਈ ਵਾਰ ਸਫ਼ਰ ਨੂੰ ਬੋਝਲ ਵੀ ਬਣਾ ਦਿੰਦਾ ਹੁੰਦਾ ਸੀ। ਸ਼ਹੀਦ ਭਗਤ ਸਿੰਘ ਚੌਕ ਤੋਂ ਜਦੋਂ ਕਦੇ ਸਾਡੀ ਕਾਰ ਅੱਗੇ ਸਮਾਨ ਨਾਲ ਲੱਦੀ ਟਰਾਲੀ ਵਾਲਾ ਕੋਈ ਟਰੈਕਟਰ ਲੱਗ ਜਾਂਦਾ ਤਾਂ ਉਹ ਕਾਲਜ ਤੱਕ ਸਾਡੇ ਵਾਹਨ ਨੂੰ ਅੱਗੇ ਲੰਘਣ ਲਈ ਮੌਕਾ ਨਾ ਦਿੰਦਾ। ਅਜਿਹਾ ਅਕਸਰ ਵਾਪਰਦਾ ਰਹਿੰਦਾ। ਜਦੋਂ ਕਦੇ ਮੈਨੂੰ ਟਰਾਲੀਆਂ ਪਿੱਛੇ ਲਿਖੇ ਵੰਨ-ਸੁਵੰਨੇ ਦਿਲਚਸਪ ਟੋਟਕੇ ਪੜ੍ਹਨ ਨੂੰ ਮਿਲ ਜਾਂਦੇ ਤਾਂ ਮੇਰੇ ਲਈ ਕਈ ਵਾਰ ਅਜਿਹਾ ਕੁਝ ਵਧੀਆ ਪੜ੍ਹਨ ਦਾ ਮੌਕਾ ਪ੍ਰਦਾਨ ਕਰਨ ਵਾਲਾ ਬਣ ਕੇ ਪ੍ਰਗਟ ਹੁੰਦਾ। ਉਨ੍ਹਾਂ ਟੋਟਕਿਆਂ ਦਾ ਸੁਭਾਅ ਪੰਜਾਬੀ ਲੋਕ ਗੀਤਾਂ ਦੇ ਸੁਭਾਅ ਨਾਲ ਰਲਦਾ-ਮਿਲਦਾ ਹੁੰਦਾ। ਪੰਜਾਬੀ ਲੋਕਧਾਰਾ ਤੇ ਸੱਭਿਆਚਾਰ ਦਾ ਵਿਦਿਆਰਥੀ ਹੋਣ ਕਰਕੇ ਮੈਂ ਉਨ੍ਹਾਂ ਨੂੰ ਵਿਸ਼ੇਸ਼ ਦਿਲਚਸਪੀ ਨਾਲ ਪੜ੍ਹਦਾ। ਉਨ੍ਹਾਂ ਨੂੰ ਪੜ੍ਹਨ ਦੌਰਾਨ ਹੀ ਉਹ ਟੋਟਕੇ ਮੈਨੂੰ ਝਟਪਟ ਯਾਦ ਹੋ ਜਾਂਦੇ ਤੇ ਮੈਂ ਉਨ੍ਹਾਂ ਪਿੱਛੇ ਛੁਪੇ ਅਰਥਾਂ ਦੀਆਂ ਪਰਤਾਂ ਫਰੋਲਣ ਵਿੱਚ ਜੁਟ ਜਾਂਦਾ। ਇਕ ਟਰੈਕਟਰ ਟਰਾਲੀ, ਜਿਸ ਨੇ ਸਾਨੂੰ ਕਾਲਜ ਤੱਕ ਅੱਗੇ ਲੰਘਣ ਲਈ ਸਾਈਡ ਨਹੀਂ ਸੀ ਦਿੱਤੀ, ਮੈਨੂੰ ਬਹੁਤ ਚੰਗੀ ਲੱਗਣ ਲੱਗ ਪਈ ਸੀ। ਉਸ ਟਰਾਲੀ ਦੇ ਪਿੱਛੇ ਬਹੁਤ ਖੂਬਸੂਰਤ ਲਿਖਾਈ ਵਿੱਚ ਲਿਖਿਆ ਸੀ :

ਰੱਬਾ, ਰੰਡੀਆਂ ਨਾ ਹੋਣ ਮੁਟਿਆਰਾਂ,
ਤੇ ਗੱਭਰੂ ਦੀ ਨਾਰ ਨਾ ਮਰੇ।

ਮੈਂ ਸਮਝਦਾ ਹਾਂ ਖੁਸ਼ੀਆਂ-ਖੇੜਿਆਂ, ਚਾਵਾਂ-ਮਲ੍ਹਾਰਾਂ ਤੇ ਰੰਗਾਂ ਨਾਲ ਭਰਪੂਰ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜਿਉਣ ਦੀ ਕਾਮਨਾ ਕਰਦੀਆਂ ਇਨ੍ਹਾਂ ਤੁਕਾਂ ਪਿੱਛੇ ਬਹੁਤ ਡੂੰਘੇ ਅਰਥ ਛੁਪੇ ਹਨ। ਅਜਿਹੀਆਂ ਤੁਕਾਂ ਨੂੰ ਕਿਸੇ ਪ੍ਰਬੁੱਧ ਤੇ ਪ੍ਰਵੀਨ ਕਵੀ ਦੁਆਰਾ ਰਚੀਆਂ ਕਾਵਿ ਤੁਕਾਂ ਦੇ ਤੁਲ ਰੱਖ ਕੇ ਵਿਚਾਰਿਆ ਜਾ ਸਕਦਾ ਹੈ। ਸਭ ਦਾ ਭਲਾ ਚਾਹੁਣ ਵਾਲੀਆਂ ਅਜਿਹੀਆਂ ਤੁਕਾਂ ਸਹਿਜੇ ਹੀ ਚੇਤਿਆਂ ਵਿੱਚ ਵਸ ਜਾਣ ਵਾਲੀਆਂ ਤੇ ਧੁਰ ਅੰਦਰ ਨੂੰ ਟੁੰਬਣ ਵਾਲੀਆਂ ਹੁੰਦੀਆਂ ਹਨ।

ਕਿਸੇ ਅਜਿਹੇ ਮੌਕੇ ਹੀ ਕਿਸੇ ਟਰਾਲੀ ਪਿੱਛੇ ਲਿਖੀਆਂ ਖੂਬਸੂਰਤ ਪੰਕਤੀਆਂ ਨੂੰ ਮੈਂ ਉਦੋਂ ਤੱਕ ਮੁੜ-ਮੁੜ ਪੜ੍ਹਦਾ ਰਿਹਾ ਸਾਂ, ਜਦੋਂ ਤੱਕ ਉਸ ਟਰੈਕਟਰ ਟਰਾਲੀ ਨੇ ਗੌਰਮਿੰਟ ਕਾਲਜ ਚੌਕ ਤੋਂ ਫਗਵਾੜਾ ਰੋਡ ਨੂੰ ਜਾਣ ਵਾਲੀ ਸੜਕ ਵੱਲ ਮੋੜ ਨਹੀਂ ਸੀ ਕੱਟ ਲਿਆ। ਉਹ ਪੰਕਤੀਆਂ ਸਨ :

ਪੂਰਾ ਕਰਦੇ ਨੇ ਮਾਣ ਮਾਪੇ ਪੁੱਤ ਦਾ,
ਨੀਂ ਭਾਵੇਂ ਆਪਾਂ ਖੋਟੇ ਜਾਂ ਖਰੇ।

ਇਹ ਸ਼ਬਦ ਵੀ ਮੇਰੇ ਜ਼ਿਹਨ ਵਿੱਚ ਅਜੇ ਤੱਕ ਘਰ ਕਰੀ ਬੈਠੇ ਹਨ। ਆਪਣੀ ਤੜੀ 'ਤੇ ਕਾਇਮ ਰਹਿਣਾ, ਦੂਜਿਆਂ ਨੂੰ ਛੁਟਿਆ ਕੇ ਵੇਖਣਾ, ਵੰਗਾਰਨਾ ਤੇ ਲਲਕਾਰਨਾ ਪੰਜਾਬੀ ਸੁਭਾਅ ਦੀ ਖਾਸੀਅਤ ਦਾ ਇਕ ਪੱਖ ਸਮਝਿਆ ਜਾਂਦਾ ਹੈ। ਜਦੋਂ ਮੈਂ ਕਿਸੇ ਟਰਾਲੀ ਦੇ ਮਗਰ ਲਿਖੇ ਅਜਿਹੀਆਂ ਭਾਵਨਾਵਾਂ/ ਅਰਥਾਂ ਦਾ ਸੰਚਾਰ ਕਰਦੇ ਕੁਝ ਬੋਲ ਪੜ੍ਹਦਾ ਹਾਂ ਤਾਂ ਇਸ ਗੱਲ ਦੀ ਪ੍ਰੋੜ੍ਹਤਾ ਸਹਿਜੇ ਹੀ ਹੋ ਜਾਂਦੀ ਹੈ :

ਬੰਨ੍ਹ ਨਾ ਛਪੜੀਏ ਦਾਵੇ,
ਨਾਲ ਦਰਿਆਵਾਂ ਦੇ।

ਜਦੋਂ ਕੋਈ 'ਆਪਣਾ' ਹੀ ਸਰਵੋਤਮ ਜਾਪਦਾ ਹੋਵੇ, ਉਸ ਦੇ ਤੁਲ ਕਿਸੇ ਨੂੰ ਵੀ ਨਾ ਕਿਆਸਿਆ ਜਾ ਰਿਹਾ ਹੋਵੇ ਤਾਂ ਉਸ ਪ੍ਰਤੀ ਅਜਿਹੇ ਸਨੇਹ, ਉਮਾਹ ਤੇ ਆਪਣਾਪਨ ਵਿਖਾਉਣ ਦੇ ਜਜ਼ਬੇ ਨੂੰ ਪ੍ਰਗਟ ਕਰਨਾ ਵੀ ਟਰਾਲੀ ਸਾਹਿਤ ਦਾ ਹਿੱਸਾ ਬਣਦਾ ਹੈ। ਇਕ ਵਾਰ ਕਿਸੇ ਟਰਾਲੀ ਪਿੱਛੇ ਲਿਖੇ ਅਜਿਹੇ ਬੋਲ ਪੜ੍ਹਨ ਦਾ ਮੌਕਾ ਵੀ ਮੈਨੂੰ ਮਿਲਦਾ ਹੈ :

ਚੰਨ ਭਾਵੇਂ ਨਿੱਤ ਚੜ੍ਹਦਾ,
ਸਾਨੂੰ ਸੱਜਣਾ ਬਾਝ ਹਨੇਰਾ।

ਅਜਿਹੇ ਕਈ ਹੋਰ ਟੋਟਕੇ ਵੀ ਮੈਨੂੰ ਅਕਸਰ ਪੜ੍ਹਨ ਨੂੰ ਮਿਲਦੇ ਰਹੇ, ਜਿਨ੍ਹਾਂ ਵਿੱਚੋਂ ਬਹੁਤੇ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਸਰੋਕਾਰਾਂ ਨਾਲ ਜੁੜੀ ਕੋਈ ਗੱਲ ਕਹਿ ਰਹੇ ਹੁੰਦੇ ਸਨ। ਕਈ ਟੋਟਕੇ ਧਾਰਮਿਕ ਤੇ ਸਦਾਚਾਰਕ ਸਿੱਖਿਆਵਾਂ ਦਿੰਦੇ ਨਜ਼ਰ ਆਉਂਦੇ, ਕਈ ਪੰਜਾਬੀਆਂ ਦੀ ਅਣਖ ਨਾਲ, ਕਈ ਸੂਰਮਗਤੀ ਨਾਲ, ਕਈ ਜ਼ਿੰਦਗੀ ਨੂੰ ਜਸ਼ਨ ਸਮਝਣ ਦੇ ਸੁਨੇਹੇ ਨਾਲ, ਕਈ ਸਵੈਮਾਣ ਨਾਲ, ਕਈ ਨਿਮਰਤਾ ਨਾਲ, ਕਈ ਮਾਲਕ ਦੇ ਸ਼ੁਕਰਾਨੇ, ਕਈ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਸੰਬੰਧਤ ਅਤੇ ਲੋਕ ਮਨ ਨੂੰ ਟੁੰਬਣ ਵਾਲੇ ਕਈ ਟੋਟਕੇ ਵੀ ਪੜ੍ਹਨ ਨੂੰ ਮਿਲਦੇ ਰਹਿੰਦੇ। ਅਜਿਹਾ ਕੁਝ ਪੜ੍ਹ ਕੇ ਮੈਨੂੰ ਚੰਗਾ ਲੱਗਦਾ। ਕਈ ਟੋਟਕਿਆਂ ਵਿੱਚ ਕਹਿਣ ਲਈ ਗੱਲ ਤਾਂ ਹੁੰਦੀ, ਪਰ ਗ਼ੈਰ ਮਿਆਰੀ ਭਾਸ਼ਾ ਕਾਰਨ ਉਹ ਬਹੁਤ ਕਮਜ਼ੋਰ ਹੁੰਦੇ। ਕਈ ਘਸੀ-ਪਿਟੀ ਸ਼ਿਅਰੋ-ਸ਼ਾਇਰੀ ਨੁਮਾ ਟੋਟਕੇ ਵੀ ਪੜ੍ਹਨ ਨੂੰ ਮਿਲਦੇ। ਅਜਿਹੇ ਟੋਟਕਿਆਂ ਵਿੱਚ ਜ਼ਿਕਰਯੋਗ ਕੁਝ ਵੀ ਨਾ ਹੁੰਦਾ।

ਇਕ ਵਾਰ ਮੈਨੂੰ ਦੇਰ ਤੱਕ ਯਾਦ ਰਹਿਣ ਵਾਲਾ ਇਕ ਟੋਟਕਾ ਪੜ੍ਹਨ ਨੂੰ ਮਿਲਿਆ। ਮਨੁੱਖ ਦੀ ਫਿਤਰਤ ਹੈ ਕਿ ਉਹ ਮੁਫ਼ਤ ਵਿੱਚ ਮਿਲੀ ਚੀਜ਼ ਨੂੰ ਹਾਸਲ ਕਰ ਕੇ ਖੁਸ਼ ਹੁੰਦਾ ਹੈ। ਇਸੇ ਗੱਲ ਦਾ ਇਕ ਪਹਿਲੂ ਇਹ ਵੀ ਹੈ ਕਿ ਕੋਈ ਚੀਜ਼ ਮੰਗਵੀਂ ਲੈ ਕੇ ਜਾਂ ਉਧਾਰੀ ਮੰਗ ਕੇ ਬੁੱਤਾ ਸਾਰ ਲੈਣ ਜਾਂ ਆਪਣਾ ਕੰਮ ਚਲਦਿਆਂ ਕਰ ਕੇ ਵੀ ਮਨੁੱਖ ਖੁਸ਼ੀ ਪ੍ਰਾਪਤ ਕਰਦਾ ਹੈ। ਕਿਸੇ ਟਰਾਲੀ ਦੇ ਮਾਲਕ ਕੋਲੋਂ ਪਿੰਡ ਦੇ ਲੋਕ ਅਕਸਰ ਟਰਾਲੀ ਉਧਾਰੀ ਮੰਗਣ ਲਈ ਆਉਂਦੇ ਰਹਿੰਦੇ ਹੋਣਗੇ। ਲਿਹਾਜੂ ਸੁਭਾਅ ਵਾਲਾ ਟਰਾਲੀ ਮਾਲਕ ਕਿਸੇ ਨੂੰ ਨਾਰਾਜ਼ ਨਾ ਕਰਨ ਦੇ ਇਰਾਦੇ ਨਾਲ ਟਰਾਲੀ ਉਧਾਰੀ ਦੇ ਦਿੰਦਾ ਤੇ ਲਿਹਾਜ ਪਾਲਦਾ ਰਹਿੰਦਾ ਹੋਵੇਗਾ। ਕਦੇ-ਕਦੇ ਉਹ ਤੰਗ ਵੀ ਆ ਜਾਂਦਾ ਰਿਹਾ ਹੋਵੇਗਾ। ਲਿਹਾਜੂ ਸੁਭਾਅ ਵਾਲੇ ਵਿਅਕਤੀ ਦੇ ਵਿਹਾਰ ਵਿੱਚ ਇਹ ਕਮਜ਼ੋਰੀ ਵੀ ਹੁੰਦੀ ਹੈ ਕਿ ਉਹ ਬਹੁਤਾ ਕੋਰਾ-ਕਰਾਰਾ ਹੋ ਕੇ ਕਿਸੇ ਨੂੰ ਕਿਸੇ ਕੰਮ ਤੋਂ ਨਾਂਹ ਨਹੀਂ ਕਰਦਾ। ਉਸ ਨੇ ਆਪਣੇ ਕਾਮੇ ਨਾਲ ਆਪਣਾ ਇਹ ਦੁੱਖ ਸਾਂਝਾ ਕੀਤਾ ਹੋਵੇਗਾ। ਫਿਰ ਵੀ ਟਰਾਲੀ ਉਧਾਰੀ ਮੰਗਣ ਤੇ ਦੇਣ ਦਾ ਸਿਲਸਿਲਾ ਦੇਰ ਤੱਕ ਚਲਦਾ ਰਿਹਾ ਹੋਵੇਗਾ। ਆਖਰ ਤੰਗ ਆ ਕੇ ਟਰਾਲੀ ਦੇ ਮਾਲਕ ਨੇ ਆਪਣੀ ਟਰਾਲੀ ਪਿੱਛੇ ਹੇਠ ਲਿਖੀ ਤੁਕ ਲਿਖਵਾ ਲਈ ਹੋਵੇਗੀ :

ਨਿੱਤ-ਨਿੱਤ ਨਹੀਂ ਉਧਾਰੀ ਮਿਲਣੀ,
ਆਪਣੀ ਬਣਾ ਲੈ ਮਿੱਤਰਾ।

ਕਿਸੇ ਨੂੰ ਕੋਈ ਗੱਲ ਕਹਿਣ ਦਾ ਇਹ ਤਰੀਕਾ ਬੜੀ ਦੇਰ ਤੱਕ ਮੈਨੂੰ ਬਹੁਤ ਅਰਥ-ਭਰਪੂਰ ਪ੍ਰਤੀਤ ਹੁੰਦਾ ਰਿਹਾ।

*ਸੰਪਰਕ : 98885-10185*

## ਸਫ਼ਾ 3 ਦੀ ਬਾਕੀ ਸੰਸਾਰਕ ਤੇ ਅਧਿਆਤਮਕ ਖੇਤਰ ਦੇ ਦਵੰਦਾਤਮਕ...

ਦੀਆਂ ਜਿਹੜੀਆਂ ਧਾਰਨਾਵਾਂ ਨੂੰ ਅਸੀਂ ਅਸਾਨੀ, ਗੈਰ ਯਥਾਰਥਕ ਤੇ ਆਦਰਸ਼ਕ ਕਹਿ ਸਕਦੇ ਹਾਂ, ਉਹ ਆਪਣੇ ਸਮੇਂ ਦੇ ਗਲਪੀ ਸਾਹਿਤ ਲਈ

ਸਭ ਤੋਂ ਮਕਬੂਲ ਸਮਝੀਆਂ ਜਾਂਦੀਆਂ ਧਾਰਨਾਵਾਂ ਤੇ ਜੁਗਤਾਂ ਸਨ। ਉਸ ਸਮੇਂ ਦਾ ਸਾਹਿਤ ਜੀਵਨ ਨੂੰ ਅਜਿਹੇ ਕੁਰਬਾਨੀਆਂ ਭਰਪੂਰ ਆਦਰਸ਼ 'ਤੇ ਤੋਰਨ ਦਾ ਵੱਡਾ ਹਾਮੀ ਰਿਹਾ ਹੈ ਤੇ ਅਜਿਹਾ ਆਦਰਸ਼ ਹਕੀਕੀ ਰੂਪ ਵਿਚ ਵੀ ਲੋਕਾਂ ਦੀ ਜੀਵਨ-ਜਾਚ ਦਾ ਹਿੱਸਾ ਰਿਹਾ ਹੈ। ਇਸ ਲਈ ਮੈਂ ਇਸ ਨਾਵਲ ਨੂੰ ਤਤਕਾਲੀਨ ਸਮੇਂ ਦੀ ਯਥਾਰਥਕ ਤੇ ਲੋਕ ਮਾਨਸਿਕਤਾ ਤੇ ਦੀਰਘ ਕਾਲੀ ਪ੍ਰਭਾਵ ਛੱਡਣ ਵਾਲੀ ਗਲਪੀ ਰਚਨਾ ਵਜੋਂ ਹੀ ਸਵੀਕਾਰਦਾ ਹਾਂ। ਮੈਂ ਇਸ ਹਿੰਦੀ ਨਾਵਲ ਨੂੰ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਨ ਵਾਲੇ ਦੀਪ ਜਗਦੀਪ ਸਿੰਘ ਦੀ ਇਸ ਰਾਇ ਨਾਲ ਵੀ ਸਹਿਮਤ ਹਾਂ ਕਿ ਨਾਵਲ ਵਿਚਲੀ ਦਾਰਸ਼ਨਿਕ ਡੂੰਘਾਈ ਦਾ ਦੂਜੀ ਭਾਸ਼ਾ ਵਿੱਚ ਅਨੁਵਾਦ ਕਰਨਾ ਇੱਕ ਚੁਨੌਤੀਪੂਰਨ ਕੰਮ ਹੁੰਦਾ ਹੈ। ਇਸ ਚੁਨੌਤੀ ਨੂੰ ਕਬੂਲ ਕਰਨ ਅਤੇ ਇਸ ਨੂੰ ਸਫਲਤਾ-ਪੂਰਵਕ ਨੇਪਰੇ ਚਾੜ੍ਹਨ ਲਈ ਉਹ ਮੇਰੀ ਤੇ ਤੁਹਾਡੀ ਸ਼ਾਬਾਸ਼ੀ ਦਾ ਪੂਰਾ ਹੱਕਦਾਰ ਹੈ।

*ਮੋਬਾਇਲ-89682-82700*

## ਸਫ਼ਾ 1 ਦੀ ਬਾਕੀ ਯਾਦਗਾਰੀ ਫਿਲਮ ਰੂਈ ਕਾ ਬੋਝ-1997...

ਨੂੰ ਨੁਮਾਇਆ ਕਰਦਾ ਹੈ, ਜਿਵੇਂ ਕਿ ਵਾਧੂ ਦੀ ਚੀਜ਼ ਹੋਣ ਦੀ ਹੀਣਭਾਵਨਾ ਦੇ ਚੱਲਦਿਆਂ ਬਜ਼ੁਰਗਾਂ ਦੇ ਅੰਤਰ ਦਵੰਧ ਨੂੰ ਸਮਝਣ ਵਿੱਚ ਅਸਮਰੱਥ ਪਰਵਾਰ ਸੋਚ ਹੀ ਨਹੀਂ ਪਾਉਂਦਾ ਕਿ ਹਾਲਾਤ ਵਿਗੜ ਕਿਉਂ ਰਹੇ ਹਨ।

ਦਰਅਸਲ ਜ਼ਿਆਦਾਤਰ ਘਰਾਂ ਵਿੱਚ ਅਜਿਹੀਆਂ ਹੀ ਸਥਿਤੀਆਂ ਹਨ। ਇਹ ਲਿਖਤ ਜਾਂ ਫਿਲਮ ਇਹਨਾਂ ਸਥਿਤੀਆਂ ਨੂੰ ਹੀ ਆਸਾਨੀ ਨਾਲ ਸਮਝਣ ਦਾ ਮੌਕਾ ਦਿੰਦੀ ਹੈ।

ਫਿਰ ਅਗਲੇ ਦਿਨ ਸੁਬਾ ਉਹ ਇਸ ਵਾਸਤੇ ਆਪਣੇ ਵਫਾਦਾਰ ਗਾੜੀਵਾਨ ਨੂੰ ਵੀ ਬੁਲਾ ਲੈਂਦਾ ਹੈ, ਜੋ ਉਸ ਨੂੰ ਜੰਗਲ 'ਚ ਸਥਿਤ ਉਸ ਧਾਮ 'ਤੇ ਛੱਡ ਆਵੇਗਾ, ਜਿੱਥੇ ਉਸ ਨੇ ਜ਼ਿੰਦਗੀ ਦੇ ਆਖਰੀ ਦਿਨ ਗੁਜ਼ਾਰਨੇ ਹਨ। ਜਦੋਂ ਰਾਮ ਕ੍ਰਿਸ਼ਨ ਨੂੰ ਪਤਾ ਲੱਗਦਾ ਹੈ ਤਾਂ ਉਹ ਬਹੁਤ ਪਰੇਸ਼ਾਨ ਹੁੰਦਾ ਹੈ ਕਿ ਇਸ ਦੇ ਪਿਤਾ ਜੰਗਲ ਵਿੱਚ ਜਾ ਕੇ ਰਹਿਣਗੇ.... ਉਸ ਦਾ ਮਨ ਦੁੱਖ ਨਾਲ ਭਰ ਆਉਂਦਾ ਹੈ। ਉਹ ਉਹਨਾਂ ਨੂੰ ਨਾ ਜਾਣ ਬਾਰੇ ਵੀ ਕਹਿੰਦਾ ਹੈ।

ਪਰ ਕਿਸ਼ਨ ਸ਼ਾਹ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਰਾਮ ਕ੍ਰਿਸ਼ਨ ਦੀ ਪਤਨੀ ਨੂੰ ਵੀ ਪਤਾ ਲੱਗਦਾ ਹੈ ਤਾਂ ਉਹ ਉਸ ਦੇ ਮਨ ਵਿੱਚ ਵੀ ਬੜਾ ਪਛਤਾਵਾ ਹੁੰਦਾ ਹੈ..... ਉਸ ਨੂੰ ਯਾਦ ਆਉਂਦਾ ਹੈ ਕਿ ਘਰ ਵਿੱਚ ਉਸ ਬਜ਼ੁਰਗ ਦੇ ਹੁੰਦਿਆਂ ਉਹਨਾਂ ਨੂੰ ਕੋਈ ਫਿਕਰ ਨਹੀਂ ਸੀ। ਉਹ ਪਛਤਾਉਂਦੀ ਵੀ ਹੈ, ਸ਼ਾਇਦ ਉਹ ਉਸ ਬਜ਼ੁਰਗ ਨਾਲ ਉਹ ਵਿਹਾਰ ਨਹੀਂ ਕਰ ਸਕੀ, ਜਿਸ ਦਾ ਉਹ ਹੱਕਦਾਰ ਸੀ। ਉਹ ਆਪਣੇ ਬੱਚੇ ਨੂੰ ਕਹਿੰਦੀ ਹੈ ਕਿ ਉਹੀ ਜਾ ਕੇ ਆਪਣੇ ਦਾਦੇ ਨੂੰ ਕਹੇ ਕਿ ਉਹ ਕਿਤੇ ਨਾ ਜਾਣ। ਬੱਚਾ ਦਾਦੇ ਨੂੰ ਜਾ ਕੇ ਕਹਿੰਦਾ ਹੈ, ਜਿਸ 'ਤੇ ਕਿਸ਼ਨ ਸ਼ਾਹ ਕੁਝ ਜਵਾਬ ਨਹੀਂ ਦਿੰਦਾ।

ਵਿਗੜੇ ਹਾਲਾਤ ਦੀ ਨਿਰਾਸ਼ਾ ਨੇ ਉਸ ਦੀ ਜ਼ੁਬਾਨ ਬੰਦ ਕਰ ਦਿੱਤੀ ਹੈ। ਉਹ ਕੁੰਠਾ, ਦੁੱਖ ਅਤੇ ਡਰ ਨਾਲ ਭਰਿਆ ਹੋਇਆ ਹੈ।

ਉਧਰ ਕਿਸ਼ਨ ਸ਼ਾਹ ਦੀ ਇਹ ਹਾਲਤ ਹੈ ਤਾਂ ਰਾਮ ਕ੍ਰਿਸ਼ਨ ਅਤੇ ਉਸ ਦੀ ਪਤਨੀ ਵੀ ਬਹੁਤ ਉਦਾਸ ਹਨ। ਉਹ ਦਿਲੋਂ ਨਹੀਂ ਚਾਹੁੰਦੇ ਕਿ ਬਜ਼ੁਰਗ ਕਿਸੇ ਅਜਿਹੀ ਅਵਸਥਾ ਵਿੱਚ ਜਾਣ, ਜਿੱਥੋਂ ਵਾਪਸ ਹੀ ਨਾ ਆ ਸਕਣ। ਰਾਮ ਕ੍ਰਿਸ਼ਨ ਹਾਲਾਤ ਭਾਂਪਦਿਆਂ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ ਬਾਪੂ ਜੀ ਹੁਣ ਨਹੀਂ ਰੁਕਣਗੇ, ਆਪਾਂ ਇਹਨਾਂ ਨੂੰ ਜਾਣ ਦਿੰਦੇ ਹਾਂ ਪਰ ਇੱਕ-ਦੋ ਦਿਨਾਂ ਬਾਅਦ ਹੀ ਵਾਪਸ ਮੋੜ ਲਿਆਵਾਂਗੇ।

'ਉਸਕੀ ਰੋਟੀ' ਤੋਂ ਬਾਅਦ ਮੈਂ 'ਰੂਈ ਕਾ ਬੋਝ' ਫਿਲਮ ਨੂੰ ਹੀ ਉਹਨਾਂ ਕੁਝ ਫਿਲਮਾਂ ਵਿੱਚੋਂ ਇੱਕ ਮੰਨਦਾ ਹਾਂ, ਜੋ ਕਹਾਣੀ ਦੇ ਮੂਲ ਨੂੰ ਬਰਕਰਾਰ ਰੱਖਦਿਆਂ ਫਿਲਮਾਈ ਗਈ ਹੋਵੇ। ਉਸ ਸੁਬਾ ਦਾ ਦ੍ਰਿਸ਼ ਅਤੇ ਅਦਾਕਾਰਾਂ ਦੀ ਅਦਾਇਗੀ ਇਸ ਫਿਲਮ ਦੀ ਪ੍ਰਾਪਤੀ ਹੈ, ਜਿਸ ਸਵੇਰ ਕਿਸ਼ਨ ਸ਼ਾਹ ਨੇ ਗੱਡੇ 'ਤੇ ਬੈਠ ਕੇ ਜੰਗਲ 'ਚ ਧਾਮ ਨੂੰ ਜਾਣਾ ਹੁੰਦਾ ਹੈ। ਰਾਮ ਕ੍ਰਿਸ਼ਨ, ਉਸ ਦੀ ਪਤਨੀ ਅਤੇ ਬੱਚੇ ਉਸ ਨੂੰ ਵਿਦਾ ਕਰਨ ਬਾਹਰ ਆਉਂਦੇ ਹਨ ਤਾਂ ਕਿਸ਼ਨ ਸ਼ਾਹ ਦੇ ਪੋਤਰੇ ਦੇ ਮੂੰਹੋਂ ਸੁਭਾਵਿਕ ਤੌਰ 'ਤੇ ਨਿਕਲਦਾ ਹੈ 'ਦਾਦਾ ਜੀ ...ਤੁਸੀਂ ਜਲਦੀ ਵਾਪਸ ਆ ਜਾਇਓ'।

ਬੱਚੇ ਵੱਲੋਂ ਇਹ ਇੱਕ ਸੁਭਾਵਿਕ ਪ੍ਰਤੀਕਿਰਿਆ ਸੀ।

ਬੱਚੇ ਦੇ ਚਿਹਰੇ 'ਤੇ ਯਾਚਨਾ ਦੇ ਭਾਵ ਵੀ ਹਨ। ਬੱਚੇ ਦੇ ਕਹੇ ਇਹਨਾਂ ਸ਼ਬਦਾਂ ਦਾ ਕਿਸ਼ਨ ਲਾਲ 'ਤੇ ਅੰਦਰੂਨੀ ਤੌਰ 'ਤੇ ਵੱਡਾ ਅਸਰ ਹੁੰਦਾ ਹੈ। ਭਾਵੇਂ ਕਿ ਗੱਡੇ ਵਿੱਚ ਬੈਠਾ ਹੋਇਆ ਉਹ ਇਹ ਜ਼ਾਹਰ ਨਹੀਂ ਕਰਦਾ, ਉਹ ਜ਼ਾਹਿਰ ਕਰਦਾ ਹੈ ਕਿ ਉਹ ਹੁਣ ਜਾਣ ਲਈ ਉਸ ਦਾ ਨਿਸ਼ਚਾ ਦ੍ਰਿੜ ਹੈ। ਰਾਮ ਕ੍ਰਿਸ਼ਨ ਆਪਣੇ ਪਿਤਾ ਦੀ ਜੇਬ ਵਿੱਚ ਜ਼ਬਰਦਸਤੀ ਕੁਝ ਪੈਸੇ ਪਾ ਦਿੰਦਾ ਹੈ, ਜੋ ਕਿ ਇੱਕ ਤਰ੍ਹਾਂ ਨਾਲ ਪਿਤਾ ਪ੍ਰਤੀ ਮੋਹ ਦਾ ਇਜ਼ਹਾਰ ਹੈ, ਜੋ ਉਸ ਨੇ ਬੋਲਾਂ ਰਾਹੀਂ ਕਦੇ ਨਹੀਂ ਕੀਤਾ।

ਉਸ ਦੀ ਨੂੰਹ ਦਾ ਚਿਹਰਾ ਵੀ ਉਤਰਿਆ ਹੋਇਆ ਹੈ। ਕਿਸ਼ਨ ਸ਼ਾਹ ਉਸ ਨੂੰ ਵੀ ਤੱਕ ਲੈਂਦਾ ਹੈ।

ਉਸ ਨੂੰ ਇਸ ਪਛਤਾਵੇ ਦੀ ਵੀ ਤਵੱਕੋ ਨਹੀਂ ਸੀ।

ਜਾਣ ਦੇ ਸਮੇਂ ਥੋੜ੍ਹੇ ਪਲਾਂ ਵਿੱਚ ਕਿਸ਼ਨ ਸ਼ਾਹ ਨੂੰ ਆਪਣੇ ਬੱਚਿਆਂ ਵਿੱਚ ਉਹ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਉਹ ਦੇਖਣਾ ਚਾਹੁੰਦਾ ਸੀ, ਜਿਸ ਬਾਰੇ ਉਸ ਨੂੰ ਗਲਤ-ਫਹਿਮੀ ਸੀ ਕਿ ਉਹ ਉਸ ਨੂੰ ਕੁਝ ਨਹੀਂ ਸਮਝਦੇ।

ਭਾਵੇਂ ਉਸ ਦਾ ਅੰਦਰ ਬਦਲਣਾ ਸ਼ੁਰੂ ਹੋ ਚੁੱਕਿਆ ਹੈ, ਪਰ ਇਸ ਮੁਕਾਮ 'ਤੇ ਗੱਡੇ ਤੋਂ ਵਾਪਸ ਉੱਤਰ ਕੇ ਘਰੇ ਜਾਣ ਦਾ ਹੌਸਲਾ ਉਹ ਨਹੀਂ ਜੁਟਾ ਪਾਉਂਦਾ।

ਗੱਡਾ ਜੰਗਲ ਨੂੰ ਤੁਰ ਪੈਂਦਾ ਹੈ। ਘਰ ਅਤੇ ਪਿੰਡ ਤੋਂ ਦੂਰ ਜਾ ਰਹੇ ਕਿਸ਼ਨ ਸ਼ਾਹ ਦੇ ਖਿਆਲ ਵਿੱਚ ਬਹੁਤ ਸਾਰੀਆਂ ਚੀਜ਼ਾਂ ਯਾਦ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪੋਤਰੇ ਦੇ ਉਹ ਬੋਲ ਕਿ ਦਾਦਾ ਜੀ ਜਲਦੀ ਵਾਪਸ ਆ ਜਾਇਓ ..... ਨੂੰਹ ਦਾ ਉਤਰਿਆ ਹੋਇਆ ਚਿਹਰਾ, ਆਪਣੇ ਪੁੱਤ ਰਾਮ ਕ੍ਰਿਸ਼ਨ ਵੱਲੋਂ ਧੱਕੇ ਨਾਲ ਪੈਸੇ ਦਿੱਤੇ ਜਾਣੇ ਵੀ।

ਗੱਡਾ ਘਰ ਤੋਂ ਦੂਰ ਹੁੰਦਾ ਜਾ ਰਿਹਾ ਹੈ ਤਾਂ ਬਜ਼ੁਰਗ ਕਿਸ਼ਨ ਸ਼ਾਹ ਦਾ ਮਨ ਘਰ ਦੇ ਨੇੜੇ ਹੁੰਦਾ ਜਾ ਰਿਹਾ ਹੈ।

ਕਿਸ਼ਨ ਸ਼ਾਹ ਦਾ ਮਨ ਅੰਦਰੂਨੀ ਤੌਰ 'ਤੇ ਪਿਘਲਣਾ ਸ਼ੁਰੂ ਹੋ ਚੁੱਕਿਆ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਐਵੇਂ ਹੀ ਆਪਣੇ-ਆਪ ਨੂੰ ਗੈਰ-ਪ੍ਰਸੰਗਿਕ ਸਮਝਦਾ ਰਿਹਾ ਹੈ, ਫਾਲਤੂ ਸਮਝਦਾ ਰਿਹਾ ...ਕੁਝ ਗਲਤੀਆਂ ਤਾਂ ਮੇਰੀਆਂ ਵੀ ਸਨ।

ਨਿਰਦੇਸ਼ਕ ਨੇ ਕਿਸ਼ਨ ਸ਼ਾਹ ਦੇ ਅੰਦਰ ਚੱਲ ਰਹੇ ਇਸ ਪਛਤਾਵੇ ਨੂੰ ਪਰਦੇ 'ਤੇ ਇਸ ਖ਼ੂਬਸੂਰਤੀ ਨਾਲ ਨੁਮਾਇਆ ਕੀਤਾ ਹੈ ਕਿ ਤੁਸੀਂ ਉਸ ਦੇ ਅੰਦਰੂਨ ਵਿੱਚ ਚੱਲ ਰਹੀ ਘਟਨਾਕਰਮ ਨੂੰ ਬਾਖ਼ੂਬੀ ਸਮਝ ਲੈਂਦੇ ਹੋ ...ਮਹਿਸੂਸ ਕਰ ਲੈਂਦੇ ਹੋ।

ਗੱਡਾ ਜਦੋਂ ਪਿੰਡ ਦੀ ਜੂਹ ਵਿੱਚੋਂ ਲੰਘ ਰਿਹਾ ਹੈ ਤਾਂ ਅਚਾਨਕ ਇੱਕ ਕਾਲੀ ਬਿੱਲੀ ਉਹਨਾਂ ਦੇ ਅੱਗੋਂ ਦੀ ਨਿਕਲ ਜਾਂਦੀ ਹੈ। ਕਿਸ਼ਨ ਸ਼ਾਹ, ਜਿਸ ਦਾ ਮਨ ਹੁਣ ਬਦਲ ਚੁੱਕਿਆ ਹੈ, ਗੱਡੇ ਵਾਲੇ ਨੂੰ ਬਹਾਨੇ ਨਾਲ ਕਹਿੰਦਾ ਹੈ ਕਿ ਅੱਜ ਕਾਲੀ ਬਿੱਲੀ ਰਸਤਾ ਕੱਟ ਗਈ ਹੈ। ਅੱਜ ਆਪਾਂ ਨਹੀਂ ਜਾਂਦੇ, ਫਿਰ ਕਦੇ ਚਲਾਂਗੇ ਆਸ਼ਰਮ।

ਪਰ ਇੱਕ ਬੁੱਢੇ ਦੀ ਕਮਜ਼ੋਰ ਆਵਾਜ਼ ਵਿੱਚ ਕਹੀ ਗਈ ਇਹ ਗੱਲ ਗੱਡੇ ਵਾਲੇ ਨੂੰ ਨਹੀਂ ਸੁਣਦੀ।

ਉਹ ਚੱਲਦਾ ਰਹਿੰਦਾ ਹੈ।

ਕਿਸ਼ਨ ਸ਼ਾਹ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦੇ ਬਜ਼ੁਰਗ ਦੋਸਤ ਉਸ ਨੂੰ ਤਾਹਨੇ-ਮੇਹਣੇ ਮਾਰ ਰਹੇ ਹਨ ਕਿ ਉਹ ਭਰੇ-ਪੂਰੇ ਪਰਵਾਰ ਨੂੰ ਛੱਡ ਕੇ ਜੰਗਲ ਵੱਲ ਕਿਉਂ ਜਾ ਰਿਹਾ ਹੈ, ਉਸ ਨੂੰ ਵਾਰ-ਵਾਰ ਆਪਣੇ ਪੁੱਤਰ-ਨੂੰਹ ਤੇ ਪੋਤਰਿਆਂ ਦੇ ਚਿਹਰੇ ਨਜ਼ਰ ਆਉਂਦੇ ਹਨ। ਉਹ ਵਾਪਸ ਜਾਣਾ ਚਾਹੁੰਦਾ ਹੈ, ਪਰ ਗੱਡੇ ਵਾਲਾ ਉਸ ਦੀ ਗੱਲ ਨੂੰ ਇੱਕ ਬਜ਼ੁਰਗ ਦੀ ਕਹੀ ਹੋਈ ਕਮਜ਼ੋਰ ਗੱਲ ਸਮਝ ਕੇ ਅੱਗੇ ਵਧਦਾ ਰਹਿੰਦਾ ਹੈ।

ਉਹ ਬੁੱਢੇ ਕਮਜ਼ੋਰ ਦੀ ਗੱਲ 'ਤੇ ਯਕੀਨ ਕਰੇ ਵੀ ਕਿਉਂ, ਉਹ ਪਲ ਵਿੱਚ ਕੁਝ ਹੁੰਦੇ ਹਨ, ਦੂਸਰੇ ਪਲ ਕੁਝ ਹੋਰ। ਅੱਗੇ ਜਾ ਕੇ ਇੱਕ ਅਜਿਹਾ ਮੋੜ ਆਉਂਦਾ ਹੈ, ਜਦੋਂ ਗੱਡੀ ਨੇ ਇੱਕ ਪਾਣੀ ਵਾਲੇ ਇੱਕ ਛੋਟੇ ਜਿਹੇ ਨਾਲੇ ਵਿੱਚੋਂ ਨਿਕਲਣਾ ਹੁੰਦਾ ਹੈ। ਗੱਡੀ ਵਾਲਾ ਕਿਸ਼ਨ ਸ਼ਾਹ ਨੂੰ ਭਰੋਸਾ ਦਿੰਦਾ ਹੈ ਕਿ ਉਹ ਆਰਾਮ ਨਾਲ ਉਸ ਨਾਲੇ ਨੂੰ ਟੱਪ ਲਵੇਗਾ। ਇਸ ਵਿੱਚ ਜ਼ਿਆਦਾ ਪਾਣੀ ਨਹੀਂ। ਤੁਸੀਂ ਫਿਕਰ ਨਾ ਕਰੋ।

ਗੱਡੇ ਵਾਲਾ ਇਸ ਗੱਲ ਤੋਂ ਅਣਜਾਣ ਹੈ ਕਿ ਹੁਣ ਕਿਸ਼ਨ ਸ਼ਾਹ ਨੂੰ ਫਿਕਰ ਇਹ ਨਹੀਂ ਕਿ ਗੱਡਾ ਪਾਣੀ ਦੀ ਨਾਲੀ ਲੰਘੇਗਾ ਜਾਂ ਨਹੀਂ, ਬਲਕਿ ਇਹ ਫਿਕਰ ਹੈ ਕਿ ਗੱਡਾ ਪਾਣੀ ਦੀ ਨਾਲੀ ਲੰਘ ਹੀ ਨਾ ਜਾਵੇ।

ਉਹ ਉਸ ਨੂੰ ਵਰਜਦਾ ਹੈ ਕਿ ਨਾਲਾ ਡੂੰਘਾ ਹੈ। ਅਸਲ ਵਿੱਚ ਉਹ ਹੁਣ ਜੰਗਲ ਨਹੀਂ ਜਾਣਾ ਚਾਹੁੰਦਾ। ਗੱਡੇ ਵਾਲਾ ਜਦ ਉਸ ਦੀ ਨਹੀਂ ਸੁਣਦਾ ਤਾਂ ਉਹ ਸਖਤੀ ਨਾਲ ਉਸ ਨੂੰ ਕਹਿੰਦਾ ਹੈ ਕਿ ਉਹ ਉਸ ਨੂੰ ਵਾਪਸ ਘਰ ਲੈ ਜਾਵੇ, ਉਹ ਘਰੇ ਬੈਠ ਕੇ ਹੀ ਗੁਰੂ ਦੀ ਪੂਜਾ ਕਰ ਲਵੇਗਾ।

ਉਹ ਬੜੀ ਦ੍ਰਿੜ੍ਹਤਾ ਨਾਲ ਕਹਿੰਦਾ ਹੈ-

'ਕੀ ਪਰਮਾਤਮਾ ਘਰ ਵਿੱਚ ਨਹੀਂ ਰਹਿੰਦਾ?'

ਉਸ ਦੇ ਸ਼ਬਦਾਂ ਵਿਚਲੀ ਦ੍ਰਿੜ੍ਹਤਾ ਦੇਖ ਕੇ ਗੱਡੇ ਵਾਲਾ ਸਮਝ ਜਾਂਦਾ ਹੈ ਕਿ ਉਹ ਹੁਣ ਸੱਚਮੁੱਚ ਵਾਪਸ ਜਾਣਾ ਚਾਹੁੰਦਾ ਹੈ ਘਰ, ਆਪਣੇ ਘਰ।

ਗੱਡਾ ਵਾਪਸ ਮੋੜ ਲਿਆ ਜਾਂਦਾ ਹੈ।

ਕਿਸ਼ਨ ਸ਼ਾਹ ਵਾਪਸ ਘਰ ਮੁੜ ਜਾਂਦਾ ਹੈ।

ਇਸ ਪੜਾਅ 'ਤੇ ਆ ਕੇ ਫਿਲਮ ਖਤਮ ਹੋ ਜਾਂਦੀ ਹੈ, ਪਰ ਇਹ ਤੁਹਾਡੇ ਜ਼ਿਹਨ ਵਿੱਚੋਂ ਖਤਮ ਨਹੀਂ ਹੁੰਦੀ। ਫਿਲਮ ਦੇਖਣ ਤੋਂ ਬਾਅਦ ਤੁਸੀਂ ਘਰਾਂ ਵਿੱਚ ਰਹਿੰਦੇ ਬਜ਼ੁਰਗਾਂ ਬਾਰੇ ਫਿਰ ਤੋਂ ਸੋਚਣਾ ਸ਼ੁਰੂ ਕਰ ਦਿੰਦੇ ਹੋ। ਕਿਤੇ ਸਾਡੇ ਬਜ਼ੁਰਗਾਂ ਨਾਲ ਵੀ ਅਜਿਹਾ ਕੁਝ ਤਾਂ ਨਹੀਂ ਬੀਤ ਰਿਹਾ। ਇਹੀ ਇਸ ਫਿਲਮ ਦੀ ਪ੍ਰਾਪਤੀ ਹੈ, ਇਸ ਫਿਲਮ ਦੇ ਲੇਖਕ ਹਾਸਲ ਹੈ।

ਬਜ਼ੁਰਗਾਂ ਨਾਲ ਸੰਬੰਧਤ ਝਗੜੇ ਬਹੁਤ ਸਾਰੇ ਘਰਾਂ ਵਿੱਚ ਹਨ, ਇਨਸਾਨ ਬੁਰੇ ਨਹੀਂ ਹੁੰਦੇ, ਬਹੁਤੀ ਵਾਰੀ ਕਸੂਰ ਅਤੇ ਇੱਕ-ਦੂਜੇ ਨੂੰ ਸਮਝਣ ਦੀ ਘਾਟ ਦਾ ਹੁੰਦਾ ਹੈ, ਪ੍ਰਸਥਿਤੀਆਂ ਦਾ ਵੀ ਹੁੰਦਾ ਹੈ।

ਫਿਲਮ ਇਸੇ ਨੁਕਤੇ ਵੱਲ ਧਿਆਨ ਦਿਵਾਉਂਦੀ ਹੈ। ਰਾਸ਼ਟਰੀਯ ਫਿਲਮ ਵਿਕਾਸ ਨਿਗਮ ਦੀ ਪਰਯੋਜਿਤ ਇਸ ਫਿਲਮ 'ਚ ਪੰਕਜ ਕਪੂਰ, ਰਘਵੀਰ ਯਾਦਵ, ਰੀਮਾ ਲਾਗੂ ਨੇ ਆਪਣੀਆਂ ਭੂਮਿਕਾਵਾਂ ਬੜੀ ਸ਼ਿੱਦਤ ਨਾਲ ਨਿਭਾਈਆਂ ਹਨ। ਸਕਰੀਨ ਪਲੇਅ ਖੁਦ ਸੁਭਾਸ਼ ਅੱਗਰਵਾਲ ਦਾ ਲਿਖਿਆ ਹੋਇਆ ਸੀ। ਫਿਲਮ ਵਿੱਚ ਗੀਤ-ਸੰਗੀਤ ਦੀ ਕੋਈ ਜ਼ਿਆਦਾ ਜਗ੍ਹਾ ਨਹੀਂ ਸੀ। ਪਿੱਠਵਰਤੀ ਸੰਗੀਤ ਢੁਕਵਾਂ ਹੈ, ਜੋ ਕਿ ਕੇ ਨਰਾਇਣ ਦੁਆਰਾ ਦਿੱਤਾ ਗਿਆ ਹੈ।

ਬਹਰਹਾਲ, ਘੱਟ ਚਰਚਿਤ ਅਤੇ ਘੱਟ ਲੋਕਾਂ ਤੱਕ ਪਹੁੰਚੀ ਇਹ ਫਿਲਮ ਹਰ ਉਸ ਘਰ ਵਿੱਚ ਜ਼ਰੂਰ ਦੇਖੀ ਜਾਣੀ ਚਾਹੀਦੀ ਹੈ, ਜਿੱਥੇ ਕੋਈ ਬਜ਼ੁਰਗ ਹੈ ਅਤੇ ਕਿਸੇ ਕਮਰੇ ਵਿੱਚ ਇਕੱਲਾ ਬੈਠਾ ਰਹਿੰਦਾ ਹੈ, ਅੱਕਿਆ ਅਤੇ ਪਰੇਸ਼ਾਨ ਦਿਖਾਈ ਦਿੰਦਾ ਹੈ।

## ਸਫ਼ਾ 3 ਦੀ ਬਾਕੀ ਇਨਕਲਾਬੀ ਲੋਕ ਨਾਇਕ ਦੀ ਗਾਥਾ...

ਕਿਸਾਨਾਂ ਦਾ ਕਬਜ਼ਾ ਹੋਵੇ। ਉਹ ਇਸ ਪ੍ਰਬੰਧ ਵਿਚ ਕੋਆਪ੍ਰੇਟਿਵ ਸਿਸਟਮ ਨੂੰ ਵਧੇਰੇ ਮਹੱਤਵ ਦੇਣ ਦੀ ਗੱਲ ਕਰਦੇ ਹਨ। ਉਸ ਦਾ ਮੰਨਣਾ ਸੀ ਕਿ ਕੋਆਪ੍ਰੇਟਿਵ ਰਾਹੀਂ ਵੀ ਸਮਾਜ ਨੂੰ ਪ੍ਰਗਤੀਸ਼ੀਲ ਬਣਾਇਆ ਜਾ ਸਕਦਾ ਹੈ।

ਛੂਤ-ਛਾਤ, ਭਿੱਟ ਆਦਿ ਕਾਰਨਾਂ ਕਰਕੇ ਕੁਝ ਚੋਣਵੇਂ ਮੰਦਰਾਂ ਵਿਚ ਗੈਰ -ਬ੍ਰਾਹਮਣਾਂ (ਦਲਿਤਾਂ) ਦੇ ਜਾਣ ਦੀ ਮਨਾਹੀ ਬਾਰੇ ਉਹ ਬੜੇ ਬੇਬਾਕ ਹੋ ਕੇ ਕਹਿੰਦੇ ਸਨ ਕਿ ਜੇ ਬੁੱਤ ਲੋਕਾਂ ਦੇ ਸਪਰਸ਼ ਨਾਲ ਭਿੱਟ ਜਾਂਦਾ ਹੈ ਤਾਂ ਅਜਿਹੇ ਈਸ਼ਵਰ ਦੀ ਕੋਈ ਲੋੜ ਨਹੀਂ, ਉਹ ਇਸ ਤੋਂ ਅੱਗੇ ਜਾ ਕੇ ਇਨ੍ਹਾਂ ਨੂੰ ਤੋੜ ਦੇਣ ਦੀ ਗੱਲ ਵੀ ਕਰਦੇ ਸਨ।

ਪੇਰੀਆਰ ਆਪਣੇ ਸਮਕਾਲੀ ਸਮੇਂ ਦੀਆਂ ਕੁਝ ਬੁਰਾਈਆਂ ਬਾਰੇ ਬਹੁਤ ਹੀ ਸਪੱਸ਼ਟ ਹੋ ਕੇ ਬੇਬਾਕੀ ਨਾਲ ਗੱਲ ਕਰਦੇ ਰਹੇ, ਜਿਵੇਂ :-

- ਰੱਬ ਦੀ ਸਿਰਜਣਾ
- ਕਾਂਗਰਸ ਪਾਰਟੀ
- ਗਾਂਧੀ
- ਬ੍ਰਾਹਮਣਵਾਦ ਵੱਲੋਂ ਲਿਆਂਦੀ ਤਬਾਹੀ
- ਧਰਮ ਵਿਚਲੀ ਬੁਰਾਈ

ਉਨ੍ਹਾਂ ਵੱਲੋਂ ਚਲਾਏ ਆਤਮ ਸਨਮਾਨ ਅੰਦੋਲਨ ਵਿਚ ਇਨ੍ਹਾਂ ਬੁਰਾਈਆਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚੋਂ ਉਨ੍ਹਾਂ ਦੀ ਬੇਬਾਕੀ ਦੇਖੀ ਜਾ ਸਕਦੀ ਹੈ।

ਪੇਰੀਆਰ ਦਾ ਇਹ ਵੀ ਮੰਨਣਾ ਸੀ ਕਿ ਪੱਛਮ ਵਿਚ ਆਤਮ ਸਨਮਾਨ ਸਿਰਫ ਆਰਥਿਕ ਖੇਤਰ ਵਿਚ ਚਾਹੀਦਾ ਹੈ, ਪਰ ਸਾਨੂੰ ਇਥੇ ਇਸ ਦੀ ਲੋੜ ਧਰਮ, ਸਮਾਜ, ਸਿੱਖਿਆ, ਗਿਆਨ, ਖੋਜ, ਕਲਾ, ਰਾਜਨੀਤੀ, ਆਰਥਿਕਤਾ ਤੇ ਹੋਰ ਕਈ ਖੇਤਰਾਂ ਵਿਚ ਵੀ ਚਾਹੀਦਾ ਹੈ। ਸਾਡੇ ਲੋਕਾਂ ਨੂੰ ਸਿੱਖਿਆ ਦੇ ਨਾਲ-ਨਾਲ ਚੇਤਨਾ ਅਤੇ ਆਤਮ ਸਨਮਾਨ ਦੀ ਵੀ ਲੋੜ ਹੈ।

ਪੇਰੀਆਰ ਦੇ ਇਨ੍ਹਾਂ ਬੇਜੋੜ ਕਾਰਜ ਦੀ ਪਛਾਣ ਕਰਦਿਆਂ ਕੌਮਾਂਤਰੀ ਸੰਸਥਾ 'ਯੂਨੈਸਕੋ' ਨੇ 1970 ਵਿਚ ਪੇਰੀਆਰ ਦੇ ਸਨਮਾਨ ਵਿਚ ਇਕ ਪੱਤਰ ਵਿਚ ਕਿਹਾ ਸੀ ਕਿ

- ਉਹ ਨਵੇਂ ਯੁੱਗ ਦਾ ਪ੍ਰੋਫੈਟ (ਪੈਗੰਬਰ) ਹੈ।
- ਦੱਖਣੀ ਪੂਰਬੀ ਏਸ਼ੀਆ ਦਾ ਸੁਕਰਾਤ ਹੈ।
- ਸਮਾਜਿਕ ਸੁਧਾਰ ਅੰਦੋਲਨ ਦਾ ਜਨਕ ਹੈ।
- ਅਗਿਆਨਤਾ, ਅੰਧ-ਵਿਸ਼ਵਾਸ, ਬੇਮਤਲਬ ਗੀਤੀ-ਰਿਵਾਜਾਂ, ਬੇਮਤਲਬ ਵਿਹਾਰਾਂ ਦਾ ਕੱਟੜ ਦੁਸ਼ਮਣ ਹੈ।

ਯੂਨੈਸਕੋ ਦਾ ਇਹ ਕਥਨ ਅਸਲ ਵਿਚ ਪੇਰੀਆਰ ਦੇ ਮਾਨਵਤਾ ਦੇ ਭਲੇ ਲਈ ਕੀਤੇ ਕੰਮਾਂ ਨੂੰ ਹੀ ਪਛਾਣ ਦੇਣ ਦਾ ਯਤਨ ਹੈ।

ਪੇਰੀਆਰ ਵਰਗੇ ਇਨਕਲਾਬੀ ਲੋਕ ਨਾਇਕ ਦੀ ਪਛਾਣ ਪੰਜਾਬੀ ਪਾਠਕਾਂ, ਲੋਕਾਂ ਵਿਚ ਵੀ ਗੂੜ੍ਹੀ ਹੋਣੀ ਵਰਤਮਾਨ ਸਮਿਆਂ ਦੀ ਲੋੜ ਹੈ। ਉਸ ਦਾ ਜੀਵਨ ਅਤੇ ਉਸ ਦੀਆਂ ਰਚਨਾਵਾਂ ਸੰਘਰਸ਼ ਨਾਲ ਜੁੜੇ ਲੋਕਾਂ ਲਈ ਰਾਹ-ਦਸੇਰਾ ਬਣਨਗੀਆਂ, ਜਿਸ ਲਈ ਸਾਨੂੰ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਪਸਾਰੇ ਲਈ ਯਤਨਸ਼ੀਲ ਹੋਣਾ ਪਵੇਗਾ। ਡਾ. ਜਸਵੰਤ ਰਾਏ ਦੀ ਮਿਹਨਤ ਤੇ ਲਗਨ ਇਸ ਪਾਸੇ ਵੱਲ ਤੁਰਦੀ ਨਜ਼ਰ ਆਉਂਦੀ ਹੈ।

**ਸੰਪਰਕ : 98721-73475**

CMYK

4-Feb-Sunday.qxd 2/3/2024 9:12 PM Page 2



ਯਾਤਰਾ ਪ੍ਰਸੰਗ-2

# ਵਾਰਵਨ ਵੈਲੀ ਟਰੈਕ



ਦੇਵ ਕੁਰਾਈਵਾਲਾ

ਟੈਂਟ ਦੇ ਉਪਰ ਪੈਂਦੀਆਂ ਕਣੀਆਂ ਦੀ ਟਿਕ-ਟਿਕ ਦੀ ਆਵਾਜ਼ ’ਚ ਅਸੀਂ ਦਾਲ-ਚੌਲ ਖਾਧੇ ਅਤੇ ਸੌਂ ਗਏ। ਸਾਡੀ ਅੱਜ ਦੀ ਰਾਤ ਹਮਪਟ ਨਾਂਅ ਦੀ ਜਗ੍ਹਾ ’ਤੇ ਸੀ। ਹਮਪਟ ਰਾਤ ਤਿੰਨ ਵਜੇ ਤੱਕ ਕਿਣਮਿਣ ਜਾਰੀ ਰਹੀ। ਸਵੇਰ ਤੱਕ ਸਾਰਿਆਂ ਦੇ ਟੈਂਟ ਅਤੇ ਸਲੀਪਿੰਗ ਬੈਗ ਸਲਾਭੇ ਜਾ ਚੁੱਕੇ ਸਨ। ਸਵੇਰ ਵੇਲੇ ਮੌਸਮ ਕੁਝ ਸਾਫ ਸੀ, ਪਰ ਅਜੇ ਤੱਕ ਧੁੱਪ ਸਾਡੇ ਟੈਂਟਾਂ ਤੱਕ ਨਹੀਂ ਪਹੁੰਚੀ ਸੀ। ਅਬਦੁਲ ਰਾਸਿਦ ਅਤੇ ਸੁਲਤਾਨ ਸਾਡੇ ਲਈ ਸਵੇਰ ਦਾ ਖਾਣਾ ਤਿਆਰ ਕਰ ਰਹੇ ਸਨ। ਸਾਡੇ ਇੱਕ ਪਾਸੇ ਉੱਚੇ ਪਹਾੜ ਸਨ ਅਤੇ ਦੂਜੇ ਪਾਸੇ ਕੈਂਤਲ ਨਾਲਾ।

ਅੱਜ ਦਾ ਸੂਰਜ ਇਸ ਨਾਲੇ ਵਾਲੇ ਪਾਸੇ ਤੋਂ ਚੜ੍ਹਨਾ ਸੀ। ਥੋੜ੍ਹਾ ਸਮਾਂ ਹੋਇਆ ਹੋਰ ਹੋਰਿਆ ਤਾਂ ਕਈ ਪਹਾੜਾਂ ਦੀਆਂ ਟੀਸੀਆਂ ਧੁੱਪ ਨਾਲ ਚਮਕਣ ਲੱਗੀਆਂ। ਇਹ ਧੁੱਪ ਹੌਲੀ-ਹੌਲੀ ਸਾਡੇ ਟੈਂਟਾਂ ਵੱਲ ਵਧ ਰਹੀ ਸੀ। ਅਬਦੁਲ ਰਾਸਿਦ ਨੇ ਸਾਨੂੰ ਖਾਣਾ ਤਿਆਰ ਹੋਣ ਦੀ ਆਵਾਜ਼ ਦਿੱਤੀ ਤਾਂ ਏਨੇ ਸਮੇਂ ’ਚ ਧੁੱਪ ਵੀ ਕੈਂਤਲ ਨਾਲਾ ਪਾਰ ਕਰਕੇ ਸਾਡੇ ਵਿਹੜੇ ਆ ਖਲੋ ਗਈ। ਕੈਂਤਲ ਨਾਲਾ ਪਾਰ ਕਰਦਿਆਂ ਧੁੱਪ ਨਾਲ ਪਾਣੀ ਦੀਆਂ ਲਿਸ਼ਕੋਰਾਂ ਕਦੇ-ਕਦੇ ਸਾਡੀਆਂ ਅੱਖਾਂ ’ਤੇ ਪੈਂਦੀਆਂ ਤਾਂ ਪਾਣੀ ਦਾ ਸੁਭਾਅ ਬਿਜਲੀ ਦੀ ਲਿਸ਼ਕੋਰ ’ਚ ਬਦਲ ਜਾਂਦਾ।

ਅਸੀਂ ਆਵਦਾ ਖਾਣਾ ਖਾਧਾ ਤੇ ਟੈਂਟਾਂ ਦੇ ਸੁੱਕਣ ਦੀ ਉਡੀਕ ਕਰਨ ਲੱਗੇ। ਅਸੀਂ ਆਵਦੇ ਮੈਟ, ਸਲੀਪਿੰਗ ਬੈਗ ਤੇ ਹੋਰ ਗਿੱਲਾ ਸਾਮਾਨ ਸੁੱਕਣ ਲਈ ਪੱਧਰੇ ਥਾਂ ’ਤੇ ਖਿਲਾਰ ਦਿੱਤਾ।

ਸਾਡਾ ਅੱਜ ਦਾ ਸਫਰ ਬਹੁਤ ਜ਼ਿਆਦਾ ਔਖਾ ਨਹੀਂ ਸੀ। ਤੁਰਨਾ ਤਾਂ ਅੱਜ ਵੀ ਵੀਹ ਬਾਈ ਕਿਲੋਮੀਟਰ ਸੀ, ਪਰ ਅੱਜ ਦਾ ਰਸਤਾ ਪੱਧਰਾ ਸੀ। ਅਸੀਂ ਥੋੜ੍ਹੀ ਧੁੱਪ ਲੱਗਣ ਤੋਂ ਬਾਅਦ ਸਾਰਾ ਸਾਮਾਨ ਇਕੱਠਾ ਕੀਤਾ। ਘੋੜੇ ’ਤੇ ਲੱਦਿਆ ਅਤੇ ਅੱਜ ਦੇ ਸਫਰ ਲਈ ਤੁਰਨਾ ਸ਼ੁਰੂ ਕਰ ਦਿੱਤਾ। ਅੱਜ ਦਾ ਸਫਰ ਕੈਂਤਲ ਨਾਲੇ ਦੇ ਬਿਲਕੁਲ ਨਾਲ-ਨਾਲ ਸੀ। ਸਾਰੇ ਸਫਰ ’ਚ ਪਾਣੀ ਦੀ ਕਲਕਲ ਸਾਡੇ ਨਾਲ ਰਹਿਣੀ ਸੀ। ਅੱਜ ਅਸੀਂ ਟਰੀ ਲਾਇਨ ਪਾਰ ਕਰ ਚੁੱਕੇ ਸੀ। ਸਾਨੂੰ ਰਸਤੇ ’ਚ ਕਿਤੇ ਵੀ ਕੋਈ ਦਰੱਖਤ ਨਹੀਂ ਮਿਲ ਰਿਹਾ ਸੀ, ਪਰ ਪਹਾੜ ਅਜੇ ਵੀ ਹਰੇ ਹਨ। ਪਹਾੜਾਂ ’ਤੇ ਉੱਗਿਆ ਹੋਇਆ ਘਾਹ ਮੀਂਹ ਕਾਰਨ ਧੋਤਾ ਗਿਆ ਸੀ, ਜਿਸ ਨਾਲ ਘਾਹ ਦਾ ਰੰਗ ਹੋਰ ਹਰਾ ਹੋ ਗਿਆ ਸੀ। ਇਹ ਹਰੇ ਰੰਗ ਦੇ ਘਾਹ ਨੂੰ ਜਦੋਂ ਦੂਰ ਤੋਂ ਦੇਖਦੇ ਸੀ ਤਾਂ ਸਾਰੇ ਪਹਾੜ ਹੀ ਹਰੇ ਰੰਗ ਦੇ ਲੱਗ ਰਹੇ ਸਨ, ਪਰ ਆਪਣੇ ਪੈਰਾਂ ’ਤੇ ਨਿਗ੍ਹਾ ਮਾਰਨ ਵੇਲੇ ਪਤਾ ਲੱਗਦਾ ਸੀ ਕਿ ਪਹਾੜ ਸੁਰਮਈ ਰੰਗੇ ਸਨ। ਮੀਂਹ ਕਾਰਨ ਕੈਂਤਲ ਨਾਲੇ ਦਾ ਪਾਣੀ ਤੇਜ਼ ਸੀ ਤੇ ਅੱਜ ਨਾਲਾ ਕੱਲ੍ਹ ਨਾਲੋਂ ਭੀੜੀ ਜਗ੍ਹਾ ’ਚ ਵਗ ਰਿਹਾ ਸੀ, ਜਿਸ ਕਾਰਨ ਪਾਣੀ ਦੀ ਤੋਰ ਕੱਲ੍ਹ ਤੋਂ ਤੇਜ਼ ਸੀ।

ਰਸਤੇ ’ਚ ਕਈ ਛੋਟੇ ਨਾਲੇ ਕੈਂਤਲ ’ਚ ਆ ਕੇ ਰਲ ਰਹੇ ਸਨ, ਜਿਸ ਨਾਲ ਇਸ ਨਾਲੇ ਦਾ ਆਕਾਰ ਵੱਡਾ ਹੁੰਦਾ ਜਾ ਰਿਹਾ ਸੀ। ਪਹਾੜਾਂ ਦੀਆਂ ਟੀਸੀਆਂ ’ਤੇ ਜੰਮੀ ਬਰਫ ਜਦੋਂ ਪਿਘਲਦੀ ਹੈ ਤਾਂ ਇਹ ਛੋਟੇ-ਛੋਟੇ ਨਾਲੇ ਜਾਂ ਝਰਨਿਆਂ ਦਾ ਰੂਪ ਲੈ ਲੈਂਦੀ ਹੈ, ਵੈਸੇ ਵੀ ਉੱਤੇ ਵਾਲਿਆਂ ਨੇ ਥੱਲੇ ਹੀ ਆਉਣਾ ਹੁੰਦਾ ਹੈ। ਕਈ ਥਾਵਾਂ ’ਤੇ ਇਹ ਛੋਟੇ ਨਾਲੇ ਸਾਨੂੰ ਪਾਰ ਕਰਨੇ ਪਏ, ਇਹਨਾਂ ਦਾ ਪਾਣੀ ਬਹੁਤ ਜ਼ਿਆਦਾ ਠੰਢਾ ਹੁੰਦਾ ਹੈ। ਆਪਾਂ ਜ਼ਿਆਦਾ ਸਮਾਂ ਇਹਨਾਂ ਨਾਲਿਆਂ ’ਚ ਤੁਰ ਨਹੀਂ ਸਕਦੇ। ਕਈ ਥਾਵਾਂ ’ਤੇ ਨਾਲੇ ਪਾਰ ਕਰਨ ਵੇਲੇ ਸਾਨੂੰ ਆਪਣੇ ਗਾਇਡ ਦੀ ਮਦਦ ਲੈਣੀ ਪਈ। ਦੁਪਹਿਰ ਤੱਕ ਤੁਰਦੇ-ਤੁਰਦੇ ਅਸੀਂ ਬਿਲਕੁੱਲ ਪੱਧਰੇ ਗਰਾਊਂਡ ਵਿੱਚ ਪਹੁੰਚ ਚੁੱਕੇ ਸੀ। ਸਾਨੂੰ ਦੂਰ ਤੋਂ ਹੀ ਬੱਕਰਵਾਲਾਂ ਦੇ ਟਿਕਾਣੇ ਦਿਸ ਰਹੇ ਸਨ। ਇਸ ਰਸਤੇ ਦੇ ਸਾਰੇ ਬੱਕਰਵਾਲ ਅਬਦੁਲ ਦੇ ਵਾਕਿਫ ਸਨ। ਬੱਕਰਵਾਲਾ ਨਾਲ ਬਣੇ ਸਹਿਚਾਰ ਤੋਂ ਅਬਦੁਲ ਰਾਸਿਦ ਦੇ ਸਮਝਦਾਰ ਅਤੇ ਇੱਕ ਚੰਗੇ ਇਨਸਾਨ ਹੋਣ ਦਾ ਪਤਾ ਲੱਗਦਾ ਸੀ।

ਅਬਦੁਲ ਨੇ ਸਾਡੇ ਨਾਲ ਅੱਜ ਸਵੇਰੇ ਹੀ ਵਾਅਦਾ ਕੀਤਾ ਸੀ ਕਿ ਉਹ ਰਸਤੇ ’ਚ ਸਾਨੂੰ ਪੰਜਾਬ ਵਾਲੀ ਲੱਸੀ ਪਿਆਵੇਗਾ। ਅਬਦੁਲ ਦਾ ਇਹ ਵਾਅਦਾ ਪੂਰਾ ਕਰਨ ਦਾ ਸਮਾਂ ਆ ਗਿਆ ਸੀ। ਅਬਦੁਲ ਨੇ ਇਕ ਬੱਕਰਵਾਲ ਦੇ ਘਰ ਆਵਾਜ਼ ਮਾਰੀ ਅਤੇ ਲੱਸੀ ਲਈ ਕਿਹਾ। ਇੱਕ ਔਰਤ ਲੱਸੀ ਦਾ ਡੋਲੂ ਭਰ ਕੇ ਸਾਡੇ ਕੋਲ ਲੈ ਆਈ। ਇਹ ਲੱਸੀ ਕੁਦਰਤ ਦੀ ਫਰਿੱਜ ’ਚ ਲੱਗੀ ਹੋਣ ਕਾਰਨ ਕਾਫੀ ਠੰਢੀ ਸੀ। ਸਭ ਨੇ ਰੱਜ ਕੇ ਲੱਸੀ ਪੀਤੀ, ਖੱਟੀ ਲੱਸੀ ’ਚ ਪਾਏ ਕਾਲੇ ਲੂਣ ਦਾ ਆਪਣਾ ਹੀ ਸਵਾਦ ਸੀ ਤੇ ਉੱਤੋਂ ਲੱਸੀ ਪਿਆਉਣ ਆਈ ਔਰਤ ਸਾਡੇ ਨਾਲ ਪੰਜਾਬੀ ਵਿੱਚ ਗੱਲ ਕਰ ਰਹੀ ਸੀ। ਬੇਗਾਨੀ ਧਰਤੀ ’ਤੇ ਆਵਦੀ ਬੋਲੀ ਦੀ ਸਾਂਝ ਹੀ ਸਭ ਤੋਂ ਵੱਡੀ ਸਾਂਝ ਹੁੰਦੀ ਹੈ।

ਲੱਸੀ ਪੀਣ ਤੋਂ ਬਾਅਦ ਅਸੀਂ ਆਪਣੇ ਸਫਰ ’ਤੇ ਤੁਰਨਾ ਸ਼ੁਰੂ ਕਰ ਦਿੱਤਾ। ਸਾਡੇ ਦੋਨੋਂ ਪਾਸੇ ਪਹਾੜ ਸਨ। ਪਹਾੜਾਂ ਦੇ ਵਿਚਕਾਰ ਪੱਧਰੇ ਗਰਾਊਂਡ ਦੀ ਇੱਕ ਚੌੜੀ ਪੱਟੀ ਸੀ, ਜਿਸ ਦੇ ਇੱਕ ਪਾਸੇ ਨਾਲਾ ਵਹਿ ਰਿਹਾ ਸੀ। ਅਸੀਂ ਇਸੇ ਪੱਟੀ ’ਤੇ ਤੁਰ ਰਹੇ ਸੀ। ਪਹਾੜ ਕਦੇ ਬਿਲਕੁਲ ਸਾਡੇ ਨੇੜੇ ਆ ਜਾਂਦੇ ਅਤੇ ਕਦੇ ਬਹੁਤ ਦੂਰ ਹੋ ਜਾਂਦੇ। ਰਸਤੇ ’ਚ ਕਈ ਤਾਂ ਏਨਾ ਖ਼ੂਬਸੂਰਤ ਨਜ਼ਾਰਾ ਬਣਦਾ ਕਿ ਅਸੀਂ ਰੁਕ ਕੇ ਪਹਾੜਾਂ ਵੱਲ ਵੇਖਣ ਲੱਗ ਜਾਂਦੇ। ਜਿਵੇਂ-ਜਿਵੇਂ ਧੁੱਪ ਵਧ ਰਹੀ ਸੀ, ਬਰਫ ਨਾਲ ਢਕੀਆਂ ਪਹਾੜਾਂ ਦੀਆਂ ਚੋਟੀਆਂ ਦੀ ਚਮਕ ਵਧ ਰਹੀ ਸੀ। ਸਾਡੇ ਬਿਲਕੁਲ ਨੇੜੇ ਦੇ ਪਹਾੜਾਂ ’ਤੇ ਘਾਹ ਦੀ ਹਰਿਆਲੀ ਸੀ। ਥੋੜ੍ਹੀ ਦੂਰ ਵਾਲੇ ਪਹਾੜਾਂ ’ਚ ਸੁਰਮਈ ਭਾਅ ਮਾਰਦੀ ਸੀ ਤੇ ਉੱਚੀਆਂ ਚੋਟੀਆਂ ਦੁੱਧ ਚਿੱਟੀਆਂ ਸਨ। ਕਦੇ-ਕਦੇ ਲੱਗਦਾ ਕਿ ਪਹਾੜਾਂ ਦੀਆਂ ਚੋਟੀਆਂ ’ਤੇ ਦੁੱਧ ਦੀਆਂ ਝੀਲਾਂ ਹਨ। ਢਲੀ ਦੁਪਹਿਰ ਤੋਂ ਬਾਅਦ ਅਸੀਂ ਖਾਣਾ ਬਣਾਉਣ ਲਈ ਰੁਕਣਾ ਸੀ, ਜਗ੍ਹਾ ਲੱਭਦੇ ਅਸੀਂ ਇੱਕ ਹੋਰ ਬੱਕਰਵਾਲ ਦਾ ਬੂਹਾ ਜਾ ਖੜਕਾਇਆ। ਇਹ ਸਾਰੇ ਬੱਕਰਵਾਲ ਜੰਮੂ ਵਾਲੇ ਪਾਸੇ ਦੇ ਹੋਣ ਕਾਰਨ ਸੋਹਣੀ ਪੰਜਾਬੀ ਬੋਲਦੇ ਸਨ। ਇਹਨਾਂ ਨਾਲ ਕੁਝ ਗੱਲਾਂਬਾਤਾਂ ਕੀਤੀਆਂ ਤੇ ਨਾਲ ਵਗਦੇ ਨਾਲੇ ਤੋਂ ਪਾਣੀ ਭਰ ਕੇ ਚਾਹ ਅਤੇ ਮੈਗੀ ਬਣਾ ਕੇ ਖਾਧੀ। ਜਦ ਅਸੀਂ ਚਾਹ ਪੀ ਕੇ ਤੁਰਨ ਲੱਗੇ ਤਾਂ ਇਕ ਬੱਕਰਵਾਲ ਔਰਤ ਨੇ ਪੰਜ ਸੌ ਦਾ ਇੱਕ ਨੋਟ ਅਬਦੁਲ ਨੂੰ ਫੜਾਇਆ ਤੇ ਵਾਪਸੀ ’ਤੇ ਚਾਹ ਪੱਤੀ ਲੈ ਕੇ ਆਉਣ ਲਈ ਕਿਹਾ। ਅਸੀਂ ਰਾਸ਼ਿਦ ਨੂੰ ਪੁੱਛਿਆ ਕਿ ਉਹਦੀ ਵਾਪਸੀ ਕਿੰਨੇ ਦਿਨਾਂ ਤੱਕ ਹੋਵੇਗੀ? ਰਾਸ਼ਿਦ ਨੇ ਕਿਹਾ, ਸਾਤ-ਆਠ ਦਿਨ ਯਹਾਂ ਤਕ ਆਨੇ ਕੋ....।

ਅੱਜ ਦੇ ਏਨੀ ਤੇਜ਼ੀ ਵਾਲੇ ਜ਼ਮਾਨੇ ’ਚ ਏਨਾ ਸਬਰ ਤੇ ਇੰਤਜ਼ਾਰ ਸਾਨੂੰ ਬਹੁਤ ਚੰਗਾ ਲੱਗਾ। ਸਾਨੂੰ ਉਹ ਚਿੱਠੀਆਂ ਵਾਲਾ ਜ਼ਮਾਨਾ ਯਾਦ ਆਇਆ, ਜਦ ਆਪਣੇ ਵੱਲੋਂ ਭੇਜੇ ਹੋਏ ਸੁਨੇਹੇ ਦਾ ਜਵਾਬ ਪੰਦਰਾਂ-ਵੀਹ ਦਿਨ ਜਾਂ ਇਸ ਤੋਂ ਵੀ ਜ਼ਿਆਦਾ ਸਮੇਂ ’ਚ ਮਿਲਦਾ ਸੀ ਤੇ ਹੁਣ ਜੇ ਵਟਸਐਪ ਮੈਸੇਜ ਦਸ ਮਿੰਟ ਸੀਨ ਨਾ ਹੋਵੇ ਤਾਂ ਲੜਾਈ ਸ਼ੁਰੂ ਹੋ ਜਾਂਦੀ ਹੈ।

ਟਰੈਕਿੰਗ ’ਤੇ ਸਭ ਤੋਂ ਜ਼ਿਆਦਾ ਜ਼ਰੂਰਤ ਵਾਲੀ ਚੀਜ਼ ਪਾਣੀ ਹੁੰਦਾ ਹੈ। ਖਾਣਾ ਬਣਾਉਣ ਲਈ ਰੁਕਣਾ ਹੋਵੇ ਤਾਂ ਰਾਤ ਠਹਿਰਨ ਲਈ ਸਭ ਤੋਂ ਪਹਿਲਾਂ ਇਹੀ ਦੇਖਿਆ ਜਾਂਦਾ ਹੈ ਕਿ ਪਾਣੀ ਦਾ ਪ੍ਰਬੰਧ ਕਿਤੇ ਨੇੜੇ-ਤੇੜੇ ਹੈ ਜਾਂ ਨਹੀਂ। ਇਸੇ ਲਈ ਟਰੈਕਿੰਗ ਦੀ ਹਰੇਕ ਠਹਿਰ ਪਾਣੀ ਦੇ ਕਿਸੇ ਝਰਨੇ ਜਾਂ ਨਾਲੇ ਕੋਲ ਹੀ ਹੁੰਦੀ ਹੈ। ਗਾਇਡ ਦੇ ਦੱਸਣ ਮੁਤਾਬਿਕ ਅੱਗੇ ਜਾ ਕੇ ਅਸੀਂ ਬਰਫ ਦਾ ਬਣਿਆ ਹੋਇਆ ਪੁਲ ਪਾਰ ਕਰਨਾ ਸੀ। ਥੋੜ੍ਹਾ ਤੁਰਨ ਤੋਂ ਬਾਅਦ ਇਸ ਗਲੇਸ਼ੀਆ ’ਤੇ ਪਹੁੰਚ ਗਏ। ਇਹ ਸਾਡੇ ਲਈ ਕਮਾਲ ਦਾ ਦ੍ਰਿਸ਼ ਸੀ। ਬਰਫ ਦਾ ਬਹੁਤ ਵੱਡਾ ਗਲੇਸ਼ੀਆ ਸੀ, ਜਿਸ ਦੇ ਥੱਲੇ ਦੀ ਕੈਂਤਲ ਨਾਲ ਵਗ ਰਿਹਾ ਸੀ।

ਅਸੀਂ ਪਹਿਲੀ ਵਾਰ ਪਾਣੀ ਦੇ ਥੱਲੇ ਦੀ ਪਾਣੀ ਲੰਘਦਾ ਦੇਖ ਰਹੇ ਸੀ। ਪਾਣੀ ਦੀ ਗਤੀ ਬਹੁਤ ਤੇਜ਼ ਸੀ, ਪਰ ਉਹ ਫਿਰ ਵੀ ਪੁਲ ਦੇ ਕੰਢੇ ਨਹੀਂ ਖੋਰ ਰਿਹਾ ਸੀ। ਅਸੀਂ ਕਿੰਨਾ ਹੀ ਸਮਾਂ ਇਸ ਪੁਲ ਨੂੰ ਦੇਖਦੇ ਰਹੇ। ਜ਼ਿੰਦਗੀ ’ਚ ਪਹਿਲੀ ਵਾਰ ਦੇਖਿਆ ਬਰਫ ਦਾ ਪੁਲ। ਇਸ ਟਰੈਕ ਦਾ ਹੁਣ ਤੱਕ ਦਾ ਸਭ ਤੋਂ ਅਦਭੁੱਤ ਨਜ਼ਾਰਾ।

ਫਿਰ ਸਾਨੂੰ ਗਾਇਡ ਨੇ ਦੱਸਿਆ ਕਿ ਇਹ ਪੁਲ ਹੋਰ ਦਸ-ਪੰਦਰਾਂ ਦਿਨਾਂ ਤੱਕ ਖੁਰ ਜਾਵੇਗਾ। ਇੱਥੇ ਅਸੀਂ ਗਾਇਡ ਤੋਂ ਇਹ ਪੁੱਛਣਾ ਭੁੱਲ ਗਏ ਕਿ ਇਹ ਪੁਲ ਹਰ ਸਾਲ ਬਣਦਾ ਹੈ ਜਾਂ ਪਹਿਲੀ ਵਾਰ ਹੀ ਬਣਿਆ ਹੈ। ਪੁਲ ਪਾਰ ਕਰਨ ਤੋਂ ਬਾਅਦ ਅਸੀਂ ਬਿਲਕੁਲ ਸਿੱਧੇ ਪਹਾੜ ’ਤੇ ਤੁਰਨਾ ਸੀ। ਇਹ ਰਸਤਾ ਸੀ ਤਾਂ ਬਹੁਤ ਥੋੜ੍ਹਾ, ਪਰ ਮੁਸ਼ਕਲ ਬਹੁਤ ਸੀ। ਸਾਨੂੰ ਤੁਰਦੇ-ਤੁਰਦੇ ਸ਼ਾਮ ਹੋ ਗਈ ਸੀ। ਸਾਰੇ ਆਲੇ-ਦੁਆਲੇ ਦਾ ਮਹੌਲ ਬਦਲ ਗਿਆ ਸੀ। ਸੰਘਣੇ ਹਰੇ ਰੰਗ ਦੇ ਪਹਾੜ ਪਿੱਛੇ ਰਹਿਣ ਲੱਗ ਗਏ ਸਨ। ਅਸੀਂ ਕਸ਼ਮੀਰ ਦੀ ਹਰਿਆਲੀ ਤੋਂ ਲਦਾਖ ਦੀ ਖੁਸ਼ਕੀ ਵੱਲ ਵਧ ਰਹੇ ਸੀ। ਵਾਰਵਨ ਵੈਲੀ ਟਰੈਕ ਕਸ਼ਮੀਰ ਅਤੇ ਲਦਾਖ ਨੂੰ ਜੋੜਦਾ ਹੈ। ਇਸ ਟਰੈਕ ਦੀ ਇਹ ਵੀ ਖ਼ੂਬਸੂਰਤੀ ਹੈ ਕਿ ਤੁਸੀਂ ਧਰਾਤਲ ਤੇ ਬਨਸਪਤੀ ਨੂੰ ਬਹੁਤ ਨੇੜੇ ਤੋਂ ਬਦਲਦਾ ਦੇਖਦੇ ਹੋ। ਅੱਗੇ ਜਾ ਕੇ ਬੱਕਰਵਾਲਾ ਦੀ ਹੋਰ ਟੋਲੀ ਮਿਲੀ, ਜੋ ਭੇਡਾਂ ਤੋਂ ਉੱਨ ਲਾਹ ਰਹੀ ਸੀ। ਅਸੀਂ ਸਾਰੇ ਉਹਨਾਂ ਕੋਲ ਰੁਕ ਗਏ। ਕੁਝ ਗੱਲਾਂਬਾਤਾਂ ਕੀਤੀਆਂ ਤਾਂ ਏਨੇ ਨੂੰ ਬੱਕਰਵਾਲ ਸਾਡੇ ਲਈ ਚਾਹ ਬਣਾ ਕੇ ਲੈ ਆਏ। ਅਸੀਂ ਆਵਦੇ ਟਿਕਾਣੇ ਦੇ ਨੇੜੇ ਹੀ ਪਹੁੰਚ ਗਏ ਸੀ ਤਾਂ ਏਸੇ ਲਈ ਸਾਨੂੰ ਜ਼ਿਆਦਾ ਕਾਹਲ ਨਹੀਂ ਸੀ। ਇਨ੍ਹਾਂ ਬੱਕਰਵਾਲਾਂ ਕੋਲ ਕੁਝ ਸਮਾਂ ਰੁਕਣ ਤੋਂ ਬਾਅਦ ਅਸੀਂ ਅੱਗੇ ਤੁਰਨਾ ਸ਼ੁਰੂ ਕੀਤਾ। ਅੱਜ ਫੇਰ ਸਾਨੂੰ ਦੂਰ ਤੋਂ ਦੂਜੀ ਕੰਪਨੀ ਦੇ ਖੱਟੇ ਟੈਂਟ ਦਿਸਣ ਲੱਗ ਗਏ। ਇਹ ਟੈਂਟ ਦੂਰ ਤੋਂ ਏਦਾਂ ਦਿਸ ਰਹੇ ਸੀ, ਜਿਵੇਂ ਪਹਾੜਾਂ ਵਿੱਚ ਅੱਠ-ਦਸ ਬੂਟੇ ਸੂਰਜਮੁਖੀ ਦੇ ਉੱਗ ਆਏ ਹੋਣ। ਅਸੀਂ ਹਨੇਰਾ ਹੋਣ ਤੋਂ ਪਹਿਲਾਂ ਕੈਂਤਲ ਪਹੁੰਚ ਚੁੱਕੇ ਸੀ। ਅਸੀਂ ਆਪਣੇ ਟੈਂਟ ਗੱਡੇ ਅਤੇ ਰਾਤ ਦਾ ਖਾਣਾ ਬਣਾਉਣ ਲੱਗੇ, ਅਸੀਂ ਆਂਡਿਆਂ ਦੀ ਭੁਰਜੀ ਅਤੇ ਮੈਗੀ ਬਣਾ ਕੇ ਖਾਧੀ ਤਾਂ ਏਨੇ ਨੂੰ ਸਾਡਾ ਗਾਇਡ ਸਾਨੂੰ ਕੱਲ੍ਹ ਵਾਲੇ ਸਫਰ ਬਾਰੇ ਜਾਣਕਾਰੀ ਦੇਣ ਲੱਗਾ, ਜੋ ਸਾਡੇ ਟਰੈਕ ਦਾ ਸਭ ਤੋਂ ਔਖਾ ਦਿਨ ਹੋਣ ਵਾਲਾ ਸੀ। ਅਸੀਂ ਸਵੇਰੇ ਦੋ ਵਜੇ ਉੱਠਣਾ ਸੀ ਅਤੇ ਬਰਫ ਦੇ ਦੋ ਵੱਡੇ ਗਲੇਸ਼ੀਅਰ ਪਾਰ ਕਰਨੇ ਸਨ। ਸਾਰੇ ਜਣੇ ਬਹੁਤ ਜਲਦੀ ਸੌਂ ਗਏ। ਸਾਡੇ ਅੱਜ ਦੇ ਟੈਂਟ ਕੈਂਤਲ ਨਾਲੇ ਦੇ ਬਿਲਕੁਲ ਮੁੱਢ ’ਚ ਲੱਗੇ ਸਨ। ਕੱਲ੍ਹ ਜੋ ਪਹਿਲਾ ਗਲੇਸ਼ੀਅਰ ਅਸੀਂ ਪਾਰ ਕਰਨਾ ਸੀ, ਕੈਂਤਲ ਨਾਲਾ ਉਸੇ ਗਲੇਸ਼ੀਅਰ ’ਚ ਨਿਕਲਦਾ ਸੀ।

ਸਵੇਰ ਦੇ ਦੋ ਵਜੇ ਅਬਦੁਲ ਨੇ ਚਾਹ ਬਣਾਈ ਅਤੇ ਸਾਨੂੰ ਉੱਠਣ ਲਈ ਆਵਾਜ਼ ਦਿੱਤੀ। ਅਸੀਂ ਟੈਂਟਾਂ ’ਚੋਂ ਬਾਹਰ ਨਿਕਲੇ ਤਾਂ ਚਾਰ-ਚੁਫੇਰੇ ਹਨੇਰਾ ਪੱਸਰਿਆ ਹੋਇਆ ਸੀ। ਅਸਮਾਨ ਸੰਘਣੇ ਤਾਰਿਆਂ ਨਾਲ ਭਰਿਆ ਹੋਇਆ ਸੀ। ਗਲੇਸ਼ੀਅਰਾਂ ਨੂੰ ਖਹਿ ਕੇ ਸਾਡੇ ਤੱਕ ਪਹੁੰਚਦੀ ਹਵਾ ’ਚ ਠੰਢਕ ਸੀ। ਅਸੀਂ ਗਰਮ ਕੱਪੜੇ ਪਾਏ, ਚਾਹ ਪੀਤੀ। ਸਾਨੂੰ ਤੁਰਦਿਆਂ ਨੂੰ ਸਵੇਰ ਦੇ ਚਾਰ ਵੱਜ ਚੁੱਕੇ ਸਨ। ਸਭ ਨੇ ਮੋਢਿਆਂ ’ਤੇ ਪਿੱਠੂ ਬੈਗ ਚੁੱਕ ਲਏ ਅਤੇ ਮੱਥਿਆਂ ’ਤੇ ਲਾਇਟਾਂ ਲਾ ਲਈਆਂ। ਟਰੈਕਿੰਗ ਕਰਨ ਲਈ ਇਹ ਸਪੈਸ਼ਲ ਲਾਇਟਾਂ ਹੁੰਦੀਆਂ ਹਨ, ਜੋ ਇੱਕ ਬੈਲਟ ਦੀ ਮਦਦ ਨਾਲ ਮੱਥਿਆਂ ’ਤੇ ਲੱਗ ਜਾਂਦੀਆਂ ਹਨ, ਜਿਸ ਨਾਲ ਥੋਡੇ ਦੋਨੋਂ ਹੱਥ ਵਿਹਲੇ ਰਹਿੰਦੇ ਹਨ।

ਹਨੇਰੇ ’ਚ ਤੁਰਦਿਆਂ-ਤੁਰਦਿਆਂ ਦਿਨ ਚੜ੍ਹ ਚੁੱਕਾ ਸੀ। ਚਾਨਣ ਹੋਣ ’ਤੇ ਸਾਨੂੰ ਸਾਹਮਣੇ ਚਿੱਟੇ ਰੰਗ ਦਾ ਪਹਾੜ ਦਿਸ ਰਿਹਾ ਸੀ, ਜੋ ਅਸਲ ’ਚ ਬਰਫ ਦਾ ਬਹੁਤ ਵੱਡਾ ਗਲੇਸ਼ੀਅਰ ਸੀ। ਦੋ ਕੁ ਘੰਟੇ ਲਗਾਤਾਰ ਤੁਰਨ ਤੋਂ ਬਾਅਦ ਮੇਰਾ ਪਹਿਲਾ ਪੈਰ ਬਰਫ ਤੇ ਗਲੇਸ਼ੀਅਰ ’ਤੇ ਟਿਕਿਆ। ਇਹ ਗਲੇਸ਼ੀਅਰ ’ਤੇ ਤੁਰਨ ਦਾ ਮੇਰਾ ਜ਼ਿੰਦਗੀ ਦਾ ਪਹਿਲਾ ਤਜਰਬਾ ਸੀ। ਬਰਫ ਦੇ ਵਿੱਚ ਘਾਹ ਅਤੇ ਬਾਰੀਕ ਪੱਥਰ ਰਲ ਜਾਣ ਕਾਰਨ ਬਰਫ ’ਚ ਕਾਲੇ ਰੰਗ ਦੀ ਭਾਅ ਮਾਰਦੀ ਸੀ। ਸਾਨੂੰ ਗਾਇਡ ਨੇ ਇੱਕਠੇ ਹੋਕੇ ਤੁਰਨ ਲਈ ਕਿਹਾ ਤਾਂ ਕਿ ਅਸੀਂ ਸੁਰੱਖਿਅਤ ਰਹਿ ਕੇ ਇਹ ਗਲੇਸ਼ੀਅਰ ਪਾਰ ਕਰ ਸਕੀਏ। ਗਲੇਸ਼ੀਅਰ ਵਿੱਚ ਕਈ ਥਾਵਾਂ ’ਤੇ ਬਹੁਤ ਡੂੰਘੇ ਪਾੜ ਪਏ ਹੋਏ ਸਨ, ਜਿਨ੍ਹਾ ਨੂੰ ਕਾਰਵਾਸ ਕਿਹਾ ਜਾਂਦਾ ਹੈ, ਇਹ ਕਾਰਵਾਸ ਕਈ ਸੌ ਫੁੱਟ ਡੂੰਘੇ ਹੁੰਦੇ ਸਨ। ਗਲੇਸ਼ੀਅਰ ’ਤੇ ਤੁਰਨ ਵੇਲੇ ਸਭ ਤੋਂ ਜ਼ਰੂਰੀ ਇਹੀ ਹੁੰਦਾ ਹੈ ਕਿ ਤੁਹਾਡਾ ਪੈਰ ਕਾਰਵਾਸ ’ਚ ਨਾ ਪੈ ਜਾਵੇ। ਇਹ ਬਰਫ ਦਾ ਗਲੇਸ਼ੀਅਰ ਪਹਾੜ ਵਾਂਗ ਸੀ। ਅਸੀਂ ਇਕ-ਦੂਜੇ ਦਾ ਹੱਥ ਫੜ ਕੇ ਹੌਲੀ-ਹੌਲੀ ਉਪਰ ਵੱਲ ਚੜ੍ਹਨਾ ਸ਼ੁਰੂ ਕੀਤਾ। ਧੁੱਪ ਕਾਫੀ ਨਿਕਲ ਆਈ ਸੀ, ਜਿਸ ਕਾਰਨ ਬਰਫ ਖੁਰਨ ਲੱਗੀ ਅਤੇ ਬਰਫ ’ਤੇ ਵਗ ਰਹੇ ਪਾਣੀ ਦੇ ਛੋਟੇ-ਛੋਟੇ ਨਾਲੇ ਵਧਣ ਲੱਗੇ। ਸਾਨੂੰ ਗਾਇਡ ਨੇ ਦੱਸਿਆ ਕਿ ਕਈ ਵਾਰ ਧੁੱਪ ਜ਼ਿਆਦਾ ਹੋਣ ਨਾਲ ਕਾਰਵਾਸ ਦਾ ਅਕਾਰ ਵੱਡਾ ਹੋ ਜਾਂਦਾ ਹੈ, ਸਫਰ ਰੋਕਣਾ ਪੈ ਜਾਂਦਾ ਹੈ। ਸਾਡੇ ਅੱਜ ਦੇ ਸਫਰ ਦਾ ਸਭ ਤੋਂ ਔਖਾ ਕੰਮ ਸੀ। ਗਲੇਸ਼ੀਅਰਾਂ ਤੋਂ ਪਾਰ ਵਗਦਾ ਇਕ ਨਾਲਾ ਜੋ ਇਸੇ ਗਲੇਸ਼ੀਅਰ ’ਚ ਨਿਕਲਦਾ ਸੀ। ਗਾਇਡ ਦੇ ਦੱਸਣ ਮੁਤਾਬਿਕ ਦੁਪਹਿਰ ਦੋ ਵਜੇ ਤੋਂ ਬਾਅਦ ਬਰਫ ਪਿਘਲਣ ਕਾਰਨ ਉਹ ਨਾਲਾ ਏਨਾ ਵੱਡਾ ਹੋ ਜਾਂਦਾ ਹੈ ਕਿ ਪਾਰ ਕਰਨਾ ਮੁਸ਼ਕਲ ਹੈ, ਅਸੀਂ ਉਹ ਨਾਲਾ ਦੋ ਵਜੇ ਤੋਂ ਪਹਿਲਾਂ ਪਾਰ ਕਰਨਾ ਸੀ। ਬਰਫ ਦਾ ਪਹਾੜ ਚੜ੍ਹਦੇ-ਚੜ੍ਹਦੇ ਅਸੀਂ ਬਿਲਕੁਲ ਸਿਖਰ ’ਤੇ ਪਹੁੰਚ ਗਏ। ਹੁਣ ਸਾਡੇ ਸਾਹਮਣੇ ਇਕ ਹੋਰ ਮੁਸ਼ਕਲ ਸੀ। ਉੱਪਰ ਜਾ ਕੇ ਗਲੇਸ਼ੀਅਰ ਬਿਲਕੁਲ ਸਾਫ ਤੇ ਪੱਧਰਾ ਹੋ ਚੁੱਕਾ ਸੀ। ਧੁੱਪ ਨਾਲ ਬਰਫ ਪਿਘਲ ਗਈ ਸੀ, ਜਿਸ ਕਰਕੇ ਬਹੁਤ ਜ਼ਿਆਦਾ ਤਿਲਕਣ ਹੋ ਗਈ ਸੀ। ਥੱਲਿਉਂ ਗਲੇਸ਼ੀਅਰ ਚੜ੍ਹਦੇ ਸਮੇਂ ਕਾਰਵਾਸ ਤਰੇੜਾਂ ਦੇ ਰੂਪ ’ਚ ਸੀ, ਪਰ ਇੱਥੇ ਖੂਹਾਂ ਵਾਂਗ ਗੋਲਾਕਾਰ ਕਾਰਵਾਸ ਢਾਈ-ਤਿੰਨ ਸੌ ਫੁੱਟ ਡੂੰਘੇ ਸਨ। ਅਸੀਂ ਇੱਥੇ ਕਈ ਵਾਰ ਤਿਲਕ ਕੇ ਡਿੱਗੇ, ਪਰ ਬਹੁਤ ਜ਼ਿਆਦਾ ਸਾਵਧਾਨੀ ਵਰਤਦੇ ਹੋਏ ਗਲੇਸ਼ੀਅਰ ਦਾ ਇਹ ਖਤਰਨਾਕ ਹਿੱਸਾ ਪਾਰ ਕਰ ਗਏ। ਹੁਣ ਸਾਡੇ ਖੱਬੇ ਹੱਥ ਸੁੱਕੇ ਪਹਾੜ ਸਨ ਅਤੇ ਸੱਜੇ ਹੱਥ ਬਰਫ ਦਾ ਵੱਡਾ ਗਲੇਸ਼ੀਅਰ। ਅਸੀਂ ਅੱਗੇ ਜਾ ਕੇ ਖੱਬੇ ਪਾਸੇ ਸੁੱਕੇ ਪਹਾੜਾਂ ਵੱਲ ਮੁੜਨਾ ਸੀ, ਜੋ ਇਸ ਗਲੇਸ਼ੀਅਰ ਤੋਂ ਬਹੁਤ ਉੱਚਾ ਦਿਸ ਰਿਹਾ ਸੀ। ਗਾਇਡ ਨੇ ਦੱਸਿਆ ਕਿ ਅਸੀਂ ਇਕ ਗਲੇਸ਼ੀਅਰ ਪਾਰ ਕਰ ਗਏ ਹਾਂ। ਅਸੀਂ ਕੁਝ ਸਮਾਂ ਰੁਕ ਕੇ ਸਾਹ ਲਿਆ ਅਤੇ ਪਹਾੜ ਦੀ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ। ਰਸਤੇ ’ਚ ਕਈ ਟਰੈਕਰ ਆਕਸੀਜਨ ਘਟਣ ਕਾਰਨ ਪਰੇਸ਼ਾਨ ਸਨ। ਕੁਝ ਨੂੰ ਗਾਇਡ ਆਪ ਸਹਾਰਾ ਦੇ ਕੇ ਤੋਰ ਰਹੇ ਸਨ। ਮੈਨੂੰ ਇੱਕ ਚੱਕਰ ਆਇਆ ਤੇ ਮੈਂ ਬੈਠ ਕੇ ਕੁਝ ਸਮਾਂ ਸਾਹ ਲਿਆ, ਪਾਣੀ ਪੀਤਾ ਅਤੇ ਤੁਰਨਾ ਸ਼ੁਰੂ ਕਰ ਦਿੱਤਾ। ਸਾਡੇ ਕੋਲ ਵਾਪਸ ਮੁੜਨ ਦਾ ਕੋਈ ਰਾਹ ਨਹੀਂ ਸੀ, ਨਾ ਹੀ ਏਥੇ ਜ਼ਿਆਦਾ ਸਮਾਂ ਰੁਕ ਸਕਦੇ ਸੀ। ਏਸੇ ਲਈ ਤੁਰਨਾ ਹੀ ਪੈਣਾ ਸੀ ਅਤੇ ਅਸੀਂ ਲਗਾਤਾਰ ਤੁਰਦੇ ਰਹੇ।

ਸਿਕੰਦਰ ਸਭ ਤੋਂ ਅੱਗੇ ਸੀ। ਉਸ ਦੇ ਮਗਰ ਘੁੱਦਾ ਸਿੰਘ, ਵਿਚਕਾਰ ਮੈਂ ਅਤੇ ਮੇਰੇ ਮਗਰ ਅਰਸ਼ਦੀਪ ਅਤੇ ਰੇਸ਼ਮ ਗੋਦਾਰਾ ਸੀ। ਸਭ ਤੋਂ ਪਹਿਲਾਂ ਉੱਪਰ ਜਾ ਕੇ ਸਿਕੰਦਰ ਨੇ “ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ” ਦਾ ਜੈਕਾਰਾ ਲਾਇਆ, ਜਿਸ ਨਾਲ ਸਾਨੂੰ ਮਗਰਲਿਆਂ ਨੂੰ ਪਤਾ ਲੱਗ ਗਿਆ ਕਿ ਅਸੀਂ ਇਹ ਚੜ੍ਹਾਈ ਸਰ ਕਰ ਲਈ ਹੈ।

ਲੱਗਭੱਗ ਚਾਲੀ ਮਿੰਟ ’ਚ ਅਸੀਂ ਇਹ ਪਹਾੜ ਚੜ੍ਹ ਗਏ। ਉੱਪਰ ਕੁਝ ਹੋਰ ਟਰੈਕਰ ਰੁਕੇ ਹੋਏ ਸਨ, ਜਿਨ੍ਹਾਂ ’ਚ ਕੁਝ ਮਗਰ ਰਹਿ ਗਏ ਆਪਣੇ ਸਾਥੀਆਂ ਨੂੰ ਉਡੀਕ ਰਹੇ ਸਨ ਅਤੇ ਕੁਝ ਖਾਣਾ ਖਾ ਰਹੇ ਸਨ। ਅਸੀਂ ਸਾਰਿਆਂ ਨੇ ਆਪਣੇ ਪਿੱਠੂ ਬੈਗ ਲਾਹੇ ਅਤੇ ਅਰਾਮ ਕਰਨ ਲੱਗੇ। ਅਬਦੁਲ ਨੇ ਸਾਡੇ ਸਾਰਿਆਂ ਲਈ ਚਾਹ ਬਣਾਈ। ਅਸੀਂ ਚਾਹ ਪੀ ਕੇ ਅਤੇ ਨਾਲ ਥੋੜ੍ਹੇ ਬਿਸਕੁਟ ਖਾ ਕੇ ਫਿਰ ਅੱਗੇ ਲਈ ਤੁਰ ਪਏ। ਸਾਹਮਣੇ ਇੱਕ ਹੋਰ ਪਹਾੜੀ ਦੀ ਸਿਖਰ ਸਾਨੂੰ ਉਡੀਕ ਰਹੀ ਸੀ। ਅਸੀਂ ਲੱਗਭੱਗ ਸਮੁੰਦਰੀ ਤਲ ਤੋਂ 4200 ਮੀਟਰ ਦੀ ਉਚਾਈ ’ਤੇ ਸੀ। ਬਿਲਕੁਲ ਖੁਸ਼ਕ ਅਤੇ ਸੁੱਕੇ ਪਹਾੜ ਸਨ, ਜਿਸ ਕਾਰਨ ਆਕਸੀਜਨ ਦੀ ਕਾਫੀ ਕਮੀ ਮਹਿਸੂਸ ਹੋ ਰਹੀ ਸੀ। ਅਸੀਂ ਕਸ਼ਮੀਰ ਤੋਂ ਲਦਾਖ ’ਚ ਦਾਖਲ ਹੋ ਰਹੇ ਸੀ। ਸਭ ਨੂੰ ਸਾਹ ਲੈਣ ਵਿੱਚ ਕੁਝ ਤਕਲੀਫ ਆ ਰਹੀ ਸੀ। ਅਸੀਂ ਹੌਲੀ-ਹੌਲੀ ਤੁਰਦੇ ਹੋਏ ਇਹ ਅਗਲੀ ਚੋਟੀ ਵੀ ਚੜ੍ਹ ਗਏ। ਹੁਣ ਅਸੀਂ ਹੌਲੀ-ਹੌਲੀ ਥੱਲੇ ਨੂੰ ਉਤਰਨਾ ਸ਼ੁਰੂ ਕੀਤਾ, ਸਾਡੇ ਪੈਰਾਂ ਥੱਲੇ ਬਰਫ ਦਾ ਦੂਜਾ ਗਲੇਸ਼ੀਅਰ ਸੀ। ਅਚਾਨਕ ਹੀ ਮੌਸਮ ਖਰਾਬ ਹੋ ਗਿਆ ਤਾਂ ਅਸੀਂ ਸਭ ਨੇ ਰੇਨ ਕੋਟ ਪਹਿਨ ਲਏ। ਹੁਣ ਤੁਰਨ ਲਈ ਜਗ੍ਹਾ ਪੱਧਰੀ ਸੀ, ਪਰ ਮੀਂਹ ਕਾਰਨ ਥੋੜ੍ਹੀ ਸਮੱਸਿਆ ਆ ਰਹੀ ਸੀ। ਸਾਡੇ ਸੱਜੇ ਹੱਥ ਉੱਚੇ ਪਹਾੜ ਸਨ ਤੇ ਖੱਬੇ ਹੱਥ ਬਰਫ ਦਾ ਉੱਚਾ ਗਲੇਸ਼ੀਅਰ, ਜਿਸ ’ਚ ਝਰਨੇ ਦੀ ਤਰ੍ਹਾਂ ਬਰਫ ਵਗ ਰਹੀ ਸੀ। ਇਹ ਵਗੀ ਹੋਈ ਬਰਫ ਹੀ ਅੱਗੇ ਜਾ ਕੇ ਇੱਕ ਜੰਮੀ ਹੋਈ ਨਦੀ ਦਾ ਰੂਪ ਲੈਂਦੀ ਸੀ, ਜਿਸ ਨੂੰ ਅਜੇ ਅਸੀਂ ਪਾਰ ਕਰਨਾ ਸੀ। ਸਾਰੇ ਟਰੈਕਰ ਅਰਾਮ ਨਾਲ ਤੁਰ ਰਹੇ ਸਨ ਕਿ ਅਚਾਨਕ ਬਹੁਤ ਉੱਚੀ ਖੜਕਾ ਹੋਣ ਲੱਗਾ, ਅਸੀਂ ਪਿੱਛੇ ਦੇਖਿਆ ਤਾਂ ਇੱਕ ਪੂਰਾ ਪਹਾੜ ਹੀ ਟੁੱਟ ਕਿ ਥੱਲੇ ਆ ਰਿਹਾ ਸੀ। ਸਾਰੇ ਜਣੇ ਸਹਿਮ ਗਏ ਅਤੇ ਦੂਰ ਤੋਂ ਟੁੱਟਦੇ ਪਹਾੜ ਦੇਖਣ ਲੱਗੇ। ਮੇਰੇ ਤੇ ਘੁੱਦੇ ਲਈ ਇਹ ਘਟਨਾ ਨਵੀਂ ਨਹੀਂ ਸੀ, ਪਰ ਬਹੁਤ ਟਰੈਕਰ ਇਹ ਸਭ ਪਹਿਲੀ ਵਾਰ ਦੇਖ ਰਹੇ ਸਨ। ਏਨੇ ਨੂੰ ਸਾਡੇ ਨਾਲ ਦੀ ਦੂਜੀ ਟੀਮ ’ਚ ਹਫੜਾ-ਦਫੜੀ ਮਚ ਗਈ, ਕਿਉਂਕਿ ਉਹਨਾਂ ਦੀ ਟੀਮ ਦੇ ਕੁਝ ਮੈਂਬਰ ਉਸੇ ਜਗ੍ਹਾ ’ਤੇ ਸਨ, ਜਿੱਥੇ ਇਹ ਪਹਾੜ ਟੁੱਟ ਕੇ ਡਿੱਗਿਆ ਸੀ, ਪਰ ਕੁਝ ਹੀ ਸਮੇਂ ਬਾਅਦ ਉਹਨਾਂ ਮੈਂਬਰਾਂ ਨੇ ਆਪਣੇ ਹੱਥ ਖੜ੍ਹੇ ਕਰਕੇ ਸਭ ਕੁਝ ਸਹੀ ਹੋਣ ਦਾ ਸੰਕੇਤ ਦਿੱਤਾ। ਸਭ ਸਹੀ ਹੋਣ ’ਤੇ ਸਾਰੇ ਜਣਿਆਂ ਨੇ ਫਿਰ ਅੱਗੇ ਤੁਰਨਾ ਸ਼ੁਰੂ ਕੀਤਾ। ਹੁਣ ਸਾਡੇ ਸਾਹਮਣੇ ਇਸ ਟਰੈਕ ਦੀ ਸਭ ਤੋਂ ਵੱਡੀ ਚੁਣੌਤੀ ਸੀ, ਬਰਫ ਦੇ ਗਲੇਸ਼ੀਅਰ ਵਿੱਚ ਦੀ ਵਗਦਾ ਨਾਲਾ ਪਾਰ ਕਰਨਾ। ਮੀਂਹ ਕਾਫੀ ਵਧ ਗਿਆ ਸੀ, ਜਿਸ ਨਾਲ ਇਸ ਨਾਲੇ ’ਚ ਪਾਣੀ ਦਾ ਲੈਵਲ ਵਧ ਗਿਆ। ਇੱਥੇ ਸਾਡੇ ਨਾਲ ਇਕ ਹੋਰ ਗਰੁੱਪ ਰਲ ਗਿਆ। ਸ਼ੁਰੂ ਤੋਂ ਹੀ ਸਾਡੇ ਅੱਗੇ-ਅੱਗੇ ਚੱਲ ਰਿਹਾ ਸੀ।

ਅਸੀਂ ਕਈ ਥਾਵਾਂ ਤੋਂ ਨਾਲਾ ਪਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਪਾਣੀ ਦੇ ਵਹਾਅ ਕਾਰਨ ਕਾਮਯਾਬ ਨਾ ਹੋ ਸਕੇ। ਅੱਗੇ ਜਾ ਕੇ ਅਸੀਂ ਇੱਕ ਵੱਡਾ ਪੱਥਰ ਨਾਲੇ ’ਚ ਰੋੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਕਿ ਰਸਤਾ ਬਣ ਸਕੇ, ਪਰ ਪੰਜ-ਛੇ ਜਣੇ ਰਲ ਕੇ ਵੀ ਉਹ ਪੱਥਰ ਨੂੰ ਆਪਣੀ ਜਗ੍ਹਾ ਤੋਂ ਹਿਲਾ ਨਾ ਸਕੇ। ਸਾਡੇ ਟਰੈਕ ਦੀ ਇਹ ਸਭ ਤੋਂ ਔਖੀ ਅਤੇ ਖਤਰਨਾਕ ਜਗ੍ਹਾ ਸੀ। ਤੁਰਦੇ-ਤੁਰਦੇ ਅਸੀਂ ਨਾਲੇ ਦੇ ਬਿਲਕੁਲ ਅਖੀਰ ’ਤੇ ਪਹੁੰਚ ਗਏ, ਜਿਸ ਤੋਂ ਅੱਗੇ ਇਹ ਨਾਲਾ ਇਕ ਵੱਡੀ ਅਤੇ ਡੂੰਘੀ ਝੀਲ ਵਿੱਚ ਬਦਲ ਜਾਂਦਾ ਸੀ। ਮੌਸਮ ਖਰਾਬ ਸੀ, ਮੀਂਹ ਤੇਜ਼ ਹੋ ਰਿਹਾ ਸੀ। ਸਾਡੇ ਕੋਲ ਹੁਣ ਨਾਲਾ ਪਾਰ ਕਰਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ। ਸਾਡੇ ਦੂਜੇ ਗਰੁੱਪ ਵਿੱਚ ਚਾਰ ਕੁੜੀਆਂ ਸਨ, ਜਿਨ੍ਹਾਂ ’ਚ ਇੱਕ ਕੁੜੀ ਬਹੁਤ ਜ਼ਿਆਦਾ ਡਰੀ ਹੋਈ ਸੀ। ਸਭ ਤੋਂ ਪਹਿਲਾਂ ਸਾਡਾ ਗਾਈਡ ਇਸ ਨਾਲੇ ਵਿੱਚ ਉਤਰਿਆ ਅਤੇ ਪਾਰ ਚਲਾ ਗਿਆ, ਉਸ ਤੋਂ ਬਾਅਦ ਸਿਕੰਦਰ, ਰੇਸ਼ਮ, ਅਰਸ਼, ਘੁੱਦਾ ਅਤੇ ਮੈਂ ਅਸੀਂ ਸਭ ਨੇ ਇੱਕ-ਦੂਜੇ ਦੇ ਹੱਥ ਫੜੇ ਅਤੇ ਲੰਮੀ ਲਾਈਨ ਬਣਾ ਕਿ ਨਾਲੇ ’ਚ ਉੱਤਰ ਗਏ। ਨਾਲੇ ਦਾ ਪਾਣੀ ਏਨਾ ਠੰਢਾ ਸੀ ਕਿ ਸਾਡੀਆਂ ਜਿੰਨੀਆਂ ਲੱਤਾਂ ਪਾਣੀ ’ਚ ਡੁੱਬੀਆਂ ਸਨ, ਉਹ ਸੁੰਨ ਹੋ ਗਈਆਂ ਸਨ। ਅਸੀਂ ਸਭ ਨੇ ਹਿੰਮਤ ਨਾਲ ਉਹ ਨਾਲਾ ਪਾਰ ਕੀਤਾ। ਨਾਲਾ ਪਾਰ ਕਰਦੇ ਸਮੇਂ ਅਸੀਂ ਕਈ ਵਾਰ ਤਿਲਕੇ, ਪਰ ਡਿੱਗਣ ਤੋਂ ਬਚ ਗਏ। ਨਾਲੇ ਦੇ ਥੱਲੇ ਅਤੇ ਸੱਜੇ-ਖੱਬੇ ਸਭ ਪਾਸੇ ਬਰਫ ਹੀ ਬਰਫ ਸੀ। ਨਾਲਾ ਪਾਰ ਕਰਨ ਤੋਂ ਬਾਅਦ ਵੀ ਸਾਨੂੰ ਬਰਫ ਦੇ ਗਲੇਸ਼ੀਅਰ ’ਤੇ ਹੀ ਖੜਨਾ ਪੈਣਾ ਸੀ। ਪੈਰਾਂ ਦੀਆਂ ਤਲੀਆਂ ਸੁੰਨ ਹੋ ਚੁੱਕੀਆਂ ਸਨ। ਪੈਰਾਂ ਵਿੱਚ ਬੂਟ ਪਾਉਣੇ ਵੀ ਮੁਸ਼ਕਲ ਹੋ ਗਏ ਸਨ। ਨਾਲਾ ਪਾਰ ਕਰਨ ਤੋਂ ਬੂਟ ਪਾਉਣ ਤੱਕ ਦੀ ਸਾਰੀ ਘਟਨਾ ਦਸ-ਪੰਦਰਾਂ ਮਿੰਟ ਦੀ ਹੋਵੇਗੀ, ਪਰ ਇਹ ਪੰਦਰਾਂ ਮਿੰਟਾਂ ਅੱਗੇ ਪੂਰੇ ਟਰੈਕ ਦੀ ਤਕਲੀਫ ਛੋਟੀ ਲਗਦੀ ਸੀ। ਦੋਵਾਂ ਟੀਮਾਂ ਨੇ ਬਿਨਾਂ ਕਿਸੇ ਵੱਡੇ ਨੁਕਸਾਨ ਤੋਂ ਇਹ ਨਾਲਾ ਪਾਰ ਕਰ ਲਿਆ, ਪਰ ਅਸੀਂ ਅਜੇ ਵੀ ਬਰਫ ਦੇ ਗਲੇਸ਼ੀਅਰ ’ਤੇ ਹੀ ਤੁਰ ਰਹੇ ਸੀ। ਸਾਡੇ ਗਾਈਡ ਦੇ ਦੱਸਣ ਮੁਤਾਬਕ ਇਹ ਗਲੇਸ਼ੀਅਰ ਸੌ ਫੁੱਟ ਡੂੰਘਾ ਸੀ। ਉੱਪਰ ਪਹਾੜਾਂ ’ਤੇ ਤਾਜ਼ੀ ਬਰਫ ਪੈ ਗਈ ਸੀ। ਸਾਡੇ ਵਿੰਹਦੇ-ਵਿੰਹਦੇ ਹੀ ਸੁਰਮਈ ਪਹਾੜ ਚਿੱਟੇ ਹੋ ਗਏ ਸਨ, ਇੰਜ ਲਗਦਾ ਸੀ, ਜਿਵੇਂ ਕਿਸੇ ਨੇ ਪਹਾੜਾਂ ’ਤੇ ਚਿੱਟੀਆਂ ਚਾਦਰਾਂ ਸੁੱਕਣੀਆਂ ਪਾ ਦਿੱਤੀਆਂ ਹੋਣ। ਹੁਣ ਅੱਗੇ ਦਾ ਰਸਤਾ ਬਹੁਤ ਸੌਖਾ ਸੀ, ਪਰ ਫਿਰ ਵੀ ਪਹਾੜਾਂ ਵਿੱਚ ਨਿੱਕੇ-ਨਿੱਕੇ ਡਰ ਬਣੇ ਰਹਿੰਦੇ ਹਨ। ਚਾਰ ਕੁ ਕਿਲੋਮੀਟਰ ਅਸੀਂ ਇਕ ਪਹਾੜ ਦੇ ਬਿਲਕੁਲ ਥੱਲੇ ਤੁਰ ਕੇ ਜਾਣਾ ਸੀ, ਜਿਸ ਤੋਂ ਟਾਂਵੇਂ-ਟਾਂਵੇਂ ਪੱਥਰ ਡਿੱਗਦੇ ਰਹਿੰਦੇ ਹਨ। ਦਿਨ ਆਪਣੇ ਅਸਤ ਹੋਣ ਵੱਲ ਵਧ ਰਿਹਾ ਸੀ ਅਤੇ ਅਸੀਂ ਆਪਣੀ ਮੰਜ਼ਲ ਵੱਲ ਵਧ ਰਹੇ ਸਾਂ। ਸਾਡਾ ਅੱਜ ਦਾ ਟਿਕਾਣਾ ਕਾਲਾਪੜੀ ਨਾਂਅ ਦੀ ਜਗ੍ਹਾ ’ਤੇ ਸੀ, ਜੋ ਸਾਨੂੰ ਸਾਹਮਣੇ ਦਿਸ ਰਿਹਾ ਸੀ। ਹੁਣ ਅਸੀਂ ਬਰਫਾਂ ਤੋਂ ਸੁੱਕੇ ਪਹਾੜਾਂ ਵੱਲ ਵਧ ਰਹੇ ਸੀ। ਹੋਰ ਘੰਟੇ ਦਾ ਸਫਰ ਕਰਕੇ ਅਸੀਂ ਕਾਲਾਪੜੀ ਪਹੁੰਚ ਗਏ। ਅਸੀਂ ਸਾਰੇ ਬਹੁਤ ਖੁਸ਼ ਸੀ, ਕਿਉਂਕਿ ਜੋ ਸਫਰ ਅਸੀਂ ਅੱਜ ਕਰਕੇ ਆਏ ਸੀ, ਉਹ ਇਸ ਟਰੈਕ ਦਾ ਸਭ ਤੋਂ ਔਖਾ ਸਫਰ ਸੀ। ਇਹ ਰਾਤ ਸਾਡੇ ਇਸ ਟਰੈਕ ਦੀ ਅਖੀਰਲੀ ਰਾਤ ਸੀ। ਕੱਲ੍ਹ ਦੁਪਹਿਰ ਤੱਕ ਅਸੀਂ ਇਹ ਟਰੈਕ ਮੁਕੰਮਲ ਕਰ ਲੈਣਾ ਸੀ। ਸਾਰਿਆ ਜਣਿਆਂ ਨੇ ਖਾਣਾ ਖਾਧਾ ਤੇ ਫਿਰ ਅੱਧੀ ਰਾਤ ਤੱਕ ਤਾਸ਼ ਖੇਡੀ। ਸਵੇਰੇ ਉੱਠਣ ਦੀ ਕਿਸੇ ਨੂੰ ਕੋਈ ਜਲਦੀ ਨਹੀਂ ਸੀ। ਸਾਡਾ ਅਗਲਾ ਸਫਰ ਅੱਧੇ ਕੁ ਦਿਨ ਦਾ ਬਚਿਆ ਸੀ। ਦਿਨ ਚੜ੍ਹ ਗਿਆ ਸੀ, ਅੱਜ ਦਾ ਸਫਰ ਕਾਲਾਪੜੀ ਤੋਂ ਪਾਨੀਖਰ ਤੱਕ ਸੋਲਾਂ ਕਿਲੋਮੀਟਰ ਦਾ ਸਫਰ ਕਰਨਾ ਸੀ। ਸਾਡਾ ਅੱਜ ਦਾ ਸਾਰਾ ਸਫਰ ਨਿਵਾਣ ਵੱਲ ਸੀ। ਅਸੀਂ ਕਾਲਾਪੜੀ ਤੋਂ ਚੱਲ ਕਿ ਦੋ ਕੁ ਘੰਟਿਆਂ ਤੱਕ ਦਨੋਰਾ ਕੈਂਪ ਸਾਇਟ ਪਹੁੰਚ ਗਏ। ਦਨੋਰਾ ਵੀ ਰੁਕਣ ਲਈ ਜਗ੍ਹਾ ਬਣੀ ਹੋਈ ਹੈ, ਕਈ ਪ੍ਰਾਈਵੇਟ ਕੰਪਨੀਆਂ ਆਪਣੇ ਟਰੈਕਰਾਂ ਨੂੰ ਇਸ ਜਗ੍ਹਾ ਵੀ ਇਕ ਰਾਤ ਰੱਖਦੀਆਂ ਹਨ। ਅਸੀਂ ਸੁੱਕੇ ਪਹਾੜਾਂ ਤੋਂ ਵਾਪਸ ਹਰੇ ਪਹਾੜਾਂ ਵੱਲ ਆ ਰਹੇ ਸੀ। ਰਸਤੇ ’ਚ ਕਈ ਨਾਲੇ ਵਗ ਰਹੇ ਸਨ, ਜੋ ਪਾਰ ਕਰਨੇ ਜ਼ਿਆਦਾ ਔਖੇ ਨਹੀਂ ਸਨ। ਦਨੋਰਾ ਕੈਂਪ ਤੋਂ ਪਹਾੜਾਂ ਦਾ ਬਹੁਤ ਸੋਹਣਾ ਝਾਕਾ ਦਿਸਦਾ ਹੈ। ਇੱਥੇ ਆ ਕੇ ਬੰਦਾ ਫਿਰ ਕੁਦਰਤ ਦੀਆਂ ਰੰਗੀਨੀਆਂ ਵਿੱਚ ਗਵਾਚ ਜਾਂਦਾ ਹੈ। ਅਸੀਂ ਬਹੁਤ ਅਰਾਮ ਨਾਲ ਤੁਰ ਰਹੇ ਸੀ, ਇਕ ਤਾਂ ਸਫਰ ਬਿਲਕੁਲ ਪੱਧਰੇ ਰਾਹਾਂ ਦਾ ਸੀ ਤੇ ਦੂਜਾ ਟਰੈਕ ਪੂਰਾ ਕਰਨ ਦਾ ਹੌਸਲਾ ਸੀ।

ਅਸੀਂ ਬਾਰਾਂ ਵੱਜਦੇ ਤੱਕ ਸੁਮਡੋ ਪਹੁੰਚ ਚੁੱਕੇ ਸੀ। ਸੁਮਡੋ ਸਾਨੂੰ ਦੂਰ ਤੋਂ ਮਸ਼ੀਨ ਖੜ੍ਹੀ ਦਿਸੀ, ਜਿਸ ਤੋਂ ਸਾਨੂੰ ਅੰਦਾਜ਼ਾ ਹੋ ਗਿਆ ਕਿ ਅਸੀਂ ਆਬਾਦੀ ਦੇ ਨੇੜੇ ਪਹੁੰਚ ਚੁੱਕੇ ਹਾਂ। ਥੋੜ੍ਹੀ ਦੂਰ ਹੋਰ ਤੁਰਨ ’ਤੇ ਸਾਨੂੰ ਬਿਜਲੀ ਦੇ ਖੰਭੇ ਦਿਸਣ ਲੱਗੇ ਅਤੇ ਪਹਾੜਾਂ ਦੇ ਨਾਲ-ਨਾਲ ਇੱਕ ਵੱਡੀ ਪਾਈਪ ਲਾਈਨ, ਜੋ ਇਹਨਾਂ ਤੋਂ ਪਹਾੜਾਂ ਤੋਂ ਪਾਨੀਖਰ ਵੱਲ ਪਾਣੀ ਦੀ ਸਪਲਾਈ ਲਈ ਸੀ। ਸੁਮਡੋ ਤੋਂ ਅੱਗੇ ਪਗਡੰਡੀ ਖਤਮ ਹੋ ਜਾਂਦੀ ਹੈ, ਚੌੜਾ ਰਾਹ ਸ਼ੁਰੂ ਹੋ ਜਾਂਦਾ ਹੈ। ਇਥੇ ਸੜਕ ਬਣਨ ਦਾ ਕੰਮ ਚੱਲ ਰਿਹਾ ਹੈ। ਇਕ ਤਰ੍ਹਾਂ ਨਾਲ ਸਾਡਾ ਟਰੈਕ ਮੁਕੰਮਲ ਹੋ ਗਿਆ ਸੀ, ਪਰ ਪਾਨੀਖਰ ਪਹੁੰਚਣ ਲਈ ਅਜੇ ਸਮਾਂ ਲੱਗਣਾ ਸੀ। ਅਸੀਂ ਸ਼ਾਮ ਚਾਰ ਵਜੇ ਤੱਕ ਪਾਨੀਖਰ ਪਹੁੰਚ ਗਏ। ਅਬਦੁਲ ਰਾਸਿਦ ਅਤੇ ਸੁਲਤਾਨ ਇੱਥੋਂ ਵਾਪਸ ਆਪਣੇ ਪਿੰਡ ਵੱਲ ਜਾਣਗੇ, ਪਾਨੀਖਰ ਲਦਾਖ ਦਾ ਸੋਹਣਾ ਪਿੰਡ ਹੈ। ਸਾਡਾ ਟਰੈਕ ਮੁਕੰਮਲ ਹੋ ਚੁੱਕਾ ਸੀ। ਪਾਨੀਖਰ ਤੋਂ ਸਾਨੂੰ ਲਦਾਖ ਸੈਰ-ਸਪਾਟਾ ਵਿਭਾਗ ਦੀ ਬੱਸ ਮਿਲ ਗਈ, ਜਿਸ ’ਤੇ ਚੜ੍ਹ ਕਿ ਅਸੀਂ ਸਨਕੂ ਪਹੁੰਚ ਗਏ। ਸਨਕੂ ਲੱਦਾਖ ਦਾ ਇੱਕ ਕਸਬਾ ਹੈ। ਸਨਕੂ ਤੋਂ ਕਿਰਾਏ ’ਤੇ ਗੱਡੀ ਲੈ ਕੇ ਅਸੀਂ ਸ੍ਰੀਨਗਰ ਪਹੁੰਚ ਗਏ, ਸ੍ਰੀਨਗਰ ਤੋਂ ਆਨੰਤਨਾਗ ਲਈ ਗੱਡੀ ਲਈ। ਆਨੰਤਨਾਗ ਤੋਂ ਅਸੀਂ ਆਪਣੀ ਕਾਰ ਲਈ ਅਤੇ ਰਾਤ ਨੂੰ ਉੱਥੋਂ ਪੰਜਾਬ ਵੱਲ ਤੁਰ ਪਏ। ਸਵੇਰ ਤੱਕ ਅਸੀਂ ਸਭ ਆਪੋ-ਆਪਣੇ ਘਰਾਂ ਤੱਕ ਪਹੁੰਚ ਗਏ।

(ਸਮਾਪਤ)

ਮੋਬਾ. 94134-00053




## ਬਾਲ ਕੋਨਾ



ਭਵਨਦੀਪ ਸਿੰਘ ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ



ਪਹਿਲ, ਅੱਠਵੀਂ, ਲੌਟਸ ਜੇ ਆਰ ਮਿਲੇਨੀਅਮ ਸਕੂਲ, ਮਾਨਸਾ



ਭਵਨਦੀਪ ਸਿੰਘ ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ




ਗੁਰਅਜ਼ੀਜ਼ ਸਿੰਘ ਚੌਥੀ, ਸੇਂਟ ਜੂਡ ਸਕੂਲ ਨਕੋਦਰ